
**Thinking Real Estate?**
**BUYERS** we'll find the right home for you.
We have a common goal: Making you a homeowner.
**SELLERS** we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage



**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery


**Buying/Selling *in Michigan***
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455
rajsshergill@yahoo.com
Raj Shergill
Associate Broker



Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 21, Issue 14, April 4, 2020 20451 N. Plum Grove Rd., Palatine, IL 60074 Ph:847-359-0746, Fax:847-705-9388


## ਤਾਲਾਬੰਦੀ ਦੇ ਪ੍ਰਬੰਧਾਂ ਦੀ ਪੋਲ ਖੁੱਲ੍ਹੀ

### ਕਾਮੇ-ਕਿਰਤੀਆਂ ਨੂੰ ਸੰਭਾਲ ਨਾ ਸਕੀ ਭਾਰਤ ਸਰਕਾਰ



**ਨਵੀਂ ਦਿੱਲੀ/ਚੰਡੀਗੜ੍ਹ:** ਭਾਰਤ ਵਿਚ ਕਰੋਨਾ ਵਾਇਰਸ ਕਾਰਨ ਕੀਤੀ ਤਾਲਾਬੰਦੀ ਤੋਂ ਬਾਅਦ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਲੌਕਡਾਊਨ ਤੋਂ ਬਾਅਦ ਲੋੜੀਂਦੇ ਪ੍ਰਬੰਧ ਨਾ ਕੀਤੇ ਜਾਣ ਕਾਰਨ ਲੱਖਾਂ ਕਾਮੇ ਸੜਕਾਂ ਉਤੇ ਆ ਗਏ ਅਤੇ ਆਪੋ-ਆਪਣੇ ਰਾਜਾਂ ਨੂੰ ਚਾਲੇ ਪਾ ਦਿੱਤੇ। ਸਿੱਟੇ ਵਜੋਂ ਰੇਲ ਸਟੇਸ਼ਨਾਂ ਉਤੇ ਅੰਤਾਂ ਦੀ ਭੀੜ ਜਮ੍ਹਾਂ ਹੋ ਗਈ। ਹੁਣ ਹਾਲਾਤ ਇਹ ਬਣੇ ਹੋਏ ਹਨ ਕਿ ਦੇਸ਼ ਦੀ ਸੁਪਰੀਮ ਕੋਰਟ ਨੂੰ ਵੀ ਕਹਿਣਾ ਪਿਆ ਹੈ ਕਿ ਪਰਵਾਸੀ ਮਜ਼ਦੂਰਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਕਰੋਨਾ ਵਾਇਰਸ ਨਾਲੋਂ ਕਿਤੇ ਵੱਡੀਆਂ ਹਨ।

ਯਾਦ ਰਹੇ ਕਿ ਕਰੋਨਾ ਵਾਇਰਸ ਨੇ ਪੂਰੀ ਦੁਨੀਆਂ ਵਿਚ ਤਬਾਹੀ ਮਚਾਈ ਹੋਈ ਹੈ। ਮੌਤਾਂ ਦਾ ਅੰਕੜਾ 42 ਹਜ਼ਾਰ ਤੋਂ ਪਾਰ ਚਲਾ ਗਿਆ ਹੈ ਅਤੇ ਦੱਸਿਆ ਜਾ ਰਿਹਾ ਹੈ ਕਿ ਅਗਲੇ ਇਕ-ਦੋ ਹਫਤਿਆਂ ਵਿਚ ਸਥਿਤੀ ਹੋਰ ਵੀ ਭਿਆਨਕ ਹੋ ਸਕਦੀ ਹੈ। ਭਾਰਤ ਵਿਚ ਮੰਗਲਵਾਰ ਤੱਕ 35 ਲੋਕਾਂ ਦੀ ਮੌਤ ਹੋ ਗਈ ਹੈ ਅਤੇ 1397 ਲੋਕ ਵਾਇਰਸ ਤੋਂ ਪੀੜਤ ਹਨ। ਪੰਜਾਬ ਵਿਚ 4 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 42 ਲੋਕ ਇਸ ਵਾਇਰਸ ਦੀ ਲਾਗ ਦਾ ਸ਼ਿਕਾਰ ਹਨ। ਭਾਰਤ ਵਿਚ ਹਾਲਾਤ ਇਸ ਪੱਖੋਂ ਵੀ ਡਰਾਉਣੇ ਹਨ ਕਿ ਇਥੇ ਵੱਸੋਂ ਦਾ ਇਕ ਵੱਡਾ ਹਿੱਸਾ ਕਰੋਨਾ ਤੋਂ ਨਹੀਂ ਸਗੋਂ ਭੁੱਖ ਨਾਲ ਮਰਨ ਦੇ ਡਰੋਂ ਸਹਿਮਿਆ ਹੋਇਆ ਹੈ। ਖਾਸ ਕਰਕੇ ਰੋਜ਼ੀ-ਰੋਟੀ ਲਈ ਹੋਰਾਂ ਸੂਬਿਆਂ ਵਿਚ ਗਏ ਦਿਹਾੜੀਦਾਰ ਕਾਮਿਆਂ ਦੀ ਹਾਲਤ ਕਾਫੀ ਤਰਸਯੋਗ ਬਣ ਗਈ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨ ਹਫਤੇ ਦੀ ਤਾਲਾਬੰਦੀ ਦਾ ਐਲਾਨ 23 ਮਾਰਚ ਨੂੰ ਸ਼ਾਮੀਂ 8 ਵਜੇ ਕੀਤਾ ਅਤੇ ਇਸ ਦੇ ਅੱਧੀ ਰਾਤ ਤੋਂ ਲਾਗੂ ਕਰਨ ਦੀ ਸ਼ੁਰੂਆਤ ਕਰ ਦਿੱਤੀ। ਇਹ ਲੋਕ ਲੌਕਡਾਊਨ ਦੇ ਐਲਾਨ ਕਰਨ ਤੋਂ ਬਾਅਦ 3-4 ਦਿਨ ਤਾਂ ਸਰਕਾਰੀ ਮਦਦ ਉਡੀਕਦੇ ਰਹੇ ਪਰ ਹਾਰ ਕੇ ਇਨ੍ਹਾਂ ਨੇ ਭੁੱਖ ਨਾਲੋਂ ਕਰੋਨਾ ਨਾਲ ਹੀ ਮਰਨ ਦਾ ਫੈਸਲਾ ਕੀਤਾ ਤੇ ਸੈਂਕੜੇ ਕਿਲੋਮੀਟਰ ਆਪਣੇ ਘਰਾਂ ਨੂੰ ਪੈਦਲ ਹੀ ਤੁਰ ਪਏ। ਵੱਖ-ਵੱਖ ਸੂਬਿਆਂ ਤੋਂ ਹਜ਼ਾਰਾਂ ਮਜ਼ਦੂਰ ਦਿੱਲੀ ਵਿਚ ਇਕੱਠੇ ਹੋ ਗਏ।

ਦੇਸ਼ ਦੇ ਸਰਕਾਰੀ ਅੰਕੜੇ ਹਨ ਕਿ ਸਿਰਫ 7 ਫੀਸਦੀ ਹੀ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਬੱਝਵੀਂ ਤਨਖਾਹ, ਪੈਨਸ਼ਨ ਮਿਲਦੀ ਹੈ। ਦੇਸ਼ ਦੀ 80 ਫੀਸਦੀ ਆਬਾਦੀ ਅਜਿਹੀ ਹੈ ਜੋ ਰੋਜ਼ ਕਮਾਉਂਦੀ-ਖਾਂਦੀ ਹੈ। ਲੌਕਡਾਊਨ ਕਰਕੇ ਸਰਕਾਰ ਲੋਕਾਂ ਨੂੰ ਇਕ-ਦੂਜੇ ਤੋਂ ਦੂਰ ਰੱਖਣਾ ਚਾਹੁੰਦੀ ਸੀ ਪਰ ਵਸੀਲਿਆਂ ਦੀ ਘਾਟ ਨੇ ਪਰਵਾਸੀ ਮਜ਼ਦੂਰਾਂ ਨੂੰ ਘਰਾਂ ਨੂੰ ਪਰਤਣ ਲਈ ਮਜਬੂਰ ਕਰ ਦਿੱਤਾ ਹੈ। ਸਭ ਤੋਂ ਵੱਡਾ ਸਵਾਲ ਇਹ ਉਠ ਰਿਹਾ ਹੈ ਕਿ ਮੋਦੀ ਸਰਕਾਰ ਨੇ ਬਿਨਾਂ ਕੋਈ ਪ੍ਰਬੰਧ ਕੀਤੇ ਪੂਰੇ ਮੁਲਕ ਦੀ ਤਾਲਾਬੰਦੀ ਬਾਰੇ ਫੈਸਲਾ ਕੀ ਸੋਚ ਕੇ ਲੈ ਲਿਆ। ਸਰਕਾਰ ਦੇ ਇਸ ਫੈਸਲੇ ਨੂੰ ਕਾਹਲੀ ਵਿਚ ਲਏ ਨੋਟਬੰਦੀ ਵਾਲੇ ਫੈਸਲੇ ਵਾਂਗ ਹੀ ਦੇਖਿਆ ਜਾ ਰਿਹਾ ਹੈ। ਇਸ ਫੈਸਲੇ ਨਾਲ ਵੀ ਜ਼ਿਆਦਾ ਕਹਿਰ ਹੇਠਲੇ ਵਰਗ ਦੇ ਲੋਕਾਂ ਨੂੰ ਝੱਲਣਾ ਪਿਆ

*(ਬਾਕੀ ਸਫਾ 6 ਉਤੇ)*

## ਪੰਜਾਬ 'ਚ ਤਾਲਾਬੰਦੀ ਨੇ ਨਸ਼ਿਆਂ ਦੇ ਖਾਤਮੇ ਦਾ ਸੱਚ ਸਾਹਮਣੇ ਲਿਆਂਦਾ

**ਜਲੰਧਰ:** ਕਰੋਨਾ ਵਾਇਰਸ ਕਾਰਨ ਕੀਤੀ ਸਖਤੀ ਨੇ ਪੰਜਾਬ ਸਰਕਾਰ ਦੇ ਨਸ਼ਿਆਂ ਦੇ ਖਾਤਮੇ ਦੇ ਦਾਅਵਿਆਂ ਦਾ ਵੀ ਸੱਚ ਸਾਹਮਣੇ ਲਿਆ ਧਰਿਆ ਹੈ। ਪਿਛਲੇ ਕੁਝ ਦਿਨਾਂ ਤੋਂ ਸਾਹਮਣੇ ਆਇਆ ਹੈ ਕਿ ਨਸ਼ੇੜੀ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਘਰਾਂ ਤੋਂ ਬਾਹਰ ਨਿਕਲ ਰਹੇ ਹਨ ਜਿਸ ਕਾਰਨ ਪੁਲਿਸ ਨਾਲ ਟਕਰਾਅ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ।



ਤਾਲਾਬੰਦੀ ਕਾਰਨ ਨਸ਼ਾ ਨਾ ਮਿਲਣ ਕਾਰਨ ਨਸ਼ੇੜੀ ਘਰਾਂ ਅੰਦਰ ਤੜਫ ਰਹੇ ਹਨ। ਜਾਣਕਾਰੀ ਅਨੁਸਾਰ ਇਸ ਵੇਲੇ ਪੰਜਾਬ ਵਿਚ 20 ਤੋਂ 30 ਫੀਸਦੀ ਨੌਜਵਾਨ ਚਿੱਟੇ ਸਮੇਤ ਵੱਖ-ਵੱਖ ਨਸ਼ਿਆਂ ਦੀ ਲਪੇਟ ਵਿਚ ਹਨ ਅਤੇ ਕਰਫਿਊ ਦੌਰਾਨ ਉਨ੍ਹਾਂ ਨੂੰ ਚਿੱਟਾ ਤੇ ਹੋਰ ਨਸ਼ੇ ਮਿਲਣੇ ਮੁਸ਼ਕਲ ਹੋ ਗਏ ਹਨ। ਇਸੇ ਕਰਕੇ ਉਹ ਸੜਕਾਂ ਉਪਰ ਨਿਕਲ ਰਹੇ ਹਨ ਅਤੇ ਪੁਲਿਸ ਦੀ ਕੁੱਟ ਦਾ ਸ਼ਿਕਾਰ ਹੋ ਰਹੇ ਹਨ। ਨਸ਼ੇ ਨਾ ਮਿਲਣ ਕਾਰਨ ਉਨ੍ਹਾਂ ਦਾ ਵਰਤਾਅ ਪਾਗਲਾਂ ਵਰਗਾ ਹੋਣਾ ਸ਼ੁਰੂ ਹੋ ਗਿਆ ਹੈ ਅਤੇ ਉਹ ਡਿਪਰੈਸ਼ਨ 'ਚ ਜਾਣ ਲਈ ਮਜਬੂਰ ਹਨ।


ਲੌਕਡਾਊਨ ਦੌਰਾਨ ਪੰਜਾਬ ਵਿਚ ਨਸ਼ੇੜੀਆਂ ਦੇ ਭਾਅ ਦੀ ਬਣ ਗਈ ਹੈ। ਸਿਹਤ ਵਿਭਾਗ ਨੇ ਨਸ਼ਾ ਛਡਾਊ ਕੇਂਦਰਾਂ ਨੂੰ ਹਦਾਇਤਾਂ ਕਰ ਦਿੱਤੀਆਂ ਹਨ ਕਿ ਕਿਸੇ ਵੀ ਨਵੇਂ ਨਸ਼ੇੜੀ ਨੂੰ ਦਾਖਲ ਨਾ ਕੀਤਾ ਜਾਵੇ। ਪੰਜਾਬ ਦੇ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਵਿਚ 3 ਲੱਖ 50 ਹਜ਼ਾਰ ਤੋਂ ਵੱਧ ਨਸ਼ੇੜੀ ਹਨ, ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਲੌਕਡਾਊਨ ਕਾਰਨ ਇਨ੍ਹਾਂ ਨਸ਼ੇੜੀਆਂ ਨੂੰ ਹੈਰੋਇਨ ਦੇ ਬਦਲ ਵਜੋਂ ਜਿਹੜੀ ਗੋਲੀ ਦਿੱਤੀ ਜਾ ਰਹੀ ਹੈ, ਉਸ ਦੀ ਵੀ ਕਾਲਾਬਜ਼ਾਰੀ ਸ਼ੁਰੂ ਹੋ ਗਈ ਹੈ। ਸਰਕਾਰ ਵਲੋਂ ਇਨ੍ਹਾਂ ਗੋਲੀਆਂ ਦਾ ਪੱਤਾ 60 ਰੁਪਏ ਦਾ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਨਸ਼ਾ ਛਡਾਊ ਕੇਂਦਰਾਂ ਨੂੰ 80 ਰੁਪਏ ਵਿਚ ਵੇਚਣ ਦੀ ਖੁੱਲ੍ਹ ਹੈ। ਕਈ ਨਸ਼ਾ ਛਡਾਊ ਕੇਂਦਰ ਇਸ ਗੋਲੀ ਦੇ ਪੱਤੇ ਦੀ ਕੀਮਤ 500 ਤੋਂ ਲੈ ਕੇ 1000 ਰੁਪਏ ਤੱਕ ਵਸੂਲ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਵਿਚ ਡਾਕਟਰ ਦੀ ਫੀਸ ਤੇ ਨਸ਼ਾ ਛਡਾਊ ਕੇਂਦਰ ਦੇ ਹੋਰ ਖਰਚੇ ਵੀ ਸ਼ਾਮਲ ਹਨ। ਨਸ਼ਾ ਛੁਡਵਾਉਣ ਲਈ ਜਿਹੜੀ ਬਦਲਵੀਂ ਗੋਲੀ ਦਿੱਤੀ ਜਾਂਦੀ ਹੈ, ਉਸ ਨੂੰ ਡਾਕਟਰ ਸਾਹਮਣੇ ਹੀ ਖਾਣਾ ਹੁੰਦਾ ਹੈ ਪਰ ਕਈ ਨਸ਼ੇੜੀ ਚਲਾਕੀ ਨਾਲ ਇਹ ਗੋਲੀ ਮੂੰਹ ਵਿਚ ਹੀ ਕੁਝ ਚਿਰ ਲੁਕੋ ਕੇ ਰੱਖ ਲੈਂਦੇ ਹਨ ਤੇ ਬਾਅਦ ਵਿਚ ਉਹ ਦੂਜਿਆਂ ਨੂੰ ਮਹਿੰਗੇ ਭਾਅ ਵੇਚਦੇ ਹਨ। ਹੁਣ ਕਰੋਨਾ ਕਰ ਕੇ ਸਰਕਾਰ ਦੀ ਸਖਤੀ ਪਿੱਛੋਂ ਘਰਾਂ ਵਿਚ ਬੰਦ ਨਸ਼ੇੜੀ ਵੀ ਨਸ਼ਾ ਛਡਾਊ ਕੇਂਦਰਾਂ ਵਲ ਭੱਜ ਰਹੇ ਹਨ ਜਿਸ ਕਾਰਨ ਹਾਲਾਤ ਹੋਰ ਗੰਭੀਰ ਹੋਣ ਵੱਲ ਇਸ਼ਾਰਾ ਕਰਕੇ ਹਨ। ਭਾਵੇਂ ਇਨ੍ਹਾਂ ਕੇਂਦਰਾਂ ਵਿਚ ਦਾਖਲਾ

*(ਬਾਕੀ ਸਫਾ 6 ਉਤੇ)*


**India Palace Restaurant**
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
*Restaurant-Fine Indian Cuisine*
12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com





# ਸਿਹਤ ਪੱਖੋਂ ਕਮਜ਼ੋਰ ਬਣਦੇ ਨੇ ਕਰੋਨਾ ਵਾਇਰਸ ਦਾ ਨਿਸ਼ਾਨਾ

**ਨਵੀਂ ਦਿੱਲੀ:** ਭਾਰਤ ਵਿਚ ਹੁਣ ਤੱਕ ਕਰੋਨਾ ਵਾਇਰਸ ਨਾਲ 22 ਮੌਤਾਂ ਹੋ ਚੁੱਕੀਆਂ ਹਨ, ਪਹਿਲੀ ਮੌਤ ਕਰਨਾਟਕ ਵਿਚ 12 ਮਾਰਚ ਨੂੰ ਰਿਪੋਰਟ ਹੋਈ ਸੀ। ਇਹ 76 ਸਾਲਾ ਆਦਮੀ ਹਾਈਪਰਟੈਂਸ਼ਨ, ਅਸਥਮਾ (ਸਾਹ ਦੀ ਤਕਲੀਫ਼) ਤੇ ਸ਼ੂਗਰ ਨਾਲ ਪੀੜਤ ਸੀ। ਦੂਜੀ ਮੌਤ ਇਕ ਔਰਤ (68 ਸਾਲਾ) ਦੀ ਦਿੱਲੀ ਵਿਚ 13 ਮਾਰਚ ਨੂੰ ਹੋਈ, ਉਹ ਵੀ ਹਾਈਪਰਟੈਂਸ਼ਨ ਤੇ ਸ਼ੂਗਰ ਦੀ ਮਰੀਜ਼ ਸੀ।




ਉਹ ਸਵਿਟਰਜ਼ਲੈਂਡ ਤੋਂ ਪਰਤੇ ਆਪਣੇ ਪੁੱਤਰ ਦੇ ਸੰਪਰਕ ਵਿਚ ਆਈ ਸੀ। ਉਹ ਪੰਜ ਤੋਂ 22 ਫਰਵਰੀ ਦੌਰਾਨ ਇਟਲੀ ਵਿਚ ਵੀ ਸੀ। ਭਾਰਤ ਉਹ 23 ਫਰਵਰੀ ਨੂੰ ਆਇਆ ਸੀ ਤੇ ਬੀਮਾਰੀ ਦਾ ਕੋਈ ਲੱਛਣ ਨਹੀਂ ਸੀ। ਬਜ਼ੁਰਗ ਮਾਂ ਨੂੰ ਕਰੋਨਾ ਦੀ ਲਾਗ ਆਪਣੇ ਪੁੱਤਰ ਮਤਲਬ ਇਕ ਪੁਰਸ਼ ਤੋਂ ਲੱਗੀ। ਇਕ ਹੋਰ ਮੌਤ 22 ਮਾਰਚ ਨੂੰ ਬਿਹਾਰ 'ਚ ਹੋਈ। ਉਸ ਨੂੰ ਵੀ ਕਿਡਨੀ ਨਾਲ ਜੁੜੀ ਬੀਮਾਰੀ ਸੀ ਤੇ ਉਹ ਕਤਰ ਤੋਂ ਪਰਤਿਆ ਸੀ। ਮਹਾਰਾਸ਼ਟਰ ਵਿਚ ਇਕੋ ਹਫਤੇ ਵਿਚ ਚਾਰ ਮੌਤਾਂ ਹੋਈਆਂ। ਦੋ ਵਿਅਕਤੀ 63 ਸਾਲ ਦੇ ਤੇ ਇਕ 65 ਵਰ੍ਹਿਆਂ ਦਾ ਸੀ। ਇਕ ਹੋਰ ਵਿਅਕਤੀ ਵੀ ਕਰੀਬ 60 ਸਾਲਾਂ ਦਾ ਸੀ। ਇਨ੍ਹਾਂ ਤਿੰਨਾਂ ਨੂੰ ਵੀ ਬਲੱਡ ਪ੍ਰੈੱਸ਼ਰ, ਸ਼ੂਗਰ ਤੇ ਦਿਲ ਦੇ ਰੋਗ ਸਨ। ਪੰਜਾਬ ਵਿਚ ਜਰਮਨੀ ਤੋਂ ਪਰਤੇ ਜਿਸ ਬਜ਼ੁਰਗ (72 ਸਾਲ) ਦੀ ਮੌਤ ਹੋਈ ਉਹ ਇਟਲੀ ਹੁੰਦਾ ਹੋਇਆ ਜਰਮਨੀ ਤੋਂ ਪਰਤਿਆ ਸੀ। ਕੋਲਕਾਤਾ ਵਿਚ 55 ਸਾਲਾ ਵਿਅਕਤੀ ਸੋਮਵਾਰ ਜੋ ਕਰੋਨਾ ਵਾਇਰਸ ਤੋਂ ਪੀੜਤ ਸੀ, ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ। ਅਮਰੀਕਾ ਤੋਂ ਪਰਤੇ ਜਿਸ ਤਿੱਬਤੀ ਮੂਲ ਦੇ ਵਿਅਕਤੀ ਦੀ ਮੌਤ ਹਾਲ ਹੀ ਵਿਚ ਹੋਈ ਹੈ, ਉਸ ਦੀ ਉਮਰ 69 ਵਰ੍ਹੇ ਸੀ।

ਇਹ ਸਾਰੇ ਪੁਰਸ਼ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਪੱਛਮੀ ਬੰਗਾਲ ਵਿਚ ਕਰੋਨਾ ਨਾਲ ਹਲਾਕ ਹੋਇਆ 57 ਸਾਲਾ ਵਿਅਕਤੀ ਵੀ ਪੁਰਸ਼ ਹੈ। ਇਨ੍ਹਾਂ ਸਾਰੇ ਮਾਮਲਿਆਂ ਵਿਚ ਇਕ ਗੱਲ ਸਾਂਝੀ ਹੈ ਕਿ ਲਗਭਗ ਸਾਰੇ ਪੁਰਸ਼ ਹਨ, 50-75 ਸਾਲ ਉਮਰ ਵਰਗ ਦੇ ਹਨ, ਸਾਰੇ ਇਕ-ਦੋ ਬੀਮਾਰੀਆਂ ਤੋਂ ਪੀੜਤ ਸਨ ਤੇ ਦਵਾਈ ਲੈ ਰਹੇ ਸਨ। ਬਿਹਾਰ ਵਿਚ ਮਰਨ ਵਾਲਾ ਸਿਰਫ ਇਕ ਵਿਅਕਤੀ ਥੋੜ੍ਹੀ ਹਲਕੀ ਉਮਰ ਦਾ ਹੈ। ਗੁਰੂਗ੍ਰਾਮ ਦੇ ਇਕ ਹਸਪਤਾਲ ਦੇ ਡਾ. ਪੀ. ਵੈਂਕਟ ਕ੍ਰਿਸ਼ਨਨ ਨੇ ਕਿਹਾ ਕਿ ਵਡੇਰੀ ਉਮਰ ਵਿਚ ਸਰੀਰ ਕਮਜ਼ੋਰ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਵਾਇਰਸ (ਇਨਫੈਕਸ਼ਨ) ਨਾਲ ਸਿੱਝਣ ਦੀ ਸਮਰੱਥਾ ਘਟਦੀ ਹੈ। ਉਨ੍ਹਾਂ ਵਿਚ ਬੀਮਾਰੀ ਤੋਂ ਬਚਣ ਬਾਰੇ ਬਹੁਤੀ ਜਾਗਰੂਕਤਾ ਵੀ ਨਹੀਂ ਹੁੰਦੀ ਤੇ ਕਿਸੇ ਨਾ ਕਿਸੇ ਬੀਮਾਰੀ ਦੀ ਦਵਾਈ ਪਹਿਲਾਂ ਹੀ ਲੈ ਰਹੇ ਹੁੰਦੇ ਹਨ।

ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼-ਦਿੱਲੀ) ਦੇ ਡਾਇਰੈਕਟਰ ਡਾ. ਰਣਦੀਪ ਗੁਲੇਰੀਆ ਨੇ ਕਿਹਾ ਕਿ ਜਿਹੜਾ ਡੇਟਾ ਚੀਨ ਤੋਂ ਮਿਲਿਆ ਹੈ, ਉਸ ਦੀ ਸਮੀਖਿਆ ਕਰਨ ਉਤੇ ਸਾਹਮਣੇ ਆਇਆ ਹੈ ਕਿ ਮਹਿਲਾਵਾਂ ਨਾਲੋਂ ਪੁਰਸ਼ ਇਸ ਵਾਇਰਸ ਤੋਂ ਜ਼ਿਆਦਾ ਪ੍ਰਭਾਵਿਤ ਹਨ। ਉਨ੍ਹਾਂ ਨੂੰ ਇਨਫੈਕਸ਼ਨ ਦਾ ਖਤਰਾ ਜ਼ਿਆਦਾ ਜਾਪਦਾ ਹੈ। ਭਾਰਤ ਵਿਚ ਇਹੀ ਵਾਪਰ ਰਿਹਾ ਹੈ। ਸਿਰਫ ਇਕ ਔਰਤ ਨੂੰ ਛੱਡ ਬਾਕੀ ਸਾਰੇ ਪੁਰਸ਼ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਕਿਸੇ ਠੋਸ ਨਤੀਜੇ ਉਤੇ ਪਹੁੰਚਣ ਲਈ ਹਾਲੇ ਹੋਰ ਡੇਟਾ ਦੀ ਲੋੜ ਪਵੇਗੀ।

## ਮਈ ਅੱਧ ਤੱਕ ਭਾਰਤ 'ਚ 13 ਲੱਖ ਕੇਸ?

**ਨਵੀਂ ਦਿੱਲੀ:** ਇੰਟਰਨੈਸ਼ਨਲ ਟੀਮ ਆਫ ਸਾਇੰਟਿਸਟਸ ਨਾਂ ਦੇ ਸਟੱਡੀ ਗਰੁੱਪ ਨੇ ਆਪਣੀ ਇਕ ਰਿਪੋਰਟ 'ਚ ਦਾਅਵਾ ਕੀਤਾ ਹੈ ਕਿ ਭਾਰਤ ਵਿਚ ਕੋਵਿਡ-19 ਦੇ ਕੇਸਾਂ ਵਿਚ ਵਾਧੇ ਦਾ ਮੌਜੂਦਾ ਰੁਝਾਨ ਇੰਜ ਹੀ ਜਾਰੀ ਰਹਿੰਦਾ ਹੈ ਤਾਂ ਮਈ ਅੱਧ ਵਿਚ ਕਰੋਨਾ ਵਾਇਰਸ ਦੇ ਪੱਕੇ ਕੇਸਾਂ ਦੀ ਗਿਣਤੀ ਇਕ ਲੱਖ ਤੋਂ 13 ਲੱਖ ਦਰਮਿਆਨ ਹੋ ਸਕਦੀ ਹੈ। ਇਸ ਅਧਿਐਨ ਗਰੁੱਪ ਦੇ ਖੋਜਾਰਥੀਆਂ ਦੀ ਅੰਤਰ-ਅਨੁਸ਼ਾਸਨੀ ਟੀਮ ਵਲੋਂ ਤਿਆਰ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਨੇ ਹਾਲਾਂਕਿ ਇਸ ਮਹਾਮਾਰੀ ਦੇ ਸ਼ੁਰੂਆਤੀ ਗੇੜ ਵਿਚ ਅਮਰੀਕਾ ਤੇ ਇਟਲੀ ਜਿਹੇ ਹੋਰਨਾਂ ਮੁਲਕਾਂ ਦੇ ਮੁਕਾਬਲੇ ਕਰੋਨਾ ਵਾਇਰਸ ਲਾਗ ਦੇ ਪੱਕੇ ਕੇਸਾਂ ਨੂੰ ਕੰਟਰੋਲ ਕਰਨ ਵਿਚ ਬਿਹਤਰ ਕੰਮ ਕੀਤਾ ਹੈ, ਪਰ ਭਾਰਤ ਨੇ ਮੁਲਾਂਕਣ ਦੌਰਾਨ 'ਲਾਗ ਨਾਲ ਪੀੜਤ ਅਸਲ ਕੇਸਾਂ ਦੀ ਗਿਣਤੀ' ਦੇ ਅਹਿਮ ਹਿੱਸੇ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਵਿਗਿਆਨੀਆਂ ਨੇ ਰਿਪੋਰਟ ਵਿਚ ਲਿਖਿਆ ਕਿ ਹੁਣ ਤੱਕ ਭਾਰਤ ਵਿਚ ਗਿਣਤੀ ਪੱਖੋਂ ਜਿੰਨੇ ਕੁ ਲੋਕਾਂ ਦਾ ਟੈਸਟ ਕੀਤਾ ਗਿਆ ਹੈ, ਉਹ ਮੁਕਾਬਲਤਨ ਬਹੁਤ ਛੋਟਾ ਹੈ। ਵਿਸਥਾਰਤ ਟੈਸਟਿੰਗ ਦੀ ਅਣਹੋਂਦ ਵਿਚ 'ਕਮਿਊਨਿਟੀ ਟਰਾਂਸਮਿਸ਼ਨ' ਦੇ ਆਕਾਰ ਦਾ ਪਤਾ ਲਾਉਣਾ ਲਗਭਗ ਨਾਮੁਮਕਿਨ ਹੈ। ਵਿਗਿਆਨੀਆਂ ਨੇ ਆਪਣੇ ਮੁਲਾਂਕਣ ਲਈ ਭਾਰਤ ਵਿਚ 16 ਮਾਰਚ ਤੱਕ ਰਿਪੋਰਟ ਹੋਏ ਕੇਸਾਂ ਦਾ ਡੇਟਾ ਵਰਤੋਂ ਵਿਚ ਲਿਆਉਂਦੇ ਹਨ।

## ਪੰਜ ਮਿੰਟਾਂ 'ਚ ਹੋ ਸਕੇਗਾ ਕਰੋਨਾ ਟੈਸਟ

**ਵਾਸ਼ਿੰਗਟਨ:** ਅਮਰੀਕਾ ਅਧਾਰਿਤ ਲੈਬ ਨੇ ਇਕ ਪੋਰਟੇਬਲ ਟੈਸਟ ਉਪਕਰਨ (ਅਸਾਨੀ ਨਾਲ ਇਕ ਤੋਂ ਦੂਜੀ ਥਾਂ ਲਿਜਾ ਸਕਣ ਵਾਲਾ) ਜਾਰੀ ਕੀਤਾ ਹੈ ਤੇ ਸਿਰਫ ਪੰਜ ਮਿੰਟ ਵਿਚ ਉਹ ਕੋਵਿਡ-19 ਪਾਜ਼ੇਟਿਵ ਹੋਣ ਬਾਰੇ ਜਾਣਕਾਰੀ ਦੇਣ ਦੇ ਸਮਰੱਥ ਹੈ। ਐੱਬਟ ਲੈਬਾਰਟਰੀਜ਼ ਨੇ ਕਿਹਾ ਹੈ ਕਿ ਅਮਰੀਕੀ ਖੁਰਾਕ ਤੇ ਡਰੱਗ ਅਥਾਰਿਟੀ (ਐਫ.ਡੀ.ਏ.) ਨੇ ਇਸ ਟੈਸਟ ਨੂੰ ਐਮਰਜੈਂਸੀ ਮਨਜ਼ੂਰੀ ਦੇ ਦਿੱਤੀ ਹੈ। ਅਗਲੇ ਹਫਤੇ ਤੋਂ ਇਹ ਟੈਸਟ ਕਿੱਟ ਸਿਹਤ ਸੰਭਾਲ ਵਿਚ ਜੁਟੇ ਹੋਏ ਮੁਲਾਜ਼ਮਾਂ ਤੇ ਅਥਾਰਿਟੀ ਨੂੰ ਮੁਹੱਈਆ ਕਰਵਾਉਣਾ ਸ਼ੁਰੂ ਕਰ ਦਿੱਤਾ ਜਾਵੇਗਾ। ਇਹ ਟੈਸਟ ਉਪਕਰਨ ਛੋਟੇ ਜਿਹੇ ਟੋਸਟਰ ਵਰਗਾ ਹੈ ਤੇ ਮੌਲੀਕਿਊਲਰ ਤਕਨੀਕ ਦੀ ਵਰਤੋਂ ਕੀਤੀ ਗਈ ਹੈ। ਟੈਸਟ ਦਾ ਨਤੀਜਾ ਜੇਕਰ ਨੈਗੇਟਿਵ ਹੋਵੇਗਾ ਤਾਂ ਵੀ ਇਹ ਸਿਰਫ 13 ਮਿੰਟ ਵਿਚ ਦੱਸ ਦੇਵੇਗਾ।

## ਭਾਰਤ ਕਰੋਨਾ ਵਾਇਰਸ ਨੂੰ ਮਾਤ ਦੇ ਕੇ ਰਹੇਗਾ: ਮੋਦੀ

**ਨਵੀਂ ਦਿੱਲੀ:** ਮੁਲਕ ਵਿਚ ਲੌਕਡਾਊਨ ਲਈ ਕੌਮ ਤੋਂ ਮੁਆਫੀ ਮੰਗਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਜ਼ਿੰਦਗੀ ਅਤੇ ਮੌਤ ਦਾ ਸਵਾਲ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਭਾਰਤ ਕਰੋਨਾ ਵਾਇਰਸ ਖਿਲਾਫ ਜੰਗ ਯਕੀਨੀ ਤੌਰ ਉਤੇ ਜਿੱਤੇਗਾ। ਆਕਾਸ਼ਵਾਣੀ 'ਤੇ ਮਾਸਿਕ 'ਮਨ ਕੀ ਬਾਤ' ਦੌਰਾਨ ਸ੍ਰੀ ਮੋਦੀ ਨੇ ਵਾਇਰਸ ਖਿਲਾਫ ਮੋਹਰੀ ਹੋ ਕੇ ਲੜ ਰਹੇ ਵਰਕਰਾਂ ਅਤੇ ਲੋੜੀਂਦੀਆਂ ਸੇਵਾਵਾਂ ਬਹਾਲ ਰੱਖਣ ਵਾਲੇ ਅਣਗਿਣਤ ਵਿਅਕਤੀਆਂ ਦੀ ਸ਼ਲਾਘਾ ਕੀਤੀ ਜੋ ਮੁਲਕ 'ਚ 21 ਦਿਨ ਦੇ ਲੌਕਡਾਊਨ ਦੌਰਾਨ ਕੋਈ ਖੜੋਤ ਨਹੀਂ ਆਉਣ ਦੇ ਰਹੇ ਹਨ।



ਸ੍ਰੀ ਮੋਦੀ ਨੇ ਕਿਹਾ, "ਮੈਂ ਮੁਆਫੀ ਮੰਗਦਾ ਹਾਂ, ਮੈਨੂੰ ਪੱਕਾ ਪਤਾ ਹੈ ਕਿ ਤੁਸੀਂ ਮੈਨੂੰ ਮੁਆਫ ਕਰ ਦੇਵੋਗੇ। ਜਦੋਂ ਮੈਂ ਆਪਣੇ ਗਰੀਬ ਭੈਣਾਂ ਅਤੇ ਭਰਾਵਾਂ ਨੂੰ ਦੇਖਦਾ ਹਾਂ ਤਾਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਉਹ ਪੱਕਾ ਆਖ ਰਹੇ ਹੋਣਗੇ ਕਿ ਇਹ ਕਿਹੋ ਜਿਹਾ ਪ੍ਰਧਾਨ ਮੰਤਰੀ ਹੈ ਜਿਸ ਨੇ ਸਾਨੂੰ (ਲੋਕਾਂ ਨੂੰ) ਮੁਸ਼ਕਲ 'ਚ ਪਾ ਦਿੱਤਾ ਹੈ। ਕਰੋਨਾ ਵਾਇਰਸ ਨਾਲ ਲੜਨ ਲਈ 130 ਕਰੋੜ ਦੀ ਆਬਾਦੀ ਕੋਲ ਕੋਈ ਹੋਰ ਰਾਹ ਨਹੀਂ ਹੈ।" ਉਨ੍ਹਾਂ ਕਿਹਾ ਕਿ ਪੂਰੀ ਦੁਨੀਆਂ ਲੌਕਡਾਊਨ ਦੇ ਦੌਰ 'ਚੋਂ ਗੁਜ਼ਰ ਰਹੀ ਹੈ ਅਤੇ ਇਹੋ ਇਕੋ ਰਾਹ ਬਚਿਆ ਹੈ। 'ਆਖਿਰ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਲੋੜ ਹੈ। ਮੈਂ ਇਕ ਵਾਰ ਫਿਰ ਕਿਸੇ ਵੀ ਅਸੁਵਿਧਾ ਲਈ ਮੁਆਫੀ ਮੰਗਦਾ ਹਾਂ।'

# ਲੌਕਡਾਊਨ ਕਾਰਨ ਪੰਜਾਬ 'ਚ ਵਾਤਾਵਰਣ ਹੋਇਆ ਸਾਫ

**ਪਟਿਆਲਾ:** ਲੌਕਡਾਊਨ ਦੇ ਅਸਰ ਵਜੋਂ ਪੰਜਾਬ ਦੇ ਪਲੀਤ ਹੋ ਰਹੇ ਵਾਤਾਵਰਨ ਨੂੰ ਸੁੱਖ ਦਾ ਸਾਹ ਆਇਆ ਹੈ। ਕਰੋਨਾ ਵਾਇਰਸ ਕਾਰਨ ਬਣੇ ਖੌਫ ਦੇ ਮਾਹੌਲ ਦੌਰਾਨ ਦਿਨ-ਬਦਿਨ ਹਵਾ ਦੀ ਗੁਣਵੱਤਾ ਦੇ ਅੰਕੜੇ 'ਚ ਰਿਕਾਰਡ ਪੱਧਰ ਦਾ ਸੁਧਾਰ ਹੋਣ ਦੀ ਚੰਗੀ ਖਬਰ ਵੀ ਸੁਣਨ ਨੂੰ ਮਿਲ ਰਹੀ ਹੈ। ਜਲੰਧਰ, ਖੰਨਾ ਤੇ ਰੋਪੜ ਸ਼ਹਿਰਾਂ ਵਿਚ 'ਏਅਰ ਕੁਆਲਟੀ ਇੰਡੈਕਸ' (ਏਕਿਊਆਈ) ਅੰਕੜਾ ਸਭ ਤੋਂ ਹੇਠਲੀ ਦਰ 38 ਉਤੇ ਰਿਹਾ ਹੈ। ਜਿਹੜਾ ਕਿ ਹਵਾ ਪ੍ਰਦੂਸ਼ਣ ਦੇ ਕੌਮੀ ਮਾਪਦੰਡ ਦੇ ਚੰਗੇ ਦਰਜੇ ਦੇ ਗਿਣੇ ਜਾਂਦੇ 0 ਤੋਂ 50 ਅੰਕੜੇ ਤੋਂ ਵੀ 12 ਅੰਕੜਾ ਹੇਠਾਂ ਮਾਪਿਆ ਗਿਆ ਹੈ।

ਦੱਸਣਯੋਗ ਹੈ ਕਿ ਪ੍ਰਦੂਸ਼ਣ ਕਾਰਨ ਅਕਸਰ ਹਵਾ ਦਾ ਸੂਚਕ ਅੰਕ 100 ਤੋਂ ਉਪਰ ਹੀ ਰਹਿੰਦਾ ਹੈ। ਇਕੱਤਰ ਵੇਰਵਿਆਂ ਮੁਤਾਬਕ 0 ਤੋਂ 50 ਅੰਕੜੇ ਨੂੰ ਚੰਗੇ ਦਰਜੇ ਨੂੰ ਵਾਤਾਵਰਨ ਪੱਖੋਂ ਚੰਗਾ ਜਦਕਿ 51 ਤੋਂ 100 ਦੇ ਅੰਕੜੇ ਨੂੰ ਸੰਤੁਸ਼ਟੀਜਨਕ, 101 ਤੋਂ 200 ਦੇ ਅੰਕੜੇ ਨੂੰ ਦਰਮਿਆਨਾ ਤੇ 201 ਤੋਂ 300 ਦੇ ਅੰਕੜੇ ਨੂੰ ਮਾੜਾ, 301 ਤੋਂ 400 ਤੱਕ ਨੂੰ ਬਹੁਤ ਮਾੜਾ ਅਤੇ 401 ਤੋਂ 500 ਤੱਕ ਦੇ ਸਿਖਰਲੇ ਅੰਕੜੇ ਨੂੰ ਗੰਭੀਰ ਅੰਕੜੇ ਵਜੋਂ ਦਰਜਾਬੰਦੀ ਵਿਚ ਰੱਖਿਆ ਜਾਂਦਾ ਹੈ। ਅਜਿਹੇ ਲਿਹਾਜ਼ ਤੋਂ ਜਲੰਧਰ, ਖੰਨਾ ਤੇ ਰੋਪੜ ਵਿਚ ਇਹ ਅੰਕੜਾ ਚੰਗੇ ਤੋਂ ਚੰਗਾ ਹੋ ਨਿੱਬੜਿਆ ਹੈ। ਭਾਵੇਂ ਕਰੋਨਾ ਵਾਇਰਸ ਕਾਰਨ ਲੋਕਾਂ ਵਿਚ ਵੱਡਾ ਖੌਫ ਹੈ ਫਿਰ ਵੀ ਚੰਗੇ ਵਾਤਾਵਰਨ ਉਸਰਨ ਨੂੰ ਇਕ ਚੰਗੀ ਖਬਰ ਵਜੋਂ ਵੀ ਲਿਆ ਜਾਣਾ ਸੁਭਾਵਿਕ ਹੀ ਹੈ। ਲੁਧਿਆਣਾ ਤੇ ਮੰਡੀ ਗੋਬਿੰਦਗੜ੍ਹ 'ਚ ਇਹ ਅੰਕੜਾ ਸੰਤੁਸ਼ਟੀਜਨਕ 56 ਮਾਪਿਆ ਗਿਆ ਹੈ। ਜਦਕਿ ਪਟਿਆਲਾ ਵਿਚ ਇਹ 45, ਅੰਮ੍ਰਿਤਸਰ 'ਚ 69 ਮਾਪਿਆ ਗਿਆ ਹੈ।

ਦੱਸਣਯੋਗ ਹੈ ਕਿ ਸਰਦੀ ਦੇ ਆਰੰਭ ਦੌਰਾਨ ਤਾਂ ਇਕ ਵਾਰ ਪੰਜਾਬ ਅੰਦਰ 'ਏਕਿਊਆਈ' ਔਸਤਨ 300 ਤੋਂ 400 ਦਰਮਿਆਨ ਵੀ ਟਿਕਿਆ ਰਹਿੰਦਾ ਹੈ, ਜਿਸ ਨਾਲ ਲੋਕਾਂ ਨੂੰ ਮਾੜੇ ਵਾਤਾਵਰਨ ਤੋਂ ਵੀ ਕਾਫੀ ਬਿਮਾਰੀਆਂ ਦਾ ਖਦਸ਼ਾ ਰਹਿੰਦਾ ਹੈ। ਪਰ ਹੁਣ 'ਲੌਕਡਾਊਨ' ਕਾਰਨ ਸੜਕਾਂ ਉਤੇ ਆਵਾਜਾਈ, ਉਦਯੋਗ ਹੋਰ ਸੰਸਥਾਵਾਂ ਬੰਦ ਰਹਿਣ ਨਾਲ ਦੂਸ਼ਿਤ ਮਾਹੌਲ 'ਚ ਵੱਡਾ ਬਦਲਾਅ ਵੇਖਣ ਨੂੰ ਮਿਲਿਆ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਮੁਤਾਬਕ 50 ਤੋਂ ਹੇਠਾਂ ਏਕਿਊਆਈ ਕਦੇ-ਕਦੇ ਹੀ ਮਾਪਿਆ ਜਾਂਦਾ ਹੈ, ਪਰ ਤਿੰਨ ਸ਼ਹਿਰਾਂ 'ਚ ਇਹ ਅੰਕੜਾ ਹੋਰ ਵੀ ਹੇਠਾਂ ਡਿੱਗਿਆ ਮਾਪਿਆ ਗਿਆ ਹੈ।

## ਬਰੈਂਪਟਨ ਦੀ ਸੰਸਦ ਮੈਂਬਰ ਕਮਲ ਖਹਿਰਾ ਕਰੋਨਾ ਵਾਇਰਸ ਤੋਂ ਪੀੜਤ

**ਟੋਰਾਂਟੋ:** ਬਰੈਂਪਟਨ ਤੋਂ ਲਿਬਰਲ ਪਾਰਟੀ ਦੀ ਸੰਸਦ ਮੈਂਬਰ ਕਮਲ ਖਹਿਰਾ ਕੋਵਿਡ-19 ਦੇ ਟੈਸਟ ਵਿਚ ਪਾਜ਼ੇਟਿਵ ਪਾਏ ਗਏ ਹਨ। ਕਿੱਤੇ ਵਜੋਂ ਰਜਿਸਟਰਡ ਨਰਸ ਕਮਲ ਖਹਿਰਾ (31) ਨੇ ਟਵਿੱਟਰ ਉਤੇ ਖੁਲਾਸਾ ਕੀਤਾ ਹੈ ਕਿ ਟੈਸਟ ਮਗਰੋਂ ਕਰੋਨਾ ਵਾਇਰਸ ਦੀ ਲਾਗ ਲੱਗਣ ਬਾਰੇ ਪਤਾ ਲੱਗਾ ਹੈ। ਉਹ ਹੁਣ 'ਇਕਾਂਤਵਾਸ' ਵਿਚ ਹੈ।


ਖਹਿਰਾ ਨੇ ਕਿਹਾ ਕਿ ਉਹ ਹੌਸਲੇ ਵਿਚ ਹੈ। ਸੂਤਰਾਂ ਮੁਤਾਬਕ ਉਨ੍ਹਾਂ ਨੇ ਕੁਝ ਹਫਤੇ ਪਹਿਲਾਂ ਕਰੋਨਾ ਵਾਇਰਸ ਮਹਾਮਾਰੀ ਤੋਂ ਪੀੜਤ ਲੋਕਾਂ ਦੀ ਮਦਦ ਲਈ ਖੁਦ ਨੂੰ ਨਰਸ ਵਜੋਂ ਕੰਮ ਕਰਨ ਲਈ ਦਰਜ ਕਰਵਾਇਆ ਸੀ। ਕਮਲ ਨੇ ਕਿਹਾ ਕਿ ਇਸ ਔਖੇ ਸਮੇਂ ਦੌਰਾਨ ਉਸ ਨੇ ਇਕ ਪੇਸ਼ੇਵਰ ਨਰਸ ਵਜੋਂ ਮਨੁੱਖਤਾ ਦੀ ਮਦਦ ਕਰਨਾ ਬੇਹੱਦ ਜ਼ਰੂਰੀ ਸਮਝਿਆ। ਲੋਕ ਉਨ੍ਹਾਂ ਨੂੰ ਸਿਹਤਯਾਬੀ ਲਈ ਸ਼ੁਭ ਇੱਛਾਵਾਂ ਭੇਜ ਰਹੇ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਉਨ੍ਹਾਂ ਦੀ ਸਿਹਤ ਬਾਬਤ ਚਿੰਤਾ ਪ੍ਰਗਟ ਕਰਦਿਆਂ ਟਵੀਟ ਕੀਤਾ ਹੈ। ਖਹਿਰਾ ਪਹਿਲੀ ਸੰਸਦ ਮੈਂਬਰ ਹੈ ਜਿਸ ਨੂੰ ਕਰੋਨਾ ਦੀ ਲਾਗ ਲੱਗੀ ਹੈ।

Singh Tax & Accounting Services LLC.
Individual & Business Taxes, Accounting, Payroll & Financial Consulting Services.
Please contact us to File Individual, Partnership, Corporation and Modified Tax Returns, Consultation for tax matters. Notary Public Services & response to IRS Tax matters services.
ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ
ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph: 248-982-2036

Mohan Singh
M.COM, MBA (Finance), ACA
Master in Taxation.
IRS Enrolled agent,
Notary Public
Office Locations
Michigan: 38565 Joy Rd, Westland, MI 48185
Minnesota: 6043 Hudson Rd, Suite#399A Woodbury, Minnesota 55125
Email : jhand_mohan@yahoo.com; www.SinghTaxServices.com

Personalized Service-Committed To Quality
Solutions Financial Mortgage Company
Purchase & Refinance Your Home Loans

Cell 312-608-0006
2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com


Madan Khatri
Want to Buy/Sell Homes, THs, Condos!
Call Madan Khatri
Ph: 847-530-1550
www.PropertyZoo.com
CALL TO BUY / SELL HOME TODAY!
Top Producer at the office in 2011-2013-2014
*****A Broker who can work with you from Beginning to End, Call Now!!!*****
BERKSHIRE HATHAWAY HOMESERVICES BH HS
BHHS American Heritage
1010 Rohwing Road, Elk Grove Village, IL

# ਕਰਫਿਊ ਨੇ ਲੀਹੋਂ ਲਾਹੀ ਜ਼ਿੰਦਗੀ, ਹਰ ਪਾਸੇ ਹਾਹਾਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਕਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਲਗਾਏ ਗਏ ਕਰਫਿਊ ਦਰਮਿਆਨ ਸਰਕਾਰੀ ਦਾਅਵਿਆਂ ਦੇ ਬਾਵਜੂਦ ਲੋਕਾਂ ਦੀਆਂ ਦੁਸ਼ਵਾਰੀਆਂ ਵਧ ਰਹੀਆਂ ਹਨ। ਸੂਬੇ ਦੇ ਦਿਹਾਤੀ ਅਤੇ ਸ਼ਹਿਰੀ ਦੋਵੇਂ ਥਾਈਂ ਵਸਦੇ ਲੋਕਾਂ ਦੀ ਜ਼ਿੰਦਗੀ ਨੂੰ ਜ਼ਰੂਰੀ ਵਸਤਾਂ ਦੀ ਘਾਟ ਨੇ ਇਕ ਤਰ੍ਹਾਂ ਨਾਲ ਲੀਹ ਤੋਂ ਲਾਹ ਦਿੱਤਾ ਹੈ। ਕਿਸਾਨਾਂ-ਵਪਾਰੀਆਂ ਨੂੰ ਤਾਂ ਕਈ ਪਾਸਿਆਂ ਤੋਂ ਮਾਰ ਪੈ ਰਹੀ ਹੈ।



ਸ਼ਹਿਰਾਂ ਅਤੇ ਪਿੰਡਾਂ ਵਿਚਲੇ ਸਰਦੇ-ਪੁਜਦੇ ਲੋਕਾਂ ਨੇ ਤਾਂ ਨਿੱਤ ਵਰਤੋਂ ਦੀਆਂ ਵਸਤਾਂ ਨੂੰ ਭੰਡਾਰ ਕਰ ਲਿਆ ਹੈ ਪਰ ਆਮ ਬੰਦਾ ਚਾਰ ਕੁ ਦਿਨਾਂ ਅੰਦਰ ਹੀ ਚੱਕੀ ਦੇ ਪੁੜ 'ਚ ਪਿਸਦਾ ਦਿਖਾਈ ਦੇ ਰਿਹਾ ਹੈ। ਉਧਰ, ਪੰਜਾਬ ਪੁਲਿਸ ਵਲੋਂ ਖੜ੍ਹੀਆਂ ਕੀਤੀਆਂ ਬੰਦਸ਼ਾਂ ਕਾਰਨ ਵੀ ਲੋਕਾਂ ਲਈ ਪਰੇਸ਼ਾਨੀਆਂ ਖੜ੍ਹੀਆਂ ਹੋ ਰਹੀਆਂ ਹਨ। ਕਰਫਿਊ ਦੌਰਾਨ ਪੁਲਿਸ ਦੀਆਂ ਸਖਤੀਆਂ ਦਾ ਅਮਲ ਜਾਰੀ ਹੈ। ਸੂਬੇ ਵਿਚ ਕਈ ਥਾਵਾਂ ਉਤੇ ਆਮ ਲੋਕਾਂ ਅਤੇ ਪੁਲਿਸ ਮੁਲਾਜ਼ਮਾਂ ਦਰਮਿਆਨ ਟਕਰਾਅ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ ਤੇ ਕਈ ਥਾਈਂ ਪੁਲਿਸ ਮੁਲਾਜ਼ਮਾਂ ਨੇ ਲੋਕਾਂ 'ਤੇ ਡਾਂਗ ਵੀ ਚਲਾਈ।

ਡੀ.ਜੀ.ਪੀ. ਦਿਨਕਰ ਗੁਪਤਾ ਵਲੋਂ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਸਖਤ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਕਰਫਿਊ ਦੀਆਂ ਪਾਬੰਦੀਆਂ ਨੂੰ ਤਾਂ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ ਪਰ ਲੋਕਾਂ ਨਾਲ ਅਣਮਨੁੱਖੀ ਵਿਵਹਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪੰਜਾਬ ਪੁਲਿਸ, ਜ਼ਿਲ੍ਹਾ ਪ੍ਰਸ਼ਾਸਨ, ਗੈਰ-ਸਰਕਾਰੀ ਜਥੇਬੰਦੀਆਂ ਅਤੇ ਹੋਰ ਵਿਭਾਗਾਂ ਵਲੋਂ ਕਰੀਬ ਸਾਰੇ ਹੀ ਜ਼ਿਲ੍ਹਿਆਂ ਵਿਚ ਲੋਕਾਂ ਨੂੰ ਘਰਾਂ ਤੱਕ ਪਹੁੰਚ ਕਰ ਕੇ ਜ਼ਰੂਰੀ ਸਾਮਾਨ ਸਪਲਾਈ ਕੀਤਾ ਗਿਆ। ਪ੍ਰਸ਼ਾਸਨ ਅਤੇ ਲੋਕਾਂ ਦਰਮਿਆਨ ਪਾੜੇ ਦਾ ਵੱਡਾ ਆਧਾਰ ਸ਼ਹਿਰਾਂ ਵਿਚਲੀਆਂ ਕਰਿਆਨੇ ਦੀਆਂ ਦੁਕਾਨਾਂ ਵਲੋਂ ਲੋਕਾਂ ਨਾਲ ਤਾਲਮੇਲ ਨਾ ਬਿਠਾਉਣ ਅਤੇ ਪਿੰਡਾਂ ਵਿਚ ਦੁਕਾਨਾਂ ਉਤੇ ਸਾਮਾਨ ਖਤਮ ਹੋਣਾ ਬਣਿਆ ਹੋਇਆ ਹੈ। ਇਥੋਂ ਤੱਕ ਕਿ ਮੈਡੀਕਲ ਸਟੋਰਾਂ ਦੇ ਮਾਲਕ ਵੀ ਇਸ ਸੰਕਟ ਦੀ ਘੜੀ ਵਿਚ ਮਰੀਜ਼ਾਂ ਦੇ ਫੋਨ ਨਹੀਂ ਚੁੱਕ ਰਹੇ। ਹਾਲਾਂਕਿ ਪ੍ਰਸ਼ਾਸਨ ਨੇ ਦਾਅਵਾ ਕੀਤਾ ਹੈ ਕਿ ਦੱਸੇ ਗਏ ਨੰਬਰਾਂ ਉਤੇ ਫੋਨ ਕਰਨ ਤੋਂ ਬਾਅਦ ਰਾਸ਼ਨ ਅਤੇ ਦਵਾਈਆਂ ਲੋੜਵੰਦਾਂ ਦੇ ਘਰਾਂ 'ਚ ਪਹੁੰਚਾਈਆਂ ਜਾਣਗੀਆਂ। ਪਿੰਡਾਂ 'ਚ ਰਹਿੰਦੇ ਉਸਾਰੀ ਮਜ਼ਦੂਰਾਂ, ਖੇਤ ਮਜ਼ਦੂਰਾਂ ਅਤੇ ਆਮ ਸੀਮਾਂਤ ਤੇ ਛੋਟੇ ਕਿਸਾਨਾਂ ਦੇ ਨਿੱਤ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਪਹੁੰਚ ਤੋਂ ਦੂਰ ਹੋ ਗਈਆਂ ਹਨ।

ਭੱਠਿਆਂ ਉਤੇ ਪਥੇਰ ਦਾ ਕੰਮ ਕਰਨ ਵਾਲੇ ਮਜ਼ਦੂਰਾਂ, ਜੋ ਰੋਜ਼ਾਨਾ ਦਿਹਾੜੀ ਕਰਕੇ ਢਿੱਡ ਭਰਦੇ ਸਨ, ਅਤੇ ਰਿਕਸ਼ਾ ਚਾਲਕਾਂ ਦੇ ਚੁੱਲ੍ਹੇ ਤਾਂ ਬਿਲਕੁਲ ਹੀ ਠੰਢੇ ਹੋਣ ਕਿਨਾਰੇ ਹਨ। ਪੋਲਟਰੀ ਫਾਰਮ ਮਾਲਕ ਤਾਂ ਹੁਣ ਡਿਪਰੈਸ਼ਨ ਦਾ ਸ਼ਿਕਾਰ ਹੋਣ ਲੱਗੇ ਹਨ। ਸੰਗਰੂਰ ਦੇ ਡੀਸੀ ਨੂੰ ਕੁਝ ਪੋਲਟਰੀ ਫਾਰਮ ਮਾਲਕਾਂ ਨੇ ਤਾਂ ਮੁਰਗਿਆਂ ਨੂੰ ਜ਼ਮੀਨ ਵਿਚ ਦੱਬਣ ਲਈ ਜੇਸੀਬੀ ਮਸ਼ੀਨਾਂ ਦੀ ਮੰਗ ਤੱਕ ਕਰ ਦਿੱਤੀ ਹੈ। ਪੋਲਟਰੀ ਫਾਰਮਾਂ ਲਈ ਸਰਕਾਰ ਵਲੋਂ ਫੀਡ ਪਹੁੰਚਾਉਣ ਦਾ ਅਜੇ ਤੱਕ ਕੋਈ ਇੰਤਜ਼ਾਮ ਨਹੀਂ ਕੀਤਾ ਜਾ ਸਕਿਆ ਹੈ। ਪਿੰਡਾਂ ਵਿਚ ਪਰਚੂਨ ਦੀਆਂ ਦੁਕਾਨਾਂ ਤੋਂ ਸਾਮਾਨ ਤੱਕ ਨਹੀਂ ਮਿਲ ਰਿਹਾ। ਬਰਨਾਲਾ ਜ਼ਿਲ੍ਹੇ ਦੇ ਪੱਖੋ ਕਲਾਂ 'ਚ ਚੱਲ ਰਹੀ ਗਊਸ਼ਾਲਾ 'ਚ ਤਾਂ ਗਊਆਂ ਲਈ ਹੁਣ ਤੂੜੀ ਅਤੇ ਚਾਰਾ ਤੱਕ ਮੁੱਕ ਗਿਆ ਹੈ। ਕੋਈ ਵੀ ਕਿਸਾਨ ਕਰਫਿਊ ਕਾਰਨ ਚਾਰਾ ਸੁੱਟਣ ਨਹੀਂ ਜਾ ਰਿਹਾ ਹੈ।

ਪਿੰਡਾਂ ਵਿਚ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ ਦੀਆਂ ਦਵਾਈਆਂ ਅਕਸਰ ਵੱਡੇ ਸ਼ਹਿਰਾਂ ਜਾਂ ਹਸਪਤਾਲਾਂ ਤੋਂ ਮਿਲਦੀਆਂ ਹਨ ਪਰ ਲੋਕਲ ਮੈਡੀਕਲ ਸਟੋਰਾਂ ਤੋਂ ਦਵਾਈਆਂ ਨਾ ਮਿਲਣ ਕਾਰਨ ਲੋਕਾਂ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਕਿਸਾਨਾਂ ਦੇ ਪਸ਼ੂਆਂ ਦੇ ਇਲਾਜ ਲਈ ਕੋਈ ਡਾਕਟਰ ਨਹੀਂ ਲੱਭ ਰਿਹਾ ਹੈ ਅਤੇ ਫੀਡ ਫੈਕਟਰੀਆਂ ਬੰਦ ਹੋਣ ਕਾਰਨ ਫੀਡ ਵੀ ਨਹੀਂ ਮਿਲ ਰਹੀ ਹੈ। ਡੇਅਰੀਆਂ ਬੰਦ ਹੋਣ ਕਾਰਨ ਜਿਥੇ ਡੇਅਰੀ ਮਾਲਕ ਘਾਟੇ ਵਿਚ ਜਾ ਰਹੇ ਹਨ ਉਥੇ ਜਿਹੜੇ ਕਿਸਾਨਾਂ ਨੇ ਡੇਅਰੀ ਨੂੰ ਸਹਾਇਕ ਧੰਦੇ ਵਜੋਂ ਅਪਣਾਇਆ ਸੀ, ਉਨ੍ਹਾਂ ਦੀ ਆਰਥਿਕਤਾ ਡਾਵਾਂਡੋਲ ਹੋ ਗਈ ਹੈ।

## ਲੁਧਿਆਣਾ ਕੇਂਦਰੀ ਜੇਲ੍ਹ 'ਚੋਂ ਚਾਰ ਬੰਦੀ ਫਰਾਰ

**ਲੁਧਿਆਣਾ:** ਕਰੋਨਾ ਵਾਇਰਸ ਨੂੰ ਲੈ ਕੇ ਲੱਗੇ ਕਰਫਿਊ ਦੇ ਬਾਵਜੂਦ ਤਾਜਪੁਰ ਰੋਡ ਸਥਿਤ ਕੇਂਦਰੀ ਜੇਲ੍ਹ 'ਚ ਬੰਦ ਇਕ ਕੈਦੀ ਤੇ ਤਿੰਨ ਹਵਾਲਾਤੀ ਕੰਧ ਟੱਪ ਕੇ ਫਰਾਰ ਹੋ ਗਏ ਹਨ। ਚਾਰੇ ਮੁਲਜ਼ਮਾਂ ਦੇ ਫਰਾਰ ਹੋਣ ਦਾ ਪਤਾ ਉਸ ਵੇਲੇ ਲੱਗਾ, ਜਦੋਂ ਸਵੇਰੇ ਬੰਦੀਆਂ ਦੀ ਗਿਣਤੀ ਹੋਣ ਲੱਗੀ। ਘਟਨਾ ਦੀ ਸੂਚਨਾ ਮਿਲਦੇ ਹੀ ਜੇਲ੍ਹ ਸੁਪਰਡੈਂਟ ਰਾਜੀਵ ਅਰੋੜਾ ਅਤੇ ਏਡੀਸੀਪੀ-4 ਅਜਿੰਦਰ ਸਿੰਘ ਪੁਲਿਸ ਟੀਮ ਨਾਲ ਮੌਕੇ ਉਤੇ ਪੁੱਜ ਗਏ। ਥਾਣਾ ਡਿਵੀਜ਼ਨ ਨੰਬਰ 7 ਦੀ ਪੁਲਿਸ ਨੇ ਇਸ ਮਾਮਲੇ 'ਚ ਮੁਲਜ਼ਮਾਂ ਉਤੇ ਕੇਸ ਦਰਜ ਕਰ ਲਿਆ ਹੈ। ਮੁਲਜ਼ਮਾਂ ਦੀ ਪਛਾਣ ਹਵਾਲਾਤੀ ਅਮਨ ਕੁਮਾਰ ਉਰਫ ਦੀਪਕ, ਅਰਸ਼ਦੀਪ ਸਿੰਘ ਉਰਫ ਸੀਪਾ ਵਾਸੀ ਬਸਤੀ ਅਜੀਤ ਨਗਰ ਸੰਗਰੂਰ, ਸੂਰਜ ਕੁਮਾਰ ਵਾਸੀ ਜ਼ਿਲ੍ਹਾ ਸੁਲਤਾਨਪੁਰ ਉਤਰ ਪ੍ਰਦੇਸ਼ ਅਤੇ ਸਮਰਾਲਾ ਦੇ ਵਾਸੀ ਰਵੀ ਕੁਮਾਰ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਚਾਰੇ ਮੁਲਜ਼ਮ ਜੇਲ੍ਹ 'ਚ ਇਕੱਠੇ ਹੀ ਬੰਦ ਸਨ।

ਰੋਜ਼ਾਨਾ ਦੀ ਤਰ੍ਹਾਂ ਕੈਦੀਆਂ ਤੇ ਹਵਾਲਾਤੀਆਂ ਦੀਆਂ ਬੈਰਕਾਂ 'ਚ ਬੰਦੀ ਤੇ ਗਿਣਤੀ ਤੋਂ ਬਾਅਦ ਹੀ ਅਧਿਕਾਰੀ ਚਲੇ ਗਏ। ਦੇਰ ਰਾਤ ਕਰੀਬ 1 ਵਜੇ ਤੋਂ ਬਾਅਦ ਚਾਰੇ ਮੁਲਜ਼ਮ ਬੈਰਕ 'ਚੋਂ ਬਾਹਰ ਆਏ ਅਤੇ ਉਹ ਸਟੇਡੀਅਮ ਦੇ ਰਸਤਿਉਂ ਹੁੰਦੇ ਹੋਏ ਮਹਿਲਾ ਜੇਲ੍ਹ ਦੀ ਕੰਧ ਚੜ੍ਹੇ ਅਤੇ ਫਰਾਰ ਹੋ ਗਏ। ਮੁਲਜ਼ਮਾਂ ਨੇ ਕੰਧ ਟੱਪਣ ਲਈ ਕੰਬਲ ਦੀ ਵਰਤੋਂ ਰੱਸੀ ਵਜੋਂ ਕੀਤੀ ਤੇ 10 ਫੁੱਟ ਤੋਂ ਛਾਲ ਮਾਰ ਕੇ ਫਰਾਰ ਹੋ ਗਏ। ਫਰਾਰ ਹੋਏ ਮੁਲਜ਼ਮਾਂ ਖਿਲਾਫ ਨਸ਼ਾ ਤਸਕਰੀ, ਚੋਰੀ, ਲੁੱਟ-ਖੋਹ, ਸ਼ਰਾਬ ਤਸਕਰੀ ਸਮੇਤ ਕਈ ਗੰਭੀਰ ਕੇਸ ਦਰਜ ਹਨ।

ਪੰਜਾਬ ਟਾਈਮਜ਼
Punjabtimes1@gmail.com


## ਕਰੋਨਾ ਦੇ ਖੌਫ ਨੇ ਖੂਨ ਦੇ ਰਿਸ਼ਤੇ ਮਿਟਾਏ

**ਮਾਛੀਵਾੜਾ:** ਕਰੋਨਾ ਵਾਇਰਸ ਦੇ ਖੌਫ ਕਾਰਨ ਲੋਕਾਂ 'ਚ ਖੂਨ ਦੇ ਰਿਸ਼ਤੇ ਵੀ ਮਿਟਦੇ ਜਾ ਰਹੇ ਹਨ ਜਿਸ ਦੀ ਮਿਸਾਲ ਮਾਛੀਵਾੜਾ ਨੇੜਲੇ ਪਿੰਡ ਚੱਕੀ ਵਿਚ ਦੇਖਣ ਨੂੰ ਮਿਲੀ। ਹੋਲੇ ਮਹੱਲੇ ਤੋਂ ਪਰਤੇ ਇਸ ਪਿੰਡ ਦੇ ਜਗਦੀਸ਼ ਕੁਮਾਰ (45) ਦੀ ਮੌਤ ਹੋ ਗਈ ਅਤੇ ਉਸ ਦਾ ਸਸਕਾਰ ਕਰਨ ਲਈ ਪਿੰਡ ਦਾ ਵਿਅਕਤੀ ਤਾਂ ਦੂਰ ਪਰਿਵਾਰਕ ਮੈਂਬਰ ਵੀ ਨੇੜੇ ਨਾ ਆਏ।

ਜਾਣਕਾਰੀ ਅਨੁਸਾਰ ਜਗਦੀਸ਼ ਕੁਮਾਰ ਕੁਝ ਦਿਨ ਪਹਿਲਾਂ ਹੋਲੇ ਮਹੱਲੇ ਉਤੇ ਆਨੰਦਪੁਰ ਸਾਹਿਬ ਗਿਆ ਸੀ ਅਤੇ ਉਥੋਂ ਵਾਪਸ ਆਉਣ ਉਪਰੰਤ ਬਿਮਾਰ ਰਹਿਣ ਲੱਗ ਪਿਆ। ਪਰਿਵਾਰਕ ਮੈਂਬਰਾਂ ਅਨੁਸਾਰ ਪਿਛਲੇ ਕੁਝ ਦਿਨਾਂ ਤੋਂ ਉਸ ਨੂੰ ਖਾਂਸੀ, ਜ਼ੁਕਾਮ ਤੇ ਸਾਹ ਲੈਣ ਦੀ ਸਮੱਸਿਆ ਸੀ ਜਿਸ ਸਬੰਧੀ ਉਹ ਨੇੜਲੇ ਡਾਕਟਰ ਤੋਂ ਦਵਾਈ ਲੈਂਦਾ ਰਿਹਾ। ਜਗਦੀਸ਼ ਕੁਮਾਰ ਆਪਣੇ ਪਰਿਵਾਰਕ ਮੈਂਬਰ ਤੋਂ ਵੱਖ ਨੇੜੇ ਹੀ ਅਲੱਗ ਘਰ 'ਚ ਰਹਿੰਦਾ ਸੀ ਅਤੇ ਸੁੱਤੇ ਪਏ ਉਸ ਦੀ ਮੌਤ ਹੋ ਗਈ।

ਜਗਦੀਸ਼ ਕੁਮਾਰ ਦੀ ਮੌਤ ਦੀ ਸੂਚਨਾ ਪੰਚਾਇਤ ਨੇ ਸਿਹਤ ਵਿਭਾਗ ਤੇ ਪ੍ਰਸ਼ਾਸਨ ਨੂੰ ਦਿੱਤੀ ਜਿਸ ਉਤੇ ਟੀਮ ਨੇ ਦੂਰ ਤੋਂ ਹੀ ਲਾਸ਼ ਦਾ ਮੁਆਇਨਾ ਕਰ ਕੇ ਪਿੰਡ ਵਾਸੀਆਂ ਨੂੰ ਕਹਿ ਦਿੱਤਾ ਕਿ ਉਸ ਦੀ ਮੌਤ ਦਾ ਕਾਰਨ ਕਰੋਨਾ ਵਾਇਰਸ ਨਹੀਂ ਜਿਸ ਲਈ ਉਸ ਦਾ ਸਸਕਾਰ ਕਰ ਦਿੱਤਾ ਜਾਵੇ। ਕੁਝ ਸਮੇਂ ਬਾਅਦ ਪੰਚਾਇਤ ਨੇ ਫਿਰ ਫੈਸਲਾ ਕੀਤਾ ਕਿ ਜਦੋਂ ਤੱਕ ਜਗਦੀਸ਼ ਕੁਮਾਰ ਦਾ ਕਰੋਨਾ ਵਾਇਰਸ ਦਾ ਟੈਸਟ ਨਹੀਂ ਹੋ ਜਾਂਦਾ, ਉਹ ਲਾਸ਼ ਨੂੰ ਹੱਥ ਨਹੀਂ ਲਗਾਉਣਗੇ। ਪਿੰਡ ਨਿਵਾਸੀਆਂ ਨੇ ਫਿਰ ਪੁਲਿਸ ਤੇ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਕਿ ਜਦੋਂ ਤੱਕ ਮ੍ਰਿਤਕ ਤੇ ਉਸ ਦੇ ਪਰਿਵਾਰਕ ਮੈਂਬਰਾਂ ਦਾ ਟੈਸਟ ਨਹੀਂ ਲਿਆ ਜਾਂਦਾ, ਉਹ ਸਸਕਾਰ ਨਹੀਂ ਕਰਨਗੇ। ਇਸ ਤੋਂ ਬਾਅਦ ਟੀਮ ਦੁਬਾਰਾ ਆਈ ਤੇ ਜਿਸ ਤੋਂ ਬਾਅਦ ਸਸਕਾਰ ਕੀਤਾ ਗਿਆ।

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Loans Available In Most States!*
*Refinance up to 125% value of the house.
●Residential Loans (Purchase, Refinance & Cash Out Refinance). ●Self Employed and H1 Visa ●Jumbo loans ●Commercial Property With Business or Business Only. ●Business Equity Line of Credit. ●Multi Unit Investment Property.

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

SERVING
Wisconsin & Illinois State
Residential or Commercial
Buying, Selling, Renting or Investing
Buy thru us Get Best Service
+ Thousands of Dollars cash back.
Buying: Have access to more than 60 websites to find your dream home or future investment!
New constructions homes-Get 60% cash back.
Affordable Listing Commission.
Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!



*For the best deal call:*
Jesse Singh (e-PRO, SFR , CIAS)
*Broker/Realtor*
Cell: 847-606-3664
Email: jsingh@remax.net
Web Site: jsingh.illinoisproperty.com
*12 years experience (Full time service)*
Sold: #780 Homes and #82 Commercials.
RE/MAX COMMERCIAL RE/MAX PLATINUM CLUB e-PRO REALTOR SFR SHORT SALES & FORECLOSURE RESOURCE CIAS Certified Investor Agent Specialist

# ਕਰੋਨਾ ਰਾਹਤ: ਮੋਦੀ ਸਰਕਾਰ ਵਲੋਂ ਲੋੜਵੰਦਾਂ ਲਈ 1.70 ਲੱਖ ਕਰੋੜ ਦਾ ਪੈਕੇਜ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਰੋਨਾਵਾਇਰਸ ਫੈਲਣ ਕਾਰਨ ਸਮਾਜ ਦੇ ਕਮਜ਼ੋਰ ਵਰਗਾਂ ਉਤੇ ਡਿੱਗੀ ਗਾਜ ਮਗਰੋਂ ਉਨ੍ਹਾਂ ਲਈ 1.70 ਲੱਖ ਕਰੋੜ ਰੁਪਏ ਦੇ ਰਾਹਤ ਪੈਕੇਜ ਦਾ ਐਲਾਨ ਕੀਤਾ ਹੈ। ਰਾਹਤ ਪੈਕੇਜ ਦਾ ਐਲਾਨ ਕਰਦਿਆਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਦਾ ਲਾਭ ਪਰਵਾਸੀ ਮਜ਼ਦੂਰਾਂ, ਦਿਹਾੜੀਦਾਰਾਂ, ਪੇਂਡੂ ਗਰੀਬਾਂ ਅਤੇ ਔਰਤਾਂ ਨੂੰ ਹੋਵੇਗਾ। ਵਿੱਤ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਹ ਅੰਤਿਮ ਰਾਹਤ ਪੈਕੇਜ ਨਹੀਂ ਹੈ ਅਤੇ ਇਹ ਸਿਰਫ ਬਹੁਤ ਜ਼ਿਆਦਾ ਗਰੀਬ ਵਿਅਕਤੀਆਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸਹਾਰਾ ਦੇਣ ਲਈ ਹੈ। ਪਹਿਲਾਂ ਉਮੀਦ ਲਗਾਈ ਜਾ ਰਹੀ ਸੀ ਕਿ ਸਰਕਾਰ ਸਨਅਤ ਲਈ ਵੀ ਕੋਈ ਰਾਹਤ ਭਰੇ ਕਦਮ ਐਲਾਨ ਸਕਦੀ ਹੈ। ਸੀਤਾਰਾਮਨ ਨੇ ਕਿਹਾ,''ਅਸੀਂ ਕਿਸੇ ਨੂੰ ਭੁੱਖਾ ਨਹੀਂ ਦੇਖਣਾ ਚਾਹੁੰਦੇ। ਇਸ ਕਰਕੇ ਅਸੀਂ ਇੰਨਾ ਕੁ ਪ੍ਰਬੰਧ ਕੀਤਾ ਹੈ ਜਿਸ ਨਾਲ ਉਹ ਆਪਣੇ ਭੋਜਨ ਦੀ ਲੋੜ ਨੂੰ ਪੂਰਾ ਕਰ ਸਕਣ।''

ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਕੋਵਿਡ-19 ਦੇ ਮਰੀਜ਼ਾਂ ਨਾਲ ਜੂਝ ਰਹੇ ਸੈਨੀਟੇਸ਼ਨ ਵਰਕਰਾਂ, ਆਸ਼ਾ ਵਰਕਰਾਂ, ਪੈਰਾ-ਮੈਡੀਕਲ ਸਟਾਫ, ਨਰਸਾਂ ਅਤੇ ਡਾਕਟਰਾਂ ਦਾ ਕੇਂਦਰ ਨੇ 50-50 ਲੱਖ ਰੁਪਏ ਦਾ ਮੈਡੀਕਲ ਬੀਮਾ ਕਰਨ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਰਾਸ਼ਨ ਕਾਰਡ ਧਾਰਕਾਂ ਨੂੰ ਅਗਲੇ ਤਿੰਨ ਮਹੀਨਿਆਂ ਲਈ ਵਾਧੂ 5 ਕਿਲੋ ਚੌਲ ਜਾਂ ਆਟਾ ਮੁਫਤ ਮਿਲੇਗਾ।



### ਐਡਵਾਂਸ ਮਿਲੇਗੀ ਤਿੰਨ ਮਹੀਨੇ ਦੀ ਪੈਨਸ਼ਨ

**ਨਵੀਂ ਦਿੱਲੀ:** ਕਰੋਨਾ ਵਾਇਰਸ ਮਹਾਮਾਰੀ ਦੇ ਮੱਦੇਨਜ਼ਰ 21 ਦਿਨਾਂ ਦੇ ਕੀਤੇ ਗਏ ਦੇਸ਼ਵਿਆਪੀ ਲੌਕਡਾਊਨ ਦੌਰਾਨ ਕੇਂਦਰ ਸਰਕਾਰ ਵਲੋਂ ਵਿਧਵਾ, ਬਜ਼ੁਰਗ ਤੇ ਅੰਗਹੀਣ ਪੈਨਸ਼ਨ ਦੇ ਕਰੀਬ ਤਿੰਨ ਕਰੋੜ ਲਾਭਪਾਤਰੀਆਂ ਨੂੰ ਤਿੰਨ ਮਹੀਨਿਆਂ ਦੀ ਪੈਨਸ਼ਨ ਐਡਵਾਂਸ ਵਿਚ ਦਿੱਤੀ ਜਾਵੇਗੀ। ਇਹ ਐਡਵਾਂਸ ਪੈਨਸ਼ਨ ਅਪਰੈਲ ਦੇ ਪਹਿਲੇ ਹਫਤੇ ਵਿਚ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿਚ ਪਾ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕੌਮੀ ਸਮਾਜਿਕ ਸਹਾਇਤਾ ਪ੍ਰੋਗਰਾਮ ਤਹਿਤ ਗਰੀਬ ਬਜ਼ੁਰਗਾਂ, ਵਿਧਵਾਵਾਂ ਤੇ ਅੰਗਹੀਣ ਵਿਅਕਤੀਆਂ ਨੂੰ ਮਹੀਨਾਵਾਰ ਪੈਨਸ਼ਨ ਦਿੱਤੀ ਜਾਂਦੀ ਹੈ। ਇਹ ਪ੍ਰੋਗਰਾਮ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਅਧਿਕਾਰੀਆਂ ਅਨੁਸਾਰ ਇਸ ਪ੍ਰੋਗਰਾਮ ਅਧੀਨ 2.98 ਕਰੋੜ ਲਾਭਪਾਤਰੀ ਆਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਪੈਨਸ਼ਨ ਸਿੱਧੇ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿਚ ਪਾ ਦਿੱਤੀ ਜਾਵੇਗੀ।

### ਖੁਰਾਕੀ ਪਦਾਰਥਾਂ ਦਾ ਮਹੀਨਾਵਾਰ ਕੋਟਾ ਦੋ ਕਿਲੋ ਵਧਾਇਆ

**ਨਵੀਂ ਦਿੱਲੀ:** ਮੁਲਕ ਭਰ ਵਿਚ ਬੰਦ ਦੌਰਾਨ ਖੁਰਾਕੀ ਪਦਾਰਥਾਂ ਦੀ ਲੋੜੀਂਦੀ ਸਪਲਾਈ ਯਕੀਨੀ ਬਣਾਉਣ ਲਈ ਸਰਕਾਰ ਨੇ ਸਬਸਿਡੀ ਤਹਿਤ ਆਉਂਦੇ ਪਦਾਰਥਾਂ ਦਾ ਮਹੀਨੇਵਾਰ ਕੋਟਾ 2 ਕਿਲੋਗ੍ਰਾਮ ਪ੍ਰਤੀ ਵਿਅਕਤੀ ਵਧਾਉਣ ਦਾ ਫੈਸਲਾ ਕੀਤਾ ਹੈ। ਹੁਣ ਰਾਸ਼ਨ ਡਿਪੂ ਤੋਂ ਪ੍ਰਤੀ ਵਿਅਕਤੀ ਸੱਤ ਕਿਲੋਗ੍ਰਾਮ ਰਾਸ਼ਨ ਮਿਲੇਗਾ। ਇਸ ਸਕੀਮ ਤਹਿਤ 80 ਕਰੋੜ ਲਾਭਪਾਤਰੀ ਆਉਂਦੇ ਹਨ। ਕਣਕ ਦੋ ਰੁਪਏ ਪ੍ਰਤੀ ਕਿਲੋ ਤੇ ਚੌਲ ਤਿੰਨ ਰੁਪਏ ਪ੍ਰਤੀ ਕਿਲੋ ਦੇ ਭਾਅ ਮਿਲਣਗੇ। ਸਾਰੇ ਰਾਜਾਂ ਨੂੰ ਕੇਂਦਰ ਤੋਂ ਰਾਸ਼ਨ ਅਗਾਊਂ ਲੈਣ ਲਈ ਲਿਖ ਦਿੱਤਾ ਗਿਆ ਹੈ। ਇਸ ਨੂੰ ਜਨਤਕ ਵੰਡ ਪ੍ਰਣਾਲੀ ਤਹਿਤ ਵੰਡਿਆ ਜਾਵੇਗਾ। ਇਹ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਹੋਈ ਕੈਬਨਿਟ ਮੀਟਿੰਗ 'ਚ ਲਿਆ ਗਿਆ ਹੈ। ਖੁਰਾਕੀ ਭੰਡਾਰ ਐਫ.ਸੀ.ਆਈ. ਅਧੀਨ ਹਨ।


ਇਸ ਤੋਂ ਇਲਾਵਾ ਇਕ-ਇਕ ਕਿਲੋ ਦਾਲ ਵੀ ਦਿੱਤੀ ਜਾਵੇਗੀ। ਇਸ ਯੋਜਨਾ ਦਾ 80 ਕਰੋੜ ਵਿਅਕਤੀਆਂ ਨੂੰ ਲਾਭ ਮਿਲੇਗਾ। ਮੌਜੂਦਾ ਯੋਜਨਾ ਤਹਿਤ ਮਿਲਦਾ ਰਾਸ਼ਨ ਪਹਿਲਾਂ ਵਾਂਗ ਹੀ ਜਾਰੀ ਰਹੇਗਾ।

ਸ੍ਰੀਮਤੀ ਸੀਤਾਰਾਮਨ ਨੇ ਦੱਸਿਆ ਕਿ ਸਰਕਾਰ ਵਲੋਂ ਤਿੰਨ ਕਰੋੜ ਸੀਨੀਅਰ ਸਿਟੀਜ਼ਨਜ਼ ਦੇ ਖਾਤਿਆਂ 'ਚ ਦੋ ਕਿਸ਼ਤਾਂ ਵਿਚ ਇਕ ਹਜ਼ਾਰ ਰੁਪਏ ਪਾਏ ਜਾਣਗੇ। ਉੱਜਵਲਾ ਰਸੋਈ ਗੈਸ ਕੁਨੈਕਸ਼ਨ ਧਾਰਕਾਂ ਨੂੰ ਅਗਲੇ ਤਿੰਨ ਮਹੀਨਿਆਂ ਤਕ ਐਲ.ਪੀ.ਜੀ. ਸਿਲੰਡਰ ਮੁਫਤ ਮਿਲਣਗੇ। ਇਸ ਦਾ ਲਾਭ 8 ਕਰੋੜ ਔਰਤਾਂ ਨੂੰ ਹੋਵੇਗਾ। ਦੀਨਦਯਾਲ ਨੈਸ਼ਨਲ ਰੂਰਲ ਲਾਈਵਲੀਹੁੱਡ ਮਿਸ਼ਨ ਤਹਿਤ 63 ਲੱਖ ਮਹਿਲਾ ਸੈਲਫ ਹੈਲਪ ਗਰੁੱਪਾਂ ਨੂੰ 20-20 ਲੱਖ ਰੁਪਏ ਦੇ ਕਰਜ਼ੇ ਬਿਨਾਂ ਵਿਆਜ ਤੋਂ ਦਿੱਤੇ ਜਾਣਗੇ। ਇਸ ਸਮੇਂ ਇਸ ਯੋਜਨਾ ਤਹਿਤ 10 ਲੱਖ ਰੁਪਏ ਦਾ ਕਰਜ਼ਾ ਦਿੱਤਾ ਜਾਂਦਾ ਹੈ। ਇਸ ਨਾਲ ਸੱਤ ਕਰੋੜ ਘਰਾਂ ਨੂੰ ਲਾਭ ਹੋਵੇਗਾ।

ਰਾਹਤ ਦੇ ਇਕ ਹੋਰ ਕਦਮ ਤਹਿਤ ਵਿੱਤ ਮੰਤਰੀ ਨੇ ਐਲਾਨ ਕੀਤਾ ਕਿ 100 ਤੋਂ ਘੱਟ ਮੁਲਾਜ਼ਮਾਂ ਵਾਲੇ ਅਦਾਰੇ ਅਤੇ ਜਿਨ੍ਹਾਂ ਦੇ 90 ਫੀਸਦੀ ਕਰਮਚਾਰੀਆਂ ਦੀ ਤਨਖਾਹ 15 ਹਜ਼ਾਰ ਰੁਪਏ ਮਹੀਨੇ ਤੋਂ ਘੱਟ ਹੈ, ਉਨ੍ਹਾਂ ਦੀ ਸਹਾਇਤਾ ਲਈ ਕੰਪਨੀ ਅਤੇ ਮੁਲਾਜ਼ਮਾਂ ਦੇ ਪੂਰੇ 24 ਫੀਸਦੀ ਈ.ਪੀ.ਐਫ. ਯੋਗਦਾਨ ਦਾ ਖਰਚਾ ਸਰਕਾਰ ਤਿੰਨ ਮਹੀਨਿਆਂ ਲਈ ਸਹਿਣ ਕਰੇਗੀ। ਸੰਗਠਿਤ ਖੇਤਰ ਲਈ ਈ.ਪੀ.ਐਫ.ਓ. ਨੇਮਾਂ 'ਚ ਸੋਧ ਕੀਤੀ ਜਾਵੇਗੀ ਤਾਂ ਜੋ ਮੁਲਾਜ਼ਮ 75 ਫੀਸਦੀ ਫੰਡ ਨਾ-ਮੋੜਨਯੋਗ ਐਡਵਾਂਸ ਜਾਂ ਤਿੰਨ ਮਹੀਨਿਆਂ ਦੀ ਅਗਾਊਂ ਤਨਖਾਹ ਦੇ ਰੂਪ ਵਿਚ, ਜਿਹੜਾ ਵੀ ਘੱਟ ਹੋਵੇਗਾ, ਲੈ ਸਕਣਗੇ। ਇਸ ਤੋਂ ਇਲਾਵਾ ਕਰੀਬ ਸਾਢੇ ਤਿੰਨ ਕਰੋੜ ਰਜਿਸਟਰਡ ਇਮਾਰਤ ਅਤੇ ਉਸਾਰੀ ਕਾਮਿਆਂ ਨੂੰ 31 ਹਜ਼ਾਰ ਕਰੋੜ ਰੁਪਏ ਦੇ ਭਲਾਈ ਫੰਡਾਂ 'ਚੋਂ ਸਹਾਇਤਾ ਦਿੱਤੀ ਜਾਵੇਗੀ।

# ਬਿਪਤਾ ਦੀ ਘੜੀ ਵਿਚ ਮਦਦ ਲਈ ਅੱਗੇ ਆਇਆ ਭਾਰਤੀ ਰਿਜ਼ਰਵ ਬੈਂਕ

**ਮੁੰਬਈ:** ਕੇਂਦਰ ਸਰਕਾਰ ਵਲੋਂ ਗਰੀਬਾਂ ਲਈ 1.7 ਲੱਖ ਕਰੋੜ ਰੁਪਏ ਦਾ ਪੈਕੇਜ ਐਲਾਨਣ ਤੋਂ ਬਾਅਦ ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਨੇ ਵੀ ਲੋਕਾਂ ਨੂੰ ਵੱਡੀ ਰਾਹਤ ਦੇਣ ਦੇ ਉਪਰਾਲੇ ਕੀਤੇ ਹਨ। ਕਰੋਨਾਵਾਇਰਸ ਨਾਲ ਜੂਝ ਰਹੇ ਮੁਲਕ ਦੇ ਲੋਕਾਂ ਲਈ ਆਰ.ਬੀ.ਆਈ. ਨੇ ਮੋਰਚਾ ਸੰਭਾਲ ਲਿਆ।




ਕੇਂਦਰੀ ਬੈਂਕ ਨੇ ਅਰਥਚਾਰੇ 'ਚ ਨਕਦੀ ਦੇ ਸੰਕਟ ਨੂੰ ਦੂਰ ਕਰਨ ਅਤੇ ਕਰਜ਼ ਸਸਤਾ ਕਰਨ ਲਈ ਰੈਪੋ ਰੇਟ ਅਤੇ ਬੈਂਕਾਂ ਦੇ ਰਾਖਵੇਂ ਨਕਦੀ ਅਨੁਪਾਤ (ਸੀ.ਆਰ.ਆਰ.) ਵਿਚ ਵੱਡੀ ਕਟੌਤੀ ਜਿਹੇ ਕਈ ਐਲਾਨ ਕੀਤੇ ਹਨ। ਰਿਜ਼ਰਵ ਬੈਂਕ ਨੇ ਲੋਕਾਂ ਨੂੰ ਭਰੋਸਾ ਦਿੱਤਾ ਹੈ ਕਿ ਮੁਲਕ ਦੀ ਬੈਂਕਿੰਗ ਪ੍ਰਣਾਲੀ ਮਜ਼ਬੂਤ ਹੈ ਅਤੇ ਉਨ੍ਹਾਂ ਦਾ ਨਿੱਜੀ ਬੈਂਕਾਂ ਵਿਚ ਜਮ੍ਹਾਂ ਪੈਸਾ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਹੈ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਘਬਰਾ ਕੇ ਬੈਂਕਾਂ ਵਿਚੋਂ ਪੈਸੇ ਨਾ ਕਢਵਾਉਣ। ਆਰ. ਬੀ. ਆਈ. ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਮੁਦਰਾ ਨੀਤੀਗਤ ਕਮੇਟੀ (ਐਮ.ਪੀ.ਸੀ.) ਦੀ 24 ਤੋਂ ਲੈ ਕੇ 27 ਮਾਰਚ ਤਕ ਹੋਈ ਬੈਠਕ ਮਗਰੋਂ ਇਨ੍ਹਾਂ ਉਪਰਾਲਿਆਂ ਦਾ ਐਲਾਨ ਕੀਤਾ। ਉਂਜ ਇਹ ਤਿੰਨ ਦਿਨੀਂ ਬੈਠਕ ਅਪਰੈਲ 'ਚ ਹੋਣੀ ਸੀ। ਪੰਜ ਸਾਲਾਂ 'ਚ ਇਹ ਪਹਿਲੀ ਵਾਰ ਹੋਇਆ ਹੈ ਕਿ ਐਮ.ਪੀ.ਸੀ. ਦੀ ਬੈਠਕ ਪਹਿਲਾਂ ਕੀਤੀ ਗਈ ਹੈ। ਰਿਜ਼ਰਵ ਬੈਂਕ ਨੇ ਰੈਪੋ ਦਰ 0.75 ਫੀਸਦੀ ਘਟਾ ਕੇ 5.15 ਫੀਸਦ ਤੋਂ 4.4 ਫੀਸਦੀ ਕਰ ਦਿੱਤੀ ਹੈ। ਉਧਰ, ਰਿਵਰਸ ਰੈਪੋ ਦਰ 0.90 ਫੀਸਦ ਘਟਾ ਕੇ ਇਹ 4 ਫੀਸਦੀ ਉਤੇ ਆ ਗਈ ਹੈ। ਰੈਪੋ ਦਰ ਉਹ ਹੁੰਦੀ ਹੈ ਜਿਸ ਉਤੇ ਰਿਜ਼ਰਵ ਬੈਂਕ ਥੋੜ੍ਹੇ ਸਮੇਂ ਲਈ ਬੈਂਕਾਂ ਨੂੰ ਨਕਦੀ ਉਪਲੱਬਧ ਕਰਵਾਉਂਦਾ ਹੈ। ਉਧਰ, ਰਿਵਰਸ ਰੈਪੋ ਦਰ ਰਾਹੀਂ ਉਹ ਬਾਜ਼ਾਰ ਤੋਂ ਵਾਧੂ ਨਕਦੀ ਦਾ ਪ੍ਰਬੰਧ ਕਰਦਾ ਹੈ। ਕਮੇਟੀ ਦੇ ਚਾਰ ਮੈਂਬਰਾਂ ਨੇ ਰੈਪੋ ਦਰ ਵਿਚ ਕਟੌਤੀ ਦੇ ਪੱਖ 'ਚ ਜਦਕਿ ਦੋ ਨੇ ਵਿਰੋਧ 'ਚ ਵੋਟਿੰਗ ਕੀਤੀ।

ਬੈਂਕਾਂ ਕੋਲ ਵਾਧੂ ਨਕਦੀ ਉਪਲੱਬਧ ਕਰਾਉਣ ਲਈ ਉਨ੍ਹਾਂ ਦੇ ਨਕਦੀ ਰਾਖਵੇਂ ਅਨੁਪਾਤ (ਸੀ.ਆਰ.ਆਰ.) ਨੂੰ ਇਕ ਫੀਸਦ ਘਟਾ ਕੇ ਤਿੰਨ ਫੀਸਦ ਕਰ ਦਿੱਤਾ ਗਿਆ ਹੈ। ਗਵਰਨਰ ਨੇ ਕਿਹਾ ਕਿ ਰੈਪੋ ਦਰ 'ਚ ਕਮੀ ਨਾਲ ਕਰੋਨਾਵਾਇਰਸ ਮਹਾਮਾਰੀ ਦੇ ਅਰਥਚਾਰੇ ਉਤੇ ਪੈਣ ਵਾਲੇ ਅਸਰ ਨਾਲ ਨਜਿੱਠਣ 'ਚ ਸਹਾਇਤਾ ਮਿਲੇਗੀ। ਉਨ੍ਹਾਂ ਕਿਹਾ ਕਿ ਕੱਚੇ ਤੇਲ ਦੀਆਂ ਕੀਮਤਾਂ ਅਤੇ ਮੰਗ ਵਿਚ ਕਮੀ ਨਾਲ ਮੁੱਖ ਮਹਿੰਗਾਈ ਦਰ ਘਟੇਗੀ। ਉਨ੍ਹਾਂ ਖਬਰਦਾਰ ਕੀਤਾ ਕਿ ਕਰੋਨਾ ਵਾਇਰਸ ਮਹਾਮਾਰੀ ਕਾਰਨ ਅਰਥਚਾਰੇ 'ਤੇ ਅਸਰ ਪਵੇਗਾ ਅਤੇ ਆਲਮੀ ਮੰਦੀ ਦਾ ਖਦਸ਼ਾ ਵਧ ਗਿਆ ਹੈ।

ਸ੍ਰੀ ਦਾਸ ਨੇ ਕਿਹਾ ਕਿ ਜਨਵਰੀ ਤੋਂ ਮਾਰਚ ਦੀ ਤਿਮਾਹੀ ਦੌਰਾਨ ਜੀ.ਡੀ.ਪੀ. 4.7 ਫੀਸਦ ਰਹਿਣ ਦਾ ਅੰਦਾਜ਼ਾ ਲਾਇਆ ਗਿਆ ਸੀ ਪਰ ਹੁਣ ਮਹਾਮਾਰੀ ਕਾਰਨ 2019-29 ਦੇ ਵਿੱਤੀ ਵਰ੍ਹੇ ਦੌਰਾਨ ਵਿਕਾਸ ਦਰ 5 ਫੀਸਦੀ ਹਾਸਲ ਕਰਨਾ ਬਹੁਤ ਮੁਸ਼ਕਲ ਹੋ ਗਿਆ ਹੈ। ਰਿਜ਼ਰਵ ਬੈਂਕ ਦੇ ਗਵਰਨਰ ਦੀ ਪ੍ਰਧਾਨਗੀ ਵਾਲੀ ਐਮ.ਪੀ.ਸੀ. ਨੇ ਬੇਯਕੀਨੀ ਵਾਲੇ ਆਰਥਿਕ ਮਾਹੌਲ ਨੂੰ ਦੇਖਦਿਆਂ ਅਗਲੇ ਸਾਲ ਲਈ ਆਰਥਿਕ ਵਿਕਾਸ ਦਰ ਅਤੇ ਮਹਿੰਗਾਈ ਦਰ ਬਾਰੇ ਕੋਈ ਅਨੁਮਾਨ ਨਹੀਂ ਜਤਾਇਆ ਹੈ। ਗਵਰਨਰ ਨੇ ਕਿਹਾ ਕਿ 2008 ਦੇ ਆਲਮੀ ਵਿੱਤੀ ਸੰਕਟ ਦੇ ਮੁਕਾਬਲੇ ਇਸ ਸਮੇਂ ਭਾਰਤੀ ਅਰਥਚਾਰਾ ਮਜ਼ਬੂਤ ਹੈ।

### ਵਿੱਤੀ ਪ੍ਰਣਾਲੀ 'ਚ 3.74 ਲੱਖ ਕਰੋੜ ਦੀ ਨਕਦੀ ਆਵੇਗੀ

**ਮੁੰਬਈ:** ਕੋਵਿਡ-19 ਕਾਰਨ ਵਿੱਤੀ ਪ੍ਰਣਾਲੀ ਉਤੇ ਪੈ ਰਹੇ ਦਬਾਅ ਨਾਲ ਨਜਿੱਠਣ ਲਈ ਭਾਰਤੀ ਰਿਜ਼ਰਵ ਬੈਂਕ ਨੇ ਵਿੱਤੀ ਸੰਸਥਾਵਾਂ 'ਚ ਕਰੀਬ 3.74 ਲੱਖ ਕਰੋੜ ਰੁਪਏ ਦੀ ਵਾਧੂ ਨਕਦੀ ਦੇ ਪ੍ਰਵਾਹ ਦੇ ਪ੍ਰਬੰਧ ਕੀਤੇ ਹਨ। ਇਸ ਨਾਲ ਬੈਂਕਾਂ ਦੀ ਕਰਜ਼ ਦੇਣ ਦੀ ਸਮਰੱਥਾ ਵਧੇਗੀ। ਨਕਦੀ ਰਾਖਵੇਂ ਅਨੁਪਾਤ (ਸੀ.ਆਰ.ਆਰ.) 'ਚ ਕਟੌਤੀ ਨਾਲ ਵੀ 1.37 ਲੱਖ ਕਰੋੜ ਰੁਪਏ ਦੀ ਵਾਧੂ ਨਕਦੀ ਆਉਣ ਦੀ ਉਮੀਦ ਹੈ।

### ਈ.ਐਮ.ਆਈ. ਦੇ ਭੁਗਤਾਨ 'ਚ ਤਿੰਨ ਮਹੀਨਿਆਂ ਦੀ ਛੋਟ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ ਸਾਰੇ ਕਰਜ਼ ਦੇਣ ਵਾਲੇ ਵਿੱਤੀ ਸੰਸਥਾਨਾਂ ਨੂੰ ਕਿਹਾ ਹੈ ਕਿ ਗਾਹਕਾਂ ਨੂੰ ਕਰਜ਼ ਦੀ ਮਾਸਿਕ ਕਿਸ਼ਤ ਯਾਨੀ ਈ.ਐਮ.ਆਈ. ਦੇ ਭੁਗਤਾਨ 'ਚ ਤਿੰਨ ਮਹੀਨੇ ਦੀ ਛੋਟ ਦਿੱਤੀ ਜਾਵੇ। ਆਰ.ਬੀ.ਆਈ. ਨੇ ਬੈਂਕਾਂ ਨੂੰ ਕਾਰਜਸ਼ੀਲ ਪੂੰਜੀ ਲਈ ਦਿੱਤੇ ਗਏ ਕਰਜ਼ਿਆਂ 'ਤੇ ਵਿਆਜ ਤਿੰਨ ਮਹੀਨੇ (ਜੂਨ ਤਕ) ਮੁਲਤਵੀ ਕਰਨ ਦੀ ਵੀ ਇਜਾਜ਼ਤ ਦਿੱਤੀ ਹੈ। ਇਨ੍ਹਾਂ ਕਦਮਾਂ ਨਾਲ ਉਨ੍ਹਾਂ ਲੋਕਾਂ ਅਤੇ ਇਕਾਈਆਂ ਨੂੰ ਰਾਹਤ ਮਿਲੇਗੀ ਜੋ ਆਰਥਿਕ ਸਰਗਰਮੀਆਂ ਠੱਪ ਹੋਣ ਕਾਰਨ ਪ੍ਰਭਾਵਿਤ ਹੋਏ ਹਨ।

# ਜ਼ਰੂਰੀ ਵਸਤਾਂ ਦੀ ਸਪਲਾਈ ਯਕੀਨੀ ਬਣਾਉਣ ਲਈ ਕਦਮ ਚੁੱਕੇ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕਰੋਨਾ ਵਾਇਰਸ ਦਾ ਟਾਕਰਾ ਕਰਨ, ਦਵਾਈਆਂ, ਜ਼ਰੂਰੀ ਵਸਤਾਂ ਦੀ ਸਪਲਾਈ ਅਤੇ ਹੋਰ ਸਾਜ਼ੋ ਸਾਮਾਨ ਦੀ ਸਪਲਾਈ ਯਕੀਨੀ ਬਣਾਉਣ ਲਈ ਕਈ ਕਦਮ ਚੁੱਕੇ ਗਏ ਹਨ।

ਉਨ੍ਹਾਂ ਕਿਹਾ ਕਿ ਸੂਬੇ ਵਿਚ ਹਰੇਕ ਪੱਧਰ ਉਤੇ ਜ਼ਰੂਰੀ ਵਸਤਾਂ ਦੀ ਸਪਲਾਈ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੋਵਿਡ-19 ਨਾਲ ਸਬੰਧਤ ਵਸਤਾਂ ਦੀ ਖਰੀਦ ਦੀ ਨਿਗਰਾਨੀ ਲਈ ਵਧੀਕ ਮੁੱਖ ਸਕੱਤਰ (ਉਦਯੋਗ ਤੇ ਵਪਾਰ) ਦੀ ਅਗਵਾਈ ਹੇਠ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਸਰਕਾਰੀ ਹਸਪਤਾਲਾਂ, ਪ੍ਰਾਇਮਰੀ ਹੈਲਥ ਸੈਂਟਰਾਂ ਅਤੇ ਕਮਿਊਨਟੀ ਹੈਲਥ ਸੈਂਟਰਾਂ ਨੂੰ ਅਤਿ ਲੋੜੀਂਦੇ ਸਾਜ਼ੋ-ਸਾਮਾਨ ਲਈ ਡਿਪਟੀ ਕਮਿਸ਼ਨਰਾਂ ਨੂੰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਅਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਨਾਲ ਰਾਬਤਾ ਕਾਇਮ ਕਰਨ ਲਈ ਕਿਹਾ ਗਿਆ ਹੈ। 10 ਮਾਰਚ ਤੋਂ ਬਾਅਦ ਪੰਜਾਬ ਪਹੁੰਚੇ ਸਾਰੇ ਕੌਮਾਂਤਰੀ ਮੁਸਾਫਰਾਂ ਦੀ ਭਾਲ ਨੂੰ ਸਭ ਤੋਂ ਵੱਧ ਮਹੱਤਵ ਦਿੰਦਿਆਂ ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਇਹ ਕੰਮ ਨਿਰਵਿਘਨ ਜਾਰੀ ਰਹਿਣਾ ਚਾਹੀਦਾ ਹੈ। ਲੋਕਾਂ ਨੂੰ ਭਰੋਸਾ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਕਰਫਿਊ ਸਬੰਧੀ ਪਹਿਲਾਂ ਜਾਰੀ ਕੀਤੇ ਹੁਕਮ ਲਾਗੂ ਰਹਿਣਗੇ ਪਰ ਸਰਕਾਰ ਵੱਲੋਂ ਜ਼ਰੂਰੀ ਵਸਤਾਂ ਮੁਹੱਈਆ ਕਰਵਾਉਣ ਵਾਲਿਆਂ ਅਤੇ ਆਮ ਲੋਕਾਂ ਨੂੰ ਪਰੇਸ਼ਾਨ ਨਾ ਕਰਨ ਲਈ ਕਦਮ ਉਠਾਏ ਗਏ ਹਨ।

ਉਨ੍ਹਾਂ ਪੁਲਿਸ ਤੇ ਸਿਵਲ ਪ੍ਰਸ਼ਾਸਨ ਨੂੰ ਆਦੇਸ਼ ਦਿੱਤੇ ਕਿ ਜ਼ਰੂਰੀ ਸੇਵਾਵਾਂ ਨੂੰ ਨਿਰਧਾਰਤ ਸਮੇਂ ਤੱਕ ਘਰ-ਘਰ ਪਹੁੰਚਾਉਣਾ ਜਾਰੀ ਰੱਖਿਆ ਜਾਵੇ ਅਤੇ ਈ-ਕਾਮਰਸ ਕੰਪਨੀਆਂ/ਸਰਵਿਸ ਪ੍ਰੋਵਾਈਡਰਾਂ ਦੀ ਸਹਾਇਤਾ ਵੀ ਲਈ ਜਾ ਸਕਦੀ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਕਣਕ ਦੇ ਆਗਾਮੀ ਸੀਜ਼ਨ ਲਈ ਅਨਾਜ ਦੇ ਭੰਡਾਰ ਲਈ ਢੁਕਵੀਂ ਥਾਂ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਮਾਲ ਗੱਡੀਆਂ ਦਾ ਸੂਬੇ ਤੋਂ ਬਾਹਰ ਅਨਾਜ ਲਿਜਾਣ ਲਈ ਬੰਦੋਬਸਤ ਕੀਤਾ ਗਿਆ ਹੈ। ਇਸ ਸਬੰਧੀ ਸਬੰਧੀ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਵੱਲੋਂ ਪੂਰਨ ਰੂਪ ਵਿੱਚ ਪ੍ਰੋਟੋਕੋਲ ਜਾਰੀ ਕੀਤਾ ਗਿਆ ਹੈ। ਸਕੱਤਰ ਅਰੁਣ ਸੇਖੜੀ ਨੇ ਸਮੂਹ ਡਵੀਜ਼ਨਲ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲਿਸ ਕਮਿਸ਼ਨਰਾਂ ਦੇ ਨਾਲ-ਨਾਲ ਹੋਰ ਅਧਿਕਾਰੀਆਂ ਲਈ ਸੋਧੇ ਹੋਏ ਕਰਫਿਊ ਪ੍ਰਬੰਧਨ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

### ਕਰੋਨਾ ਰਾਹਤ ਫੰਡ ਕਾਇਮ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਖਰੇ ਤੌਰ ਉਤੇ ਪੰਜਾਬ ਮੁੱਖ ਮੰਤਰੀ ਕੋਵਿਡ ਰਾਹਤ ਫੰਡ ਕਾਇਮ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਮਹਾਮਾਰੀ ਨਾਲ ਨਜਿੱਠਣ ਲਈ ਦਾਨ 'ਚ ਸਹਿਯੋਗ ਪਾਇਆ ਜਾ ਸਕੇ। ਲੋਕਾਂ ਨੂੰ ਫੰਡ ਲਈ ਖੁੱਲ੍ਹੇ ਦਿਲ ਨਾਲ ਦਾਨ ਕਰਨ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕੇਂਦਰ ਤੋਂ ਮੁੱਖ ਮੰਤਰੀ ਰਾਹਤ ਫੰਡ ਨੂੰ ਦਿੱਤੀਆਂ ਜਾਂਦੀਆਂ ਛੋਟਾਂ ਦੀ ਤਰਜ਼ ਉਤੇ ਇਸ ਫੰਡ ਲਈ ਵੀ ਛੋਟ ਦੇਣ ਦੀ ਮੰਗ ਕੀਤੀ ਹੈ। ਕੋਵਿਡ ਰਾਹਤ ਫੰਡ ਵਿਚ ਆਸਾਨੀ ਨਾਲ ਯੋਗਦਾਨ ਪਾਉਣ ਲਈ ਲੋਕਾਂ ਨੂੰ



ਇਲੈਕਟ੍ਰਾਨਿਕ ਢੰਗ ਰਾਹੀਂ ਦਾਨ ਕਰਨ ਦੀ ਸਹੂਲਤ ਹੋਵੇਗੀ। ਲੋਕ 'ਪੰਜਾਬ ਮੁੱਖ ਮੰਤਰੀ ਕੋਵਿਡ ਰਾਹਤ ਫੰਡ' ਦੇ ਨਾਮ ਉਤੇ ਚੰਡੀਗੜ੍ਹ ਦੇ ਸੈਕਟਰ-17 ਸਥਿਤ ਐਚਡੀਐਫਸੀ ਬੈਂਕ ਦੇ ਖਾਤਾ ਨੰਬਰ 5010033326124 ਵਿਚ ਆਈ.ਐਫ.ਐਸ.ਸੀ. ਕੋਡ ਐਚ. ਡੀ. ਐਫ. ਸੀ 0000213, ਸਵਿਫਟ ਕੋਡ ਐਚ ਡੀ ਐੱਫ ਸੀ ਆਈ ਐਨ ਬੀ ਬੀ ਰਾਹੀਂ ਆਪਣਾ ਯੋਗਦਾਨ ਪਾ ਸਕਦੇ ਹਨ।

### ਕਰੋਨਾ ਦੇ ਬਾਵਜੂਦ ਅਮਰੀਕੀ ਪੁਲਾੜ ਫੋਰਸ ਨੇ ਲਾਂਚ ਕੀਤਾ ਪਹਿਲਾ ਮਿਸ਼ਨ

**ਵਾਸ਼ਿੰਗਟਨ:** ਅਮਰੀਕਾ ਵਿਚ ਕਰੋਨਾ ਵਾਇਰਸ ਮਹਾਮਾਰੀ ਕਾਰਨ ਭਾਵੇਂ ਕਿ ਸਾਰਾ ਕੁਝ ਰੁਕਿਆ ਪਿਆ ਹੈ ਪਰ ਇਸ ਦੇ ਬਾਵਜੂਦ ਅਮਰੀਕੀ ਪੁਲਾੜ ਫੋਰਸ ਨੇ ਅਤਿ ਸੁਰੱਖਿਅਤ ਮਿਲਟਰੀ ਸੰਚਾਰ ਉਪ ਗ੍ਰਹਿ ਦੇ ਰੂਪ ਵਿਚ ਆਪਣਾ ਪਹਿਲਾ ਕੌਮੀ ਸੁਰੱਖਿਆ ਮਿਸ਼ਨ ਪੰਧ ਵਿਚ ਭੇਜਿਆ ਹੈ।

ਦਿ ਲੋਖੀਦ ਮਾਰਟਿਨ ਐਡਵਾਂਸਡ ਹਾਈ ਫ੍ਰੀਕੁਐਂਸੀ (ਏ.ਈ.ਐਚ.ਐਫ.) ਉਪ ਗ੍ਰਹਿ ਫਲੋਰਿਡਾ ਵਿਚ ਕੇਪ ਕੈਨਵਰਲ ਤੋਂ ਸ਼ਾਮ 4.18 ਵਜੇ ਐਟਲਸ ਵੀ551 ਰਾਕੇਟ ਰਾਹੀਂ ਲਾਂਚ ਕੀਤਾ ਗਿਆ। ਏ.ਈ.ਐਚ.ਐਫ.-6 ਛੇਵਾਂ ਉਪ ਗ੍ਰਹਿ ਹੈ ਅਤੇ ਆਖਰੀ ਲੋਖੀਦ ਮਾਰਟਿਨ ਏ. ਈ. ਐਚ. ਐਫ. ਹੈ। ਇਹ ਉਪ ਗ੍ਰਹਿ ਸ਼ੁੱਕਰਵਾਰ ਨੂੰ ਪਹਿਲਾਂ 2010 ਤੇ 2019 ਵਿਚ ਛੱਡੇ ਬਾਕੀ ਪੰਜ ਉਪ ਗ੍ਰਹਿਆਂ ਨਾਲ ਜਾ ਕੇ ਮਿਲ ਜਾਵੇਗਾ।

ਲੋਖੀਦ ਮਾਰਟਿਨ ਅਨੁਸਾਰ ਇਹ ਉਪ ਗ੍ਰਹਿ ਜ਼ਮੀਨ, ਸਮੁੰਦਰ ਤੇ ਹਵਾ ਵਿਚ ਰਣਨੀਤਕ ਕਮਾਂਡ ਲਈ ਵਿਸ਼ਵ ਪੱਧਰੀ ਸੰਚਾਰ ਸਮਰੱਥਾ ਮੁਹੱਈਆ ਕਰਵਾਏਗਾ ਅਤੇ ਇਹ ਉਪ ਗ੍ਰਹਿ ਫੌਜ ਨੂੰ ਪਰਮਾਣੂ ਜੰਗ ਸਣੇ ਹਰ ਤਰ੍ਹਾਂ ਦੀ ਜੰਗ ਵਿਚ ਕੰਮ ਕਰਨ ਵਾਲੀ ਸੰਚਾਰ ਸਮਰੱਥਾ ਬਖਸ਼ੇਗਾ।

# ਕਾਬੁਲ ਗੁਰਦੁਆਰੇ 'ਚ ਫਿਦਾਈਨ ਹਮਲਾ, 25 ਸਿੱਖ ਹਲਾਕ

**ਕਾਬੁਲ:** ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿਚ ਸਥਿਤ ਇਕ ਗੁਰਦੁਆਰੇ ਉਤੇ ਭਾਰੀ ਅਸਲੇ ਨਾਲ ਲੈਸ ਬੰਦੂਕਧਾਰੀ ਹਮਲਾਵਰਾਂ ਨੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਕਰੀਬ 25 ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ ਅੱਠ ਹੋਰ ਜ਼ਖਮੀ ਹੋ ਗਏ।

ਅਧਿਕਾਰੀਆਂ ਨੇ ਦੱਸਿਆ ਕਿ ਬੰਦੂਕਧਾਰੀਆਂ ਨੇ ਸ਼ੋਰ ਬਾਜ਼ਾਰ ਖੇਤਰ ਵਿਚ ਸਥਿਤ ਗੁਰਦੁਆਰੇ ਵਿਚ ਸਵੇਰੇ 7.45 (ਸਥਾਨਕ ਸਮੇਂ ਅਨੁਸਾਰ) ਵਜੇ ਹਮਲਾ ਕੀਤਾ। ਉਸ ਵੇਲੇ ਗੁਰਦੁਆਰੇ ਦੀ ਇਮਾਰਤ ਵਿਚ 150 ਸ਼ਰਧਾਲੂ ਮੌਜੂਦ ਸਨ। ਟੋਲੋ ਨਿਊਜ਼ ਦੀ ਖਬਰ ਅਨੁਸਾਰ ਕਾਬੁਲ ਦੇ ਗੁਰਦੁਆਰੇ ਉਤੇ ਹੋਏ ਫਿਦਾਈਨ ਹਮਲੇ ਵਿਚ ਕਰੀਬ 25 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਅੱਠ ਹੋਰ ਜਖਮੀ ਹੋ ਗਏ। ਇਸ ਹਮਲੇ ਤੋਂ ਬਾਅਦ ਅਫਗਾਨ ਵਿਸ਼ੇਸ਼ ਬਲਾਂ ਤੇ ਹਮਲਾਵਰਾਂ ਵਿਚਾਲੇ ਕਰੀਬ ਛੇ ਘੰਟੇ ਚੱਲੀ ਜੰਗ ਤੋਂ ਬਾਅਦ ਚਾਰੇ ਹਮਲਾਵਰਾਂ ਨੂੰ ਮਾਰ ਦਿੱਤਾ। ਪਹਿਲਾਂ ਵੀ ਸਿੱਖਾਂ ਨੂੰ ਨਿਸ਼ਾਨਾ ਬਣਾ ਚੁੱਕੇ ਆਈ. ਐਸ.



ਆਈ. ਐਸ. ਦਹਿਸ਼ਤਗਰਦ ਸੰਗਠਨ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਖਾਮਾ ਪ੍ਰੈੱਸ ਨਿਊਜ਼ ਏਜੰਸੀ ਅਨੁਸਾਰ ਗਰੁੱਪ ਨੇ ਇਕ ਬਿਆਨ ਜਾਰੀ ਕਰ ਕੇ ਇਹ ਪੁਸ਼ਟੀ ਕੀਤੀ ਹੈ ਕਿ ਉਸ ਦੇ ਮੈਂਬਰਾਂ ਨੇ ਹੀ ਕਾਬੁਲ ਵਿਚ ਸਿੱਖਾਂ ਉਤੇ ਹਮਲਾ ਕੀਤਾ ਹੈ।

ਘਟਨਾ ਸਥਾਨ ਦੀਆਂ ਤਸਵੀਰਾਂ ਵਿਚ ਸੁਰੱਖਿਆ ਬਲ ਜ਼ਖਮੀ ਲੋਕਾਂ ਨੂੰ ਸਟ੍ਰੈਚਰ 'ਤੇ ਲਿਜਾਂਦੇ ਹੋਏ ਦਿਖ ਰਹੇ ਹਨ। ਅਫਗਾਨਿਸਤਾਨ ਦੇ ਕੁਝ ਮੀਡੀਆ ਅਦਾਰਿਆਂ ਵਲੋਂ ਸ਼ੇਅਰ ਕੀਤੀਆਂ ਗਈਆਂ ਵੀਡੀਓਜ਼ ਵਿਚ ਪੀੜਤਾਂ ਦੇ ਪਰਿਵਾਰਕ ਮੈਂਬਰ ਇਕ ਹਸਪਤਾਲ ਦੇ ਬਾਹਰ ਇੰਤਜ਼ਾਰ ਕਰਦੇ ਨਜ਼ਰ ਆ ਰਹੇ ਹਨ। ਕਾਬੁਲ ਪੁਲਿਸ ਅਨੁਸਾਰ ਗੁਰਦੁਆਰੇ ਵਿਚੋਂ ਕਰੀਬ 11 ਬੱਚਿਆਂ ਨੂੰ ਬਚਾਇਆ ਗਿਆ ਹੈ। ਸਿੱਖ ਕਾਨੂੰਨਸਾਜ਼ ਨਰਿੰਦਰ ਸਿੰਘ ਖਾਲਸਾ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਜਿਸ ਵੇਲੇ ਇਹ ਹਮਲਾ ਹੋਇਆ, ਉਸ ਵੇਲੇ ਗੁਰਦੁਆਰੇ ਦੇ ਅੰਦਰ ਕਰੀਬ 150 ਲੋਕ ਸਨ। ਗੁਰਦੁਆਰੇ ਅੰਦਰ ਫਸੇ ਹੋਏ ਇਕ ਸ਼ਰਧਾਲੂ ਨੇ ਹੀ ਉਨ੍ਹਾਂ ਨੂੰ ਹਮਲੇ ਬਾਰੇ ਸੂਚਨਾ ਦਿੱਤੀ ਸੀ। ਉਹ ਉਸੇ ਵੇਲੇ ਲੋਕਾਂ ਦੀ ਮਦਦ ਲਈ ਨਿਕਲ ਪਏ।

ਇਸ ਤੋਂ ਪਹਿਲਾਂ ਇਸ ਦੇਸ਼ ਦੇ ਮੁੱਖ ਅਤਿਵਾਦੀ ਸੰਗਠਨ 'ਤਾਲਿਬਾਨ' ਨੇ ਹਮਲੇ ਵਿਚ ਸ਼ਮੂਲੀਅਤ ਤੋਂ ਇਨਕਾਰ ਕੀਤਾ। ਤਾਲਿਬਾਨ ਦੇ ਬੁਲਾਰੇ ਜ਼ਬੀਉੱਲਾ ਮੁਜਾਹਿਦ ਨੇ ਇਕ ਬਿਆਨ ਵਿਚ ਕਿਹਾ ਕਿ ਕਾਬੁਲ ਦੇ ਸ਼ੋਰ ਬਾਜ਼ਾਰ ਖੇਤਰ ਵਿਚ ਹੋਏ ਹਮਲੇ ਨਾਲ ਸੰਗਠਨ ਦਾ ਕੋਈ ਸਬੰਧ ਨਹੀਂ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜੁਲਾਈ 2018 ਵਿਚ ਜਲਾਲਾਬਾਦ ਸ਼ਹਿਰ 'ਚ ਸਿੱਖਾਂ ਤੇ ਹਿੰਦੂਆਂ ਦੀ ਇਕੱਤਰਤਾ ਵਿਚ ਆਈ.ਐਸ.ਆਈ.ਐਸ. ਦੇ ਮੈਂਬਰਾਂ ਵਲੋਂ ਬੰਬ ਸੁੱਟਿਆ ਗਿਆ ਸੀ, ਜਿਸ ਵਿਚ 19 ਵਿਅਕਤੀ ਹਲਾਕ ਹੋ ਗਏ ਸਨ ਅਤੇ 20 ਜਣੇ ਜ਼ਖਮੀ ਹੋ ਗਏ ਸਨ।

## ਕੈਪਟਨ ਤੇ ਹਰਸਿਮਰਤ ਵਲੋਂ ਹਮਲੇ ਦੀ ਨਿਖੇਧੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਾਬੁਲ ਦੇ ਗੁਰਦੁਆਰੇ 'ਚ ਹੋਏ ਫਿਦਾਈਨ ਹਮਲੇ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਕੈਪਟਨ ਨੇ ਟਵੀਟ ਕਰਕੇ ਹਮਲੇ ਨੂੰ ਮੰਦਭਾਗਾ ਅਤੇ ਦਰਦਨਾਕ ਕਰਾਰ ਦਿੱਤਾ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਕਿਹਾ ਕਿ ਉਹ ਭਾਰਤੀ ਹਾਈ ਕਮਿਸ਼ਨ ਨੂੰ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਨਿਰਦੇਸ਼ ਦੇਣ।

## ਯੂ. ਐਨ. ਤੇ ਅਮਰੀਕਾ ਵਲੋਂ ਕਾਬੁਲ ਹਮਲੇ ਦੀ ਨਿੰਦਾ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਮੁਖੀ ਅੰਤੋਨੀਓ ਗੁਟੇਰੇਜ਼ ਨੇ ਲੰਘੇ ਦਿਨੀਂ ਕਾਬੁਲ ਦੇ ਗੁਰਦੁਆਰੇ 'ਤੇ ਫਿਦਾਈਨ ਹਮਲੇ ਦੀ ਨਿਖੇਧੀ ਕੀਤੀ ਹੈ। ਹਮਲੇ ਵਿਚ 25 ਵਿਅਕਤੀ ਹਲਾਕ ਤੇ ਅੱਠ ਹੋਰ ਜਖਮੀ ਹੋ ਗਏ ਸਨ। ਯੂਐਨ ਮੁਖੀ ਨੇ ਜ਼ੋਰ ਦੇ ਕੇ ਆਖਿਆ ਕਿ ਆਮ ਨਾਗਰਿਕਾਂ ਉਤੇ ਹਮਲਿਆਂ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹੀਆਂ ਕਾਰਵਾਈਆਂ (ਅਪਰਾਧਾਂ) ਨੂੰ ਅੰਜਾਮ ਦੇਣ ਵਾਲਿਆਂ ਦੀ ਜਵਾਬਦੇਹੀ ਨਿਰਧਾਰਿਤ ਕਰਨੀ ਬਣਦੀ ਹੈ। ਯੂਐੱਨ ਮੁਖੀ ਦੇ ਤਰਜਮਾਨ ਸਟੀਫਨ ਦੁਜਾਰਿਕ ਨੇ ਇਕ ਬਿਆਨ ਵਿਚ ਕਿਹਾ, 'ਸਕੱਤਰ ਜਨਰਲ ਨੇ ਕਾਬੁਲ ਵਿਚ ਸਿੱਖ ਗੁਰਦੁਆਰੇ ਉਤੇ ਹੋਏ ਹਮਲੇ, ਜਿਸ ਵਿਚ ਦਰਜਨਾਂ ਆਮ ਲੋਕਾਂ ਦੀ ਜਾਨ ਜਾਂਦੀ ਰਹੀ ਸੀ ਤੇ ਕਈ ਹੋਰ ਜਖਮੀ ਹੋ ਗਏ ਸਨ, ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਪੀੜਤ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਜ਼ਾਹਿਰ ਕਰਦਿਆਂ ਜਖਮੀਆਂ ਦੇ ਜਲਦੀ ਹੀ ਸਿਹਤਯਾਬ ਹੋਣ ਦੀ ਅਰਦਾਸ ਕੀਤੀ ਹੈ।'

# ਯੂਨਾਈਟਿਡ ਸਿੱਖਸ ਵਲੋਂ ਅਫਗਾਨ ਸਿੱਖਾਂ ਦੀ ਮਦਦ ਲਈ ਅਪੀਲ

**ਵਾਸ਼ਿੰਗਟਨ (ਬਿਊਰੋ):** ਕੌਮਾਂਤਰੀ ਮਨੁੱਖੀ ਅਤੇ ਨਾਗਰਿਕ ਅਧਿਕਾਰ ਜਥੇਬੰਦੀ ਯੂਨਾਈਟਿਡ ਸਿੱਖਸ ਨੇ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਚ ਗੁਰੂ ਹਰਿ ਰਾਇ ਸਾਹਿਬ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸਾਹਿਬ 'ਤੇ ਲੰਘੀ 25 ਮਾਰਚ ਨੂੰ ਹੋਏ ਅਤਿਵਾਦੀ ਹਮਲੇ ਵਿਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਅਤੇ ਜਖਮੀ ਹੋਏ ਸਿੱਖਾਂ ਦੀ ਮਦਦ ਲਈ ਅੱਗੇ ਆਉਣ ਦੀ ਅਪੀਲ ਕੀਤਿ ਹੈ।

ਜਥੇਬੰਦੀ ਵਲੋਂ ਜਾਰੀ ਬਿਆਨ ਅਨੁਸਾਰ ਅਫਗਾਨ ਭਾਈਚਾਰੇ ਨੇ ਯੂਨਾਈਟਿਡ ਸਿੱਖਸ ਨੂੰ ਬੇਨਤੀ ਕੀਤੀ ਹੈ ਕਿ ਉਹ ਅਫਗਾਨ ਸਿੱਖ ਭਾਈਚਾਰੇ ਦੀ ਰਾਖੀ ਲਈ ਠੋਸ ਕਦਮ ਚੁੱਕਣ। ਜ਼ਿਕਰਯੋਗ ਹੈ ਕਿ ਜਥੇਬੰਦੀ ਯੂ. ਐਨ. ਨਾਲ ਜੁੜੀ ਹੋਈ ਹੈ। ਯੂਨਾਈਟਿਡ ਸਿੱਖਸ ਨੇ ਅਫਗਾਨਿਸਤਾਨ ਵਿਚ ਸਿੱਖਾਂ ਦੀ ਦਹਾਕਿਆਂ ਤੋਂ ਚੱਲ ਰਹੀ ਇਸ ਦੁਰਦਸ਼ਾ ਨੂੰ ਖਤਮ ਕਰਨ ਲਈ ਵਿਸ਼ਵ ਪੱਧਰੀ ਭਾਈਚਾਰੇ ਤੋਂ ਤੁਰੰਤ ਮਦਦ ਦੀ ਮੰਗ ਕੀਤੀ ਹੈ। ਇਸੇ ਸਬੰਧੀ ਯੂਨਾਈਟਿਡ ਸਿੱਖਸ ਨੇ 'ਗੋ ਫੰਡ ਮੀ' 'ਤੇ ਫੰਡ ਰੇਜ਼ਿੰਗ ਮੁਹਿਮ ਸ਼ੁਰੂ ਕੀਤੀ ਗਈ ਹੈ। ਫੰਡ ਸਿੱਧੇ ਤੌਰ 'ਤੇ ਇਸ ਹਮਲੇ ਵਿਚ ਜ਼ਖਮੀ ਹੋਏ ਲੋਕਾਂ, ਮਾਰੇ ਗਏ ਲੋਕਾਂ ਦੇ ਪਰਿਵਾਰਾਂ ਅਤੇ ਸਿੱਖ ਪਰਿਵਾਰਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਤਬਦੀਲ ਕਰਨ ਤੇ ਮਦਦ ਪ੍ਰਦਾਨ ਕਰਨ ਲਈ ਵਰਤਿਆ ਜਾਵੇਗਾ।

ਜ਼ਿਕਰਯੋਗ ਹੈ ਕਿ 2018 ਵਿਚ ਜਲਾਲਾਬਾਦ 'ਚ ਹੋਏ ਆਤਮਘਾਤੀ ਬੰਬ ਧਮਾਕੇ ਪਿਛੋਂ, ਜਿਸ ਵਿਚ ਸਿੱਖ ਭਾਈਚਾਰੇ ਦੇ 12 ਆਗੂ ਮਾਰੇ ਗਏ ਸਨ, ਸਬੰਧੀ ਯੂਨਾਈਟਿਡ ਸਿੱਖਸ ਨੇ ਮਨੁੱਖੀ ਅਧਿਕਾਰ ਕੌਂਸਲ ਦੇ 39ਵੇਂ ਸੈਸ਼ਨ ਦੌਰਾਨ ਅਫਗਾਨਿਸਤਾਨ ਵਿਚ ਸਿੱਖਾਂ ਅਤੇ ਹਿੰਦੂਆਂ ਦੀ ਦੁਰਦਸ਼ਾ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਸੀ। ਸਾਲ 2019 ਵਿਚ ਯੂਨਾਈਟਿਡ ਸਿੱਖਸ ਨੇ ਸਥਾਈ ਮਿਸ਼ਨਾਂ ਦੇ ਨੁਮਾਇੰਦਿਆਂ ਨੂੰ ਜਨਵਰੀ 2019 ਵਿਚ 'ਯੂਨੀਵਰਸਲ ਪੀਰੀਓਡਿਕ ਰੀਵਿਊ' ਦੌਰਾਨ ਸਿਫਾਰਸ਼ਾਂ ਕਰਨ ਲਈ ਕਿਹਾ, ਤਾਂ ਜੋ ਅਫਗਾਨਿਸਤਾਨ ਦੇ ਸਿੱਖਾਂ ਦੀ ਧਾਰਮਿਕ ਅਜ਼ਾਦੀ 'ਤੇ ਮੰਡਰਾ ਰਹੇ ਖਤਰਿਆਂ ਦਾ ਤੁਰੰਤ ਹੱਲ ਕੀਤਾ ਜਾ ਸਕੇ।

ਜਥੇਬੰਦੀ ਅਨੁਸਾਰ ਅਫਗਾਨਿਸਤਾਨ ਵਲੋਂ ਇਨਾਂ ਸਿਫਾਰਸ਼ਾਂ ਨੂੰ ਲਾਗੂ ਨਾ ਕਰਨਾ ਇਕ ਗੰਭੀਰ ਮੁੱਦਾ ਹੈ। ਕਈ ਸਿੱਖ ਕੁੜੀਆਂ ਅਗਵਾ ਕਰ ਕੇ ਵਿਆਹ ਕਰਾਉਣ ਲਈ ਮਜਬੂਰ ਕਰ ਦਿੱਤੀਆਂ ਗਈਆਂ ਹਨ ਤੇ ਸਿੱਖਾਂ ਨੂੰ ਆਪਣੇ ਮ੍ਰਿਤਕ ਅਜ਼ੀਜ਼ਾਂ ਦਾ ਸਸਕਾਰ ਕਰਨ ਤੋਂ ਵੀ ਰੋਕਿਆ ਗਿਆ ਹੈ।

ਯੂਨਾਈਟਿਡ ਸਿੱਖਸ ਦੇ ਸੇਵਾਦਾਰਾਂ ਨੇ ਕਿਹਾ ਕਿ ਹਾਲ ਹੀ ਵਿਚ ਇਸਲਾਮਿਕ ਸਟੇਟ ਦੀਆਂ ਗਤੀਵਿਧੀਆਂ ਅਤੇ ਅਤਿਵਾਦੀ ਹਮਲੇ ਇਸ ਖਤਰੇ ਨੂੰ ਹੋਰ ਵਧਾਉਂਦੇ ਹਨ। ਜੇ ਅਫਗਾਨ ਸਿੱਖਾਂ ਨੂੰ ਸੁਰੱਖਿਆ ਨਾ ਦਿੱਤੀ ਗਈ ਤਾਂ ਉਨ੍ਹਾਂ 'ਤੇ ਧਰਮ ਦੇ ਆਧਾਰ 'ਤੇ ਹੋਰ ਵੀ ਅਣਮਨੁੱਖੀ ਤਸ਼ੱਦਦ ਵਧਣਗੇ। ਅਫਗਾਨ ਸਿੱਖਾਂ ਨੂੰ ਕੌਮਾਂਤਰੀ ਸੁਰੱਖਿਆ ਦੀ ਸਖਤ ਲੋੜ ਹੈ। ਜਥੇਬੰਦੀ ਨੇ ਖੁੱਲ੍ਹੇ ਦਿਲ ਨਾਲ ਦਾਨ ਕਰਨ ਅਤੇ ਅਫਗਾਨ ਸਿੱਖਾਂ 'ਤੇ ਇਹੋ ਜਿਹੇ ਅੱਤਿਆਚਾਰਾਂ, ਸਿਵਲ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਵਿਚ ਸਾਥ ਦੇਣ ਦੀ ਅਪੀਲ ਕੀਤੀ ਹੈ।

# ਫਿਦਾਈਨ ਹਮਲੇ ਪਿੱਛੋਂ ਸਿੱਖਾਂ ਵਿਚ ਸਹਿਮ

**ਕਾਬੁਲ:** ਕਾਬੁਲ ਦੇ ਗੁਰਦੁਆਰੇ ਉਤੇ ਹੋਏ ਹਮਲੇ ਵਿਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨੇ ਕਿਹਾ ਹੈ ਕਿ ਉਹ ਅਫਗਾਨਿਸਤਾਨ ਵਿਚ ਰਹਿਣ ਤੋਂ ਅੱਕ ਚੁੱਕੇ ਹਨ। ਉਨ੍ਹਾਂ ਅਫਗਾਨ ਸਰਕਾਰ ਤੋਂ ਘੱਟ ਗਿਣਤੀਆਂ 'ਤੇ ਹੋਏ ਇਸ ਹਮਲੇ ਦੀ ਜਾਂਚ ਮੰਗੀ ਹੈ।

ਮ੍ਰਿਤਕਾਂ ਵਿਚੋਂ ਇਕ ਦੇ ਰਿਸ਼ਤੇਦਾਰ ਦੀਪ ਸਿੰਘ ਨੇ ਕਿਹਾ ਕਿ ਸਾਡੇ 25 ਲੋਕ ਮਾਰੇ ਗਏ ਹਨ, ਅਸੀਂ ਮਾਮਲੇ ਦੀ ਜਾਂਚ ਚਾਹੁੰਦੇ ਹਾਂ। ਇਕ ਹੋਰ ਪੀੜਤ ਅੰਦਰ ਸਿੰਘ ਨੇ ਸਵਾਲ ਕੀਤਾ 'ਕਿਹੜਾ ਧਾਰਮਿਕ ਗ੍ਰੰਥ ਤੁਹਾਨੂੰ ਕਿਸੇ ਮਸਜਿਦ ਜਾਂ ਧਰਮਸ਼ਾਲਾ ਉਤੇ ਹਮਲਾ ਕਰਨ ਲਈ ਕਹਿੰਦਾ ਹੈ, ਇਹ ਕਿਹੜੇ ਧਰਮ ਵਿਚ ਸਿਖਾਇਆ ਜਾਂਦਾ ਹੈ?' ਸਿੱਖਾਂ ਉਤੇ ਅਫਗਾਨਿਸਤਾਨ ਵਿਚ ਕੀਤਾ ਗਿਆ ਇਹ ਸਭ ਤੋਂ ਖਤਰਨਾਕ ਹਮਲਾ ਮੰਨਿਆ ਜਾ ਰਿਹਾ ਹੈ। ਗੁਰਦੁਆਰੇ ਵਿਚੋਂ ਔਰਤਾਂ ਤੇ ਬੱਚਿਆਂ ਸਣੇ 80 ਲੋਕਾਂ ਨੂੰ ਬਚਾ ਲਿਆ ਗਿਆ ਹੈ। ਰਾਸ਼ਟਰਪਤੀ ਅਸ਼ਰਫ ਗਨੀ ਨੇ ਹਮਲੇ ਦੀ ਨਿਖੇਧੀ ਕੀਤੀ ਹੈ ਤੇ ਕਿਹਾ ਕਿ ਧਾਰਮਿਕ ਅਸਥਾਨਾਂ ਉਤੇ ਹਮਲੇ ਦੁਸ਼ਮਣ ਦੀ ਕਮਜ਼ੋਰੀ ਨੂੰ ਦਰਸਾਉਂਦੇ ਹਨ। ਦੱਸਣਯੋਗ ਹੈ ਕਿ ਜੁਲਾਈ 2018 ਵਿਚ ਵੀਆਈਐੱਸਆਈਐੱਸ ਅਤਿਵਾਦੀਆਂ ਨੇ ਜਲਾਲਾਬਾਦ ਸ਼ਹਿਰ ਵਿਚ ਸਿੱਖਾਂ ਤੇ ਹਿੰਦੂਆਂ ਨੂੰ ਨਿਸ਼ਾਨਾ ਬਣਾਇਆ ਸੀ ਤੇ 19 ਮੌਤਾਂ ਹੋਈਆਂ ਸਨ।

ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਨੇ ਕਾਬੁਲ ਸਥਿਤ ਗੁਰਦੁਆਰੇ ਉਤੇ ਹਮਲੇ ਦੀ ਨਿਖੇਧੀ ਕੀਤੀ ਹੈ। ਕੌਂਸਲ ਨੇ ਹਮਲੇ ਨੂੰ 'ਕਾਇਰਾਨਾ ਤੇ ਜ਼ਾਲਮਾਨਾ' ਕਾਰਵਾਈ ਕਰਾਰ ਦਿੰਦਿਆਂ ਜ਼ਿੰਮੇਵਾਰੀ ਤੈਅ ਕਰਨ ਤੇ ਇਹ ਹਮਲਾ ਕਰਵਾਉਣ ਵਾਲਿਆਂ ਨੂੰ ਨਿਆਂ ਦੇ ਘੇਰੇ ਵਿਚ ਲਿਆਉਣ ਉਤੇ ਜ਼ੋਰ ਦਿੱਤਾ ਹੈ। ਹਮਲੇ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਨੇ ਲਈ ਹੈ। ਇਸ ਤੋਂ ਪਹਿਲਾਂ ਵੀ ਅਤਿਵਾਦੀ ਸੰਗਠਨ ਸਿੱਖ ਘੱਟ ਗਿਣਤੀਆਂ ਨੂੰ ਅਫਗਾਨਿਸਤਾਨ ਵਿਚ ਨਿਸ਼ਾਨਾ ਬਣਾਉਂਦਾ ਰਿਹਾ ਹੈ। ਕੌਂਸਲ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਤੇ ਦਹਿਸ਼ਤਗਰਦੀ ਦੇ ਹਰ ਰੂਪ ਨੂੰ ਕੌਮਾਂਤਰੀ ਸ਼ਾਂਤੀ ਤੇ ਸੁਰੱਖਿਆ ਲਈ ਖਤਰਾ ਦੱਸਿਆ ਹੈ।

# ਸ਼੍ਰੋਮਣੀ ਕਮੇਟੀ ਵਲੋਂ ਭਾਰਤ ਆਉਣ 'ਤੇ ਅਫਗਾਨ ਸਿੱਖਾਂ ਦੇ ਮੁੜ ਵਸੇਬੇ ਦਾ ਭਰੋਸਾ

**ਅੰਮ੍ਰਿਤਸਰ:** ਅਫਗਾਨਿਸਤਾਨ ਵਿਚ ਗੁਰਦੁਆਰੇ ਉਤੇ ਹਮਲੇ ਅਤੇ ਮਗਰੋਂ ਸਿੱਖਾਂ ਨੂੰ ਦੇਸ਼ ਛੱਡ ਜਾਣ ਦੀ ਧਮਕੀ ਮਿਲਣ ਕਾਰਨ ਸਮੁੱਚਾ ਸਿੱਖ ਜਗਤ ਅਫਗਾਨਿਸਤਾਨ ਵਿਚ ਵਸਦੇ ਸਿੱਖਾਂ ਲਈ ਚਿੰਤਤ ਹੈ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੇ ਅਫਗਾਨਿਸਤਾਨ ਵਿਚਲੇ ਸਿੱਖ ਭਾਰਤ ਆਉਂਦੇ ਹਨ ਤਾਂ ਸ਼੍ਰੋਮਣੀ ਕਮੇਟੀ ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰੇਗੀ। ਸ਼੍ਰੋਮਣੀ ਕਮੇਟੀ ਨੇ ਮਰਨ ਵਾਲੇ ਸਿੱਖਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਅਤੇ ਜਖਮੀਆਂ ਨੂੰ 50-50 ਹਜ਼ਾਰ ਰੁਪਏ ਮਦਦ ਦੇਣ ਦਾ ਐਲਾਨ ਕੀਤਾ ਹੈ।

ਅਫਗਾਨਿਸਤਾਨ 'ਚ ਗੁਰਦੁਆਰੇ ਉਤੇ ਕੀਤੇ ਗਏ ਅਤਿਵਾਦੀ ਹਮਲੇ ਵਿਚ ਲਗਭਗ 25 ਸਿੱਖ ਮਾਰੇ ਗਏ ਸਨ। ਹਮਲੇ ਮਗਰੋਂ ਅਫਗਾਨਿਸਤਾਨ ਵਿਚ ਰਹਿ ਰਹੇ ਸਿੱਖ ਆਪਣੀ ਜਾਨ ਮਾਲ ਦੀ ਸੁਰੱਖਿਆ ਲਈ ਵਧੇਰੇ ਚਿੰਤਤ ਹਨ।

ਇਸ ਦੌਰਾਨ ਉਨ੍ਹਾਂ ਨੂੰ ਮੁਲਕ ਛੱਡ ਜਾਣ ਦੀ ਵੀ ਧਮਕੀ ਦਿੱਤੀ ਗਈ ਹੈ। ਅਜਿਹੇ ਸੰਕਟ ਦੇ ਸਮੇਂ ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਹੈ ਕਿ ਜੇ ਇਹ ਸਿੱਖ ਭਾਰਤ ਆਉਂਦੇ ਹਨ ਤਾਂ ਸ਼੍ਰੋਮਣੀ ਕਮੇਟੀ ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰੇਗੀ। ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਤੇ ਯੋਗਤਾ ਅਨੁਸਾਰ ਰੁਜ਼ਗਾਰ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਅਫਗਾਨਿਸਤਾਨ ਵਿਚ ਵਸਦੇ ਸਿੱਖਾਂ ਨੂੰ ਦਸ ਦਿਨਾਂ ਵਿਚ ਦੇਸ਼ ਛੱਡਣ ਦੀ ਧਮਕੀ ਦਿੱਤੀ ਗਈ ਹੈ, ਜੋ ਸੰਜੀਦਾ ਮਾਮਲਾ ਹੈ।

# ਵਿਦੇਸ਼ ਤੋਂ ਆਇਆਂ ਦੀ ਜਾਣਕਾਰੀ ਇਕੱਠੀ ਕਰਨ 'ਚ ਜੁਟਿਆ ਪੰਚਾਇਤ ਵਿਭਾਗ

**ਮੁਹਾਲੀ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਹਦਾਇਤਾਂ 'ਤੇ ਪੰਚਾਇਤ ਵਿਭਾਗ 15 ਫਰਵਰੀ ਤੱਕ ਵਿਦੇਸ਼ਾਂ 'ਚੋਂ ਪੰਜਾਬ ਆਏ ਵਿਅਕਤੀਆਂ ਦੀ ਜਾਣਕਾਰੀ ਇਕੱਤਰ ਕਰਨ ਵਿਚ ਰੁੱਝਿਆ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਿਭਾਗ ਨੇ ਇਸ ਸਬੰਧੀ ਸੂਬੇ ਦੀਆਂ 13,265 ਪੰਚਾਇਤਾਂ ਦੀ ਨਿਗਰਾਨੀ ਕਰਦੇ 150 ਬਲਾਕਾਂ ਦੀ ਗੂਗਲ ਸ਼ੀਟ ਤਿਆਰ ਕੀਤੀ ਹੋਈ ਹੈ ਤੇ ਸਮੁੱਚੇ ਅਧਿਕਾਰੀਆਂ ਨੂੰ ਸਬੰਧਤ ਗੂਗਲ ਸ਼ੀਟ ਵਿਚ ਆਪਣੀ ਜਾਣਕਾਰੀ ਦਰਜ ਕਰਨ ਲਈ ਕਿਹਾ ਗਿਆ ਹੈ। ਰਾਜ ਪੱਧਰ ਉਤੇ ਬੀ.ਡੀ.ਪੀਓਜ਼ ਪਿੰਡਾਂ ਦੇ ਸਰਪੰਚਾਂ ਰਾਹੀਂ ਅਜਿਹੀ ਸੂਚਨਾ ਇਕੱਤਰ ਕਰ ਰਹੇ ਹਨ। ਵਿਭਾਗੀ ਅਧਿਕਾਰੀ ਇਸ ਸਬੰਧੀ ਨਾਲੋ-ਨਾਲ ਸੂਚਨਾ ਦਰਜ ਕਰ ਰਹੇ ਹਨ।

ਜਾਣਕਾਰੀ ਅਨੁਸਾਰ ਸੂਬੇ ਦੇ ਪਿੰਡਾਂ ਵਿਚ ਵੀਹ ਹਜ਼ਾਰ ਦੇ ਕਰੀਬ ਵਿਅਕਤੀਆਂ ਦੀ ਉਕਤ ਅਰਸੇ ਦੌਰਾਨ ਵਿਦੇਸ਼ ਯਾਤਰਾ ਜਾਂ ਵਿਦੇਸ਼ਾਂ ਵਿਚੋਂ ਆਉਣ ਸਬੰਧੀ ਜਾਣਕਾਰੀ ਇਕੱਤਰ ਹੋਈ ਹੈ। ਵਿਦੇਸ਼ਾਂ 'ਚੋਂ ਆਉਣ ਵਾਲਿਆਂ ਵਿਚ ਹੁਸ਼ਿਆਰਪੁਰ ਜ਼ਿਲ੍ਹਾ ਸਭ ਤੋਂ ਉਪਰ ਹੈ।

ਇਥੇ 3400 ਦੇ ਕਰੀਬ ਪੇਂਡੂ ਵਿਅਕਤੀ ਬਾਹਰੋਂ ਆਏ ਹਨ। ਕਪੂਰਥਲਾ ਵਿਚ 1863, ਲੁਧਿਆਣਾ 1760, ਗੁਰਦਾਸਪੁਰ 1731, ਜਲੰਧਰ 1563, ਅੰਮ੍ਰਿਤਸਰ 1444, ਨਵਾਂ ਸ਼ਹਿਰ 1276, ਮੋਗਾ 1143 ਵਿਅਕਤੀਆਂ ਦੀ ਆਮਦ ਦੀ ਸ਼ਨਾਖਤ ਹੋਈ ਹੈ। ਪੰਚਾਇਤ ਵਿਭਾਗ ਵਲੋਂ ਇਕੱਤਰ ਕੀਤੇ ਜਾ ਰਹੇ ਅੰਕੜੇ ਸਿਰਫ ਪਿੰਡਾਂ ਨਾਲ ਸਬੰਧਤ ਹਨ ਤੇ ਸ਼ਹਿਰੀ ਖੇਤਰਾਂ ਵਿਚ ਵਿਦੇਸ਼ਾਂ ਵਿਚੋਂ ਆਏ ਵਿਅਕਤੀਆਂ ਦੀ ਗਿਣਤੀ ਇਸ ਤੋਂ ਵੱਖਰੀ ਹੈ।

# 'ਹਾਊਸ ਆਫ ਸਪਾਈਸਿਜ਼' ਵਲੋਂ ਕਰੋਨਾ ਰਾਹਤ ਲਈ ਢਾਈ ਲੱਖ ਡਾਲਰ ਦਾਨ

**ਨਿਊ ਹਾਈਡ ਪਾਰਕ (ਨਿਊ ਯਾਰਕ):** ਅਮਰੀਕਾ ਵਿਚ ਦੱਖਣੀ ਏਸ਼ੀਅਨ ਫੂਡ ਡਿਸਟਰੀਬਿਊਟਰ 'ਹਾਊਸ ਆਫ ਸਪਾਈਸਿਜ਼' ਨੇ ਦੱਖਣੀ ਏਸ਼ੀਆ ਵਿਚ ਕੋਵਿਡ-19 (ਕਰੋਨਾ ਵਾਇਰਸ) ਤੋਂ ਰਾਹਤ ਲਈ ਢਾਈ ਲੱਖ ਡਾਲਰ ਦਾਨ ਕਰਨ ਅਤੇ ਇੰਨੀ ਹੀ ਰਕਮ ਹੋਰ ਜੁਟਾਉਣ ਲਈ 'ਗੋ ਫੰਡ ਮੀ' ਮੁਹਿੰਮ ਵਿੱਢਣ ਦਾ ਐਲਾਨ ਕੀਤਾ ਹੈ। ਮਕਸਦ ਇਹ ਰੱਖਿਆ ਗਿਆ ਹੈ ਕਿ 'ਗੋ ਫੰਡ ਮੀ' ਮੁਹਿੰਮ, ਜਿਸ ਦਾ ਨਾਂ 'ਲਕਸ਼ਮੀ ਕੇਅਰਸ' ਰੱਖਿਆ ਗਿਆ ਹੈ, ਤਹਿਤ ਪੰਜ ਲੱਖ ਡਾਲਰ ਜੁਟਾਏ ਜਾਣ। ਇਹ ਮੁਹਿੰਮ 28 ਮਾਰਚ 2020 ਨੂੰ ਅਰੰਭ ਕੀਤੀ ਗਈ ਹੈ। ਇਕੱਠੇ ਕੀਤੇ ਕੁੱਲ ਫੰਡ ਪ੍ਰਧਾਨ ਮੰਤਰੀ ਕੌਮੀ ਰਾਹਤ ਫੰਡ (ਭਾਰਤ), ਕੌਮੀ ਕੋਵਿਡ ਰਾਹਤ ਫੰਡ (ਇੰਡਸ ਹਸਪਤਾਲ, ਪਾਕਿਸਤਾਨ) ਅਤੇ ਨੇਪਾਲ ਐਮਰਜੈਂਸੀ ਕੋਵਿਡ-19 ਫੰਡ ਵਿਚਾਲੇ ਵੰਡ ਦਿੱਤੇ ਜਾਣਗੇ।

**ਢਾਈ ਲੱਖ ਡਾਲਰ ਹੋਰ ਜੁਟਾਉਣ ਲਈ ਮੁਹਿੰਮ ਚਲਾਈ**

'ਗੋ ਫੰਡ ਮੀ' ਮੁਹਿੰਮ ਦਾ ਐਲਾਨ ਕਰਦਿਆਂ 'ਹਾਊਸ ਆਫ ਸਪਾਈਸਿਜ਼' ਦੇ ਪ੍ਰਧਾਨ ਨੀਲ ਸੋਨੀ ਨੇ ਕੰਪਨੀ ਦੀਆਂ ਜੜ੍ਹਾਂ, ਇਸ ਦੇ ਮੁਲਾਜ਼ਮਾਂ ਅਤੇ ਭਾਈਵਾਲਾਂ ਬਾਰੇ ਜ਼ਿਕਰ ਕੀਤਾ ਅਤੇ ਕਿਹਾ, "ਹੁਣ ਜਦੋਂ ਸੰਸਾਰ ਕੋਵਿਡ-19 ਮਹਾਮਾਰੀ ਨਾਲ ਲੜ ਰਿਹਾ ਹੈ ਤਾਂ ਸਭ ਤੋਂ ਵੱਧ ਮਾਰ ਦੱਖਣੀ ਏਸ਼ੀਆ 'ਤੇ ਪੈ ਰਹੀ ਹੈ। ਦਿਨ-ਬਦਿਨ ਇਸ ਵਿਚ ਇਜ਼ਾਫਾ ਹੀ ਹੋ ਰਿਹਾ ਹੈ। ਇਹ ਸੰਸਾਰ ਦਾ ਸਭ ਤੋਂ ਸੰਘਣੀ ਆਬਾਦੀ ਵਾਲਾ ਖੇਤਰ ਹੈ ਅਤੇ ਉਥੋਂ ਦੇ ਲੋਕਾਂ ਲਈ ਸਰਕਾਰੀ ਸਿਹਤ-ਸੰਭਾਲ ਢਾਂਚਾ ਵੀ ਆਮ ਕਰਕੇ ਸਰੋਤ-ਵਿਹੂਣਾ ਹੈ। ਤਿੰਨ ਅਰਬ ਲੋਕਾਂ, ਜੋ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਲਈ ਪ੍ਰਾਈਵੇਟ ਹਸਪਤਾਲ ਪਹੁੰਚ ਵਿਚ ਹੀ ਨਹੀਂ ਹਨ। ਕਰੋਨਾ ਵਾਇਰਸ ਤੋਂ ਬਚਾਅ ਲਈ ਇਨ੍ਹਾਂ ਲੋਕਾਂ ਦੀ ਮਦਦ ਬਹੁਤ ਜ਼ਰੂਰੀ ਹੈ।"

ਇਸ ਮੌਕੇ ਉਨ੍ਹਾਂ ਇਕਜੁੱਟ ਹੋ ਕੇ ਅਗਾਂਹ ਆਉਣ ਦੀ ਅਹਿਮੀਅਤ ਵੀ ਬਿਆਨ ਕੀਤੀ, "ਸਾਨੂੰ ਮਾਣ ਹੈ ਕਿ ਸੰਕਟ ਦੀ ਇਸ ਘੜੀ ਵਿਚ ਕੰਪਨੀਆਂ, ਵਾਲੰਟੀਅਰ, ਸਰਕਾਰੀ ਏਜੰਸੀਆਂ, ਡਾਕਟਰ, ਨਰਸਾਂ ਅਤੇ ਹੋਰ ਅੱਗੇ ਆ ਰਹੇ ਹਨ। ਕਰੋਨਾ ਵਾਇਰਸ ਸੰਕਟ ਅਸਲ ਵਿਚ ਮਨੁੱਖਤਾ ਦੀ ਅਜ਼ਮਾਇਸ਼ ਦਾ ਸਮਾਂ ਹੈ ਅਤੇ ਇਕ-ਦੂਜੇ ਦੀ ਮਦਦ ਕਰ ਕੇ ਹੀ ਇਸ ਉਤੇ ਕਾਬੂ ਪਾਇਆ ਜਾ ਸਕਦਾ ਹੈ।

ਯਾਦ ਰਹੇ, 'ਹਾਊਸ ਆਫ ਸਪਾਈਸਿਜ਼' ਆਟਾ, ਚੌਲ, ਦਾਲ ਅਤੇ ਹੋਰ ਜ਼ਰੂਰੀ ਵਸਤਾਂ ਵੀ ਭਾਰਤ ਵਿਚ ਦਾਨ ਕਰ ਰਹੀ ਹੈ। ਇਸ ਕੰਪਨੀ ਦਾ ਹੈੱਡਕੁਆਰਟਰ ਨਿਊ ਹਾਈਡ ਪਾਰਕ, ਨਿਊ ਯਾਰਕ ਵਿਚ ਹੈ ਅਤੇ ਖੁਰਾਕੀ ਵਸਤਾਂ ਵਾਲੀ ਕੰਪਨੀ 'ਲਕਸ਼ਮੀ' ਇਸੇ ਦਾ ਇਕ ਹਿੱਸਾ ਹੈ।

**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭੁੱਖਿਆਂ ਦਾ ਢਿੱਡ ਭਰਨ ਲਈ ਸ਼੍ਰੋਮਣੀ ਕਮੇਟੀ ਨੇ ਸੰਭਾਲਿਆ ਮੋਰਚਾ

**ਅੰਮ੍ਰਿਤਸਰ:** ਕਰੋਨਾ ਵਾਇਰਸ ਦੀ ਵਧ ਰਹੀ ਮਾਰ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਰੋਜ਼ਾਨਾ ਲਗਭਗ ਡੇਢ ਤੋਂ ਦੋ ਲੱਖ ਵਿਅਕਤੀਆਂ ਨੂੰ ਵੱਖ-ਵੱਖ ਥਾਂਵਾਂ ਉਤੇ ਨਿਰੰਤਰ ਲੰਗਰ ਵੀ ਮੁਹੱਈਆ ਕੀਤਾ ਜਾ ਰਿਹਾ ਹੈ।

ਜਾਣਕਾਰੀ ਅਨੁਸਾਰ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਦੇ ਲਗਭਗ 79 ਗੁਰਦੁਆਰਿਆਂ ਰਾਹੀਂ ਦੋ ਲੱਖ ਤੋਂ ਵੱਧ ਲੋਕਾਂ ਨੂੰ ਹਰ ਰੋਜ਼ ਲੰਗਰ ਮੁਹੱਈਆ ਕੀਤਾ ਜਾ ਰਿਹਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਗੁਰੂ ਰਾਮਦਾਸ ਲੰਗਰ ਘਰ ਅਤੇ ਗੁਰਦੁਆਰਾ ਸ਼ਹੀਦਾਂ ਤੋਂ ਰੋਜ਼ਾਨਾ 50 ਹਜ਼ਾਰ ਤੋਂ ਵੱਧ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਰਿਹਾ ਹੈ। ਇਸ ਕੰਮ ਲਈ ਸ਼੍ਰੋਮਣੀ ਕਮੇਟੀ ਦੇ 100 ਤੋਂ ਵੱਧ ਮੁਲਾਜ਼ਮ ਡਿਊਟੀ ਦੇ ਰਹੇ ਹਨ। ਲੰਗਰ ਪਹੁੰਚਾਉਣ ਲਈ 6 ਗੱਡੀਆਂ ਵਰਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਤੋਂ ਰੋਜ਼ਾਨਾ ਕਰੀਬ 50 ਹਜ਼ਾਰ ਲੋੜਵੰਦ ਵਿਅਕਤੀਆਂ ਲਈ ਲੰਗਰ ਤਿਆਰ ਕੀਤਾ ਜਾ ਰਿਹਾ ਹੈ। ਇਸ ਕੰਮ ਲਈ 30 ਤੋਂ 40 ਕਰਮਚਾਰੀ ਡਿਊਟੀ ਦੇ ਰਹੇ ਹਨ ਅਤੇ ਚਾਰ ਵਾਹਨ ਵਰਤੇ ਜਾ ਰਹੇ ਹਨ।

ਇਸ ਤੋਂ ਇਲਾਵਾ ਸੰਗਰੂਰ, ਪਟਿਆਲਾ, ਲੁਧਿਆਣਾ, ਰੂਪਨਗਰ, ਗੁਰਦਾਸਪੁਰ, ਬਰਨਾਲਾ, ਬਠਿੰਡਾ, ਤਰਨ ਤਾਰਨ, ਪਠਾਨਕੋਟ, ਫਰੀਦਕੋਟ, ਹੁਸ਼ਿਆਰਪੁਰ, ਜਲੰਧਰ, ਬਟਾਲਾ, ਕਪੂਰਥਲਾ, ਫਿਰੋਜ਼ਪੁਰ ਤੇ ਹੋਰ ਗੁਰਦੁਆਰਿਆਂ ਵਿਚ ਰੋਜ਼ਾਨਾ ਲੋੜਵੰਦਾਂ ਲਈ ਲੰਗਰ ਤਿਆਰ ਕੀਤਾ ਜਾ ਰਿਹਾ ਹੈ। ਹਰਿਆਣਾ ਦੇ ਛੇ ਗੁਰਦੁਆਰਿਆਂ ਵਿਚ ਰੋਜ਼ਾਨਾ ਲਗਭਗ 12 ਹਜ਼ਾਰ ਲੋੜਵੰਦ ਵਿਅਕਤੀਆਂ ਲਈ ਲੰਗਰ ਤਿਆਰ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਮੂਹ ਗੁਰਦੁਆਰਿਆਂ ਦੇ ਲਗਭਗ 900 ਤੋਂ ਵੱਧ ਕਮਰੇ ਕਰੋਨਾ ਵਾਇਰਸ ਪੀੜਤ ਅਤੇ ਸ਼ੱਕੀ ਮਰੀਜ਼ਾਂ ਨੂੰ ਵੱਖ ਰੱਖਣ ਲਈ ਵਰਤਣ ਵਾਸਤੇ ਸਰਕਾਰ ਨੂੰ ਪੇਸ਼ਕਸ਼ ਕੀਤੀ ਗਈ ਹੈ। ਇਨ੍ਹਾਂ ਵਿਚੋਂ 300 ਕਮਰੇ ਅੰਮ੍ਰਿਤਸਰ, 200 ਕਮਰੇ ਤੇ ਹਾਲ ਆਨੰਦਪੁਰ ਸਾਹਿਬ, 150 ਕਮਰੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਸਮੇਤ 150 ਕਮਰੇ ਗੁਰਦੁਆਰਾ ਦੁਖ ਨਿਵਾਰਨ ਪਟਿਆਲਾ ਵਿਚ ਹਨ।

# ਦੂਜੇ ਸੂਬਿਆਂ ਦੀ ਮਦਦ ਲਈ ਡਟਿਆ ਪੰਜਾਬ

**ਚੰਡੀਗੜ੍ਹ:** ਕਰੋਨਾ ਵਾਇਰਸ ਦੇ ਮੱਦੇਨਜ਼ਰ ਦੇਸ਼ ਭਰ ਵਿਚ ਲਾਗੂ ਲੌਕਡਾਊਨ ਦੌਰਾਨ ਦੇਸ਼ ਵਾਸੀਆਂ ਨੂੰ ਕਣਕ ਅਤੇ ਚੌਲ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਪੰਜਾਬ ਵਿਚ ਸਥਿਤ ਵੱਖ-ਵੱਖ ਗੁਦਾਮਾਂ ਤੋਂ 20 ਵਿਸ਼ੇਸ਼ ਮਾਲ ਗੱਡੀਆਂ ਰਾਹੀਂ 50 ਹਜ਼ਾਰ ਮੀਟ੍ਰਿਕ ਟਨ ਕਣਕ ਅਤੇ ਚੌਲ ਭੇਜੇ ਗਏ ਹਨ।

ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਦੱਸਿਆ ਕਿ ਇਨ੍ਹਾਂ ਵਿਸ਼ੇਸ਼ ਮਾਲ ਗੱਡੀਆਂ ਵਿਚ ਅਨਾਜ ਦੀ ਲਦਾਈ ਮੌਕੇ ਕੰਮ ਕਰ ਰਹੇ ਸਾਰੇ ਪੱਲੇਦਾਰਾਂ ਨੂੰ ਮਾਸਕ ਦੇਣ ਤੋਂ ਇਲਾਵਾ ਹੱਥਾਂ ਨੂੰ ਸੈਨੇਟਾਈਜ਼ ਕਰਵਾਇਆ ਗਿਆ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਗਿਆ ਕਿ ਇਕ ਦੂਸਰੇ ਤੋਂ ਦੂਰੀ ਬਣਾ ਕੇ ਕੰਮ ਕਰਨ ਤਾਂ ਜੋ ਮੌਜੂਦਾ ਸਥਿਤੀ ਵਿਚ ਪੱਲੇਦਾਰਾਂ ਦੀ ਸਿਹਤ ਦੀ ਵੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਕਾਰਜ ਨੂੰ ਨਿਰਵਿਘਨ ਨੇਪਰੇ ਚਾੜ੍ਹਨ ਲਈ ਪੰਜਾਬ ਸਰਕਾਰ ਅਤੇ ਐਫਸੀਆਈ ਦੇ ਅਧਿਕਾਰੀਆਂ ਵੱਲੋਂ ਬਹੁਤ ਸੀਮਤ ਅਮਲੇ ਨਾਲ ਕੰਮ ਕੀਤਾ ਜਾ ਰਿਹਾ ਹੈ। ਖੁਰਾਕ ਮੰਤਰੀ ਨੇ ਕਿਹਾ ਕਿ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਜੀਐਮ ਅਰਸ਼ਦੀਪ ਸਿੰਘ ਥਿੰਦ ਅਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਡਾਇਰੈਕਟਰ ਅਨਿੰਦਿਤਾ ਮਿੱਤਰਾ ਵੱਲੋਂ ਇਸ ਕਾਰਜ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸੂਬਾ ਵਾਸੀਆਂ ਨੂੰ ਘਰ-ਘਰ ਸਬਜ਼ੀਆਂ, ਫਲ ਅਤੇ ਹੋਰ ਜ਼ਰੂਰੀ ਵਸਤਾਂ ਦੀ ਸਪਲਾਈ ਸੁਚਾਰੂ ਢੰਗ ਨਾਲ ਕਰਨ ਸਬੰਧੀ ਕੀਤੇ ਗਏ ਪ੍ਰਬੰਧਾਂ ਸਦਕੇ ਰਾਜ ਵਿਚ ਜ਼ਰੂਰੀ ਵਸਤਾਂ ਦੀ ਸਪਲਾਈ ਸ਼ੁਰੂ ਹੋ ਗਈ। ਉਨ੍ਹਾਂ ਕਿਹਾ ਕਿ ਇਸ ਗੱਲ ਦਾ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ ਕਿ ਸੂਬੇ 'ਚ ਕਿਸੇ ਨੂੰ ਕੋਈ ਪਰੇਸ਼ਾਨੀ ਨਾ ਆਵੇ।

# ਤਾਲਾਬੰਦੀ ਦੇ ਪ੍ਰਬੰਧਾਂ ਦੀ ਪੋਲ ਖੁੱਲ੍ਹੀ

*(ਸਫਾ ਇਕ ਦੀ ਬਾਕੀ)*

ਸੀ। ਕਈਆਂ ਦੀਆਂ ਨੌਕਰੀਆਂ ਚਲੀਆਂ ਗਈਆਂ ਅਤੇ ਕਈ ਨੋਟ ਵਟਾਉਣ ਲਈ ਲੱਗੀਆਂ ਲਾਈਨਾਂ ਵਿਚ ਖੜ੍ਹੇ ਖੜ੍ਹੇ ਫੌਤ ਹੋ ਗਏ।

ਲੌਕਡਾਊਨ ਵਰਗਿਆਂ ਫੈਸਲਿਆਂ ਦੀ ਨੁਕਤਾਚੀਨੀ ਇਸ ਪੱਖੋਂ ਵੀ ਹੋ ਰਹੀ ਹੈ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਪਹਿਲਾਂ ਤਾਂ ਇਸ ਸਮੱਸਿਆ ਬਾਰੇ ਅਵੇਸਲੀਆਂ ਰਹੀਆਂ, ਤੇ ਫਿਰ ਲੋਕਾਂ ਵਿਚਕਾਰ ਫਾਸਲਾ ਬਣਾਉਣ ਲਈ ਅੱਭੜਵਾਹੇ ਅਜਿਹੀਆਂ ਕਾਰਵਾਈਆਂ ਕੀਤੀਆਂ ਜਿਨ੍ਹਾਂ ਨਾਲ ਲੋਕਾਂ ਵਿਚ ਡਰ ਤੇ ਸਹਿਮ ਵਧੇ। ਇਹ ਪਰਵਾਸੀ ਮਜ਼ਦੂਰ ਆਪਣੇ ਘਰਾਂ ਤੋਂ ਹਜ਼ਾਰਾਂ ਮੀਲ ਦੂਰ ਰਹਿੰਦੇ ਹਨ। 21 ਦਿਨ ਲੰਮੇ ਲੌਕਡਾਊਨ ਤੋਂ ਪਹਿਲਾਂ ਇਨ੍ਹਾਂ ਦਾ ਢਿੱਡ ਭਰਨ ਲਈ ਕੋਈ ਤਿਆਰੀ ਨਹੀਂ ਕੀਤੀ ਗਈ।

ਪੰਜਾਬ ਦੇ ਹਾਲਾਤ ਵੀ ਇਸ ਤੋਂ ਵੱਖਰੇ ਨਹੀਂ ਹਨ। ਕੈਪਟਨ ਸਰਕਾਰ ਨੇ ਕੇਂਦਰ ਤੋਂ ਦੋ ਕਦਮ ਅੱਗੇ ਜਾਂਦੇ ਹੋਏ ਪੂਰੇ ਸੂਬੇ ਵਿਚ ਕਰਫਿਊ ਲਗਾਈ ਹੋਇਆ ਹੈ। ਕਰਫਿਊ ਬਹਾਨੇ ਸਖਤੀ ਵਰਤਣ ਦੀ ਦਿੱਤੀ ਖੁੱਲ੍ਹੀ ਛੁੱਟੀ ਪਿੱਛੋਂ ਪੰਜਾਬ ਪੁਲਿਸ ਆਪਣੇ ਅਸਲੀ ਰੰਗ ਵਿਚ ਦਿੱਸ ਰਹੀ ਹੈ। ਸੂਬੇ ਵਿਚ ਇਸ ਸਮੇਂ ਕਣਕ ਦੀ ਵਾਢੀ ਦਾ ਸੀਜ਼ਨ ਚੱਲ ਰਿਹਾ ਹੈ ਤੇ ਕਿਸਾਨਾਂ ਨੂੰ ਮਜਬੂਰੀਵੱਸ ਘਰੋਂ ਬਾਹਰ ਨਿਕਲਣਾ ਪੈ ਰਿਹਾ ਹੈ। ਸਰਕਾਰ ਵੱਲੋਂ ਇਸ ਸਬੰਧੀ ਕੋਈ ਦਿਸ਼ਾ-ਨਿਰਦੇਸ਼ ਜਾਰੀ ਨਾ ਕਰਨ ਕਰਕੇ ਘਰੋਂ ਨਿਕਲੇ ਲੋਕਾਂ ਨੂੰ ਪੁਲਿਸ ਕਿਸੇ ਢੰਗ ਨਾਲ ਸਮਝਾ ਰਹੀ ਹੈ, ਇਸ ਦੀਆਂ ਤਸਵੀਰਾਂ ਨਿੱਤ ਦਿਨ ਸਾਹਮਣੇ ਆ ਰਹੀਆਂ ਹਨ।

ਇਹੀ ਨਹੀਂ ਕਰਫਿਊ ਦੌਰਾਨ ਖੁਰਾਕੀ ਵਸਤਾਂ ਦੇ ਭਾਅ ਨੇ ਤੇਜ਼ੀ ਫੜ ਲਈ ਹੈ ਅਤੇ ਵਪਾਰੀ ਤਬਕਾ ਹੱਥ ਰੰਗਣ ਲੱਗ ਪਿਆ ਹੈ। ਛੋਟੇ-ਵੱਡੇ ਸ਼ਹਿਰਾਂ 'ਚ ਕਾਲਾਬਾਜ਼ਾਰੀ ਤੇ ਮੁਨਾਫਾਖੋਰੀ ਦੇ ਰਾਹ ਮੋਕਲੇ ਹੋਏ ਹਨ ਅਤੇ ਆਮ ਲੋਕਾਂ ਦੀ ਜੇਬ ਨੂੰ ਔਖੀ ਘੜੀ 'ਚ ਕੁੰਡੀ ਲੱਗਣ ਲੱਗੀ ਹੈ। ਵੇਰਵਿਆਂ ਅਨੁਸਾਰ ਪੰਜਾਬ ਵਿਚ ਦਾਲਾਂ, ਗੁੜ, ਖੰਡ, ਆਟਾ, ਬਨਸਪਤੀ ਘਿਓ ਅਤੇ ਸਰ੍ਹੋਂ ਦੇ ਤੇਲ ਦੇ ਭਾਅ ਸਿਖਰਾਂ ਵੱਲ ਜਾਣ ਲੱਗ ਪਏ ਹਨ। ਆਉਂਦੇ ਦਿਨਾਂ ਵਿਚ ਖੁਰਾਕੀ ਵਸਤਾਂ ਗਾਹਕਾਂ ਦੀ ਪਹੁੰਚ 'ਚੋਂ ਬਾਹਰ ਹੋ ਜਾਣਗੀਆਂ। ਲੋਕਾਂ ਵਿਚ ਹਫੜਾ-ਦਫੜੀ ਮਚੀ ਹੋਈ ਹੈ ਅਤੇ ਸਭਨਾਂ ਨੂੰ ਵਸਤਾਂ ਮੁੱਕਣ ਦਾ ਡਰ ਹੈ।

## ਕਰੋਨਾ ਨਾਲ ਪਰਵਾਸੀ ਪੰਜਾਬੀ ਦੀ ਮੌਤ

**ਨਿਊ ਯਾਰਕ:** ਨਿਊ ਯਾਰਕ ਵਿਚ ਕਰੀਬ 25 ਸਾਲ ਤੋਂ ਰਹਿ ਰਹੇ ਪਰਮਜੀਤ ਸਿੰਘ ਦੀ ਕਰੋਨਾ ਨਾਲ ਮੌਤ ਦੀਆਂ ਖ਼ਬਰਾਂ ਹਨ। ਉਸ ਦਾ ਪਿੰਡ ਮਨਸੂਰਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮੁਕੇਰੀਆਂ ਨੇੜੇ ਪੈਂਦਾ ਹੈ। ਉਹ ਕੁਝ ਸਮੇਂ ਤੋਂ ਬਿਮਾਰ ਸੀ ਅਤੇ ਹਸਪਤਾਲ ਵਿਚ ਦਾਖਲ ਸੀ। ਉਸ ਦੇ ਪਰਿਵਾਰ ਵਿਚ ਉਸ ਦੀ ਪਤਨੀ ਅਤੇ ਦੋ ਬੱਚੇ ਹਨ।

## ਪੰਜਾਬ 'ਚ ਤਾਲਾਬੰਦੀ ਨੇ ਨਸ਼ਿਆਂ ਦੇ ਖਾਤਮੇ ਦਾ ਸੱਚ ਸਾਹਮਣੇ ਲਿਆਂਦਾ

*(ਸਫਾ ਇਕ ਦੀ ਬਾਕੀ)*

ਬੰਦ ਕੀਤਾ ਹੋਇਆ ਹੈ ਪਰ ਨਸ਼ੇੜੀਆਂ ਦੀ ਹਾਲਤ ਇੰਨੀ ਮਾੜੀ ਹੋ ਗਈ ਹੈ ਕਿ ਉਨ੍ਹਾਂ ਨੂੰ ਦਾਖਲ ਕਰਨ ਤੋਂ ਬਿਨਾਂ ਹੋਰ ਕਈ ਚਾਰਾ ਨਹੀਂ।

ਇਸੇ ਦੌਰਾਨ ਇਹ ਖਬਰਾਂ ਵੀ ਹਨ ਕਿ ਅੰਦਰਖਾਤੇ ਨਸ਼ਿਆਂ ਦਾ ਕਾਰੋਬਾਰ ਪਹਿਲਾਂ ਵਾਂਗ ਹੀ ਚੱਲ ਰਿਹਾ ਹੈ ਅਤੇ ਇਹ ਸਾਰਾ ਕੁਝ ਪੁਲਿਸ ਤੇ ਸਿਆਸੀ ਲੀਡਰਾਂ ਦੀ ਸਰਪ੍ਰਸਤੀ ਹੇਠ ਹੀ ਹੋ ਰਿਹਾ ਹੈ। ਮਾਹਿਰਾਂ ਦੀ ਰਾਇ ਹੈ ਕਿ ਕਰੋਨਾ ਸੰਕਟ ਮੌਕੇ ਨਸ਼ਿਆਂ ਦੀ ਅਲਾਮਤ ਨਾਲ ਵਧੀਆ ਢੰਗ ਨਾਲ ਨਜਿੱਠਿਆ ਜਾ ਸਕਦਾ ਸੀ ਪਰ ਸਰਕਾਰ ਨੇ ਇਸ ਪਾਸੇ ਉਕਾ ਹੀ ਧਿਆਨ ਨਹੀਂ ਦਿੱਤਾ ਹੈ।

# ਪੰਜਾਬ 'ਚ 14 ਅਪਰੈਲ ਤੱਕ ਜਾਰੀ ਰਹੇਗਾ ਕਰਫਿਊ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਸੀਨੀਅਰ ਵਜ਼ਾਰਤੀ ਸਾਥੀਆਂ ਅਤੇ ਸੀਨੀਅਰ ਅਧਿਕਾਰੀਆਂ ਨਾਲ ਵੀਡੀਓ ਕਾਨਫਰੰਸ ਰਾਹੀਂ ਸੂਬੇ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਗੁਆਂਢੀ ਸੂਬਿਆਂ ਨਾਲ ਲੱਗਦੀਆਂ ਸਰਹੱਦਾਂ ਸੀਲ ਕਰਨ ਅਤੇ ਸੂਬੇ ਵਿਚ 14 ਅਪਰੈਲ ਤੱਕ ਕਰਫਿਊ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ।

ਸਰਕਾਰ ਨੇ ਕੋਵਿਡ-19 ਖਿਲਾਫ ਲੜਾਈ ਲੜ ਰਹੀ ਪੁਲਿਸ ਅਤੇ ਸਫਾਈ ਵਰਕਰਾਂ ਨੂੰ ਬੀਮਾ ਯੋਜਨਾ ਅਧੀਨ ਲਿਆਉਣ ਦਾ ਭਰੋਸਾ ਦਿੱਤਾ ਹੈ। ਮੁੱਖ ਮੰਤਰੀ ਨੇ ਗਰੀਬਾਂ ਤੱਕ ਹਰ ਹਾਲਤ ਵਿਚ ਖੁਰਾਕੀ ਵਸਤਾਂ ਪਹੁੰਚਾਉਣ ਉਤੇ ਵੀ ਜ਼ੋਰ ਦਿੱਤਾ। ਸੂਬੇ ਦੀਆਂ ਹੱਦਾਂ ਨੂੰ ਸੀਲ ਕਰਨ ਦਾ ਫੈਸਲਾ ਡੀ.ਜੀ.ਪੀ. ਦਿਨਕਰ ਗੁਪਤਾ ਦੀ ਜਾਣਕਾਰੀ ਦੇ ਆਧਾਰ ਉਤੇ ਕੀਤਾ ਗਿਆ ਹੈ। ਡੀ.ਜੀ.ਪੀ. ਨੇ ਦੱਸਿਆ ਕਿ ਦੂਜੇ ਸੂਬਿਆਂ ਤੋਂ ਦਾਲਾਂ ਅਤੇ ਹੋਰ ਵਸਤਾਂ ਦੀ ਸਪਲਾਈ ਵਿਚ ਤੇਜ਼ੀ ਆਈ ਹੈ। ਇਸ ਮੌਕੇ ਸ਼ਰਾਬ ਦੇ ਠੇਕਿਆਂ ਨੂੰ ਖੋਲ੍ਹਣ ਉਤੇ ਵੀ ਚਰਚਾ ਹੋਈ, ਪਰ ਕੋਈ ਫੈਸਲਾ ਨਹੀਂ ਲਿਆ ਜਾ ਸਕਿਆ। ਮੁੱਖ ਮੰਤਰੀ ਨੇ ਪੰਜਾਬ ਪੁਲਿਸ ਅਤੇ ਕੋਵਿਡ-19 ਖਿਲਾਫ ਮੁਹਿੰਮ ਵਿਚ ਜੁਟੇ ਸਫਾਈ ਵਰਕਰਾਂ ਨੂੰ ਸਿਹਤ ਵਿਭਾਗ ਦੇ ਮੁਲਾਜ਼ਮਾਂ ਦੀ ਤਰਜ਼ ਉਤੇ ਵਿਸ਼ੇਸ਼ ਬੀਮੇ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜੇਕਰ ਪੁਲਿਸ ਅਤੇ ਸਫਾਈ ਵਰਕਰਾਂ ਲਈ ਬੀਮਾ ਯੋਜਨਾ ਨਹੀਂ ਦਿੰਦੀ ਤਾਂ ਰਾਜ ਸਰਕਾਰ ਖੁਦ ਇਸ ਸਕੀਮ ਨੂੰ ਲਾਗੂ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਕੋਵਿਡ ਵਾਇਰਸ ਖਿਲਾਫ ਲੜਾਈ ਵਿਚ ਕੇਂਦਰ ਸਰਕਾਰ ਦੇ ਸਹਿਯੋਗ ਦੀ ਬਹੁਤ ਲੋੜ ਹੈ।

ਕੇਂਦਰ ਕੋਲੋਂ ਵਿੱਤੀ ਮਦਦ ਲੈਣ ਲਈ ਵਾਰ ਵਾਰ ਗੁਹਾਰ ਲਗਾਈ ਗਈ ਹੈ, ਪਰ ਕੇਂਦਰੀ ਮਦਦ ਵਿਚ ਦੇਰੀ ਹੋਣ ਦੀ ਸਥਿਤੀ ਵਿਚ ਉਨ੍ਹਾਂ ਸੂਬੇ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਲੰਮੇ ਸਮੇਂ ਲਈ ਯੋਜਨਾ ਤਿਆਰ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਨੇ ਸਥਾਨਕ ਸਰਕਾਰਾਂ ਵਿਭਾਗ ਦੇ ਸਫਾਈ ਮੁਲਾਜ਼ਮਾਂ, ਜਿਨ੍ਹਾਂ 31 ਮਾਰਚ ਨੂੰ ਸੇਵਾ ਮੁਕਤ ਹੋਣਾ ਸੀ, ਦੀਆਂ ਸੇਵਾਵਾਂ ਤਿੰਨ ਹੋਰ ਮਹੀਨਿਆਂ ਲਈ ਵਧਾਉਣ ਦਾ ਫੈਸਲਾ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੋਵਿਡ ਵਾਇਰਸ ਦੇ ਟਾਕਰੇ ਲਈ ਲੌਕਡਾਊਨ ਹੀ ਸਭ ਤੋਂ ਪ੍ਰਭਾਵਸ਼ਾਲੀ ਕਦਮ ਹੈ ਤੇ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਇਸ ਨੂੰ ਜਾਰੀ ਰੱਖਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਰਫਿਊ ਵਿਚ ਰਾਹਤ ਜਾਂ ਹੋਰ ਕੋਈ ਕਦਮ, ਕੇਂਦਰ ਸਰਕਾਰ ਨਾਲ ਸਲਾਹ-ਮਸ਼ਵਰੇ ਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੀ ਚੁੱਕੇ ਜਾਣਗੇ।

## ਦਿਲ ਦਾ ਮਰਜ਼ ਨਾ ਰੱਖਣ ਵਾਲਿਆਂ ਲਈ ਵੀ ਘਾਤਕ ਹੈ ਕੋਵਿਡ-19

**ਹਿਊਸਟਨ:** ਇਕ ਅਧਿਐਨ ਦੀ ਮੰਨੀਏ ਤਾਂ ਕੋਵਿਡ-19 ਉਨ੍ਹਾਂ ਮਰੀਜ਼ਾਂ ਨੂੰ ਵੀ ਦਿਲ ਨਾਲ ਸਬੰਧਤ ਕੋਈ ਮਰਜ਼ ਲਾ ਸਕਦਾ ਹੈ, ਜਿਨ੍ਹਾਂ ਨੂੰ ਪਹਿਲਾਂ ਕਦੇ ਦਿਲ ਦੇ ਰੋਗ ਦੀ ਕੋਈ ਸ਼ਿਕਾਇਤ ਨਾ ਰਹੀ ਹੋਵੇ। ਅਧਿਐਨ ਮੁਤਾਬਕ ਦਿਲ ਦੇ ਰੋਗਾਂ ਨਾਲ ਪੀੜਤ ਲੋਕਾਂ ਲਈ ਇਹ ਵਾਇਰਸ ਘਾਤਕ ਸਾਬਤ ਹੋ ਸਕਦਾ ਹੈ।

ਮਾਹਿਰ ਇਸ ਗੱਲ ਤੋਂ ਭਲੀਭਾਂਤ ਜਾਣੂ ਹਨ ਕਿ ਕੋਵਿਡ-19 ਜਿਹਾ ਵਾਇਰਸ ਬੁਖ਼ਾਰ, ਸਾਹ ਲੈਣ ਵਿਚ ਤਕਲੀਫ਼ ਤੇ ਲਾਗ ਦਾ ਕਾਰਨ ਬਣ ਸਕਦਾ ਹੈ।

ਵਾਇਰਸ ਫੇਫੜਿਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਤੇ ਅਤਿ ਗੰਭੀਰ ਕੇਸਾਂ 'ਚ ਮੌਤ ਵੀ ਹੋ ਸਕਦੀ ਹੈ। ਹਿਊਸਟਨ ਦੀ ਯੂਨੀਵਰਸਿਟੀ ਆਫ ਟੈਕਸਸ ਹੈਲਥ ਸਾਇੰਸ ਸੈਂਟਰ ਵਿਚ ਸਹਾਇਕ ਪ੍ਰੋਫੈਸਰ ਮੁਹੰਮਦ ਮਾਜਿਦ ਨੇ ਕਿਹਾ, "ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਕਿਸੇ ਵਿਅਕਤੀ ਨੂੰ ਜੇਕਰ ਪਹਿਲਾਂ ਦਿਲ ਦਾ ਕੋਈ ਮਰਜ਼ ਨਾ ਵੀ ਹੋਵੇ ਤਾਂ ਕਰੋਨਾ ਵਾਇਰਸ ਕਰਕੇ ਦਿਲ ਦੀ ਮਾਸਪੇਸ਼ੀਆਂ ਅਸਰਅੰਦਾਜ਼ ਹੋ ਸਕਦੀਆਂ ਹਨ।"

# ਚਾਰ ਸਾਲ ਦੇ ਬੱਚੇ ਨੂੰ ਮਾਰਨ ਦੇ ਦੋਸ਼ ਹੇਠ ਭਾਰਤੀ-ਅਮਰੀਕੀ ਮਾਂ ਗ੍ਰਿਫਤਾਰ

**ਹਿਊਸਟਨ:** ਟੈਕਸਸ ਦੇ ਸ਼ੂਗਰ ਲੈਂਡ 'ਚ ਚਾਰ ਸਾਲ ਦੇ ਬੱਚੇ ਨੂੰ ਮਾਰਨ ਦੇ ਦੋਸ਼ ਹੇਠ 36 ਵਰ੍ਹਿਆਂ ਦੀ ਭਾਰਤੀ-ਅਮਰੀਕੀ ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ੂਗਰ ਲੈਂਡ ਪੁਲਿਸ ਮਹਿਕਮੇ ਮੁਤਾਬਕ ਰਿਤਿਕਾ ਰੋਹਤਗੀ ਅਗਰਵਾਲ ਦਾ ਬੇਟਾ ਘਰ ਵਿਚ ਮ੍ਰਿਤਕ ਮਿਲਿਆ ਸੀ।

ਬੱਚੇ ਦਾ ਪਿਤਾ ਜਦੋਂ ਘਰ ਆਇਆ ਤਾਂ ਉਸ ਨੇ ਹਰ ਥਾਂ ਉਤੇ ਖੂਨ ਦੇਖਿਆ ਅਤੇ ਉਸ ਦੀ ਪਤਨੀ ਘਰ 'ਚ ਘੁੰਮ ਰਹੀ ਸੀ। ਉਹ ਜਦੋਂ ਉਪਰ ਗਿਆ ਤਾਂ ਬੱਚਾ ਮਰਿਆ ਹੋਇਆ ਸੀ। ਉਸ ਨੇ ਤੁਰਤ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ। ਪੁਲਿਸ ਅਧਿਕਾਰੀਆਂ ਨੇ ਮੌਕੇ ਉਤੇ ਪਹੁੰਚ ਕੇ ਦੇਖਿਆ ਕਿ ਬੱਚੇ ਦਾ ਗਲਾ ਵੱਢਿਆ ਹੋਇਆ ਸੀ। ਉਨ੍ਹਾਂ ਨੂੰ ਰਿਤਿਕਾ ਦੇ ਗਲੇ ਅਤੇ ਗੁੱਟ ਉਤੇ ਵੀ ਜਖਮ ਮਿਲੇ ਜਿਥੋਂ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਉਸ ਨੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਨੂੰ ਤੁਰਤ ਹਸਪਤਾਲ ਪਹੁੰਚਾਇਆ ਗਿਆ ਜਿਥੋਂ ਬਾਅਦ 'ਚ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਅਧਿਕਾਰੀਆਂ ਨੂੰ ਸ਼ੱਕ ਹੈ ਕਿ ਉਹ ਮਾਨਸਿਕ ਤੌਰ ਉਤੇ ਬਿਮਾਰ ਦਿਖਾਈ ਦਿੰਦੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਟਿੰਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਪੰਜਾਬ 'ਚ ਕਰੋਨਾ ਸੰਕਟ ਨਾਲ ਨਜਿੱਠਣ ਲਈ ਚਾਰ ਕਮੇਟੀਆਂ ਕਾਇਮ

**ਚੰਡੀਗੜ੍ਹ:** ਕਰੋਨਾ ਵਾਇਰਸ ਕਾਰਨ ਪੈਦਾ ਹੋਏ ਸੰਕਟ ਨਾਲ ਨਜਿੱਠਣ ਅਤੇ ਸੂਬੇ ਦੀ ਕਿਸਾਨੀ ਅਤੇ ਹੋਰ ਮਾਮਲਿਆਂ ਨੂੰ ਹੱਲ ਕਰਨ ਲਈ ਕੈਪਟਨ ਸਰਕਾਰ ਨੇ ਚਾਰ ਉੱਚ ਪੱਧਰੀ ਕਮੇਟੀਆਂ ਗਠਿਤ ਕੀਤੀਆਂ ਹਨ ਜਿਹੜੀਆਂ ਕੋਵਿਡ-19 ਦੇ ਹਰ ਪਹਿਲੂ ਦਾ ਖਿਆਲ ਰੱਖਣਗੀਆਂ।

ਇਨ੍ਹਾਂ ਕਮੇਟੀਆਂ ਵਿਚ ਸਿਹਤ ਵਿਭਾਗ ਤੇ ਖਰੀਦੋ-ਫਰੋਖਤ, ਲੌਕਡਾਊਨ ਦਾ ਅਮਲ, ਮੀਡੀਆ ਤੇ ਸੰਚਾਰ ਅਤੇ ਖੇਤੀਬਾੜੀ ਤੇ ਖੁਰਾਕ ਬਾਰੇ ਕਮੇਟੀਆਂ ਸ਼ਾਮਲ ਹਨ। ਇਹ ਕਮੇਟੀਆਂ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਕਰੋਨਾ ਵਾਇਰਸ ਦੀ ਰੋਕਥਾਮ ਦੇ ਵੱਖ-ਵੱਖ ਪਹਿਲੂਆਂ ਨਾਲ ਨਜਿੱਠਣ ਸਬੰਧੀ ਤੁਰਤ ਫੈਸਲੇ ਲੈਣਗੀਆਂ। ਇਹ ਸੂਬਾਈ ਕੋਵਿਡ-19 ਪ੍ਰਬੰਧਨ ਗਰੁੱਪ ਨੂੰ ਰਿਪੋਰਟ ਕਰਨਗੀਆਂ। ਕਮੇਟੀਆਂ ਸਮੇਂ-ਸਮੇਂ ਉਤੇ ਮੀਟਿੰਗਾਂ ਕਰਨਗੀਆਂ ਤੇ ਮੁੱਖ ਸਕੱਤਰ ਦੀ ਅਗਵਾਈ ਵਿਚ ਬਣੇ ਕੋਵਿਡ-19 ਪ੍ਰਬੰਧਨ ਗਰੁੱਪ ਨੂੰ ਰਿਪੋਰਟ ਦੇਣਗੀਆਂ।

ਸਿਹਤ ਵਿਭਾਗ ਅਤੇ ਦਵਾਈਆਂ ਦੀ ਖਰੀਦੋ-ਫਰੋਖਤ ਬਾਰੇ ਕਮੇਟੀ ਦੀ ਚੇਅਰਪਰਸਨ ਵਧੀਕ ਮੁੱਖ ਸਕੱਤਰ (ਪ੍ਰਸ਼ਾਸਕੀ ਸੁਧਾਰ) ਹੋਣਗੇ ਅਤੇ ਪ੍ਰਮੁੱਖ ਵਿੱਤ ਸਕੱਤਰ (ਸਿਹਤ ਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਅਤੇ ਖੋਜ), ਵਿਸ਼ੇਸ਼ ਸਕੱਤਰ (ਪ੍ਰਸ਼ਾਸਕੀ ਸੁਧਾਰਾਂ) ਮੈਂਬਰ ਹੋਣਗੇ ਜਦਕਿ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਅਤੇ ਐਨ.ਐਚ.ਐਮ. ਦੇ ਐਮਡੀ ਇਸ ਕਮੇਟੀ ਦੇ ਕਨਵੀਨਰ ਹੋਣਗੇ। ਇਸ ਤੋਂ ਇਲਾਵਾ ਡਾ. ਕੇ.ਕੇ ਤਲਵਾੜ ਅਤੇ ਡਾ. ਰਾਜ ਬਹਾਦੁਰ ਕਮੇਟੀ ਦੇ ਸਲਾਹਕਾਰ ਹੋਣਗੇ ਜੋ ਸਿਹਤ ਅਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗਾਂ ਦੇ ਕਰਮਚਾਰੀਆਂ, ਸਮੱਗਰੀ ਅਤੇ ਬੁਨਿਆਦੀ ਢਾਂਚੇ ਦੀਆਂ ਜ਼ਰੂਰਤਾਂ, ਵਾਇਰਸ ਦੀ ਰੋਕਥਾਮ ਲਈ ਮੁਲਾਂਕਣ ਅਤੇ ਸਮੀਖਿਆ ਕਰਨਗੇ ਅਤੇ ਸਮੇਂ ਸਿਰ ਖਰੀਦ ਨੂੰ ਯਕੀਨੀ ਬਣਾਉਣਗੇ।

ਇਸੇ ਤਰਾਂ ਲੌਕਡਾਊਨ ਦੇ ਅਮਲ ਲਈ ਵਧੀਕ ਮੁੱਖ ਸਕੱਤਰ ਗ੍ਰਹਿ ਮਾਮਲੇ ਤੇ ਨਿਆਂ ਦੀ ਪ੍ਰਧਾਨਗੀ ਹੇਠ ਕਮੇਟੀ ਬਣਾਈ ਗਈ ਹੈ ਜਿਸ ਵਿਚ ਡੀ.ਜੀ.ਪੀ, ਪ੍ਰਮੁੱਖ ਸਕੱਤਰ- ਖੁਰਾਕ ਤੇ ਸਿਵਲ ਸਪਲਾਈਜ਼ ਤੇ ਟਰਾਂਸਪੋਰਟ ਨੂੰ ਮੈਂਬਰ ਬਣਾਇਆ ਗਿਆ ਹੈ ਅਤੇ ਏ.ਡੀ.ਜੀ.ਪੀ. ਕਾਨੂੰਨ ਤੇ ਵਿਵਸਥਾ ਇਸ ਦੇ ਕਨਵੀਨਰ ਹੋਣਗੇ। ਕਮੇਟੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਦੇ ਅਮਲ ਨਾਲ ਜੁੜੇ ਪ੍ਰਬੰਧਾਂ ਦੀ ਸਮੀਖਿਆ ਕਰੇਗੀ ਅਤੇ ਜ਼ਰੂਰੀ ਵਸਤਾਂ ਅਤੇ ਸੇਵਾਵਾਂ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਢੁਕਵੇਂ ਕਦਮ ਉਠਾਏਗੀ।

ਮੀਡੀਆ ਅਤੇ ਸੰਚਾਰ ਬਾਰੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਹੈ। ਸੰਯੁਕਤ ਵਿਕਾਸ ਕਮਿਸ਼ਨਰ (ਆਈ.ਆਰ.ਡੀ.), ਡਾਇਰੈਕਟਰ ਸਿਹਤ ਸੇਵਾਵਾਂ ਇਸ ਦੇ ਮੈਂਬਰ ਹੋਣਗੇ ਜਦਕਿ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਇਸ ਕਮੇਟੀ ਦੇ ਕਨਵੀਨਰ ਹੋਣਗੇ। ਇਹ ਕਮੇਟੀ ਸੋਸ਼ਲ, ਪ੍ਰਿੰਟ ਅਤੇ ਇਲੈਕਟ੍ਰਾਨਿਕ ਸਮੇਤ ਸਾਰੇ ਮੀਡੀਆ ਅਦਾਰਿਆਂ ਲਈ ਸੂਬੇ ਵਿਚ ਕੋਵਿਡ-19 ਦੇ ਪ੍ਰਬੰਧਨ ਰੋਕਥਾਮ ਸਬੰਧੀ ਜਾਣਕਾਰੀ ਇਕੱਤਰ ਕਰਨ ਅਤੇ ਇਸ ਦੇ ਪ੍ਰਚਾਰ ਤੇ ਪਸਾਰ ਲਈ ਲੋੜੀਂਦੇ ਪ੍ਰਬੰਧ ਕਰੇਗੀ।

ਖੇਤੀਬਾੜੀ ਅਤੇ ਖੁਰਾਕ ਕਮੇਟੀ ਵਧੀਕ ਮੁੱਖ ਸਕੱਤਰ ਵਿਕਾਸ ਦੀ ਪ੍ਰਧਾਨਗੀ ਹੇਠ ਬਣਾਈ ਗਈ ਹੈ। ਪ੍ਰਮੁੱਖ ਸਕੱਤਰ ਖੁਰਾਕ ਤੇ ਸਿਵਲ ਸਪਲਾਈ ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ, ਮਾਰਕਫੈੱਡ, ਪਨਸਪ ਅਤੇ ਪਨਗ੍ਰੇਨ ਦੇ ਐਮ.ਡੀ. ਇਸ ਦੇ ਮੈਂਬਰ ਹੋਣਗੇ ਜਦਕਿ ਸਕੱਤਰ ਮੰਡੀ ਬੋਰਡ ਕਮੇਟੀ ਇਸ ਦੇ ਕਨਵੀਨਰ ਹੋਣਗੇ। ਇਹ ਕਮੇਟੀ ਕਣਕ, ਆਲੂ, ਕਿੰਨੂ ਅਤੇ ਸਬਜ਼ੀਆਂ ਸਮੇਤ ਫਸਲਾਂ ਦੀ ਬਿਨਾਂ ਕਿਸੇ ਮੁਸ਼ਕਲ ਦੇ ਕਟਾਈ ਅਤੇ ਖਰੀਦ ਉਤੇ ਧਿਆਨ ਕੇਂਦਰਤ ਕਰੇਗੀ। ਹਾੜ੍ਹੀ ਦੀਆਂ ਫਸਲਾਂ ਦੀ ਖਰੀਦ ਨੂੰ ਯਕੀਨੀ ਬਣਾਉਣ ਲਈ ਮੰਡੀ-ਵਾਰ ਖਰੀਦ ਪ੍ਰਣਾਲੀ ਤਿਆਰ ਕਰੇਗੀ।

## ਮਹਾਮਾਰੀ ਫੈਲਾਉਣ ਲਈ ਚੀਨ ਤੇ ਅਮਰੀਕਾ ਨੇ ਇਕ-ਦੂਜੇ ਨੂੰ ਦੱਸਿਆ ਜ਼ਿੰਮੇਵਾਰ

**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਿਹਾ ਹੈ ਕਿ ਚੀਨ ਦੀ ਹੁਕਮਰਾਨ ਕਮਿਊਨਿਸਟ ਪਾਰਟੀ ਨੇ ਅਮਰੀਕੀਆਂ ਦੀ ਸਿਹਤ ਅਤੇ ਉਨ੍ਹਾਂ ਦੇ ਜਿਊਣ ਦੇ ਢੰਗ ਲਈ ਵੱਡਾ ਖਤਰਾ ਖੜ੍ਹਾ ਕਰ ਦਿੱਤਾ ਹੈ।

ਉਨ੍ਹਾਂ ਚੀਨ ਉਤੇ ਵਰ੍ਹਦਿਆਂ ਕਿਹਾ ਕਿ ਉਹ ਜਾਣ-ਬੁੱਝ ਕੇ ਗੁੰਮਰਾਹਕੁਨ ਪ੍ਰਚਾਰ ਕਰਕੇ ਕਰੋਨਾਵਾਇਰਸ ਸੰਕਟ ਦੇ ਅਸਲ ਕਾਰਨਾਂ ਤੋਂ ਧਿਆਨ ਵੰਡਾਉਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਉਧਰ, ਅਮਰੀਕਾ ਉਤੇ ਉਲਟਾ ਦੋਸ਼ ਮੜ੍ਹਦਿਆਂ ਚੀਨ ਦੇ ਬੁਲਾਰੇ ਨੇ ਕਿਹਾ ਹੈ ਕਿ ਸਭ ਤੋਂ ਪਹਿਲਾਂ ਵੂਹਾਨ (ਚੀਨ) ਵਿਚ ਵਾਇਰਸ ਅਮਰੀਕੀ ਫੌਜ ਲੈ ਕੇ ਆਈ ਹੈ।

ਸ਼ੀ ਜਿਨਪਿੰਗ ਨੇ ਕਿਹਾ ਕਿ ਚੀਨ-ਅਮਰੀਕਾ ਰਿਸ਼ਤੇ 'ਗੰਭੀਰ ਮੋੜ' ਉਤੇ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਤਾਲਮੇਲ ਦੋਵਾਂ ਮੁਲਕਾਂ ਲਈ ਮਦਦਗਾਰ ਸਾਬਤ ਹੋਵੇਗਾ, ਇਹੀ 'ਸਹੀ ਚੋਣ ਹੈ।' ਸ਼ੀ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਅਮਰੀਕਾ ਰਿਸ਼ਤੇ ਸੁਧਾਰਨ ਲਈ ਠੋਸ ਕਦਮ ਚੁੱਕੇਗਾ ਤੇ ਇਸ ਮਹਾਮਾਰੀ ਨਾਲ ਤਾਲਮੇਲ ਕਰ ਕੇ ਨਜਿੱਠਿਆ ਜਾ ਸਕੇਗਾ। ਚੀਨ ਦੇ ਕੁਝ ਸੂਬੇ, ਸ਼ਹਿਰ ਤੇ ਕੰਪਨੀਆਂ ਅਮਰੀਕਾ ਨੂੰ ਮੈਡੀਕਲ ਸਪਲਾਈ ਤੇ ਹੋਰ ਸਹਿਯੋਗ ਕਰ ਰਹੇ ਹਨ।

ਚੀਨ ਦੇ ਵੱਡੇ ਆਲੋਚਕ ਮੰਨੇ ਜਾਂਦੇ ਪੌਂਪੀਓ ਨੇ ਕਿਹਾ ਕਿ ਵਾਇਰਸ ਬਾਰੇ ਜਾਣਕਾਰੀ ਸਾਂਝੀ ਕਰਨ 'ਚ ਚੀਨ ਵਲੋਂ ਕੀਤੀ ਗਈ ਦੇਰੀ ਨੇ ਦੁਨੀਆਂ ਭਰ ਦੇ ਲੋਕਾਂ ਲਈ ਵੱਡਾ ਖਤਰਾ ਪੈਦਾ ਕਰ ਦਿੱਤਾ ਹੈ। ਜੀ-7 ਮੁਲਕਾਂ ਦੇ ਵਿਦੇਸ਼ ਮੰਤਰੀਆਂ ਨਾਲ ਵੀਡੀਓ ਕਾਨਫਰੰਸਿੰਗ ਮਗਰੋਂ ਵਿਦੇਸ਼ ਮੰਤਰਾਲੇ ਦੀ ਪ੍ਰੈੱਸ ਕਾਨਫਰੰਸ ਦੌਰਾਨ ਪੌਂਪੀਓ ਨੇ ਦੱਸਿਆ ਕਿ ਚੀਨ ਵਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਬਾਰੇ ਜੀ-7 ਮੁਲਕਾਂ ਵਿਚਕਾਰ ਵੀ ਵਿਚਾਰ-ਵਟਾਂਦਰਾ ਹੋਇਆ ਹੈ।

ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਉਤੇ ਦੋਸ਼ ਲਾਏ ਜਾ ਰਹੇ ਹਨ ਕਿ ਅਮਰੀਕਾ ਨੇ ਚੀਨ 'ਚ ਵਾਇਰਸ ਫੈਲਾਇਆ ਜਦਕਿ ਉਹ ਖੁਦ ਇਸ ਮਹਾਮਾਰੀ ਲਈ ਜ਼ਿੰਮੇਵਾਰ ਹੈ। ਪ੍ਰਤੀਨਿਧ ਸਭਾ 'ਚ ਕਾਂਗਰਸਵਿਮੈੱਨ ਐਲਿਸ ਸਟੀਫੈਨਿਕ ਅਤੇ ਜੋਸ਼ ਹਾਅਲੇ ਨੇ ਸੈਨੇਟ ਵਿਚ ਮਤਾ ਲਿਆ ਕੇ ਮੰਗ ਕੀਤੀ ਕਿ ਚੀਨੀ ਕਮਿਊਨਿਸਟ ਪਾਰਟੀ ਵਲੋਂ ਕਰੋਨਾਵਾਇਰਸ ਫੈਲਣ ਦੀ ਖਬਰ ਛਿਪਾਉਣ ਦੀ ਕੌਮਾਂਤਰੀ ਪੱਧਰ ਉਤੇ ਜਾਂਚ ਹੋਵੇ। ਮਤੇ 'ਚ ਕਿਹਾ ਗਿਆ ਹੈ ਕਿ ਚੀਨ ਕਰੋਨਾ ਤੋਂ ਪ੍ਰਭਾਵਿਤ ਹੋਏ ਸਾਰੇ ਮੁਲਕਾਂ ਨੂੰ ਹਰਜਾਨਾ ਵੀ ਅਦਾ ਕਰੇ।

## ਬਰਤਾਨੀਆ ਦੇ ਪ੍ਰਧਾਨ ਮੰਤਰੀ ਕਰੋਨਾ ਪਾਜ਼ੇਟਿਵ

**ਲੰਡਨ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਕਿਹਾ ਕਿ ਕੁਝ ਲੱਛਣ ਮਹਿਸੂਸ ਹੋਣ ਤੋਂ ਬਾਅਦ ਕਰਵਾਏ ਗਏ ਟੈਸਟ ਵਿਚ ਉਹ ਕਰੋਨਾ ਵਾਇਰਸ ਪਾਜ਼ੇਟਿਵ ਪਾਏ ਗਏ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਦੇ ਸਿਹਤ ਸਕੱਤਰ ਮੈਟ ਹਾਨਕੌਕ ਵੀ ਕਰੋਨਾ ਵਾਇਰਸ ਤੋਂ ਪੀੜਤ ਹੋ ਗਿਆ ਹੈ। ਹੁਣ ਮਾਹਿਰਾਂ ਦੀ ਸਲਾਹ ਨਾਲ ਉਹ 10 ਡਾਊਨਿੰਗ ਸਟ੍ਰੀਟ ਵਿਚ ਏਕਾਂਤਵਾਸ ਵਿਚ ਰਹਿ ਰਹੇ ਹਨ।


ਅਨੁਭਵੀ ਕੁੱਕ ਦੀ ਲੋੜ ਹੈ

ਨਿਆਗਰਾ ਫਾਲਜ਼, ਨਿਊ ਯਾਰਕ ਵਿਚ ਇੰਡੀਅਨ ਰੈਸੋਟਰੈਂਟ ਲਈ ਅਨੁਭਵੀ ਕੁੱਕ ਦੀ ਲੋੜ ਹੈ, ਜੋ ਕੁਕਿੰਗ ਅਤੇ ਤੰਦੂਰ ਦਾ ਕੰਮ ਜਾਣਦਾ ਹੋਵੇ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 716-297-2100

10-13



Imperial Tax Services

29090 Currier Ave., Westland, MI 48186

Individual & Small Business

Tax Returns

Visa, OCI, Renunciation & Passport Applications.
Citizenship Forms, Sponsorship & Power of Attorneys.

IRS AUTHORIZED NOTARY PUBLIC

Call or Text to make an appointment

Paramvir Singh

*(Master's degree in Mathematics)*

Ph: 206-475-6075

Email: Imperialtaxservices81@Yahoo.com

52+



Matrimonials

ਲੜਕੇ ਦੀ ਲੋੜ ਹੈ

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11

ਜੱਟ ਸਿੱਖ ਅਮਰੀਕਨ ਸਿਟੀਜ਼ਨ, ਉਮਰ 26 ਸਾਲ, ਨਰਸਿੰਗ ਕਰ ਰਹੀ ਲੜਕੀ ਲਈ ਬਰਾਬਰ ਯੋਗਤਾ, ਡਿਗਰੀ ਹੋਲਡਰ, ਗੁਰ ਸਿੱਖ ਲੜਕੇ ਦੀ ਲੋੜ ਹੈ। ਮਾਲਵੇ ਨੂੰ ਪਹਿਲ। ਲੜਕਾ ਇੰਡੀਆ, ਕੈਨੇਡਾ, ਇੰਗਲੈਂਡ ਜਾਂ ਆਸਟਰੇਲੀਆ ਕਿਤੋਂ ਵੀ ਹੋਵੇ। ਯੂ. ਐਸ. ਟਾਈਮ ਕਾਲ ਕਰੋ, ਫੋਨ: 1-216-385-4025, 1-216-937-9054 (ਵਾਟਸਐਪ), +91-98776-26005 (ਇੰਡੀਆ) 8-11

ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 11-

Well educated reputed Jatt-Sikh family seeks professionally qualified U.S. (PR or citizen) girl for their handsome only son, 27 yrs, 5'-10.5", M.S in Electrical Engineering, working as a Software Engineer in Michigan. Rural/urban property in Ludhiana & Mohali. Cont., Ph: 248-854-0003 6-9



SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-673-3825

*EARLY BIRD SALE!!!!*

Domestic fares available



Shan Grill Indian Restaurant

1910 N. Rand Rd., Palatine, IL 60074

ਭਾਰਤੀ ਤੇ ਪਾਕਿਸਤਾਨੀ ਸਵਾਦੀ ਖਾਣਿਆਂ ਲਈ ਪਧਾਰੋ

ਸਾਡੀ ਸਪੈਸ਼ਲਟੀ ਚਿਕਨ ਸੀਖ ਕਬਾਬ

*Our speciality: Chicken Seekh Kabob*

Special Catering offer $10 package
Minimum 25 people

Ph: 847-358-1900

9-



Desi Bazar

Under new management.

*916 E. Main Street #118, Greenwood, IN, 46143*
*Tel: 317-888-2040, Fax: 317-887-6116*

Lakhvir S. Johal, Ph: 317-709-7800

*We specialize in all kind of Indian Groceries and Sweets*

• FRESH VEGETABLES EVERY THURSDAY
• FRESH GOAT MEAT

We Are Open 7 Days a Week


*10% off on all Gurudwara supplies and Religious programs!!*

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਅਮਰੀਕਾ ਤੇ ਤਾਲਿਬਾਨ ਵਿਚਾਲੇ ਸਮਝੌਤੇ ਦੀ ਅਸਲੀਅਤ

19 ਸਾਲ ਦੀ ਲੰਮੀ ਜੰਗ ਪਿਛੋਂ ਅਮਰੀਕਾ ਅਤੇ ਤਾਲਿਬਾਨ ਦੇ ਨੁਮਾਇੰਦਿਆਂ ਨੇ ਮੱਧ-ਪੂਰਬੀ ਅਰਬ ਮੁਲਕ ਕਤਰ ਦੇ ਸ਼ਹਿਰ ਦੋਹਾ ਵਿਚ ਸ਼ਾਂਤੀ ਸਮਝੌਤੇ 'ਤੇ ਦਸਤਖਤ ਕਰ ਦਿੱਤੇ। ਅਮਰੀਕੀ ਧਿਰ ਵਲੋਂ ਦੋਹਾ ਅਤੇ ਕਾਬਲ ਵਿਚ ਕੀਤੇ ਸਮਾਗਮਾਂ ਵਿਚ ਇਸ ਨੂੰ ਵੱਡੀ ਪ੍ਰਾਪਤੀ ਵਜੋਂ ਪੇਸ਼ ਕੀਤਾ ਗਿਆ, ਪਰ ਤਾਲਿਬਾਨ ਨੇ ਮੁਲਕ ਦੇ ਵੱਖ-ਵੱਖ ਹਿਸਿਆਂ ਵਿਚ ਅਮਰੀਕਾ ਦੀ ਹਾਰ ਅਤੇ ਤਾਲਿਬਾਨ ਦੀ ਜਿੱਤ ਵਜੋਂ ਜਸ਼ਨ ਮਨਾਏ।

ਸਮਝੌਤੇ ਦੀਆਂ ਮਦਾਂ ਮੁਤਾਬਕ ਅਮਰੀਕਾ 14 ਮਹੀਨਿਆਂ ਵਿਚ ਅਫਗਾਨਿਸਤਾਨ ਵਿਚੋਂ ਆਪਣੀਆਂ ਫੌਜਾਂ ਵਾਪਿਸ ਬੁਲਾ ਲਵੇਗਾ। ਜੇ ਤਾਲਿਬਾਨ ਸਮਝੌਤੇ 'ਤੇ ਅਮਲ ਕਰਦੇ ਹਨ ਤਾਂ ਅਮਰੀਕਾ ਅਤੇ ਯੂ. ਐਨ. ਓ. ਤਾਲਿਬਾਨ 'ਤੇ ਲਾਈਆਂ ਬੰਦਿਸ਼ਾਂ ਹਟਾ ਲੈਣਗੇ; ਨਾ ਅਫਗਾਨਿਸਤਾਨ ਦੀ ਪ੍ਰਭੂਸੱਤਾ ਦੀ



**ਪਰਮਜੀਤ ਰੋਡੇ**
ਫੋਨ: 510-501-4191

ਉਲੰਘਣਾ ਕੀਤੀ ਜਾਵੇਗੀ ਅਤੇ ਨਾ ਹੀ ਉਨ੍ਹਾਂ ਦੇ ਅੰਦਰੂਨੀ ਮਾਮਲਿਆਂ 'ਚ ਦਖਲ ਦਿੱਤਾ ਜਾਵੇਗਾ।

ਤਾਲਿਬਾਨ ਅਫਗਾਨਿਸਤਾਨ ਦੀ ਧਰਤੀ ਤੋਂ ਅਮਰੀਕਾ ਅਤੇ ਸਾਂਝੇ ਸੁਰੱਖਿਆ ਬਲਾਂ (ਅਲਾਈਡ ਫੋਰਸਜ਼) ਉਤੇ ਹਮਲੇ ਨਹੀਂ ਕਰਨਗੇ ਤੇ ਕਿਸੇ ਵੀ ਅਤਿਵਾਦੀ ਗਰੁੱਪ ਜਾਂ ਬਲ ਨੂੰ ਅਜਿਹਾ ਕਰਨ ਲਈ ਅਫਗਾਨਿਸਤਾਨ ਦੀ ਧਰਤੀ ਦੀ ਵਰਤੋਂ ਨਹੀਂ ਕਰਨ ਦੇਣਗੇ। ਤਾਲਿਬਾਨ ਅਫਗਾਨ ਸਰਕਾਰ (ਜੋ ਇਸ ਸਮਝੌਤੇ ਦਾ ਹਿੱਸਾ ਨਹੀਂ) ਨਾਲ ਅਫਗਾਨਿਸਤਾਨ ਦੇ ਭਵਿਖ ਬਾਰੇ ਗੱਲਬਾਤ ਸ਼ੁਰੂ ਕਰਨਗੇ ਤਾਂ ਕਿ ਅਮਰੀਕਾ 5000 ਤਾਲਿਬਾਨ ਕੈਦੀਆਂ ਦੀ ਰਿਹਾਈ ਨੂੰ ਯਕੀਨੀ ਬਣਾ ਸਕੇ। ਅਮਰੀਕਾ ਅਤੇ ਤਾਲਿਬਾਨ ਹਿੰਸਾ ਦਾ ਪੱਧਰ ਘਟਾਉਣ ਲਈ ਹਰ ਕੋਸ਼ਿਸ਼ ਕਰਨਗੇ।

ਸਮਝੌਤੇ ਤੋਂ ਤੁਰੰਤ ਬਾਅਦ ਦੁਨੀਆਂ ਭਰ ਦੇ ਸਿਆਸੀ ਮਾਹਿਰਾਂ ਨੇ ਇਸ ਸਮਝੌਤੇ ਨੂੰ ਅਮਰੀਕਾ ਲਈ ਨਮੋਸ਼ੀ ਭਰਿਆ ਕਰਾਰ ਦਿੱਤਾ ਹੈ, ਜੋ ਤਾਲਿਬਾਨ ਦੀਆਂ ਸ਼ਰਤਾਂ 'ਤੇ ਕੀਤਾ ਗਿਆ ਹੈ। ਕਈ ਇਸ ਨੂੰ ਅਮਰੀਕਾ ਦਾ ਆਤਮ-ਸਮਰਪਣ ਕਹਿੰਦੇ ਹਨ।

7 ਅਕਤੂਬਰ 2001 ਵਿਚ ਅਮਰੀਕਾ ਵਲੋਂ ਅਫਗਾਨਿਸਤਾਨ 'ਤੇ ਹਮਲਾ ਕਰ ਕੇ ਤਾਲਿਬਾਨ ਸਰਕਾਰ ਨੂੰ ਉਲਟਾਉਣ ਪਿਛੋਂ ਤਤਕਾਲੀ ਰਾਸ਼ਟਰਪਤੀ ਜਾਰਜ ਬੁਸ਼ ਨੇ ਐਲਾਨ ਕੀਤਾ ਸੀ ਕਿ ਅਮਰੀਕਾ "ਸਹਿਣਸ਼ੀਲਤਾ, ਅਜ਼ਾਦੀ, ਔਰਤਾਂ ਦੇ ਹੱਕ ਅਤੇ ਨਵ-ਜਮਹੂਰੀਅਤ ਲਈ ਲੜ ਰਿਹਾ ਹੈ", ਪਰ ਹੋਇਆ ਕੀ? ਨਾ ਤਾਲਿਬਾਨ ਨੇ ਹਥਿਆਰ ਸੁੱਟੇ ਹਨ ਅਤੇ ਨਾ ਹੀ 'ਇਸਲਾਮਿਕ ਸਟੇਟ ਆਫ ਅਫਗਾਨਿਸਤਾਨ' ਦਾ ਸੁਪਨਾ ਤਿਆਗਿਆ ਹੈ। ਉਨ੍ਹਾਂ ਨੇ ਨਾ ਮੌਜੂਦਾ ਸਰਕਾਰ ਤੇ ਸੰਵਿਧਾਨ ਨੂੰ ਮਾਨਤਾ ਦਿੱਤੀ ਹੈ ਅਤੇ ਨਾ ਹੀ ਲੋਕਾਂ ਦੇ ਬੁਨਿਆਦੀ ਹੱਕ ਤਸਲੀਮ ਕੀਤੇ ਹਨ। ਔਰਤਾਂ ਦੇ ਹੱਕਾਂ ਬਾਰੇ ਹੋਈ ਗੱਲਬਾਤ ਦੌਰਾਨ ਸਿਰਫ ਇੰਨਾ ਕਿਹਾ ਹੈ ਕਿ ਉਨ੍ਹਾਂ ਨੂੰ ਇਸਲਾਮਿਕ ਕਾਨੂੰਨ ਦੇ ਚੌਖਟੇ ਦੇ ਵਿਚ-ਵਿਚ ਪੂਰੇ ਹੱਕ ਦਿੱਤੇ ਜਾਣਗੇ।

ਅਫਗਾਨ ਸਰਕਾਰ ਨੇ ਔਰਤਾਂ ਦੀ ਹਾਲਤ ਸੁਧਾਰਨ ਲਈ ਕੁਝ ਸੁਧਾਰ ਸ਼ੁਰੂ ਕੀਤੇ ਸਨ, ਪਰ ਉਹ ਕੁਝ ਸ਼ਹਿਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਏ, ਪੇਂਡੂ ਖੇਤਰ ਇਨ੍ਹਾਂ ਯਤਨਾਂ ਤੋਂ ਅਣਭਿਜ ਹੀ ਰਿਹਾ। ਅੱਜ ਹਾਲਾਤ ਇਹ ਹਨ ਕਿ 87 ਫੀਸਦੀ ਔਰਤਾਂ ਕਦੇ ਵੀ ਸਕੂਲ ਨਹੀਂ ਗਈਆਂ, ਅਨਪੜ੍ਹਤਾ 'ਚ ਔਰਤਾਂ ਦੀ ਦਰ 80 ਤੋਂ 90 ਫੀਸਦੀ ਹੈ, ਜਣੇਪੇ ਸਮੇਂ ਮੌਤਾਂ ਦੀ ਦਰ ਬਹੁਤ ਉਚੀ ਹੈ, ਘਰਾਂ 'ਚ ਬੰਦ ਔਰਤਾਂ ਬੱਸ ਸੈਕਸ ਦੇ ਖਿਡਾਉਣੇ ਅਤੇ ਬੱਚੇ ਜੰਮਣ ਵਾਲੀਆਂ ਮਸ਼ੀਨਾਂ ਬਣ ਕੇ ਰਹਿ ਗਈਆਂ ਹਨ। ਇਕ-ਇਕ ਮਰਦ ਦੀਆਂ ਕਈ-ਕਈ ਪਤਨੀਆਂ ਹਨ। ਮੈਨੂੰ ਯਾਦ ਹੈ, 14 ਸਾਲ ਪਹਿਲਾਂ ਮੇਰੇ ਅਫਗਾਨ ਕੋ-ਵਰਕਰ ਨੇ ਦੱਸਿਆ ਕਿ ਉਸ ਦਾ ਅੱਬਾ ਕਾਮਯਾਬ ਮਰਦ ਹੈ। ਉਹ ਚਾਰ ਮਾਂਵਾਂ ਤੋਂ 33 ਭੈਣ-ਭਰਾ ਹਨ; 22 ਭਰਾ ਅਤੇ 11 ਭੈਣਾਂ।

ਅਮਰੀਕਾ ਨੂੰ ਨਮੋਸ਼ੀ ਭਰਿਆ ਸਮਝੌਤਾ ਕਿਉਂ ਕਰਨਾ ਪਿਆ? ਇਸ ਦਾ ਜਵਾਬ ਲੱਭਣ ਲਈ ਸਾਨੂੰ ਇਸ ਲੰਮੀ ਜੰਗ ਦੌਰਾਨ ਵਾਪਰੀਆਂ ਘਟਨਾਵਾਂ 'ਤੇ ਨਜ਼ਰਸਾਨੀ ਕਰਨੀ ਪਵੇਗੀ। 7 ਅਕਤੂਬਰ 2001 ਤੋਂ ਲੈ ਕੇ ਸਮਝੌਤਾ ਹੋਣ ਤੱਕ ਇਸ ਜੰਗ ਨੂੰ ਅਮਰੀਕਾ ਦੇ ਤਿੰਨ ਰਾਸ਼ਟਰਪਤੀਆਂ-ਜਾਰਜ ਬੁਸ਼, ਬਰਾਕ ਓਬਾਮਾ ਤੇ ਡੋਨਲਡ ਟਰੰਪ ਨੇ ਹੰਢਾਇਆ।

ਜਦ ਅਕਤੂਬਰ 2001 ਵਿਚ ਅਫਗਾਨਿਸਤਾਨ 'ਤੇ ਹਮਲਾ ਕਰ ਕੇ ਤਾਲਿਬਾਨ ਸਰਕਾਰ ਨੂੰ ਉਲਟਾਉਣ ਪਿਛੋਂ ਹਾਮਿਦ ਕਰਜ਼ਈ ਨੂੰ ਅੰਤ੍ਰਿਮ ਰਾਸ਼ਟਰਪਤੀ ਬਣਾਇਆ ਤਾਂ ਇਹੀ ਸਮਝਿਆ ਗਿਆ ਕਿ ਹਿੰਸਾ ਤੇ ਜੁਰਮ ਖਤਮ ਕਰ ਕੇ ਅਫਗਾਨਿਸਤਾਨ ਵਿਚ ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਦਾ ਦੌਰ ਸ਼ੁਰੂ ਹੋ ਚੁਕਾ ਹੈ। ਤਾਲਿਬਾਨ ਲੀਡਰਸ਼ਿਪ ਰੂਪੋਸ਼ ਹੋ ਗਈ ਸੀ। ਸਮਝਿਆ ਇਹ ਗਿਆ ਕਿ ਇਸਲਾਮਿਕ ਕੱਟੜਪੰਥੀਆਂ ਦਾ ਤਾਣਾ-ਬਾਣਾ ਨਸ਼ਟ ਕਰ ਦਿੱਤਾ ਗਿਆ ਹੈ। ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਤਿੰਨ ਸਾਲਾਂ ਦੇ ਥੋੜ੍ਹੇ ਸਮੇਂ ਵਿਚ ਹੀ ਆਪਣੀ ਪੂਰੀ ਤਾਕਤ ਇਕੱਠੀ ਕਰ ਕੇ ਤਾਲਿਬਾਨ ਮੁੜ ਜੰਗ ਦੇ ਮੈਦਾਨ ਵਿਚ ਆ ਜਾਣਗੇ। 2004 ਵਿਚ ਤਾਲਿਬਾਨ ਨੇ ਮੁੱਲਾ ਉਮਰ ਦੀ ਅਗਵਾਈ ਵਿਚ ਅਮਰੀਕਾ ਅਤੇ ਕਰਜ਼ਈ ਸਰਕਾਰ ਖਿਲਾਫ ਗੁਰੀਲਾ ਜੰਗ ਛੇੜ ਦਿੱਤੀ। ਅਮਰੀਕਾ ਅਤੇ ਸੰਗੀ ਤਾਕਤਾਂ ਵਲੋਂ ਹੌਸਲਾ ਦੇ ਕੇ ਖੜ੍ਹੀ ਕੀਤੀ ਅਫਗਾਨ ਸਰਕਾਰ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਸੀ ਕਿ ਉਹ ਤਿੰਨ ਸਾਲਾਂ ਦੇ 'ਅਮਨ-ਅਮਾਨ' ਵਾਲੇ ਸਮੇਂ ਦੌਰਾਨ ਵੀ ਲੋਕਾਂ ਦਾ ਭਰੋਸਾ ਨਾ ਜਿੱਤ ਸਕੀ। ਬੁਸ਼ ਦੇ ਰਾਜ ਕਾਲ ਸਮੇਂ 2008 ਤੱਕ ਚੱਲੀ ਲੜਾਈ ਦੌਰਾਨ ਤਾਲਿਬਾਨ ਲੜਾਕੇ ਐਨੇ ਤਕੜੇ ਹੋ ਗਏ ਕਿ ਉਹ ਗੁਰੀਲਾ ਲੜਾਈ ਲੜਦਿਆਂ ਕੁਝ ਖਿੱਤਿਆਂ ਵਿਚ ਪਿੜ ਮੱਲਵੀਂ, ਆਹਮੋ-ਸਾਹਮਣੇ ਦੀ ਲੜਾਈ ਲੜਨ ਲੱਗ ਪਏ। ਅਮਰੀਕੀ ਧਿਰ ਲਈ ਇਹ ਖਤਰੇ ਦੀ ਘੰਟੀ ਸੀ। ਜਾਰਜ ਬੁਸ਼ ਚਲਾ ਗਿਆ ਅਤੇ ਜਨਵਰੀ 2009 ਵਿਚ ਬਰਾਕ ਓਬਾਮਾ ਆ ਗਿਆ।

ਚਾਰਜ ਸੰਭਾਲਦਿਆਂ ਸੋਚ ਵਿਚਾਰ ਪਿਛੋਂ ਰਾਸ਼ਟਰਪਤੀ ਓਬਾਮਾ ਜੰਗ ਬਾਰੇ ਆਪਣੀ ਨੀਤੀ ਲੈ ਕੇ ਆਇਆ। ਸਭ ਤੋਂ ਪਹਿਲਾਂ ਫੌਜ ਦੇ ਅਫਗਾਨਿਸਤਾਨ ਵਿਚ ਕਮਾਂਡਰ ਜਨਰਲ ਡੇਵਿਡ ਮੈਕਰਨ ਦੀ ਥਾਂ ਜਨਰਲ ਸਟੈਨਲੀ ਮੈਕਕ੍ਰਿਸਟਲ ਨੂੰ ਨਾਮਜ਼ਦ ਕਰ ਦਿੱਤਾ ਅਤੇ ਫੌਜ ਦੀ ਨਫਰੀ ਵਧਾ ਦਿੱਤੀ। ਓਬਾਮਾ ਪ੍ਰਸ਼ਾਸਨ ਦੀ ਨਵੀਂ ਨੀਤੀ ਕਿ ਤਾਲਿਬਾਨ ਨਾਲ ਲੜਦਿਆਂ ਨਾਲੋ-ਨਾਲ ਤਾਲਿਬਾਨ ਦੀ ਦਹਿਸ਼ਤ 'ਚ ਜੀਅ ਰਹੇ ਲੋਕਾਂ ਦੀ ਸੁਰੱਖਿਆ ਦੇ ਪ੍ਰਬੰਧ ਵੀ ਕੀਤੇ ਜਾਣ। ਨਾਲ ਹੀ ਅਜਿਹੇ ਦਾਅਪੇਚ ਅਪਨਾਏ ਜਾਣ ਕਿ ਤਾਲਿਬਾਨ ਸਫਾਂ ਅੰਦਰ ਫੁੱਟ ਅਤੇ ਬੇਮੁੱਖਤਾ ਵਧੇ ਤਾਂ ਕਿ ਉਹ ਮਜਬੂਰੀਵਸ ਸੁਲ੍ਹਾ-ਸਫਾਈ ਲਈ ਕਹਿਣ। ਓਬਾਮਾ ਦੀ ਇਹ ਖੁਸ਼ੀ ਬਹੁਤ ਥੋੜ੍ਹਚਿਰੀ ਸੀ। ਜਨਰਲ ਮੈਕਕ੍ਰਿਸਟਲ ਨੇ ਅਮਰੀਕਾ ਸਰਕਾਰ ਨੂੰ ਖੁਫੀਆ ਰਿਪੋਰਟ (ਜੋ ਲੀਕ ਹੋ ਗਈ ਸੀ) ਭੇਜੀ ਕਿ ਜੇ ਲੜ ਰਹੀਆਂ ਫੌਜਾਂ ਵਿਚ ਵੱਡਾ ਵਾਧਾ ਨਾ ਕੀਤਾ ਗਿਆ ਤਾਂ ਅਸੀਂ ਇਕ ਸਾਲ ਦੇ ਵਿਚ ਜੰਗ ਹਾਰ ਜਾਵਾਂਗੇ। ਸੋ, ਫੌਜੀ ਨਫਰੀ ਵਿਚ ਹੋਰ ਵਾਧਾ ਕਰ ਦਿੱਤਾ ਗਿਆ।

ਓਬਾਮਾ ਪ੍ਰਸ਼ਾਸਨ ਦੀ ਨਵੀਂ ਨੀਤੀ ਤਾਲਿਬਾਨ ਅੰਦਰ ਤਾਂ ਫੁੱਟ ਨਹੀਂ ਪਾ ਸਕੀ, ਪਰ ਉਸ ਦੀ ਆਪਣੀ ਧਿਰ ਵਿਚ ਪੈ ਚੁਕੀ ਫੁੱਟ ਸਾਹਮਣੇ ਆ ਗਈ। ਅਫਗਾਨ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਅਮਰੀਕੀ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਦੇ ਅੰਦਰੂਨੀ ਮਾਮਲਿਆਂ 'ਚ ਦਖਲ ਦੇਣਾ ਬੰਦ ਨਾ ਕੀਤਾ ਤਾਂ ਉਹ ਵੀ ਤਾਲਿਬਾਨ ਨਾਲ ਰਲ ਜਾਵੇਗਾ। ਉਸ ਨੇ ਤਾਲਿਬਾਨ ਨਾਲ ਸੁਲ੍ਹਾ-ਸਫਾਈ ਲਈ ਹੱਥ ਵੀ ਵਧਾਇਆ, ਪਰ ਤਾਲਿਬਾਨ ਨੇ ਕੋਈ ਹੁੰਗਾਰਾ ਨਾ ਭਰਿਆ। ਉਧਰ, ਓਬਾਮਾ ਪ੍ਰਸ਼ਾਸਨ ਦੇ ਫੌਜੀ ਅਤੇ ਸਿਵਲ ਅਧਿਕਾਰੀਆਂ 'ਚ ਫੁੱਟ ਉਸ ਸਮੇਂ ਸਾਹਮਣੇ ਆ ਗਈ, ਜਦੋਂ ਜਨਰਲ ਸਟੈਨਲੀ ਮੈਕਕ੍ਰਿਸਟਲ ਨੇ 'ਰੋਲਿੰਗ ਸਟੋਨ' ਮੈਗਜ਼ੀਨ ਨੂੰ ਦਿੱਤੀ ਇੰਟਰਵਿਊ ਸਮੇਂ ਓਬਾਮਾ ਦੀ ਅਫਗਾਨਿਸਤਾਨ ਬਾਰੇ ਨੀਤੀ ਦੀ ਨਾਕਾਮੀ ਦਾ ਜ਼ਿਕਰ ਕਰਨ ਤੋਂ ਇਲਾਵਾ ਓਬਾਮਾ, ਕੌਮੀ ਸੁਰੱਖਿਆ ਸਲਾਹਕਾਰ ਅਤੇ ਅਫਗਾਨਿਸਤਾਨ ਲਈ ਸਪੈਸ਼ਲ ਨੁਮਾਇੰਦੇ ਰਿਚਰਡ ਹਾਲਬ੍ਰੁਰਗ ਦੀ ਆਲੋਚਨਾ ਵੀ ਕੀਤੀ।




*ਅਮਨ ਸਮਝੌਤੇ ਉਤੇ ਦਸਤਖਤ ਕਰਨ ਪਿਛੋਂ ਅਮਰੀਕਾ ਦੇ ਨੁਮਾਇੰਦੇ ਜ਼ਲਮੇ ਖਲੀਲਜ਼ਾਦ ਅਤੇ ਤਾਲਿਬਾਨ ਦੇ ਨੁਮਾਇੰਦੇ ਮੁੱਲਾ ਅਬਦੁਲ ਗਨੀ ਬਰਾਦਰ ਹੱਥ ਮਿਲਾਉਂਦੇ ਹੋਏ।*

***ਕੋਸ਼ਿਸ਼ਾਂ ਨੂੰ ਬੂਰ ਨਾ ਪੈਂਦਾ ਦੇਖ ਆਖਰ ਟਰੰਪ ਪ੍ਰਸ਼ਾਸਨ ਨੇ 8 ਸਾਲਾਂ ਤੋਂ ਪਾਕਿਸਤਾਨ ਦੀਆਂ ਜੇਲ੍ਹਾਂ 'ਚ ਬੰਦ ਮੁੱਲਾ ਬਰਦਾਰ ਦੀਆਂ ਸੇਵਾਵਾਂ ਲੈਣ ਦਾ ਫੈਸਲਾ ਕਰ ਲਿਆ। ਮੁੱਲਾ ਬਰਦਾਰ ਤਾਲਿਬਾਨ ਜਥੇਬੰਦੀ ਦਾ ਕੋ-ਫਾਊਂਡਰ ਸੀ ਅਤੇ ਤਾਲਿਬਾਨ ਲੀਡਰਸ਼ਿਪ ਵਿਚ ਕਾਫੀ ਪ੍ਰਭਾਵ ਰੱਖਦਾ ਸੀ। ਸੋ, ਪਾਕਿਸਤਾਨ ਸਰਕਾਰ 'ਤੇ ਦਬਾਅ ਪਾ ਕੇ ਉਸ ਨੂੰ ਰਿਹਾ ਕਰਾ ਲਿਆ। ਇਹ ਉਹੀ ਸ਼ਖਸ ਹੈ, ਜਿਸ ਨੇ ਤਾਲਿਬਾਨ ਨੁਮਾਇੰਦੇ ਵਜੋਂ 'ਅਮਨ ਸਮਝੌਤੇ' ਉਤੇ ਦਸਤਖਤ ਕੀਤੇ ਹਨ।***

ਓਬਾਮਾ ਨੇ ਵਿਸ਼ੇਸ਼ ਕਦਮ ਚੁੱਕਦਿਆਂ ਮਿਲਟਰੀ ਢਾਂਚਾ ਬਦਲ ਦਿੱਤਾ। ਜਨਰਲ ਸਟੈਨਲੀ ਮੈਕਕ੍ਰਿਸਟਲ ਨੂੰ ਬਦਲ ਕੇ ਨਵਾਂ ਜਨਰਲ ਡੇਵਿਡ ਪਟੈਲਾਈਸ ਨਿਯੁਕਤ ਕਰ ਦਿੱਤਾ ਗਿਆ। ਓਬਾਮਾ ਨੂੰ ਕਹਿਣਾ ਪਿਆ ਕਿ ਉਹ ਆਪਣੀ ਟੀਮ ਅੰਦਰ ਬਹਿਸ ਦਾ ਸਵਾਗਤ ਕਰਦਾ ਹੈ, ਪਰ ਫੁੱਟ ਸਹਿਣ ਨਹੀਂ ਕੀਤੀ ਜਾ ਸਕਦੀ।

ਸਪਸ਼ਟ ਦਿਸਣ ਲੱਗ ਪਿਆ ਕਿ ਜੰਗ ਲੜਖੜਾ ਰਹੀ ਹੈ ਅਤੇ ਤਾਲਿਬਾਨ ਨੂੰ ਹਰਾਉਣਾ ਹੋਰ ਮੁਸ਼ਕਿਲ ਹੋ ਰਿਹਾ ਹੈ। ਸੋ, ਪੈਂਤੜਾ ਬਦਲਦਿਆਂ ਅਮਰੀਕੀ ਸਰਕਾਰ ਨੇ ਪਹਿਲੀ ਵਾਰ ਤਾਲਿਬਾਨ ਨਾਲ ਸੰਪਰਕ ਬਣਾਉਣ ਦਾ ਫੈਸਲਾ ਕੀਤਾ। ਕੁਝ ਅਫਗਾਨ ਸਿਆਸਤਦਾਨਾਂ, ਕੁਝ ਸਿਵਲ ਸੁਸਾਇਟੀ ਕਰਿੰਦਿਆਂ, ਕੁਝ ਰਹਿ ਚੁਕੇ ਮੁਜਾਹਿਦਾਂ, ਕੁਝ ਔਰਤਾਂ ਅਤੇ ਕੁਝ ਕੁ ਮਾਡਰੇਟ ਤਾਲਿਬਾਨ 'ਤੇ ਆਧਾਰਤ 'ਅਫਗਾਨ ਹਾਈ ਪੀਸ ਕੌਂਸਲ' ਬਣਾਈ ਗਈ, ਜਿਸ ਨੂੰ ਤਾਲਿਬਾਨ ਨਾਲ ਸੰਪਰਕ ਅਤੇ ਮੁਢਲੇ ਵਿਚਾਰ-ਵਟਾਂਦਰੇ ਦਾ ਮੁੱਦਾ ਸੌਂਪਿਆ ਗਿਆ। ਫੈਸਲਾ ਹੋਇਆ ਕਿ ਤਾਲਿਬਾਨ ਨਾਲ ਸੂਚਨਾ ਦੇ ਦੇਣ-ਲੈਣ ਲਈ ਕੋਈ ਚੈਨਲ ਖੋਲ੍ਹਿਆ ਜਾਵੇ, ਪਰ ਇਸ ਸਬੰਧੀ ਤਾਲਿਬਾਨ ਨੂੰ ਕੋਈ ਥਹੁ-ਪਤਾ ਦੇਣਾ ਜ਼ਰੂਰੀ ਸੀ।

ਅਰਬ ਮੁਲਕ ਕਤਰ ਦੀ ਸਰਕਾਰ ਦੀ ਮਨਜ਼ੂਰੀ ਨਾਲ ਉਥੋਂ ਦੇ ਸ਼ਹਿਰ ਦੋਹਾ ਵਿਚ ਦਫਤਰ ਖੋਲ੍ਹ ਦਿੱਤਾ ਗਿਆ, ਜਿਸ ਦੇ ਗੇਟ 'ਤੇ 'ਇਸਲਾਮਿਕ ਇਮੀਰੇਟਸ ਆਫ ਅਫਗਾਨਿਸਤਾਨ' ਦਾ ਬੋਰਡ ਲਾ ਕੇ ਝੰਡਾ ਝੁਲਾ ਦਿੱਤਾ ਗਿਆ। ਜਦੋਂ ਰਾਸ਼ਟਰਪਤੀ ਹਾਮਿਦ ਕਰਜ਼ਈ ਨੂੰ ਇਸ ਕਾਰਵਾਈ ਦਾ ਪਤਾ ਲੱਗਾ ਤਾਂ ਉਹ ਰੁੱਸ ਗਿਆ। ਉਸ ਨੂੰ ਮਨਾਉਣ ਅਤੇ ਸ਼ਾਂਤ ਕਰਨ ਲਈ ਦਫਤਰ ਬੰਦ ਕਰ ਦਿੱਤਾ, ਬੋਰਡ ਤੇ ਝੰਡਾ ਲਾਹ ਲਏ। ਦਫਤਰ ਤਾਂ ਬੰਦ ਹੋ ਗਿਆ, ਪਰ ਦਫਤਰ ਵਿਚ ਬਹਿਣ ਅਤੇ ਸੰਪਰਕ ਬਣਾਈ ਰੱਖਣ ਲਈ ਪਹੁੰਚੇ ਤਾਲਿਬਾਨ ਕਰਿੰਦੇ ਉਥੇ ਹੀ ਰਹਿ ਗਏ।

2011 ਵਿਚ ਉਸਾਮਾ ਬਿਨ-ਲਾਦਿਨ ਦੀ ਮੌਤ ਦੀ ਘਟਨਾ ਓਬਾਮਾ ਪ੍ਰਸ਼ਾਸਨ ਲਈ ਨਿਆਮਤ ਬਣ ਕੇ ਬਹੁੜੀ। ਮੌਤ ਤੋਂ ਇਕ ਮਹੀਨੇ ਬਾਅਦ ਹੀ ਰਾਸ਼ਟਰਪਤੀ ਓਬਾਮਾ ਨੇ ਐਲਾਨ ਕਰ ਦਿੱਤਾ ਕਿ ਬਿਨ-ਲਾਦਿਨ ਅਤੇ ਹੋਰ ਲੀਡਰਾਂ ਨੂੰ ਮਾਰਨ ਨਾਲ ਜੰਗ ਦਾ ਮਿਸ਼ਨ ਪੂਰਾ ਹੋ ਗਿਆ ਹੈ, ਇਸ ਲਈ ਫੌਜਾਂ ਵਾਪਿਸ ਬੁਲਾਉਣ ਦੇ ਅਮਲ 'ਚ ਤੇਜ਼ੀ ਲਿਆਉਣ ਲਈ 30,000 ਫੌਜੀ ਫੌਰੀ ਵਾਪਿਸ ਮੰਗਵਾਏ ਜਾਣਗੇ। ਓਬਾਮਾ ਦੇ ਐਲਾਨ ਤੋਂ ਫੌਰੀ ਬਾਅਦ ਫਰਾਂਸ ਦੇ ਰਾਸ਼ਟਪਤੀ ਨੇ ਵੀ ਐਲਾਨ ਕਰ ਦਿੱਤਾ ਕਿ ਉਹ 4000 ਫੌਜੀ ਵਾਪਿਸ ਬੁਲਾ ਰਿਹਾ ਹੈ, ਪਰ ਜੰਗ ਬੰਦ ਨਹੀਂ ਹੋਈ।

2012 ਵਿਚ ਬਹੁਤ ਕੁਝ ਅਜਿਹਾ ਵਾਪਰਿਆ ਕਿ ਅਮਰੀਕਾ ਅਤੇ ਅਫਗਾਨ ਸਰਕਾਰ ਖਿਲਾਫ ਮੁਲਕ ਭਰ ਵਿਚ ਵਿਦਰੋਹ ਉਠ ਖੜ੍ਹਾ ਹੋਇਆ। ਕੌਮਾਂਤਰੀ ਸੰਸਥਾ 'ਵਿਕੀਲੀਕਸ' ਨੇ ਅਫਗਾਨ ਲੋਕਾਂ 'ਤੇ ਹੋ ਰਹੇ ਅਤਿਆਚਾਰਾਂ ਅਤੇ ਮੌਤਾਂ ਬਾਰੇ ਰਿਪੋਰਟ ਜਾਰੀ ਕੀਤੀ, ਜਿਸ ਦਾ ਨਾਂ ਸੀ, 'ਅਫਗਾਨ ਵਾਰ ਡਾਇਰੀ।' ਉਧਰ, ਅਮਰੀਕੀ ਫੌਜੀਆਂ ਵਲੋਂ ਮਰੇ ਹੋਏ ਤਾਲਿਬਾਨ ਲੜਾਕਿਆਂ ਦੇ ਮੂੰਹਾਂ ਵਿਚ ਪੇਸ਼ਾਬ ਕਰਨ, ਕੁਰਾਨ ਦੀਆਂ ਕਾਪੀਆਂ ਸਾੜਨ, ਇਕ ਘਰ ਅੰਦਰ ਦਾਖਲ ਹੋ ਕੇ ਜਬਰ-ਜਨਾਹ ਕਰਨ ਅਤੇ ਪਰਿਵਾਰ ਦੇ 17 ਜੀਅ ਕਤਲ ਕਰਨ ਦੀਆਂ ਖਬਰਾਂ ਨਸ਼ਰ ਹੋਣ ਨਾਲ ਮੁਲਕ ਭਰ 'ਚ ਹਾਹਾਕਾਰ ਮਚ ਗਈ। ਕਰਜ਼ਈ ਸਰਕਾਰ, ਜੋ ਬੇਹੱਦ ਭ੍ਰਿਸ਼ਟ ਹੋਣ ਕਰਕੇ ਲੋਕਾਂ 'ਚ ਪਹਿਲਾਂ ਹੀ ਬਦਨਾਮ ਸੀ, ਲਈ ਇਨ੍ਹਾਂ ਘਟਨਾਵਾਂ ਨੇ ਹੋਰ ਵੱਡਾ ਸੰਕਟ ਖੜ੍ਹਾ ਕਰ ਦਿੱਤਾ। ਤਣਾਅ ਘਟਾਉਣ ਲਈ ਅਮਰੀਕੀ ਕਮਾਂਡ ਨੇ ਕਰਜ਼ਈ ਅਧਿਕਾਰੀਆਂ ਨਾਲ ਸਮਝੌਤਾ ਕੀਤਾ ਕਿ ਅਮਰੀਕੀਆਂ ਦੀ ਕੈਦ ਵਿਚ ਬੰਦ ਸਾਰੇ ਕੈਦੀ ਅਫਗਾਨ ਸਰਕਾਰ ਨੂੰ ਸੌਂਪ ਦਿੱਤੇ ਜਾਣਗੇ ਅਤੇ ਰਾਤ ਨੂੰ ਲੋਕਾਂ ਦੇ ਘਰਾਂ 'ਤੇ ਮਾਰੇ ਜਾਂਦੇ ਛਾਪਿਆਂ ਦੀ ਅਗਵਾਈ ਅਮਰੀਕਾ ਦੀ ਥਾਂ ਅਫਗਾਨ ਫੌਜੀ ਕਰਿਆ ਕਰਨਗੇ। ਇਕ ਵਾਰ ਤਾਂ ਫੌਜਾਂ 'ਚ ਤਣਾਅ ਇੰਨਾ ਵਧ ਗਿਆ ਸੀ ਕਿ ਅਫਗਾਨ ਫੌਜੀਆਂ ਅਤੇ ਸਿਪਾਹੀਆਂ ਨੇ ਆਪਣੀਆਂ ਬੰਦੂਕਾਂ ਦੇ ਮੂੰਹ ਅਮਰੀਕੀ ਫੌਜੀਆਂ ਵਲ ਮੋੜ ਲਏ ਸਨ।

ਲੜਾਈ ਦਾ ਕੋਈ ਸਿਰਾ ਨਾ ਲੱਭਦਾ ਦੇਖ ਯੂ. ਕੇ. ਨੇ ਤਾਂ 2012 ਵਿਚ ਹੀ ਲੜਾਈ ਤੋਂ ਕਿਨਾਰਾ ਕਰਨ ਦੀ ਯੁੱਧਨੀਤੀ ਲੱਭਣੀ ਸ਼ੁਰੂ ਕਰ ਦਿੱਤੀ ਸੀ, ਪਰ ਓਬਾਮਾ ਪ੍ਰਸ਼ਾਸਨ ਦਾ ਹਾਲ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਵਾਲਾ ਸੀ। ਜਿਵੇਂ ਕਿਵੇਂ ਟੱਕਰਾਂ ਮਾਰਦਿਆਂ ਆਖਰ 2014 ਵਿਚ ਐਲਾਨ ਕਰ ਦਿੱਤਾ ਕਿ ਉਹ ਤਾਲਿਬਾਨ ਨਾਲ ਜ਼ਮੀਨੀ ਲੜਾਈ ਬੰਦ ਕਰ ਰਹੇ ਹਨ, ਇਸ ਲਈ ਅਫਗਾਨ ਸਰਕਾਰ ਦੀ ਸੁਰੱਖਿਆ ਲਈ ਸਿਰਫ 13,000 ਫੌਜੀ ਅਫਗਾਨਿਸਤਾਨ ਵਿਚ ਰਹਿਣਗੇ।

2017 ਵਿਚ ਜਦੋਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਲੜਾਈ ਦੀ ਕਮਾਂਡ ਸਾਂਭੀ, ਜੰਗ ਬਾਰੇ ਤਾਂ ਓਬਾਮਾ ਵਾਲੀ ਨੀਤੀ ਨੂੰ ਹੀ ਜਾਰੀ ਰੱਖਿਆ, ਪਰ ਸੁਲ੍ਹਾ-ਸਫਾਈ ਦੀਆਂ ਕੋਸ਼ਿਸ਼ਾਂ ਵਿਚ ਤੇਜ਼ੀ ਲੈ ਆਂਦੀ। ਕੋਸ਼ਿਸ਼ਾਂ ਨੂੰ ਬੂਰ ਨਾ ਪੈਂਦਾ ਦੇਖ ਆਖਰ ਟਰੰਪ ਪ੍ਰਸ਼ਾਸਨ ਨੇ 8 ਸਾਲਾਂ ਤੋਂ ਪਾਕਿਸਤਾਨ ਦੀਆਂ ਜੇਲ੍ਹਾਂ 'ਚ ਬੰਦ ਮੁੱਲਾ ਬਰਦਾਰ ਦੀਆਂ ਸੇਵਾਵਾਂ ਲੈਣ ਦਾ ਫੈਸਲਾ ਕਰ ਲਿਆ। ਮੁੱਲਾ ਬਰਦਾਰ ਤਾਲਿਬਾਨ ਜਥੇਬੰਦੀ ਦਾ ਕੋ-ਫਾਊਂਡਰ ਸੀ ਅਤੇ ਤਾਲਿਬਾਨ ਲੀਡਰਸ਼ਿਪ ਵਿਚ ਕਾਫੀ ਪ੍ਰਭਾਵ ਰੱਖਦਾ ਸੀ। ਸੋ, ਪਾਕਿਸਤਾਨ ਸਰਕਾਰ 'ਤੇ ਦਬਾਅ ਪਾ ਕੇ ਉਸ ਨੂੰ ਰਿਹਾ ਕਰਾ ਲਿਆ। ਇਹ ਉਹੀ ਸ਼ਖਸ ਹੈ, ਜਿਸ ਨੇ ਤਾਲਿਬਾਨ ਨੁਮਾਇੰਦੇ ਵਜੋਂ 'ਅਮਨ ਸਮਝੌਤੇ' ਉਤੇ ਦਸਤਖਤ ਕੀਤੇ ਹਨ ਅਤੇ ਸਮਝੌਤੇ ਤੋਂ ਤਿੰਨ ਦਿਨ ਬਾਅਦ ਰਾਸ਼ਟਰਪਤੀ ਟਰੰਪ ਨੇ 35 ਮਿੰਟ ਇਸੇ ਵਿਅਕਤੀ ਨਾਲ ਫੋਨ 'ਤੇ ਗੱਲਬਾਤ ਕੀਤੀ।

ਮੁੱਲਾ ਬਰਦਾਰ ਦੇ ਜੇਲ੍ਹ 'ਚੋਂ ਬਾਹਰ ਆਉਣ ਪਿਛੋਂ ਜਿਸ ਸਮਝੌਤੇ ਸਬੰਧੀ ਮੀਟਿੰਗਾਂ ਦਾ ਦੌਰ ਚੱਲਿਆ, ਮੁੱਖ ਅੜਿੱਕਾ ਅਫਗਾਨ ਸਰਕਾਰ ਦੀ ਪੁਜੀਸ਼ਨ ਬਾਰੇ ਸੀ। ਅਮਰੀਕੀ ਪੁਜੀਸ਼ਨ ਇਹ ਸੀ ਕਿ ਅਫਗਾਨ ਰਾਸ਼ਟਰਪਤੀ ਅਸ਼ਰਫ ਗਨੀ ਦੀ ਸਰਕਾਰ, ਅਫਗਾਨ ਲੋਕਾਂ ਦੀ ਨੁਮਾਇੰਦਾ ਸਰਕਾਰ ਹੈ, ਇਸ ਲਈ ਉਸ ਨੂੰ ਗੱਲਬਾਤ ਵਿਚ ਧਿਰ ਵਜੋਂ ਮਾਨਤਾ ਦੇਣੀ ਬਣਦੀ ਹੈ, ਪਰ ਤਾਲਿਬਾਨ ਕਹਿੰਦੇ ਸਨ ਕਿ ਇਹ ਅਮਰੀਕਾ ਦੀ ਕਠਪੁਤਲੀ ਸਰਕਾਰ ਹੈ, ਅਫਗਾਨ ਲੋਕਾਂ ਵਿਚ ਇਸ ਦਾ ਕੋਈ ਆਧਾਰ ਨਹੀਂ ਹੈ, ਇਸ ਲਈ ਵੱਖਰੀ ਧਿਰ ਨਹੀਂ ਬਣਦੀ। ਆਖਰ ਅਮਰੀਕਾ ਪਿੱਛੇ ਹਟ ਗਿਆ ਅਤੇ ਅਫਗਾਨ ਸਰਕਾਰ ਨੂੰ ਲਾਂਭੇ ਛੱਡ ਕੇ ਤਾਲਿਬਾਨ ਨਾਲ ਨਮੋਸ਼ੀ ਭਰਿਆ ਸਮਝੌਤਾ ਕਰ ਲਿਆ।

ਹੁਣ ਅਫਗਾਨ ਸਰਕਾਰ ਦਾ ਭਵਿਖ ਧੁੰਦਲਾ ਹੈ। ਸਭ ਨੂੰ ਪਤਾ ਹੈ ਕਿ ਖਾਨਾਜੰਗੀ (ਸਿਵਲ ਵਾਰ) ਦੇ ਜਾਰੀ ਰਹਿੰਦਿਆਂ ਰਾਸ਼ਟਰਪਤੀ ਅਸ਼ਰਫ ਗਨੀ ਦੀ ਸਰਕਾਰ, ਤਾਲਿਬਾਨੀ ਕਾਂਗ ਅੱਗੇ ਟਿਕ ਨਹੀਂ ਸਕੇਗੀ। ਰਾਸ਼ਟਰਪਤੀ ਟਰੰਪ ਨੇ ਖੁਦ ਮੰਨਿਆ ਕਿ 'ਇਹ ਹੋ ਸਕਦਾ ਹੈ ਕਿ ਅਮਰੀਕੀ ਫੌਜਾਂ ਦੇ ਅਫਗਾਨਿਸਤਾਨ ਛੱਡਣ ਪਿਛੋਂ ਤਾਲਿਬਾਨ ਅਫਗਾਨ ਸਰਕਾਰ ਨੂੰ ਉਲਟਾ ਦੇਣ। ਸਭ ਦੇਸ਼ਾਂ ਨੂੰ ਆਪਣੀ ਸੁਰੱਖਿਆ ਆਪ ਕਰਨੀ ਚਾਹੀਦੀ ਹੈ।'

ਅਮਰੀਕਾ ਨੇ ਇਸ ਜੰਗ ਵਿਚ 38,000 ਬੰਬ ਸੁੱਟੇ ਅਤੇ 12,000 ਡਰੋਨ ਸਟਰਾਈਕਾਂ ਕੀਤੀਆਂ। ਇਸ ਜੰਗ ਵਿਚ 2300 ਅਮਰੀਕਨ ਫੌਜੀ, 3500 ਕੁਲੀਸ਼ਨ ਫੌਜੀ, 35,000 ਅਫਗਾਨ ਸੁਰੱਖਿਆ ਮੁਲਾਜ਼ਮ, 42,000 ਤਾਲਿਬਾਨ ਲੜਾਕੇ ਅਤੇ 60,000 ਦੇ ਕਰੀਬ ਸਿਵਲੀਅਨ ਮਰੇ ਹਨ। ਵੀਹ ਲੱਖ ਦੇ ਕਰੀਬ ਅਫਗਾਨ ਲੋਕਾਂ ਨੂੰ ਥਾਂ ਬਦਲੀ ਕਰਨੀ ਪਈ। ਅਫਗਾਨਿਸਤਾਨ ਤਬਾਹ ਹੋ ਚੁਕਾ ਹੈ ਅਤੇ ਤਾਲਿਬਾਨ ਦਾ ਪਿਛਾਪੜੀ ਜ਼ਾਲਮ ਰਾਜ ਮੁੜ ਆ ਰਿਹਾ ਹੈ।


ਇਸ ਜੰਗ ਦੇ ਕੁਝ ਹਾਂ-ਪੱਖੀ ਨੁਕਤੇ ਵੀ ਹਨ, ਪਰ ਤਾਂ ਜੇ ਅਫਗਾਨ ਲੋਕ ਇਸ ਦਾ ਲਾਹਾ ਲੈਣ ਦੇ ਕਾਬਲ ਹੋ ਸਕਣ। ਜੰਗ ਨੇ ਦਿਖਾਇਆ ਹੈ ਕਿ ਜੇ ਲੋਕ ਲੜਨ ਦਾ ਫੈਸਲਾ ਕਰ ਲੈਣ ਤਾਂ ਮਜ਼ਬੂਤ ਤੋਂ ਮਜ਼ਬੂਤ ਦੁਸ਼ਮਣ ਨੂੰ ਵੀ ਹਰਾਇਆ ਜਾ ਸਕਦਾ ਹੈ। ਅਫਗਾਨਿਸਤਾਨ ਦੁਨੀਆਂ ਦਾ ਬਹੁਤ ਹੀ ਪਛੜਿਆ ਦੇਸ਼ ਹੈ। ਲੋਕ ਜਗੀਰਦਾਰੀ ਅਤੇ ਸਾਮਰਾਜੀ ਦਾਬੇ ਥੱਲੇ ਜੀਅ ਰਹੇ ਹਨ। ਉਪਰੋਂ ਇਸਲਾਮਿਕ ਕਾਨੂੰਨਾਂ ਦਾ ਲਾਗੂ ਹੋਣਾ ਲੋਕਾਂ ਦੀ ਜ਼ਿੰਦਗੀ ਨੂੰ ਹੋਰ ਵੀ ਬਦਤਰ ਬਣਾਉਂਦਾ ਹੈ। ਅਜੋਕੇ ਹਾਲਾਤ ਵਿਚ ਲੋਕਾਂ ਦੀ ਅਜ਼ਾਦੀ, ਸੁਰੱਖਿਆ, ਵਿਕਾਸ ਦਾ ਰਾਹ ਇਸ ਸਾਮਰਾਜੀ ਜਗੀਰੂ ਸਿਸਟਮ ਨੂੰ ਭੰਨ ਕੇ ਨਵ-ਜਮਹੂਰੀ ਰਾਜ ਦੀ ਸਥਾਪਨਾ ਨਾਲ ਜੁੜਿਆ ਹੋਇਆ ਹੈ। ਅਫਗਾਨ ਲੋਕਾਂ ਕੋਲ ਪਹਿਲਾਂ ਰੂਸੀ ਸਾਮਰਾਜ ਅਤੇ ਹੁਣ 19 ਸਾਲ ਅਮਰੀਕੀ ਪੱਛਮੀ ਸਰਕਾਰ ਖਿਲਾਫ ਲੜਨ ਅਤੇ ਜਿੱਤਣ ਦਾ ਅਮੀਰ ਤੇ ਸਜਿੰਦ ਤਜਰਬਾ ਹੈ। ਲੋੜ ਸਿਰਫ ਇਨਕਲਾਬੀ ਸਿਆਸਤ ਨੂੰ ਸਮਝਣ ਅਤੇ ਲਾਗੂ ਕਰਨ ਦੀ ਹੈ। ਆਸ ਰੱਖਣੀ ਚਾਹੀਦੀ ਹੈ ਕਿ ਅਫਗਾਨ ਲੋਕ ਬਹੁਤ ਜਲਦ ਇਸ ਦਿਸ਼ਾ ਵਿਚ ਅੱਗੇ ਵਧਣਗੇ।



*ਤਾਲਿਬਾਨ ਲੜਾਕਿਆਂ ਦੀ ਇਕ ਤਸਵੀਰ।*

# ਕਰੋਨਾ ਸੰਕਟ ਸਮੇਂ ਸਿਦਕ ਰੱਖ ਕੇ ਚੱਲਣ 'ਚ ਭਲਾਈ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਲੋਕਾਂ ਨੇ ਬੜੀ ਵਾਰੀ ਕਰਫਿਊ ਲੱਗੇ ਵੇਖੇ ਹੋਏ ਹਨ। ਲਾਕ-ਡਾਊਨ ਸ਼ਬਦ ਨਵਾਂ ਸੀ, ਲਾਗੂ ਹੋਣ ਨਾਲ ਇਹ ਵੀ ਲੋਕਾਂ ਨੂੰ ਸਮਝ ਆ ਗਿਆ। ਭਾਰਤ ਤੋਂ ਪਹਿਲਾਂ ਇਹ ਲਾਕ-ਡਾਊਨ ਚੀਨ ਵਿਚ ਹੋਇਆ ਸੀ। ਵੂਹਾਨ ਸ਼ਹਿਰ ਦੇ ਲੋਕਾਂ ਨੂੰ ਜਦੋਂ ਕਰੋਨਾ ਵਾਇਰਸ ਨੇ ਹਾਲੇ ਘੇਰਨਾ ਸ਼ੁਰੂ ਕੀਤਾ ਸੀ, ਚੀਨ ਸਰਕਾਰ ਨੇ ਇਸ ਨੂੰ ਰੋਕਣ ਵਾਸਤੇ ਇਹ ਕਦਮ ਫੌਰੀ ਅਤੇ ਪੂਰੀ ਸਖਤੀ ਨਾਲ ਚੁੱਕਿਆ ਸੀ। ਉਥੋਂ ਦੇ ਲੋਕਾਂ ਨੇ ਵਿਰੋਧ ਨਹੀਂ ਸੀ ਕੀਤਾ। ਕੌਮਾਂ 'ਚ ਜ਼ਾਬਤੇ ਦਾ, ਡਿਸਿਪਲਿਨ ਦਾ, ਕੀ ਅਰਥ ਹੁੰਦਾ ਹੈ ਤੇ ਇਸ ਦੇ ਲਾਭ ਕੀ ਹੁੰਦੇ ਹਨ? ਇਹ ਗੱਲ ਜਾਪਾਨ ਅਤੇ ਚੀਨ ਦੇ ਆਮ ਲੋਕਾਂ ਨੇ ਬਾਕੀ ਦੁਨੀਆਂ ਨੂੰ ਸਮਝਾ ਦਿੱਤੀ ਹੈ। ਇਨ੍ਹਾਂ ਦੇਸ਼ਾਂ ਵਿਚ ਜਦੋਂ ਬਿਮਾਰੀ ਦਾ ਮੁੱਢ ਬੱਝਾ ਤਾਂ ਦੋਹਾਂ ਦੇਸ਼ਾਂ ਵਿਚ ਸਾਡੇ ਦੇਸ਼ ਵਾਂਗ ਸਮੁੱਚਾ ਲਾਕ-ਡਾਊਨ ਕਰਨ ਦੀ ਥਾਂ ਸਬੰਧਤ ਇਲਾਕਿਆਂ ਵਿਚ ਆਵਾਜਾਈ ਰੋਕੀ ਗਈ ਸੀ ਅਤੇ ਇਸ ਨਾਲ ਇਹ ਰੋਗ ਹੋਰ ਥਾਂਈਂ ਫੈਲਣ ਤੋਂ ਰੁਕ ਗਿਆ ਸੀ।

ਇਰਾਨ ਤੇ ਇਟਲੀ ਵਿਚ ਇਸ ਮਾਮਲੇ ਵਿਚ ਅਵੇਸਲੇ ਹੋਣ ਕਾਰਨ ਜਦੋਂ ਨੁਕਸਾਨ ਹੋ ਚੁਕਾ ਸੀ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਸਮਝਣਾ ਚਾਹੀਦਾ ਸੀ, ਪਰ ਉਹ ਸੰਸਾਰ ਵਿਚ ਫੈਲ ਰਹੀ ਇਸ ਬਿਮਾਰੀ ਵੱਲ ਧਿਆਨ ਦੇਣ ਤੋਂ ਵੱਧ ਚੋਣਾਂ ਦੇ ਮੋਰਚੇ ਵੱਲ ਹੀ ਰੁੱਝਾ ਰਿਹਾ ਸੀ। ਸਿੱਟਾ ਇਹ ਨਿਕਲਿਆ ਕਿ ਚੀਨ ਪਿਛੋਂ ਜਦੋਂ ਉਹੋ ਬਿਮਾਰੀ ਇਟਲੀ ਵਿਚ ਆਈ ਤਾਂ ਉਸ ਦਾ ਬੁਰਾ ਹਾਲ ਹੋ ਗਿਆ ਅਤੇ ਫਿਰ ਜਦੋਂ ਉਸ ਪਿਛੋਂ ਅਮਰੀਕਾ 'ਚ ਪਹੁੰਚੀ, ਉਥੇ ਵੀ ਕੇਸਾਂ ਤੇ ਮੌਤਾਂ ਦੀ ਗਿਣਤੀ ਧੜਾਧੜ ਵਧਣ ਲੱਗ ਪਈ।

ਅਸੀਂ ਕਈ ਗੱਲਾਂ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨੁਕਤਾਚੀਨੀ ਕਰਦੇ ਰਹਿੰਦੇ ਹਾਂ ਤੇ ਅਜਿਹਾ ਕਰਨ ਵਿਚ ਕੁਝ ਗਲਤ ਨਹੀਂ ਕਰਦੇ, ਪਰ ਉਸ ਨੇ ਜਦੋਂ ਦੇਸ਼ ਵਿਚ ਇੱਕ ਦਿਨ ਦਾ ਜਨਤਾ ਕਰਫਿਊ ਲਾਗੂ ਕਰਨ ਲਈ ਸੱਦਾ ਦੇਣ ਵਾਲਾ ਭਾਸ਼ਣ ਕੀਤਾ ਸੀ, ਅਸੀਂ ਸਭ ਤੋਂ ਪਹਿਲਾਂ ਇਸ ਦਾ ਸਵਾਗਤ ਕੀਤਾ ਸੀ। ਕਾਰਨ ਸਿਰਫ ਇਹ ਸੀ ਕਿ ਅਸੀਂ ਚੀਨ ਤੇ ਜਾਪਾਨ ਵਿਚ ਲਾਕ-ਡਾਊਨ ਦੇ ਸਿੱਟੇ ਵੇਖਣ ਪਿੱਛੋਂ ਇਹ ਕਦਮ ਠੀਕ ਸਮਝਦੇ ਸਾਂ। ਫਿਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਫਿਊ ਲਾਉਣ ਦਾ ਐਲਾਨ ਕੀਤਾ ਤਾਂ ਅਸੀਂ ਇਸ ਸਖਤ ਕਦਮ ਲਈ ਮਾਨਸਿਕ ਪੱਖ ਤੋਂ ਭਾਵੇਂ ਖੁਦ ਵੀ ਤਿਆਰ ਨਹੀਂ ਸਾਂ, ਫਿਰ ਵੀ ਇਸ ਨੂੰ ਬਚਾਅ ਦੇ ਕਦਮ ਵਜੋਂ ਜਾਇਜ਼ ਮੰਨਿਆ ਤੇ ਲੋਕਾਂ ਨੂੰ ਇਸ ਨੂੰ ਮੰਨ ਕੇ ਬਿਮਾਰੀ ਤੋਂ ਬਚਾਅ ਲਈ ਸਹਿਯੋਗ ਕਰਨ ਦਾ ਸੱਦਾ ਦਿੱਤਾ ਸੀ।

ਸਰਕਾਰਾਂ ਦੇ ਇਹ ਦੋਵੇਂ ਕਦਮ ਜਿਨ੍ਹਾਂ ਲੋਕਾਂ ਨੂੰ ਗਲਤ ਲੱਗੇ, ਉਹ ਪੁੱਛਦੇ ਸਨ ਕਿ ਇਸ ਨਾਲ ਕੀ ਹੋਊ? ਉਨ੍ਹਾਂ ਨੂੰ ਅਸੀਂ ਦੱਸਿਆ ਸੀ ਕਿ ਜਿਨ੍ਹਾਂ



ਲੋਕਾਂ ਵਿਚ ਕਰੋਨਾ ਵਾਇਰਸ ਦਾ ਕੋਈ ਕੀਟਾਣੂ ਹੋਇਆ, ਉਹ ਇਸ ਕਰਫਿਊ ਦੇ ਦਿਨਾਂ ਵਿਚ ਪਤਾ ਲੱਗ ਜਾਵੇਗਾ ਤੇ ਇਲਾਜ ਕੀਤਾ ਜਾ ਸਕੇਗਾ ਅਤੇ ਬਾਕੀ ਲੋਕਾਂ ਨੂੰ ਬਿਮਾਰੀ ਤੋਂ ਬਚੇ ਹੋਏ ਕਰਾਰ ਦੇ ਕੇ ਕੰਮ ਕਰਨ ਦੀ ਖੁੱਲ੍ਹ ਮਿਲ ਜਾਵੇਗੀ।

ਆਮ ਲੋਕਾਂ ਨੂੰ ਚਾਹੀਦਾ ਸੀ ਕਿ ਉਹ ਇਸ ਨੂੰ ਮੰਨਦੇ, ਪਰ ਜਿੱਥੇ ਕੁਝ ਲੋਕਾਂ ਦੀ ਬਾਹਰ ਆਉਣ ਦੀ ਮਜਬੂਰੀ ਸੀ, ਉਥੇ ਕੁਝ ਹੋਰ ਲੋਕਾਂ ਨੂੰ ਬਾਹਰ ਘੁੰਮ ਕੇ ਵੇਖਣ ਦਾ ਸ਼ੌਕ ਵੀ ਸੜਕਾਂ 'ਤੇ ਲੈ ਆਇਆ। ਅੱਗੇ ਪੁਲਿਸ ਮੁਲਾਜ਼ਮ ਅਜੇ ਵੀ ਅੰਗਰੇਜ਼ੀ ਰਾਜ ਵੇਲੇ ਦਾ ਵਿਹਾਰ ਕਰਨਾ ਨਹੀਂ ਛੱਡਦੇ। ਉਨ੍ਹਾਂ ਨੇ ਲੋਕਾਂ ਨੂੰ ਸਮਝਾਉਣ ਜਾਂ ਚਾਰ ਪਲ ਖੂੰਜੇ ਵਿਚ ਬਿਠਾ ਕੇ ਘਰੀਂ ਮੋੜਨ ਦੀ ਥਾਂ ਆਮ ਲੋਕਾਂ ਨੂੰ ਸੜਕਾਂ 'ਤੇ ਕੁੱਟਣ, ਮੁਰਗਾ ਬਣਾਉਣ, ਨੱਕ ਨਾਲ ਲਕੀਰਾਂ ਕਢਵਾਉਣ ਅਤੇ ਸੜਕਾਂ 'ਤੇ ਲੇਟਣੀਆਂ ਖਾਣ ਲਈ ਮਜਬੂਰ ਕਰਨ ਦਾ ਉਹ ਕੰਮ ਫੜ ਲਿਆ, ਜੋ ਕਦੇ ਨਹੀਂ ਹੋਣਾ ਚਾਹੀਦਾ।

ਪਤਾ ਲੱਗਾ ਕਿ ਮੁੱਖ ਮੰਤਰੀ ਅਤੇ ਪੰਜਾਬ ਪੁਲਿਸ ਦੇ ਮੁਖੀ ਨੇ ਪੁਲਿਸ ਵਾਲਿਆਂ ਨੂੰ ਅਕਲ ਨਾਲ ਵਿਹਾਰ ਕਰਨ ਲਈ ਕਿਹਾ ਸੀ, ਪਰ ਏਦਾਂ ਦੀ ਸਮਝਾਉਣੀ ਦਾ ਬਹੁਤਾ ਅਸਰ ਹੇਠਾਂ ਅਮਲ ਵਿਚ ਨਹੀਂ ਵੇਖਿਆ ਗਿਆ। ਪੁਲਿਸ ਵਾਲੇ ਆਪਣੇ ਪੁੱਠੇ ਕੰਮ ਕਰਨ ਲੱਗੇ ਰਹੇ। ਜਿਸ ਦੇਸ਼ ਵਿਚ ਏਦਾਂ ਦੀ ਅਮਨ-ਕਾਨੂੰਨ ਦੀ ਮਸ਼ੀਨਰੀ ਹੋਵੇ, ਉਥੇ ਕੀਤਾ ਗਿਆ ਚੰਗਾ ਕੰਮ ਵੀ ਸਹੀ ਸਿੱਟੇ ਕੱਢਣ ਦੀ ਥਾਂ ਖੇਹ ਉਡਾਉਣ ਦਾ ਕਾਰਨ ਬਣਦਾ ਹੈ। ਸਰਕਾਰ ਇਸ ਨੂੰ ਰੋਕ ਨਹੀਂ ਸੀ ਸਕੀ। ਇਸ ਕਾਰਨ ਬਦਨਾਮੀ ਹੋਈ ਤਾਂ ਇਹ ਪੁਲਿਸ ਵਾਲਿਆਂ ਦੀ ਨਹੀਂ ਹੋਈ, ਪੁਲਿਸ ਦੀ ਕਮਾਂਡ ਕਰਨ ਵਾਲੀ ਸਰਕਾਰ ਦੀ ਹੀ ਹੋਣੀ ਸੀ।

ਦੂਜੀ ਗੱਲ ਇਹ ਕਿ ਇੱਕ ਗਿਆਨੀ ਬਲਦੇਵ ਸਿੰਘ ਦੀ ਮੂਰਖਤਾ ਕਾਰਨ ਪੰਜਾਬ ਵਿਚ ਕਈ ਥਾਂਈਂ ਇਸ ਰੋਗ ਦੀ ਲਾਗ ਪਹੁੰਚੀ ਹੋਣ ਕਰ ਕੇ ਉਸ ਨੂੰ ਲੋਕ ਗਾਲ੍ਹਾਂ ਕੱਢਦੇ ਹਨ, ਪਰ ਇਸ ਤਰ੍ਹਾਂ ਗਾਲ੍ਹਾਂ ਕੱਢਣ ਦਾ ਫਾਇਦਾ ਨਹੀਂ, ਉਹ ਆਦਮੀ ਮਰ ਚੁਕਾ ਹੈ। ਕਰਨ ਵਾਲਾ ਕੰਮ ਤਾਂ ਇਹ ਹੈ ਕਿ ਜਲੰਧਰ ਦੇ ਜਿਸ ਹਸਪਤਾਲ ਦੇ ਡਾਕਟਰਾਂ ਨੂੰ ਉਸ ਆਦਮੀ ਨੂੰ ਲੱਗ ਚੁਕੀ ਬਿਮਾਰੀ ਦਾ ਪਤਾ ਸੀ, ਉਨ੍ਹਾਂ ਨੂੰ ਇਸ ਦੇ ਬਾਵਜੂਦ ਉਸ ਆਦਮੀ ਨੂੰ ਜਾਣ ਦੇਣ ਤੇ ਸਿਹਤ ਵਿਭਾਗ ਤੋਂ ਓਹਲਾ ਰੱਖਣ ਲਈ ਕਟਹਿਰੇ ਵਿਚ ਖੜਾ ਕੀਤਾ ਜਾਵੇ।

ਦੋ ਜਿਲਿਆਂ-ਨਵਾਂ ਸ਼ਹਿਰ ਅਤੇ ਹੁਸ਼ਿਆਰਪੁਰ ਦੇ ਜਿਨ੍ਹਾਂ ਪਿੰਡਾਂ ਵਿਚ ਇਸ ਵੇਲੇ ਇਸ ਬਿਮਾਰੀ ਨੇ ਪਿੱਟਣੇ ਪਾ ਰੱਖੇ ਹਨ, ਉਨ੍ਹਾਂ ਲਈ ਜਿੰਮੇਵਾਰ ਮਰੀਜ਼ ਤਾਂ ਮਰ ਗਿਆ, ਡਾਕਟਰ ਕਿਤੇ ਨਹੀਂ ਚਲੇ ਗਏ, ਉਹ ਇਸ ਜਿੰਮੇਵਾਰੀ ਤੋਂ ਨਹੀਂ ਬਚਣੇ ਚਾਹੀਦੇ। ਜ਼ਮੀਨੀ ਕਬਜ਼ਿਆਂ ਤੱਕ ਦੇ ਕਈ ਵਿਵਾਦਾਂ ਵਿਚ ਉਲਝੀ ਹੋਈ ਉਸ ਹਸਪਤਾਲ ਦੀ ਮੈਨੇਜਮੈਂਟ ਦੇ ਹੱਥ ਏਨੇ ਲੰਮੇ ਹਨ ਕਿ ਅਜੇ ਤੱਕ ਉਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਹੋਈ।

ਤੀਜੀ ਗੱਲ, ਅਣਕਿਆਸੀ ਬਿੱਜ ਪੈਣ ਜਿਹੀ ਇਸ ਬਿਮਾਰੀ ਦੇ ਖਿਲਾਫ ਲੜਨ ਲਈ ਸੰਸਾਰ ਵਿਚ ਇੱਕ ਉਚੇਚੀ ਕਤਾਰਬੰਦੀ ਚਾਹੀਦੀ ਹੈ, ਪਰ ਏਦਾਂ ਦੀ ਕਤਾਰਬੰਦੀ ਲਈ ਰਾਜਨੀਤਕ ਤੇ ਡਿਪਲੋਮੈਟਿਕ ਖਿੱਚੋਤਾਣ ਲਾਂਭੇ ਰੱਖਣੀ ਪੈਣੀ ਹੈ। ਕੁਝ ਦੇਸ਼ਾਂ ਨੇ ਇਸ ਲੜਾਈ ਲਈ ਚੀਨੀ ਤਜਰਬੇ ਤੋਂ ਸਿੱਖਣ ਦੀ ਥਾਂ ਉਸ ਦੇ ਖਿਲਾਫ ਸੰਸਾਰ ਭਰ ਵਿਚ ਨਵੀਂ ਭੰਡੀ ਦੀ ਮੁਹਿੰਮ ਵਿੱਢ ਦਿੱਤੀ ਹੈ। ਸਾਡੇ ਭਾਰਤ ਦੇ ਕੁਝ ਟੀ. ਵੀ. ਚੈਨਲ ਇਸ ਕੰਮ ਵਿਚ ਫਿਰ ਮੋਹਰੀ ਹੋ ਕੇ ਇੰਜ ਖੱਪ ਪਾਈ ਜਾਂਦੇ ਹਨ, ਜਿਵੇਂ ਗਵਾਂਢੀ ਦੇਸ਼ਾਂ ਦੇ ਖਿਲਾਫ ਭਾਰਤੀ ਲੋਕਾਂ ਨੂੰ ਭੜਕਾਉਣਾ ਉਨ੍ਹਾਂ ਦੀ ਆਦਤ ਹੈ। ਬਾਰਡਰ ਦੀ ਖਿੱਚੋਤਾਣ ਉਨ੍ਹਾਂ ਲਈ ਧਰਮ ਦੀ ਜੰਗ ਦਾ ਮੁੱਦਾ ਹੁੰਦਾ ਹੈ ਤੇ ਬਿਮਾਰੀ ਦੇ ਖਿਲਾਫ ਮੁਹਿੰਮ ਲਈ ਚੀਨ ਖਿਲਾਫ ਜਦੋਂ ਉਹ ਕਮਰਕੱਸ ਕਰਨ ਲੱਗੇ ਤਾਂ ਪੁਰਾਣੇ ਕੂੜ ਕਿੱਸੇ ਵੇਚੀ ਜਾਂਦੇ ਹਨ ਕਿ ਫਲਾਣੇ ਵੇਲੇ ਰੂਸ ਦੀ ਕਮਿਊਨਿਸਟ ਸਰਕਾਰ ਨੇ ਐਨੇ ਲੋਕ ਮਾਰ ਦਿੱਤੇ ਸਨ ਅਤੇ ਇਸ ਵਾਰੀ ਚੀਨ ਵਿਚ ਸਰਕਾਰ ਨੇ ਐਨੇ ਹਜ਼ਾਰ ਲੋਕਾਂ ਨੂੰ ਮਾਰ ਦਿੱਤਾ ਹੈ। ਬਕਵਾਸ ਦੀ ਕੋਈ ਹੱਦ ਹੀ ਨਹੀਂ ਰਹਿਣ ਦਿੱਤੀ ਜਾਂਦੀ।

ਇਟਲੀ ਵਿਚ ਬਿਮਾਰੀ ਵਧਣ 'ਤੇ ਸਭ ਤੋਂ ਅੱਗੇ ਹੋ ਕੇ ਜਿਸ ਕਿਊਬਾ ਨੇ ਇੱਕ ਮੈਡੀਕਲ ਬ੍ਰੀਗੇਡ ਉਥੋਂ ਦੇ ਲੋਕਾਂ ਦੀ ਮਦਦ ਲਈ ਭੇਜੀ, ਇਟਲੀ ਵਿਚ ਭਾਵੇਂ ਆਮ ਲੋਕਾਂ ਨੇ ਉਸ ਨਾਲ ਰਾਹਤ ਮਹਿਸੂਸ ਕੀਤੀ, ਪਰ ਅਮਰੀਕੀ ਰਾਸ਼ਟਰਪਤੀ ਤੇ ਉਸ ਦੀ ਚਾਟ 'ਤੇ ਲੱਗੇ ਮੀਡੀਆ ਦੇ ਢੰਡੋਰਚੀਆਂ ਨੇ ਉਸ ਖਿਲਾਫ ਵੀ ਭੰਡੀ-ਪ੍ਰਚਾਰ ਦੀ ਮੁਹਿੰਮ ਵਿੱਢ ਦਿੱਤੀ ਹੈ। ਇਸ ਤਰ੍ਹਾਂ ਲੱਗਣ ਲੱਗ ਪਿਆ ਹੈ ਕਿ ਉਨ੍ਹਾਂ ਲਈ ਇਸ ਮੌਕੇ ਵੀ ਬਿਮਾਰੀ ਖਿਲਾਫ ਸਾਰੇ ਸੰਸਾਰ ਦੇ ਲੋਕਾਂ ਨੂੰ ਇਕਜੁੱਟ ਕਰਨ ਨਾਲੋਂ ਵੱਡਾ ਕੰਮ ਡਿਪਲੋਮੇਸੀ ਦੇ ਮੋਰਚੇ 'ਤੇ ਟਰੰਪ ਦੀ ਫਤਿਹ ਦਾ ਨਗਾਰਾ ਖੜਕਾਉਣਾ ਅਤੇ ਅਮਰੀਕਾ ਵਿਚ ਟਰੰਪ ਨੂੰ ਮੁੜ ਚੋਣ ਜਿੱਤਦਾ ਵੇਖਣ ਹੀ ਹੋ ਗਿਆ ਹੈ। ਸਭ ਨੂੰ ਪਤਾ ਹੈ ਕਿ ਸਾਡਾ ਪ੍ਰਧਾਨ ਮੰਤਰੀ ਪਿਛਲੇ ਸਾਲ ਅਮਰੀਕਾ ਵਿਚ ਜਾ ਕੇ ਵੀ ਹਜ਼ਾਰਾਂ ਲੋਕਾਂ ਸਾਹਮਣੇ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਉਹ ਨਾਅਰਾ ਦੇ ਆਇਆ ਸੀ, ਜੋ ਡਿਪਲੋਮੈਟਿਕ ਚੱਜ-ਆਚਾਰ ਦੀਆਂ ਹੱਦਾਂ ਤੋਂ ਪਰੇ ਸੀ।

ਚੌਥਾ ਕੰਮ ਇਹੋ ਜਿਹੇ ਵਕਤ ਆਪਣੇ ਲੋਕਾਂ ਨੂੰ ਤਿਆਰ ਕਰਨ ਦਾ ਹੁੰਦਾ ਹੈ ਕਿ ਮੁਸੀਬਤ ਸਿਰਫ ਕਰਫਿਊ ਵਾਲੇ ਪੰਦਰਾਂ-ਵੀਹ ਦਿਨਾਂ ਦੀ ਨਹੀਂ, ਅਗਲੇ ਦਿਨਾਂ 'ਚ ਸੰਸਾਰ ਪੱਧਰ ਦੀ ਮਹਾਮਾਰੀ ਦੇ ਟਾਕਰੇ ਲਈ ਹੋਰ ਸਖਤੀ ਵਾਲਾ ਦੌਰ ਝੱਲਣਾ ਪੈ ਸਕਦਾ ਹੈ। ਕੇਂਦਰ ਦੀ ਸਰਕਾਰ ਤੇ ਰਾਜ ਦੀ ਵੀ, ਇਸ ਬਾਰੇ ਬਹੁਤਾ ਕੁਝ ਨਹੀਂ ਕਰ ਸਕੀ। ਭਾਰਤ ਦੇ ਲੋਕਾਂ ਦਾ ਸੁਭਾਅ ਵੀ ਏਦਾਂ ਦਾ ਹੈ ਕਿ ਉਹ ਅਜੇ ਤੱਕ ਮਨਾਂ ਵਿਚ ਜ਼ਾਬਤੇ ਦਾ ਕੋਈ ਕੋਨਾ ਨਹੀਂ ਬਣਾ ਸਕੇ। ਬਹੁਤ ਵੱਡੇ-ਚੌੜੇ ਹਾਈਵੇ ਬਣਨ ਪਿਛੋਂ ਵੀ ਲੋਕਾਂ ਨੂੰ ਅਜੇ ਤੱਕ ਲਾਈਨਾਂ ਵਿਚ ਚੱਲਣ ਦੀ ਆਦਤ ਨਹੀਂ, ਬੈਂਕਾਂ ਜਾਂ ਹਸਪਤਾਲਾਂ ਤੇ ਹੋਰ ਥਾਂਵਾਂ 'ਤੇ ਲਾਈਨਾਂ ਵਿਚ ਲੱਗ ਕੇ ਆਪੋ ਆਪਣਾ ਕੰਮ ਭੁਗਤਾਉਣ ਦੀ ਥਾਂ ਧੱਕੇ ਮਾਰੀ ਜਾਣ ਅਤੇ ਆਪ ਵੀ ਧੱਕੇ ਖਾਣ ਦਾ ਸਾਡਾ ਸੁਭਾਅ ਨਹੀਂ ਬਦਲ ਰਿਹਾ।

ਸੰਕਟ ਦਾ ਸਮਾਂ ਹੈ। ਰਾਜ ਸਰਕਾਰ ਦਾ ਹੁਕਮ ਹੈ ਜਾਂ ਕੇਂਦਰ ਦਾ, ਇਸ ਵੇਲੇ ਜੇ ਅਸੀਂ ਸੋਚੀਏ ਕਿ ਹਰ ਗੱਲ ਸਾਡੀ ਇੱਛਾ ਮੁਤਾਬਕ ਹੋਵੇਗੀ ਅਤੇ ਹਰ ਚੀਜ਼ ਇੱਛਾ ਮੁਤਾਬਕ ਮਿਲਦੀ ਰਹੇਗੀ ਤਾਂ ਇਹ ਗਲਤ ਹੋਵੇਗਾ। ਸੰਕਟ ਤਾਂ ਸੰਕਟ ਹੁੰਦਾ ਹੈ। ਮੁਲਕਾਂ ਦੇ ਇਤਿਹਾਸ ਵਿਚ ਏਦਾਂ ਦੇ ਸਮੇਂ ਵੀ ਆਉਣ ਦੇ ਬਿਰਤਾਂਤ ਮਿਲਦੇ ਹਨ, ਜਦੋਂ ਮਸਾਂ ਅੱਧੀ ਰੋਟੀ ਖਾ ਕੇ ਵੀ ਆਮ ਲੋਕਾਂ ਨੂੰ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ ਤੇ ਉਸ ਵਕਤ ਉਨ੍ਹਾਂ ਸੰਕਟਾਂ ਵਿਚੋਂ ਸਿਰਫ ਸਿਦਕ ਵਾਲੇ ਪਾਰ ਹੁੰਦੇ ਰਹੇ ਹਨ। ਅਜੋਕੇ ਸਮੇਂ ਵੀ ਚੀਨ ਤੋਂ ਅਮਰੀਕਾ ਤੱਕ ਤੇ ਸਾਡੇ ਭਾਰਤ ਤੋਂ ਦੁਨੀਆਂ ਦੀ ਹਰ ਨੁੱਕਰ ਤੱਕ ਉਸੇ ਕਿਸਮ ਦੇ ਸੰਕਟ ਦਾ ਸਮਾਂ ਹੈ, ਜਿਸ ਤੋਂ ਪਾਰ ਪਾਉਣ ਲਈ ਸਾਨੂੰ ਇੱਕ ਪਾਸੇ ਜ਼ਾਬਤੇ ਦੇ ਆਦੀ ਬਣਨਾ ਪਵੇਗਾ ਤੇ 'ਮਰ ਗਏ-ਮਰ ਗਏ' ਦੀਆਂ ਬਹੁੜੀਆਂ ਛੱਡ ਕੇ ਸਿਦਕ ਰੱਖ ਕੇ ਚੱਲਣਾ ਪਵੇਗਾ। ਇਹ ਸੰਕਟ ਕੁਦਰਤ ਦਾ ਪਾਇਆ ਹੋਇਆ ਹੈ, ਕੁਦਰਤ ਦੇ ਅੱਗੇ ਜ਼ਿਦਾਂ ਵੀ ਨਹੀਂ ਪੁੱਗ ਸਕਦੀਆਂ ਅਤੇ ਹੋਛਾਪਣ ਵੀ ਬਿਲਕੁਲ ਨਹੀਂ ਚੱਲ ਸਕਦਾ। ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਸਮੁੱਚੇ ਸੰਸਾਰ-ਪਿੰਡ ਦੇ ਹਰ ਦੇਸ਼ ਦੇ ਵਾਸੀਆਂ ਨੂੰ ਆਪਸੀ ਸਾਂਝ ਦੀਆਂ ਤੰਦਾਂ ਹੋਰ ਮਜ਼ਬੂਤ ਕਰਨੀਆਂ ਅਤੇ ਹਰ ਗੱਲ ਲਈ ਇੱਕ ਦੂਜੇ ਦਾ ਸਹਿਯੋਗ ਕਰਨਾ ਪੈਣਾ ਹੈ।

# ਕੋਵਿਡ-19 ਅਤੇ ਅਮਰੀਕਾ-ਚੀਨ ਵਿਚਾਲੇ ਰਿਸ਼ਤਾ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਕਹਿੰਦੇ ਹਨ, ਜਦੋਂ ਪਿੰਡ ਨੂੰ ਇਕੋ ਮਹਾਮਾਰੀ ਨੇ ਘੇਰਿਆ ਹੋਵੇ ਤਾਂ ਉਸ ਦੇ ਵਸਨੀਕਾਂ ਨੂੰ ਕਦੇ ਵੱਖ ਵੱਖ ਰਾਹ ਨਹੀਂ ਅਪਨਾਉਣੇ ਚਾਹੀਦੇ ਤੇ ਨਾ ਹੀ ਮਹਾਮਾਰੀ ਫੈਲਾਉਣ ਲਈ ਇਕ-ਦੂਜੇ 'ਤੇ ਦੋਸ਼ ਮੜਨ 'ਚ ਸਮਾਂ ਜ਼ਾਇਆ ਕਰਨਾ ਚਾਹੀਦਾ ਹੈ। ਸਗੋਂ ਸਭ ਤੋਂ ਪਹਿਲਾਂ ਮਹਾਮਾਰੀ ਤੋਂ ਬਚਾਅ ਅਤੇ ਉਸ ਦੇ ਇਲਾਜ ਲਈ ਇਕ ਦੂਜੇ ਨਾਲ ਮਿਲਜੁਲ ਕੇ ਤਾਲਮੇਲ ਬਣਾ ਕੇ ਹੱਲ ਕੱਢਣਾ ਚਾਹੀਦਾ ਹੈ। ਕਹਿੰਦੇ ਹਨ, ਦੁੱਖ ਵੰਡਿਆਂ ਘਟ ਜਾਂਦਾ ਹੈ ਅਤੇ ਖੁਸ਼ੀ ਦੁੱਗਣੀ ਹੋ ਜਾਂਦੀ ਹੈ।

ਜਦੋਂ ਦਾ ਮਨੁੱਖੀ ਜੀਵਨ 'ਚ ਸੁੱਖ ਸਹੂਲਤਾਂ ਦਾ ਵਾਧਾ ਹੋਇਆ ਹੈ, ਹਰ ਮੁਲਕ ਕਿਸੇ ਨਾ ਕਿਸੇ ਤਰ੍ਹਾਂ ਦੂਜੇ ਦੇਸ਼ 'ਤੇ ਕਿਸੇ ਨਾ ਕਿਸੇ ਚੀਜ਼ ਨੂੰ ਲੈ ਕੇ ਨਿਰਭਰ ਕਰਦਾ ਹੈ। ਇਕ ਦੂਜੇ ਦੀਆਂ ਲੋੜਾਂ ਨਾਲ ਅਸੀਂ ਸਾਰੇ ਹੀ ਬੱਝੇ ਹੋਏ ਹਾਂ। ਅੱਜ ਅਸੀਂ ਚਾਹ ਕੇ ਵੀ ਸੰਸਾਰ ਦੇ ਦੂਜੇ ਦੇਸ਼ਾਂ ਨਾਲੋਂ ਵੱਖ ਨਹੀਂ ਹੋ ਸਕਦੇ।

ਦਸੰਬਰ ਮਹੀਨੇ ਦੇ ਅਖੀਰ ਵਿਚ ਕਰੋਨਾ ਵਾਇਰਸ (ਕੋਵਿਡ-19) ਨੇ ਚੀਨ ਦੇ ਵੂਹਾਨ ਸ਼ਹਿਰ ਵਿਚ ਦਸਤਕ ਦਿੱਤੀ ਤਾਂ ਸੰਸਾਰ ਦੇ ਵੱਖ ਵੱਖ ਦੇਸ਼ਾਂ ਸਮੇਤ ਸੁਪਰ ਪਾਵਰ ਕਹਾਉਣ ਵਾਲਿਆਂ ਨੂੰ ਇੰਜ ਲੱਗਾ ਕਿ ਇਹ ਸਿਰਫ ਚੀਨ ਤੱਕ ਹੀ ਸੀਮਤ ਰਹੇਗੀ। ਇਸੇ ਲਈ ਚੀਨ ਨਾਲ ਦੁੱਖ ਸਾਂਝਾ ਕਰਨ ਜਾਂ ਬਿਮਾਰੀ ਦਾ ਇਲਾਜ ਕਰਨ 'ਚ ਉਸ ਦੀ ਮਦਦ ਕਰਨ ਦੀ ਥਾਂ ਕਰੋਨਾ ਵਾਇਰਸ ਨੂੰ 'ਚਾਇਨੀਜ਼ ਵਾਇਰਸ' ਕਹਿ ਕੇ ਚੀਨ ਦੀ ਇਕ ਤਰ੍ਹਾਂ ਭੰਡੀ ਕੀਤੀ ਗਈ।

ਇਸਲਾਮ 'ਚ ਆਖਿਆ ਗਿਆ ਹੈ ਕਿ ਕਿਸੇ ਮੁਸੀਬਤ ਵਿਚ ਪਏ ਵਿਅਕਤੀ ਜਾਂ ਕੌਮ ਦਾ ਹਰਗਿਜ਼ ਮਖੌਲ ਨਾ ਉਡਾਓ, ਇਹ ਨਾ ਹੋਵੇ ਕਿ ਰੱਬ (ਕੁਦਰਤ) ਉਸ ਮੁਸੀਬਤ 'ਚ ਗ੍ਰਸਤ ਬੰਦੇ ਨੂੰ ਉਸ 'ਚੋਂ ਕੱਢ ਕੇ ਮਖੌਲ ਕਰਨ ਵਾਲਿਆਂ ਨੂੰ ਉਸ ਵਿਚ ਗ੍ਰਸਤ ਕਰ ਦੇਵੇ। ਇਸਲਾਮ ਧਰਮ ਦੇ ਪੈਗੰਬਰ ਹਜਰਤ ਮੁਹੰਮਦ ਸਲੱਲਾਹੋ ਅਲੈਹਵ ਸਲੱਮ ਦੀ ਇਕ ਹਦੀਸ ਦਾ ਅਰਥ ਹੈ ਕਿ ਜੇ ਕਿਸੇ ਸ਼ਹਿਰ ਜਾਂ ਇਲਾਕੇ ਵਿਚ ਬੀਮਾਰੀ ਫੈਲਦੀ ਹੈ ਤਾਂ ਬੀਮਾਰੀ ਫੈਲਣ ਵਾਲੇ ਇਲਾਕੇ ਵਿਚ ਮੌਜੂਦ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਦੂਜੇ ਇਲਾਕਿਆਂ ਵਿਚ ਹਰਗਿਜ਼ ਨਾ ਜਾਣ। ਇਸੇ ਤਰ੍ਹਾਂ ਦੂਜੇ ਇਲਾਕਿਆਂ ਦੇ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਜਿਸ ਸ਼ਹਿਰ ਜਾਂ ਇਲਾਕੇ ਵਿਚ ਮਹਾਮਾਰੀ ਫੈਲੀ ਹੈ, ਉਸ ਵਿਚ ਪ੍ਰਵੇਸ਼ ਨਾ ਕਰਨ; ਪਰ ਉਕਤ ਗੱਲਾਂ 'ਤੇ ਧਿਆਨ ਨਾ ਦੇਣ ਦਾ ਨਤੀਜਾ ਅੱਜ ਪੂਰੀ ਦੁਨੀਆਂ ਦੇ ਲੋਕ ਭੁਗਤਣ ਲਈ ਮਜਬੂਰ ਹਨ।

ਦੁਨੀਆਂ ਦੇ ਕਰੀਬ 200 ਦੇਸ਼ਾਂ ਵਿਚ ਕਰੋਨਾ ਵਾਇਰਸ ਨਾਲ ਪੀੜਤ ਮਰੀਜ਼ਾਂ ਵਿਚ ਲਗਾਤਾਰ ਲੱਖਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਇਥੋਂ ਤੱਕ ਕਿ ਇਟਲੀ, ਇਰਾਨ, ਸਪੇਨ ਅਤੇ ਯੂਰਪ ਦੇ ਦੂਜੇ ਦੇਸ਼ਾਂ ਬਰਤਾਨੀਆ ਆਦਿ ਦੇ ਲੋਕਾਂ ਦੀ ਗਿਣਤੀ ਵਿਚ ਬੇਸ਼ੁਮਾਰ ਵਾਧਾ ਹੋ ਰਿਹਾ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਇਥੋਂ ਦੇ ਲੋਕ ਆਪਣੀਆਂ ਜਾਨਾਂ ਗੁਆ ਚੁਕੇ ਹਨ। ਦੁਨੀਆਂ ਭਰ ਵਿਚ ਬਿਹਤਰੀਨ ਸਿਹਤ ਸਹੂਲਤਾਂ ਦੇਣ ਦੇ ਮਾਮਲੇ ਵਿਚ ਇਨ੍ਹਾਂ ਮੋਹਰੀ ਮੁਲਕਾਂ ਦੇ ਵੀ ਕਰੋਨਾ ਵਾਇਰਸ ਨੇ ਪੂਰੀ ਤਰ੍ਹਾਂ ਹੱਥ ਖੜ੍ਹੇ ਕਰਵਾ ਦਿੱਤੇ ਹਨ। ਦੁਨੀਆਂ 'ਤੇ ਥਾਣੇਦਾਰੀ ਕਰਨ ਵਾਲੇ ਅਮਰੀਕਾ ਨੂੰ ਵੀ ਕਰੋਨਾ ਵਾਇਰਸ ਨੇ ਬੁਰੀ ਤਰ੍ਹਾਂ ਨਾਲ ਝੰਬ ਸੁੱਟਿਆ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਅਮਰੀਕਾ ਤੇ ਚੀਨ ਵਿਚਾਲੇ ਵਪਾਰਕ ਜੰਗ ਚੱਲ ਰਹੀ ਹੈ। ਦੋਵੇਂ ਮੁਲਕ ਇਕ ਦੂਜੇ ਨੂੰ ਮਾਤ ਦੇਣ ਦੀ ਤਾਕ ਵਿਚ ਰਹਿੰਦੇ ਹਨ। ਇਸ ਸਮੇਂ ਦੁਨੀਆਂ ਦੇ ਕਰੀਬ 124 ਦੇਸ਼ਾਂ ਵਿਚ ਚੀਨ ਦਾ ਬਣਿਆ ਸਾਮਾਨ ਜਾਂਦਾ ਹੈ, ਜਦੋਂ ਕਿ ਅਮਰੀਕਾ ਵਿਚ ਤਿਆਰ ਹੋਣ ਵਾਲਾ ਸਾਮਾਨ ਸਿਰਫ 56 ਦੇਸ਼ਾਂ ਵਿਚ ਹੀ ਜਾਂਦਾ ਹੈ। ਨਤੀਜੇ ਵਜੋਂ ਚੀਨ ਦਾ ਪਲੜਾ ਭਾਰੀ ਹੈ।

ਕਰੋਨਾ ਵਾਇਰਸ ਨੂੰ ਮਾਤ ਦੇ ਕੇ ਚੀਨ ਅੱਜ ਇਸ 'ਚੋਂ ਉਭਰ ਰਿਹਾ ਹੈ ਅਤੇ ਯੂਰਪੀ ਮੁਲਕਾਂ ਇਟਲੀ ਆਦਿ ਨੂੰ ਜਿੱਥੇ ਕਰੋਨਾ ਵਾਇਰਸ ਨਾਲ ਸਬੰਧਤ ਸਾਜ਼ੋ-ਸਾਮਾਨ ਮੁਹੱਈਆ ਕਰਵਾ ਰਿਹਾ ਹੈ, ਉਥੇ ਦੋਸਤ ਮੁਲਕਾਂ ਦੀ ਮਦਦ ਕਰਨ ਲਈ ਆਪਣੇ ਡਾਕਟਰ ਅਤੇ ਸਟਾਫ ਨਰਸਾਂ ਵੀ ਭੇਜ ਰਿਹਾ ਹੈ।

ਅਜਿਹੇ ਵਿਚ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਪਣੇ ਹਮ-ਰੁਤਬਾ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਫੋਨ 'ਤੇ ਗੱਲਬਾਤ ਦੌਰਾਨ ਕਿਹਾ ਕਿ ਦੋਹਾਂ ਮੁਲਕਾਂ ਨੂੰ ਕਰੋਨਾ ਵਾਇਰਸ ਨਾਲ ਨਜਿੱਠਣ ਲਈ ਇਕਜੁੱਟ ਹੋਣਾ ਚਾਹੀਦਾ ਹੈ। ਸ਼ੀ ਜਿਨਪਿੰਗ ਨੇ ਕਿਹਾ ਕਿ ਬੇਸ਼ੱਕ ਇਸ ਸਮੇਂ ਅਮਰੀਕਾ ਤੇ ਚੀਨ ਦੇ ਰਿਸ਼ਤੇ ਗੰਭੀਰ ਮੋੜ 'ਤੇ ਹਨ, ਪਰ ਮੌਜੂਦਾ ਹਾਲਾਤ ਵਿਚ ਆਪਸੀ ਤਾਲਮੇਲ ਦੋਹਾਂ ਮੁਲਕਾਂ ਲਈ ਵੱਧ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਸਪੱਸ਼ਟ ਕਿਹਾ ਕਿ ਅਸਲ ਵਿਚ ਇਸ ਮਹਾਮਾਰੀ ਨਾਲ ਤਾਲਮੇਲ ਕਰਕੇ ਹੀ ਨਜਿੱਠਿਆ ਜਾ ਸਕੇਗਾ।

ਜ਼ਿਕਰਯੋਗ ਹੈ ਕਿ ਜਿਸ ਤਰ੍ਹਾਂ ਅਮਰੀਕਾ ਕਰੋਨਾ ਵਾਇਰਸ ਤੋਂ ਪੀੜਤ ਹੈ, ਅਜਿਹੇ ਵਿਚ ਚੀਨ ਦੇ ਕੁਝ ਸੂਬੇ, ਸ਼ਹਿਰਾਂ ਅਤੇ ਕੰਪਨੀਆਂ ਅਮਰੀਕਾ ਨੂੰ ਮੈਡੀਕਲ ਸਪਲਾਈ ਅਤੇ ਹੋਰ ਸਹਿਯੋਗ ਦੇ ਰਹੇ ਹਨ। ਇਹ ਇੱਕ ਚੰਗੀ ਪਹਿਲ ਕਦਮੀ ਹੈ।

ਪਿਛਲੇ ਕੁਝ ਦਿਨਾਂ ਤੋਂ ਅਮਰੀਕਾ ਦੇ ਰਵੱਈਏ ਵਿਚ ਕਾਫੀ ਬਦਲਾਓ ਆਇਆ ਹੈ, ਜਿਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਡੋਨਲਡ ਟਰੰਪ ਵੀ ਪਿਛਲੇ ਦਿਨੀਂ ਕਰੋਨਾ ਵਾਇਰਸ ਨੂੰ ਲੈ ਕੇ ਕੀਤੀਆਂ 'ਚਾਇਨੀਜ਼ ਵਾਇਰਸ' ਜਿਹੀਆਂ ਟਿਪਣੀਆਂ 'ਤੇ ਨਜ਼ਰਸਾਨੀ ਕਰਦੇ ਨਜ਼ਰ ਆ ਰਹੇ ਹਨ। ਯਕੀਨਨ ਅਮਰੀਕਾ ਅਤੇ ਚੀਨ ਵਿਚਾਲੇ ਹੋਣ ਵਾਲੀ ਗੱਲਬਾਤ ਇਕ ਸਲਾਹੁਣਯੋਗ ਕਦਮ ਹੈ। ਕਰੋਨਾ ਵਾਇਰਸ ਦੇ ਬਹਾਨੇ ਹੀ ਸਹੀ, ਦੋਹਾਂ ਵਿਚਾਲੇ ਰਿਸ਼ਤਿਆਂ 'ਤੇ ਜੰਮੀ ਬਰਫ ਪਿਘਲੀ ਤਾਂ ਸਹੀ।

## 'ਹੋਮਿਓਪੈਥੀ ਅਤੇ ਕਰੋਨਾ'

### ਸੰਪਾਦਕ ਦੀ ਡਾਕ

**ਮਾਣਯੋਗ ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 21 ਮਾਰਚ 2020 ਦੇ ਅੰਕ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਦਾ ਲੇਖ 'ਹੋਮਿਓਪੈਥੀ ਅਤੇ ਕਰੋਨਾ' ਪੜ੍ਹਿਆ। ਲੇਖ ਬਹੁਤ ਜਾਣਕਾਰੀ ਭਰਪੂਰ ਹੈ। ਲੇਖਕ ਵਲੋਂ ਜਿੱਥੇ 'ਜਪੁ' ਬਾਣੀ ਦੀਆਂ ਗੁੱਝੀਆਂ ਰਮਜ਼ਾਂ ਲੱਭ ਕੇ ਆਤਮਕ ਮੰਡਲ ਵਿਚ ਉਡਾਰੀਆਂ ਮਾਰੀਆਂ ਜਾ ਰਹੀਆਂ ਹਨ, ਉਥੇ ਉਨ੍ਹਾਂ ਦੀ ਹੋਮਿਓਪੈਥੀ ਚਿਕਿਤਸਾ ਦੀ ਸੂਝ-ਬੂਝ ਵੀ ਆਪਣੀਆਂ ਉਚੇਰੀਆਂ ਮੰਜ਼ਿਲਾਂ ਨੂੰ ਛੂਹ ਰਹੀ ਹੈ। ਲੇਖਕ ਵਲੋਂ ਦੱਸੀਆਂ ਦਵਾਈਆਂ ਦੀ ਚੋਣ ਬਹੁਤ ਵਧੀਆ ਹੈ। ਬੈਚ ਫਲਾਵਰ ਪ੍ਰਣਾਲੀ ਬਾਰੇ ਪੜ੍ਹ ਕੇ ਗਿਆਨ ਵਿਚ ਵਾਧਾ ਹੋਇਆ ਹੈ।

ਮੈਨੂੰ ਵੀ ਪਿਛਲੇ ਲੰਬੇ ਸਮੇਂ ਤੋਂ ਹੋਮਿਓਪੈਥੀ ਚਿਕਿਤਸਾ ਰਾਹੀਂ ਘਰੇਲੂ ਇਲਾਜ ਕਰਨ ਦਾ ਮੌਕਾ ਮਿਲਿਆ ਹੈ ਅਤੇ ਬਹੁਤ ਸਫਲਤਾ ਵੀ ਮਿਲੀ ਹੈ। ਡਾ. ਗੁਰਨਾਮ ਸਿੰਘ ਦੀਆਂ ਦੋ ਪੁਸਤਕਾਂ 'ਅਰੋਗ-ਕਲਾ ਹੋਮਿਓਪੈਥੀ' ਅਤੇ 'ਵਿਗਿਆਨ-ਕਲਾ ਹੋਮਿਓਪੈਥੀ' ਤੋਂ ਬਿਨਾ ਬੋਇਰਕ ਦਾ 'ਮੈਟੀਰੀਆ ਮੈਡੀਕਾ' ਅਤੇ ਡਾ. ਸੁਮਨ ਧਾਮਾ ਦੀ ਪੁਸਤਕ 'ਆਧੁਨਿਕ ਹੋਮਿਓ ਚਿਕਿਤਸਾ' ਦਾ ਬਹੁਤ ਚੰਗੀ ਤਰ੍ਹਾਂ ਅਧਿਐਨ ਕੀਤਾ, ਜਿਸ ਨਾਲ ਹੋਮਿਓ ਚਿਕਿਤਸਾ ਬਾਰੇ ਚੰਗੀ ਜਾਣਕਾਰੀ ਮਿਲੀ।

ਜਦੋਂ ਦੁਨੀਆਂ ਕਰੋਨਾ ਵਾਇਰਸ ਦੀ ਮਾਰ ਹੇਠ ਆ ਕੇ ਤ੍ਰਾਹ ਤ੍ਰਾਹ ਕਰ ਰਹੀ ਹੈ, ਉਥੇ ਲੇਖਕ ਵਲੋਂ ਇਸ ਵਾਇਰਸ ਦੀ ਰੋਕ ਥਾਮ ਬਾਰੇ ਦਿੱਤੀ ਜਾਣਕਾਰੀ ਬਹੁਤ ਸਹਾਈ ਸਿੱਧ ਹੋਵੇਗੀ। ਲੇਖਕ ਨੂੰ ਚਾਹੀਦਾ ਹੈ ਕਿ ਇਹ ਲੇਖ ਅੰਗਰੇਜ਼ੀ ਵਿਚ ਲਿਖ ਕੇ ਅਮਰੀਕਾ ਦੀਆਂ ਅਖਬਾਰਾਂ ਵਿਚ ਵੀ ਛਪਵਾਉਣ ਤਾਂ ਜੋ ਇਸ ਜਾਣਕਾਰੀ ਦਾ ਵੱਡੇ ਪੱਧਰ 'ਤੇ ਲਾਭ ਹੋ ਸਕੇ ਅਤੇ ਅਮਰੀਕੀ ਵਿਗਿਆਨੀਆਂ ਨੂੰ ਵੀ ਇਸ ਖੋਜ ਦਾ ਪਤਾ ਲੱਗ ਸਕੇ।

*-ਪ੍ਰੋ. ਕਸ਼ਮੀਰਾ ਸਿੰਘ*
*ਫੋਨ: 801-414-0171*

ਪੰਜਾਬ ਟਾਈਮਜ਼

ਸਨਿਚਰਵਾਰ, 4 ਅਪਰੈਲ 2020

# ਕਰੋਨਾ ਕਾਰਨ ਬਦਲਦੀ ਦੁਨੀਆਂ

ਪਿਛਲੇ ਇਕ ਹਫਤੇ ਦੌਰਾਨ ਕਰੋਨਾ ਵਾਇਰਸ ਨਾਲ ਸਬੰਧਤ ਕੇਸਾਂ ਦੀ ਗਿਣਤੀ ਦੁੱਗਣੀ ਹੋ ਕੇ ਨੌਂ ਲੱਖ ਨੂੰ ਜਾ ਢੁੱਕੀ ਹੈ ਅਤੇ ਇਸ ਰੋਗ ਕਾਰਨ ਮੌਤਾਂ ਦੀ ਗਿਣਤੀ ਵੀ ਦੁੱਗਣੀ ਤੋਂ ਕਿਤੇ ਵੱਧ ਹੈ। ਪੌਣੇ ਦੋ ਲੱਖ ਤੋਂ ਉਪਰ ਮਰੀਜ਼ ਭਾਵੇਂ ਠੀਕ ਹੋ ਕੇ ਆਪੋ-ਆਪਣੇ ਘਰ ਜਾ ਚੁਕੇ ਹਨ, ਪਰ ਅਮਰੀਕਾ, ਇਟਲੀ, ਸਪੇਨ, ਫਰਾਂਸ, ਜਰਮਨੀ, ਇਰਾਨ, ਇੰਗਲੈਂਡ ਜਿਹੇ ਮੁਲਕਾਂ ਵਿਚ ਜਿੰਨੀ ਤੇਜ਼ੀ ਨਾਲ ਕਰੋਨਾ ਕੇਸ ਵਧੇ ਹਨ, ਉਹ ਫਿਕਰ ਵਿਚ ਪਾਉਣ ਵਾਲੇ ਹਨ। ਉਂਜ ਵੀ, ਪਿਛਲੇ ਦੋ ਹਫਤਿਆਂ ਦੌਰਾਨ ਕੇਸਾਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧੀ ਹੈ। ਸਮੁੱਚੇ ਸੰਸਾਰ ਦੇ ਕਾਰੋਬਾਰ 'ਤੇ ਇਸ ਦਾ ਸਿੱਧਾ ਅਸਰ ਦੇਖਣ ਨੂੰ ਮਿਲ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹਾਲਾਤ ਹੋਰ ਵਿਕਰਾਲ ਹੋਣ ਦੀਆਂ ਕਿਆਸ-ਆਰਾਈਆਂ ਹਨ। ਇਸ ਦਾ ਸਿਆਸਤ ਉਤੇ ਵੀ ਸਿੱਧਾ ਅਸਰ ਪਿਆ ਹੈ। ਇਸ ਨੇ ਹੰਗਰੀ ਵਿਚ ਲੋਕਤੰਤਰ ਦੀ ਬਲੀ ਲੈ ਲਈ ਹੈ ਅਤੇ ਹੰਗਰੀ ਸੰਸਾਰ ਦਾ ਪਹਿਲਾ ਅਜਿਹਾ ਮੁਲਕ ਬਣ ਗਿਆ ਹੈ, ਜਿਥੇ ਕਰੋਨਾ ਦੇ ਬਹਾਨੇ ਪ੍ਰਧਾਨ ਮੰਤਰੀ ਵਿਕਟਰ ਓਰਬਨ ਨੇ ਬਹੁਤ ਸਾਰੀਆਂ ਤਾਕਤਾਂ ਹਥਿਆ ਲਈਆਂ ਹਨ, ਐਮਰਜੈਂਸੀ ਲਾ ਦਿੱਤੀ ਹੈ ਅਤੇ ਐਮਰਜੈਂਸੀ ਹਟਾਉਣ ਦਾ ਫੈਸਲਾ ਹੁਣ ਉਹੀ ਇਕੱਲਾ ਕਰੇਗਾ; ਕਦੋਂ ਕਰੇਗਾ, ਇਹ ਉਸ ਦੀ ਮਰਜ਼ੀ 'ਤੇ ਨਿਰਭਰ ਹੋਵੇਗਾ। ਹੰਗਰੀ ਦੀ ਸੰਸਦ ਨੇ ਅਜਿਹਾ ਬਿਲ ਪਾਸ ਕਰ ਦਿੱਤਾ ਹੈ, ਜਿਸ ਤਹਿਤ ਉਸ ਨੂੰ ਕੋਈ ਨਵਾਂ ਕਾਨੂੰਨ ਬਣਾਉਣ ਲਈ ਸੰਸਦ ਮੈਂਬਰਾਂ ਨਾਲ ਸਲਾਹ-ਮਸ਼ਵਰੇ ਦੀ ਵੀ ਲੋੜ ਨਹੀਂ ਰਹੇਗੀ। ਹੁਣ ਲੋਕ ਰੋਸ-ਵਿਖਾਵੇ ਜਾਂ ਸਿਆਸੀ ਵਿਰੋਧੀਆਂ ਦੀ ਆਲੋਚਨਾ ਵੀ ਨਹੀਂ ਕਰ ਸਕਣਗੇ। ਚੇਤੇ ਰਹੇ, ਵਿਕਟਰ ਓਰਬਨ ਪਿਛਲੇ ਕਈ ਸਾਲਾਂ ਤੋਂ ਨਿਆਂ ਪਾਲਿਕਾ, ਮੀਡੀਆ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਦੇ ਮਾਮਲਿਆਂ 'ਚ ਚਰਚਾ ਵਿਚ ਹੈ। ਮੁਲਕ 'ਚ ਲੋਕਤੰਤਰ ਦਾ ਘਾਣ ਕੀਤੇ ਜਾਣ ਦੇ ਦੋਸ਼ 'ਚ ਯੂਰਪੀ ਯੂਨੀਅਨ ਨੇ ਸਾਲ 2018 'ਚ ਉਸ ਖਿਲਾਫ ਕਾਰਵਾਈ ਅਰੰਭੀ ਸੀ, ਪਰ ਯੂਰਪੀ ਕਮਿਸ਼ਨ ਦੀ ਵਿਚੋਲਗੀ ਕਾਰਨ ਛੋਟ ਦੇ ਦਿੱਤੀ ਗਈ ਸੀ।

ਅਸਲ ਵਿਚ ਹੁਣ ਸੰਸਾਰ ਵਿਚ ਚੋਟੀ ਦੇ ਬੁੱਧੀਜੀਵੀ ਇਹੀ ਵਿਚਾਰ-ਵਟਾਂਦਰੇ ਕਰ ਰਹੇ ਹਨ ਕਿ ਕਰੋਨਾ ਦੀ ਮਾਰ ਕਿਹੜੇ ਖੇਤਰਾਂ ਵਿਚ ਕਿੰਨੀ ਪੈਣੀ ਹੈ? ਇਕ ਤੱਥ ਸਪਸ਼ਟ ਹੈ ਕਿ ਕਰੋਨਾ ਪਿਛੋਂ ਸੰਸਾਰ ਦਾ ਸਮੁੱਚਾ ਢਾਂਚਾ ਹੀ ਬਦਲਣ ਦੀਆਂ ਕਿਆਸ-ਆਰਾਈਆਂ ਹਨ। ਇਸ ਅੰਦਰ ਕਿੰਨੀ ਕੁ ਤਬਦੀਲੀ ਆਉਂਦੀ ਹੈ, ਇਹ ਸਬੰਧਤ ਮੁਲਕਾਂ ਵਿਚ ਰਾਜ ਕਰ ਰਹੀਆਂ ਪਾਰਟੀਆਂ ਅਤੇ ਆਗੂਆਂ ਦੀ ਪਹੁੰਚ ਉਤੇ ਨਿਰਭਰ ਕਰੇਗਾ। ਸੰਕਟ ਦੇ ਇਨ੍ਹਾਂ ਹਾਲਾਤ ਦੌਰਾਨ ਵੱਖ-ਵੱਖ ਮੁਲਕ ਸਖਤ ਨੀਤੀਆਂ ਅਪਨਾਉਣ ਦੇ ਰਾਹ ਪੈ ਸਕਦੇ ਹਨ, ਜਿਸ ਨਾਲ ਲੋਕਤੰਤਰ ਉਤੇ ਸਿੱਧਾ ਅਤੇ ਸਥਾਈ ਅਸਰ ਪੈ ਸਕਦਾ ਹੈ। ਹੰਗਰੀ ਦੇ ਸ਼ਾਸਕਾਂ ਨੇ ਆਪਣੇ ਮੁਲਕ ਅੰਦਰ ਜੋ ਐਲਾਨ ਕਰ ਦਿੱਤੇ ਹਨ ਅਤੇ ਪਿਛਲੇ ਕੁਝ ਸਾਲਾਂ ਦੌਰਾਨ ਜੋ ਕੁਝ ਉਥੇ ਕੀਤਾ ਜਾ ਰਿਹਾ ਹੈ, ਉਸ ਦੀ ਮਿਲਦੀ-ਜੁਲਦੀ ਮਿਸਾਲ ਭਾਰਤ ਦੀ ਹੈ। ਭਾਰਤ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਕੱਟੜ ਜਥੇਬੰਦੀ- ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਆਮ ਲੋਕਾਂ ਨੂੰ ਆਪਣੀ ਨਿਗਰਾਨੀ ਹੇਠ ਲਿਆਉਣ ਲਈ ਪਹਿਲਾਂ ਹੀ ਸਰਗਰਮ ਹੈ। ਆਪਣੇ ਸਿਆਸੀ ਵਿਰੋਧੀਆਂ ਨੂੰ ਇਹ ਇਕ ਤਰ੍ਹਾਂ ਨਾਲ ਪਹਿਲਾਂ ਹੀ ਨਕੇਲ ਪਾ ਚੁਕੀ ਹੈ। ਸਰਕਾਰ ਦੀ ਆਲੋਚਨਾ ਨੂੰ ਦੇਸ਼ ਦੀ ਆਲੋਚਨਾ ਦੱਸਿਆ ਜਾ ਰਿਹਾ ਹੈ ਅਤੇ ਆਲੋਚਨਾ ਕਰਨ ਵਾਲਿਆਂ ਨੂੰ ਸਿੱਧਾ ਹੀ 'ਦੇਸ਼ ਧ੍ਰੋਹੀ' ਆਖ ਕੇ ਬਦਨਾਮ ਕੀਤਾ ਜਾ ਰਿਹਾ ਹੈ। ਘੱਟ ਗਿਣਤੀ ਭਾਈਚਾਰੇ ਪਹਿਲਾਂ ਹੀ ਨਿਸ਼ਾਨੇ ਉਤੇ ਹਨ। ਮੀਡੀਆ, ਨਿਆਂ ਪਾਲਿਕਾ ਅਤੇ ਲੋਕਤੰਤਰ ਦੀ ਪੈਰਵਾਈ ਕਰਨ ਵਾਲੀ ਹਰ ਸੰਸਥਾ ਉਤੇ ਆਏ ਦਿਨ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਸਿਆਸੀ ਮਾਹਿਰਾਂ ਅਨੁਸਾਰ, ਹੁਣ ਰਹਿੰਦੀ ਕਸਰ ਕਰੋਨਾ ਦੇ ਬਹਾਨੇ ਕੱਢ ਦਿੱਤੇ ਜਾਣ ਦਾ ਖਦਸ਼ਾ ਹੈ।

ਬਿਨਾ ਸ਼ੱਕ, ਇਸ ਵਕਤ ਕਰੋਨਾ ਸੰਕਟ ਕਾਰਨ ਸਾਰਾ ਸੰਸਾਰ ਹਿੱਲਿਆ ਪਿਆ ਹੈ, ਪਰ ਇਸ ਦੀ ਮਾਰ ਉਨ੍ਹਾਂ ਮੁਲਕਾਂ ਵਿਚ ਹੀ ਵਧੇਰੇ ਪਈ ਹੈ, ਜਿਥੇ-ਜਿਥੇ ਇਸ ਬਾਰੇ ਅਣਗਹਿਲੀ ਵਰਤੀ ਗਈ, ਜਾਂ ਜਿਥੋਂ ਦੀਆਂ ਸਰਕਾਰਾਂ ਅਵੇਸਲੀਆਂ ਰਹੀਆਂ। ਇਟਲੀ, ਅਮਰੀਕਾ ਅਤੇ ਭਾਰਤ ਇਸ ਦੀਆਂ ਕੁਝ ਮਿਸਾਲਾਂ ਹਨ। ਅਮਰੀਕਾ ਵਿਚ ਪਹਿਲਾ ਕੇਸ 20 ਜਨਵਰੀ ਨੂੰ ਸਾਹਮਣੇ ਆ ਗਿਆ ਸੀ। ਇਸੇ ਤਰ੍ਹਾਂ ਇਟਲੀ ਅਤੇ ਭਾਰਤ ਵਿਚ 29 ਜਨਵਰੀ ਨੂੰ ਪਹਿਲੇ ਕੇਸ ਰਿਪੋਰਟ ਹੋਏ। ਇਨ੍ਹਾਂ ਤਿੰਨਾਂ ਮੁਲਕਾਂ ਦੇ ਸ਼ਾਸਕਾਂ ਨੇ ਇਸ ਰੋਗ ਨੂੰ ਗੰਭੀਰਤਾ ਨਾਲ ਨਹੀਂ ਲਿਆ, ਹਾਲਾਂਕਿ ਹਵਾਈ ਅੱਡਿਆਂ ਉਤੇ ਪੁਖਤਾ ਪ੍ਰਬੰਧ ਕਰਕੇ ਇਸ ਮਹਾਂਮਾਰੀ ਨੂੰ ਕੰਟਰੋਲ ਕੀਤਾ ਜਾ ਸਕਦਾ ਸੀ। ਭਾਰਤੀ ਸ਼ਾਸਕ ਤਾਂ ਉਸ ਵਕਤ ਦਿੱਲੀ ਵਿਧਾਨ ਸਭਾ ਚੋਣਾਂ, ਜੋ 8 ਫਰਵਰੀ ਨੂੰ ਹੋਣੀਆਂ ਸਨ, ਵਿਚ ਇੰਨਾ ਜ਼ਿਆਦਾ ਰੁੱਝੇ ਹੋਏ ਸਨ ਕਿ ਕਿਸੇ ਹੋਰ ਮਸਲੇ ਵਲ ਇਨ੍ਹਾਂ ਦਾ ਧਿਆਨ ਹੀ ਨਹੀਂ ਸੀ। ਫਿਰ ਜਦੋਂ ਦਿੱਲੀ ਅੰਦਰ ਘੱਟ ਗਿਣਤੀ ਭਾਈਚਾਰੇ, ਮੁਸਲਮਾਨਾਂ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਤਾਂ ਵੀ ਹਵਾਈ ਅੱਡਿਆਂ ਉਤੇ ਇਸ ਰੋਗ ਵਾਲੇ ਮੁਸਾਫਿਰਾਂ ਦੀ ਸ਼ਨਾਖਤ ਦਾ ਕੋਈ ਪ੍ਰਬੰਧ ਨਹੀਂ ਸੀ। ਮਾਰਚ ਦੇ ਦੂਜੇ ਹਫਤੇ ਤਕ ਮੁਸਾਫਿਰਾਂ ਦੀ ਆਵਾਜਾਈ ਇਸੇ ਤਰ੍ਹਾਂ ਚਲਦੀ ਰਹੀ। ਫਿਰ ਜਦੋਂ ਕੇਸਾਂ ਦੀ ਗਿਣਤੀ ਵਿਚ ਵਾਧਾ ਹੋਇਆ ਤਾਂ ਕਿਤੇ ਜਾ ਕੇ ਭਾਰਤ ਸਰਕਾਰ ਦੀ ਨੀਂਦ ਖੁੱਲ੍ਹੀ ਅਤੇ ਫਿਰ ਨੌਬਤ ਲੌਕਡਾਊਨ ਤਕ ਅੱਪੜ ਗਈ। ਇਹੀ ਹਾਲ ਅਮਰੀਕਾ ਦਾ ਹੋਇਆ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਪਹਿਲਾਂ ਤਾਂ ਇਸ ਨੂੰ ਚੀਨ ਨਾਲ ਪੇਚੇ ਦੇ ਰੂਪ ਵਿਚ ਪੇਸ਼ ਕਰਦਾ ਰਿਹਾ, ਮਖੌਲ ਵਾਲੇ ਟਵੀਟ ਵੀ ਕਰਦਾ ਰਿਹਾ, ਪਰ ਜਦੋਂ ਹਾਲਾਤ ਹੱਥੋਂ ਨਿਕਲਦੇ ਪ੍ਰਤੀਤ ਹੋਣ ਲੱਗੇ ਤਾਂ ਹੁਣ ਤੁਰੰਤ ਸਭ ਕੁਝ ਠੀਕ ਹੋਣ ਦੀਆਂ ਫੜ੍ਹਾਂ ਮਾਰ ਰਿਹਾ ਹੈ। ਅਸਲ ਵਿਚ ਨਿਕੰਮੇ ਅਤੇ ਦੂਰ-ਦ੍ਰਿਸ਼ਟੀ ਵਾਲੇ ਆਗੂਆਂ ਵਿਚਾਲੇ ਇਹੀ ਫਰਕ ਹੁੰਦਾ ਹੈ। ਹੁਣ ਤਾਂ ਸਿਰਫ ਇਹ ਦੇਖਣਾ ਬਾਕੀ ਹੈ ਕਿ ਕਰੋਨਾ ਦੇ ਅਸਰ ਹੇਠ ਵੱਖ-ਵੱਖ ਮੁਲਕਾਂ 'ਚ ਕਿੰਨਾ ਕੁ ਲੋਕਤੰਤਰ ਬਚਿਆ ਰਹਿ ਸਕੇਗਾ! ਇਸ ਦਾ ਅਸਰ ਆਮ ਲੋਕਾਂ ਉਤੇ ਕਈ ਦਹਾਕਿਆਂ ਤਕ ਰਹਿਣ ਦਾ ਖਦਸ਼ਾ ਹੈ। ਅਸਲ ਵਿਚ ਉਨ੍ਹਾਂ ਦੀ ਆਰਥਕਤਾ ਹੁਣ ਦਾਅ ਉਤੇ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਰੋਨਾ ਦੀ ਸੱਟ!

ਰੌਲਿਆਂ ਦਾ ਵੇਲਾ ਵੀ ਭੁਲਾ'ਤਾ ਇਸ ਨੇ, ਵੱਜੀ ਸੀ ਸੰਤਾਲੀ 'ਚ ਜੋ ਗਹਿਰੀ ਸੱਟ ਜੀ।
ਗਲੀਆਂ ਤੇ ਸੜਕਾਂ 'ਚ ਸੁੰਨ ਪਈ ਪਸਰੀ, ਭੂਤਨਾ ਕੋਈ ਜਿੱਦਾਂ ਹੋਵੇ ਗਿਆ ਚੱਟ ਜੀ।
ਕੰਮ ਕਾਰ ਸਾਰੇ ਜੱਗ ਦਾ ਹੀ ਰੁਕਿਆ, ਲੱਗ ਜਾਵੇ ਜਿੱਦਾਂ ਬਿਜਲੀ ਦਾ ਕੱਟ ਜੀ।
ਦੁਨੀਆਂ ਦੇ ਵਿਚ ਤਰਥੱਲੀ ਪਾਈ ਏ, ਮੌਤਾਂ ਦੀ ਖਬਰ ਆਈ ਜਾਵੇ ਹਟ ਹਟ ਜੀ।
ਆਖਦਾ ਕੋਰਨਾ 'ਬਈ ਕੁਝ ਕਰੋ ਨਾ', ਘਰਾਂ ਵਿਚ ਬੈਠੋ ਸਾਰੇ ਦੜ ਵੱਟ ਜੀ!

# ਕਰੋਨਾ ਸੰਕਟ ਅਤੇ ਅਮਰੀਕਾ

**ਕਰੋਨਾ ਵਾਇਰਸ ਦੀ ਮਾਰ ਨਾਲ ਅੱਜ ਸਮੁੱਚਾ ਸੰਸਾਰ ਝੰਬਿਆ ਪਿਆ ਹੈ। ਅਮਰੀਕਾ ਵਿਚ ਅੱਜ ਕੱਲ੍ਹ ਕਰੋਨਾ ਦਾ ਕਹਿਰ ਤੇਜ਼ੀ ਨਾਲ ਫੈਲ ਰਿਹਾ ਹੈ। ਅਸਲ ਵਿਚ ਮੁੱਢ ਵਿਚ ਹੀ ਜਿਨ੍ਹਾਂ ਮੁਲਕਾਂ ਨੇ ਇਸ ਮਹਾਂਮਾਰੀ ਨੂੰ ਅਣਗੌਲਿਆ ਕੀਤਾ, ਉਨ੍ਹਾਂ ਦਾ ਹਾਲ ਪਿਛੋਂ ਜਾ ਕੇ ਮਾੜਾ ਹੀ ਹੋਇਆ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਹਿਲਾਂ-ਪਹਿਲ ਇਸ ਮਸਲੇ ਵਲ ਬਣਦੀ ਤਵੱਜੋ ਨਾ ਦਿੱਤੀ, ਜਿਸ ਦਾ ਖਮਿਆਜ਼ਾ ਹੁਣ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਇਸ ਬਾਰੇ ਵਿਸਥਾਰ ਸਹਿਤ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤੀ ਹੈ। -ਸੰਪਾਦਕ**

ਕਰੋਨਾ ਵਾਇਰਸ ਸਾਹਮਣੇ ਦੁਨੀਆਂ ਦੀ ਸਭ ਤੋਂ ਤਾਕਤਵਰ ਜੰਗਬਾਜ਼ ਸਲਤਨਤ ਅਮਰੀਕਾ ਵੀ ਗੋਡੇ ਟੇਕ ਚੁੱਕੀ ਨਜ਼ਰ ਆ ਰਹੀ ਹੈ। ਟਰੰਪ ਪ੍ਰਸ਼ਾਸਨ ਮਹਾਂਮਾਰੀ ਦੇ ਖਤਰੇ ਨੂੰ ਮਹੀਨਿਆਂ ਤੱਕ ਮਾਮੂਲੀ ਫਲੂ ਕਹਿ ਕੇ ਨਜ਼ਰਅੰਦਾਜ਼ ਕਰਦਾ ਰਿਹਾ। ਉਸ ਨੇ ਵਾਇਰਸ ਨੂੰ 'ਚੀਨੀ ਵਾਇਰਸ' ਕਰਾਰ ਦੇ ਕੇ ਨਫਰਤ ਦੀ ਸਿਆਸਤ ਖੇਡਣ ਅਤੇ ਇਸ ਨੂੰ ਵਪਾਰ ਯੁੱਧ (ਟਰੇਡ ਵਾਰ) ਦਾ ਹਥਿਆਰ ਬਣਾਉਣ ਦੀ ਕੋਸ਼ਿਸ਼ ਵੀ ਕੀਤੀ। ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਅਮਰੀਕਨਾਂ ਦੀ ਸਿਹਤ ਅਤੇ

ਬੂਟਾ ਸਿੰਘ

ਉਨ੍ਹਾਂ ਦੀ ਤਰਜ਼ੇ-ਜ਼ਿੰਦਗੀ ਲਈ 'ਚੋਖਾ ਖਤਰਾ' ਹੈ; ਬੇਸ਼ੱਕ ਬਾਅਦ ਵਿਚ ਉਨ੍ਹਾਂ ਨੂੰ ਆਪਣੀ ਸੁਰ ਬਦਲਣੀ ਪੈ ਗਈ। ਹਾਲੀਆ ਸਰਵੇਖਣ ਰਿਪੋਰਟਾਂ ਵੀ ਹਾਲਾਤ ਦੀ ਗੰਭੀਰਤਾ ਬਾਰੇ ਆਮ ਅਮਰੀਕਨਾਂ ਦੀ ਸੋਚ ਅਤੇ ਟਰੰਪ ਸਰਕਾਰ ਦੇ ਜਾਇਜ਼ੇ ਦਰਮਿਆਨ ਜ਼ਮੀਨ ਆਸਮਾਨ ਦੇ ਪਾੜੇ ਨੂੰ ਦਰਸਾਉਂਦੀਆਂ ਹਨ। ਸਰਵੇਖਣਾਂ ਵਿਚ ਮੁਲਕ ਦੇ ਹਰ ਖੇਤਰ ਅੰਦਰ ਬੰਦ ਕਰਨ ਦੀ ਰਾਇ ਭਾਰੂ ਰਹੀ। ਰਾਇ ਦੇਣ ਵਾਲਿਆਂ ਵਿਚੋਂ ਵੀ ਕਈ ਲੋਕਾਂ, ਜਿਨ੍ਹਾਂ ਨੇ ਇਹ ਕਿਹਾ ਕਿ ਉਨ੍ਹਾਂ ਦਾ ਇਕ ਮਹੀਨਾ ਜਾਂ ਇਸ ਤੋਂ ਘੱਟ ਸਮੇਂ ਤੱਕ ਕੰਮ ਛੱਡਣ ਨਾਲ ਗੁਜ਼ਾਰਾ ਨਹੀਂ ਹੋ ਸਕਦਾ, ਉਹ ਵੀ ਬੰਦ ਦੇ ਹੱਕ ਵਿਚ ਸਨ।

ਪਿਊ ਰਿਸਰਚ ਸੈਂਟਰ ਨੇ ਆਪਣੀ ਸਰਵੇਖਣ ਰਿਪੋਰਟ ਵਿਚ ਖੁਲਾਸਾ ਕੀਤਾ ਕਿ ਦਸ ਵਿਚੋਂ ਨੌਂ ਅਮਰੀਕਨ ਕੌਮਾਂਤਰੀ ਉਡਾਣਾਂ ਉਪਰ ਰੋਕ ਲਗਾਉਣ, ਖੇਡਾਂ ਅਤੇ ਮਨੋਰੰਜਨ ਦੇ ਸਮਾਰੋਹ ਰੱਦ ਕਰਨ, ਸਕੂਲ ਬੰਦ ਕਰਨ ਅਤੇ 10 ਜਾਂ ਇਸ ਤੋਂ ਵਧੇਰੇ ਲੋਕਾਂ ਦੇ ਇਕੱਠੇ ਹੋਣ ਉਪਰ ਰੋਕ ਲਗਾਉਣ ਦੇ ਹੱਕ ਵਿਚ ਹਨ। ਹੁਣ ਚੁੱਕੇ ਜਾ ਰਹੇ ਪ੍ਰਸ਼ਾਸਨਿਕ ਕਦਮ ਊਣੇ ਅਤੇ ਜ਼ਿਆਦਾਤਰ ਅਸਫਲ ਨਜ਼ਰ ਆ ਰਹੇ ਹਨ। ਮੁਲਕ ਵਿਚ ਕਰੋਨਾ ਵਾਇਰਸ ਦੇ ਮਾਮਲਿਆਂ ਵਿਚ ਹੋ ਰਹੇ ਲਗਾਤਾਰ ਚਿੰਤਾਜਨਕ ਇਜ਼ਾਫੇ ਦੇ ਮੱਦੇਨਜ਼ਰ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸਮਾਜਿਕ ਵਿਥ ਬਣਾਈ ਰੱਖਣ ਦੇ ਦਿਸ਼ਾ-ਨਿਰਦੇਸ਼ਾਂ ਨੂੰ 30 ਅਪਰੈਲ ਤਕ ਵਧਾ ਦੇਣ ਦਾ ਐਲਾਨ ਕਰਨਾ ਪਿਆ ਹੈ ਅਤੇ ਈਸਟਰ ਤੱਕ ਜ਼ਿੰਦਗੀ ਦੇ ਮੁੜ ਲੀਹ 'ਤੇ ਆ ਜਾਣ ਦੇ ਆਪਣੇ ਪਹਿਲੇ ਟੀਚੇ ਨੂੰ ਤਿਲਾਂਜਲੀ ਦੇਣੀ ਪਈ ਹੈ। ਇਸ ਤੋਂ ਅਗਲੇ ਦਿਨ ਉਸ ਨੇ ਇਹ ਸੰਕੇਤ ਵੀ ਦੇ ਦਿੱਤਾ ਕਿ ਪਾਬੰਦੀਆਂ ਹੋਰ ਸਖਤ ਕੀਤੀਆਂ ਜਾ ਸਕਦੀਆਂ ਹਨ।

ਇਸ ਵਕਤ ਅਮਰੀਕਾ ਦੁਨੀਆਂ ਦਾ ਕੋਵਿਡ-19 (ਕਰੋਨਾ) ਦੀ ਲਾਗ ਤੋਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਮੁਲਕ ਹੈ ਅਤੇ ਇਹ ਇਟਲੀ-ਸਪੇਨ ਤੋਂ ਬਾਅਦ ਕਰੋਨਾ ਵਾਇਰਸ ਦਾ ਤੀਜਾ ਸਭ ਤੋਂ ਵੱਡਾ ਕੇਂਦਰ ਬਣ ਰਿਹਾ ਹੈ। ਇਥੇ ਇਹ ਸਤਰਾਂ ਲਿਖੇ ਜਾਣ ਦੇ ਵਕਤ ਇਸ ਖੌਫਨਾਕ ਵਾਇਰਸ ਦੀ ਲਪੇਟ ਵਿਚ ਆਉਣ ਵਾਲਿਆਂ ਦੀ ਤਾਦਾਦ ਤਕਰੀਬਨ ਦੋ ਲੱਖ ਅਤੇ ਮਰਨ ਵਾਲਿਆਂ ਦੀ ਤਾਦਾਦ 3500 ਨੂੰ ਜਾ ਢੁੱਕੀ ਹੈ। ਐਰੀਜ਼ੋਨਾ, ਮੈਰੀਲੈਂਡ ਅਤੇ ਵਰਜੀਨੀਆ ਦੇ ਗਵਰਨਰਾਂ ਦੇ ਨਾਲ-ਨਾਲ ਡਿਸਟ੍ਰਿਕ ਕੋਲੰਬੀਆ ਦੇ ਮੇਅਰ ਦੇ ਨਵੇਂ ਹੁਕਮਾਂ ਨਾਲ 50 ਰਾਜਾਂ ਦੇ ਅੱਧ ਤੋਂ ਵਧੇਰੇ ਅਤੇ ਚਾਰ ਅਮਰੀਕਨਾਂ ਵਿਚੋਂ ਤਿੰਨ ਆਪਣੇ ਘਰ ਵਿਚ ਹੀ ਰਹਿਣ ਦੇ ਦਿਸ਼ਾ-ਨਿਰਦੇਸ਼ ਦੇ ਘੇਰੇ ਵਿਚ ਆ ਗਏ ਹਨ ਜਾਂ ਆ ਜਾਣਗੇ। ਕਾਰੋਬਾਰਾਂ ਉਪਰ ਵੀ ਇਸ ਦਾ ਗੰਭੀਰ ਅਸਰ ਹੈ। ਸਮੁੱਚੀ ਆਰਥਿਕਤਾ ਬੁਰੀ ਤਰ੍ਹਾਂ ਡਾਵਾਂਡੋਲ ਹੈ। ਮੇਸੀ ਨੇ ਕਹਿ ਦਿੱਤਾ ਹੈ ਕਿ ਇਸ ਦੇ ਸਵਾ ਲੱਖ ਵਰਕਰਾਂ ਵਿਚੋਂ 'ਬਹੁਗਿਣਤੀ' ਘਰੋ-ਘਰੀ ਰਹਿਣਗੇ। ਗੈਪ ਨੇ ਵੀ ਕਹਿ ਦਿੱਤਾ ਹੈ ਕਿ ਉਸ ਵਲੋਂ ਵੀ ਅਮਰੀਕਾ ਅਤੇ ਕੈਨੇਡਾ ਵਿਚਲੇ ਸਟੋਰਾਂ ਦੇ 80,000 ਮੁਲਾਜ਼ਮਾਂ ਲਈ ਇਹੋ ਕਦਮ ਚੁੱਕੇ ਜਾਣਗੇ।

ਦੁਨੀਆ ਵਿਚ ਕਰੋਨਾ ਕਾਰਨ ਹਾਹਾਕਾਰ ਮੱਚੀ ਹੋਣ ਦੇ ਬਾਵਜੂਦ ਟਰੰਪ ਇਸ ਖਤਰੇ ਪ੍ਰਤੀ ਆਪਣੇ ਨਾਗਰਿਕਾਂ ਨੂੰ ਅਵੇਸਲਾ ਕਰਨ ਦੀ ਮੁਜਰਮਾਨਾ ਕਵਾਇਦ 'ਚ ਜੁਟਿਆ ਰਿਹਾ। ਇਥੋਂ ਤੱਕ ਨੌਬਤ ਕਿਵੇਂ ਆਈ, ਇਸ ਨੂੰ ਸਮਝਣ ਲਈ 22 ਜਨਵਰੀ ਤੋਂ ਲੈ ਕੇ 13 ਮਾਰਚ ਤੱਕ ਉਸ ਦੇ ਦਾਅਵਿਆਂ ਦੇ ਵੇਰਵੇ ਗੌਰ ਕਰਨ ਵਾਲੇ ਹੈ। 22 ਜਨਵਰੀ ਨੂੰ ਟਰੰਪ ਨੇ ਟਵੀਟ ਕੀਤਾ: 'ਇਹ ਪੂਰੀ ਤਰ੍ਹਾਂ ਸਾਡੇ ਕਾਬੂ ਹੇਠ ਹੈ। ਇਕ ਤਾਂ ਬੰਦਾ ਹੈ ਜੋ ਚੀਨ ਤੋਂ ਆਇਆ ਹੈ।' ਫਿਰ 24 ਫਰਵਰੀ ਨੂੰ ਉਸ ਨੇ ਦਾਅਵਾ ਕੀਤਾ: 'ਯੂ.ਐਸ.ਏ. ਵਿਚ ਕਰੋਨਾ ਵਾਇਰਸ ਬਹੁਤ ਜ਼ਿਆਦਾ ਕਾਬੂ ਹੇਠ ਹੈ। ... ਮੈਨੂੰ ਸਟਾਕ ਮਾਰਕੀਟ ਬਹੁਤ ਵਧੀਆ ਨਜ਼ਰ ਆਉਣੀ ਸ਼ੁਰੂ ਹੋ ਗਈ ਹੈ।' 26 ਫਰਵਰੀ ਦਾ ਟਵੀਟ ਹੈ: 'ਪੰਦਰਾਂ ਕੇਸ ਦੋ ਦਿਨਾਂ ਦੇ ਵਿਚ ਸਿਫਰ ਹੋ ਰਹੇ ਹਨ।' 27 ਫਰਵਰੀ: 'ਇਕ ਦਿਨ ਇਹ ਚਮਤਕਾਰ ਹੀ ਹੋਵੇਗਾ, ਇਹ ਲੋਪ ਹੋ ਜਾਵੇਗਾ।' 2 ਮਾਰਚ: 'ਬਹੁਤ ਕੁਝ ਵਾਪਰ ਰਿਹਾ ਹੈ, ਬਹੁਤ ਕੁਝ ਉਤਸ਼ਾਹਜਨਕ ਵਾਪਰ ਰਿਹਾ ਹੈ ਅਤੇ ਇਹ ਬਹੁਤ ਤੇਜ਼ੀ ਨਾਲ ਵਾਪਰ ਰਿਹਾ ਹੈ।' ਮਾਰਚ 6: 'ਮੈਂ ਸੋਚਦਾ ਹਾਂ, ਅਸੀਂ ਇਸ ਨੂੰ ਕਾਬੂ ਹੇਠ ਲਿਆ ਕੇ ਇਸ ਮੁਲਕ ਵਿਚ ਸੱਚੀਓਂ ਹੀ ਵਧੀਆ ਕੰਮ ਕਰ ਰਹੇ ਹਾਂ ... ਇਸ ਨੂੰ ਕਾਬੂ ਹੇਠ ਲਿਆਉਣ ਦਾ ਵਾਹਵਾ ਕੰਮ ਕਰ ਰਹੇ ਹਾਂ।' 8 ਮਾਰਚ: 'ਕਰੋਨਾ ਵਾਇਰਸ ਉਪਰ ਹੱਲਾ ਬੋਲਣ ਲਈ ਸਾਡੇ ਕੋਲ ਵ੍ਹਾਈਟ ਹਾਊਸ ਵਿਚ ਪੂਰੀ ਤਰ੍ਹਾਂ ਤਾਲਮੇਲ ਵਾਲੀ ਅਤੇ ਕਾਰਗੁਜ਼ਾਰੀ ਨੂੰ ਲਗਾਤਾਰ ਬਿਹਤਰ ਬਣਾਉਣ ਵਾਲੀ ਟੀਮ ਹੈ।' 9 ਮਾਰਚ: 'ਫੇਕ ਨਿਊਜ਼ ਮੀਡੀਆ ਅਤੇ ਇਨ੍ਹਾਂ ਦੀ ਭਾਈਵਾਲ ਡੈਮੋਕਰੇਟਿਕ ਪਾਰਟੀ ਕਰੋਨਾ ਵਾਇਰਸ ਦੀ ਹਾਲਤ ਨੂੰ ਭੜਕਾਉਣ ਲਈ ਆਪਣੀ ਤੁਛ ਜਿਹੀ ਤਾਕਤ ਨਾਲ ਪੂਰੇ ਹੱਥ ਪੈਰ ਮਾਰ ਰਹੀ ਹੈ।' 10 ਮਾਰਚ: 'ਇਹ ਤਾਂ ਬਸ ਖਤਮ ਹੋਇਆ ਸਮਝੋ। ਬਸ ਸ਼ਾਂਤ ਰਹੋ।'

ਫਿਰ 13 ਮਾਰਚ ਨੂੰ ਕੌਮੀ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ। ਹਾਲ ਹੀ ਵਿਚ ਟਰੰਪ ਨੇ ਮਹਾਂਮਾਰੀ ਦੀ ਭਿਆਨਕਤਾ ਨਾਲ ਨਜਿੱਠਣ ਲਈ 2 ਟ੍ਰਿਲੀਅਨ ਡਾਲਰ ਦੇ 'ਕਰੋਨਾ ਵਾਇਰਸ ਸਟਿਮੂਲਸ ਬਿੱਲ' ਉਪਰ ਦਸਤਖਤ ਕੀਤੇ ਹਨ। ਨਿਸ਼ਚੇ ਹੀ ਮੁਲਕ ਨੂੰ ਅਜੋਕੀ ਜਾਨੀ-ਮਾਲੀ ਤਬਾਹੀ ਦੇ ਕੰਢੇ 'ਤੇ ਪਹੁੰਚਾਉਣ ਵਿਚ ਟਰੰਪ ਸਰਕਾਰ ਦੇ ਰਵੱਈਏ ਦੀ ਮੁੱਖ ਭੂਮਿਕਾ ਹੈ।

ਕੌਮੀ ਐਮਰਜੈਂਸੀ ਦੇ ਐਲਾਨ ਤੋਂ ਦੋ ਹਫਤੇ ਬਾਅਦ 29 ਮਾਰਚ ਨੂੰ ਡੋਨਾਲਡ ਟਰੰਪ ਅਤੇ ਵ੍ਹਾਈਟ ਹਾਊਸ ਟਾਸਕ ਫੋਰਸ ਵਲੋਂ ਪ੍ਰੈਸ ਕਾਨਫਰੰਸ ਕੀਤੀ ਗਈ ਹੈ ਜਿਸ ਵਿਚ ਟਰੰਪ ਨੇ ਦੱਸਿਆ ਕਿ 'ਅਸੀਂ ਆਪਣੇ ਦਿਸ਼ਾ-ਨਿਰਦੇਸ਼ਾਂ ਨੂੰ 30 ਅਪਰੈਲ ਤੱਕ ਵਧਾ ਰਹੇ ਹਾਂ ਤਾਂ ਜੋ ਇਸ ਨਾਲ ਵਾਇਰਸ ਦੇ ਫੈਲਾਅ ਦੀ ਰਫਤਾਰ ਮੱਠੀ ਕੀਤੀ ਜਾ ਸਕੇ।' ਉਸ ਨੇ ਦੱਸਿਆ ਕਿ ਵਾਇਰਸ ਨੂੰ ਠੱਲ੍ਹ ਪਾਉਣ ਲਈ ਕਵਾਰਨਟਾਈਨ ਦੀ ਜ਼ਰੂਰਤ ਨਹੀਂ ਹੈ। ਟਰੰਪ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਨਿਊ ਯਾਰਕ ਖੇਤਰ ਵਿਚ ਲੌਕਡਾਊਨ ਦੀ ਤਜਵੀਜ਼ ਨੂੰ ਵੀ ਰੱਦ ਕਰ ਦਿੱਤਾ। ਉਹ ਲੋਕਾਂ ਨੂੰ ਇਹ ਯਾਦ ਕਰਾਉਣਾ ਵੀ ਨਹੀਂ ਭੁੱਲਿਆ ਕਿ 'ਰੋਜ਼ ਗਾਰਡਨ ਵਿਚ ਦਿਨ ਕਿੰਨਾ ਖੂਬਸੂਰਤ ਹੈ। ਕੁਰਸੀਆਂ ਦੌਰਾਨ ਵਾਹਵਾ ਵਿਥ ਹੈ, ਸਮਾਜਿਕ ਵਿਥ ਰੱਖੀ ਜਾ ਰਹੀ ਹੈ। ਤੁਸੀਂ ਇਸ ਉਪਰ ਵਧੀਆ ਅਮਲ ਕਰ ਰਹੇ ਹੋ। ਇਹ ਕਾਬਲੇ-ਤਾਰੀਫ ਹੈ।'

ਟੈਸਟਿੰਗ ਅਤੇ ਇਲਾਜ ਬਾਬਤ ਮਹੱਤਵਪੂਰਨ ਪ੍ਰਗਤੀ ਬਾਰੇ ਚਾਨਣਾ ਪਾਉਂਦਿਆਂ ਉਸ ਨੇ ਖੁਲਾਸਾ ਕੀਤਾ ਕਿ ਐਫ.ਡੀ.ਏ. ਵਲੋਂ ਦੋ ਦਿਨ ਪਹਿਲਾਂ ਨਵੇਂ ਟੈਸਟ ਨੂੰ ਮਨਜ਼ੂਰੀ ਦਿੱਤੀ ਗਈ ਹੈ। ਐਬੌਟ ਲੈਬਸ ਵਲੋਂ ਵਿਕਸਤ ਕੀਤੇ ਇਸ ਟੈਸਟ ਨਾਲ ਪੰਜ ਮਿੰਟਾਂ ਦੇ ਅੰਦਰ ਟੈਸਟਿੰਗ ਦੇ ਨਤੀਜੇ ਪਤਾ ਲੱਗ ਜਾਇਆ ਕਰਨਗੇ। ਆਪਣੀ ਕਾਰਜਕੁਸ਼ਲਤਾ ਦੀ ਸ਼ੇਖੀ ਮਾਰਦਿਆਂ ਟਰੰਪ ਨੇ ਦੱਸਿਆ ਕਿ ਵੈਸੇ ਤਾਂ ਸਹਿਜ ਹਾਲਾਤ ਅੰਦਰ ਐਫ.ਡੀ.ਏ. ਵਲੋਂ ਐਸੀ ਮਨਜ਼ੂਰੀ ਦੇਣ ਦੇ ਅਮਲ ਨੂੰ ਦਸ ਮਹੀਨੇ ਜਾਂ ਇਸ ਤੋਂ ਵੀ ਜ਼ਿਆਦਾ ਵਕਤ ਲੱਗ ਜਾਂਦਾ ਹੈ, ਲੇਕਿਨ ਅਸੀਂ ਇਸ ਨੂੰ ਚਾਰ ਹਫਤਿਆਂ ਵਿਚ ਹੀ ਪੂਰਾ ਕਰ ਲਿਆ। ਉਸ ਨੇ ਇਹ ਦਾਅਵਾ ਵੀ ਕੀਤਾ ਕਿ ਇਸ ਖੋਜ ਤੋਂ ਪਹਿਲਾਂ ਵੀ ਉਸ ਦੇ ਸ਼ਾਸਨ ਹੇਠ ਦੁਨੀਆਂ ਦੇ ਕਿਸੇ ਵੀ ਮੁਲਕ ਨਾਲੋਂ ਵਧੇਰੇ ਟੈਸਟ ਕੀਤੇ ਜਾ ਰਹੇ ਸਨ। ਯਾਦ ਰਹੇ ਕਿ ਟਰੰਪ ਪ੍ਰਸ਼ਾਸਨ ਨੇ 16 ਮਾਰਚ ਤੋਂ ਅਮਰੀਕਾ ਵਿਚ ਸਮਾਜਿਕ ਵਿਥ ਬਣਾਉਣ ਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਇਨ੍ਹਾਂ ਰਾਹੀਂ ਲੋਕਾਂ ਨੂੰ 10 ਤੋਂ ਵਧੇਰੇ ਗਿਣਤੀ 'ਚ ਇਕੱਠੇ ਨਾ ਹੋਣ ਅਤੇ ਬਾਹਰ ਖਾਣਾ ਖਾਣ ਤੋਂ ਗੁਰੇਜ਼ ਕਰਨ ਲਈ ਪ੍ਰੇਰਿਆ ਗਿਆ।

ਪ੍ਰੈਸ ਕਾਨਫਰੰਸ ਤੋਂ ਅਗਲੇ ਦਿਨ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਮਹਾਂਮਾਰੀ ਨਾਲ ਨਜਿੱਠਣ ਲਈ ਜ਼ਰੂਰੀ ਸਾਜ਼ੋ-ਸਮਾਨ ਦੀ ਵਿਸ਼ਾਲ ਪੈਮਾਨੇ ਉਪਰ ਪੈਦਾਵਾਰ ਅਤੇ ਵੰਡ ਦਾ ਅਮਲ ਚੱਲ ਰਿਹਾ ਹੈ। ਉਸ ਨੇ ਨਿਊ ਯਾਰਕ ਵਿਚ ਇਕ ਆਰਜ਼ੀ ਹਸਪਤਾਲ ਬਣਾਉਣ ਅਤੇ ਉਥੇ ਮੈਡੀਕਲ ਸ਼ਿੱਪ ਭੇਜੇ ਜਾਣ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ। ਇਸ ਦੌਰਾਨ ਰਾਜਾਂ ਦੇ ਗਵਰਨਰ ਵੈਂਟੀਲੇਟਰਾਂ, ਮਾਸਕਾਂ ਅਤੇ ਹੋਰ ਮਹੱਤਵਪੂਰਨ ਮੈਡੀਕਲ ਸਾਜ਼ੋ-ਸਮਾਨ ਦੀ ਤੋਟ ਦੀ ਸ਼ਿਕਾਇਤ ਕਰ ਰਹੇ ਹਨ ਜਿਸ ਕਾਰਨ ਮੈਡੀਕਲ ਸੇਵਾਵਾਂ ਅਪਾਹਜ ਮਹਿਸੂਸ ਕਰ ਰਹੀਆਂ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਟਰੰਪ ਅਜੇ ਵੀ ਆਪਣੀ ਫਿਤਰਤ ਅਨੁਸਾਰ ਜ਼ਮੀਨੀ ਹਕੀਕਤ ਤੋਂ ਦੂਰ ਹੈ ਅਤੇ ਬਹੁਤ ਵਧਾ-ਚੜ੍ਹਾ ਕੇ ਦਾਅਵੇ ਕਰ ਰਿਹਾ ਹੈ।

ਐਨੀ ਭਿਆਨਕ ਮਹਾਂਮਾਰੀ ਦਰਮਿਆਨ ਵੀ ਨਾ ਟਰੰਪ ਮੀਡੀਆ ਨੂੰ ਫਿਟਕਾਰ ਪਾਉਣਾ ਭੁੱਲਿਆ, ਨਾ ਉਸ ਦਾ ਨਸਲਵਾਦੀ ਜੋਸ਼ ਮੱਠਾ ਪਿਆ ਅਤੇ ਨਾ ਉਸ ਦੇ ਆਪਣੇ ਲੰਗੋਟੀਏ ਕਾਰਪੋਰੇਟ ਪ੍ਰਤੀ ਗੂੜ੍ਹੇ ਹੇਜ ਵਿਚ ਕੋਈ ਕਮੀ ਆਈ। ਹਾਲੀਆ ਪ੍ਰੈਸ ਕਾਨਫਰੰਸ ਵਿਚ ਵੀ ਉਸ ਦੇ ਚਹੇਤੇ ਕਾਰਪੋਰੇਟ ਵ੍ਹਾਈਟ ਹਾਊਸ ਵਿਖੇ ਉਚੇਚੇ ਤੌਰ 'ਤੇ ਪਧਾਰੇ ਹੋਏ ਸਨ। ਮਾਈਪਿਲੋਅ ਦੇ ਚੀਫ ਐਗਜ਼ੀਕਿਊਟਿਵ ਮਾਈਕ ਲਿੰਡਲ, ਹਨੀਵੈੱਲ ਦੇ ਡੇਰੀਅਸ ਐਡਮਜ਼ਾਈਕ, ਜੌਕੇਅ ਇੰਟਰਨੈਸ਼ਨਲ ਦੀ ਡੈਬਰਾ ਐਸ. ਵਾਲਰ, ਪ੍ਰੌਕਟਰ ਐਂਡ ਗੈਂਬਲ ਦੇ ਡੇਵਿਡ ਟੇਲਰ ਅਤੇ ਯੂਨਾਈਟਿਡ ਟੈਕਨਾਲੋਜੀਜ਼ ਦੇ ਗ੍ਰੈਗ ਹੇਅਜ਼ ਨੂੰ ਤਾਂ ਟਰੰਪ ਨੇ ਸੰਖੇਪ ਭਾਸ਼ਣ ਦੇਣ ਲਈ ਉਚੇਚਾ ਵਕਤ ਵੀ ਦਿੱਤਾ। ਲਿੰਡਲ ਤਾਂ ਟਰੰਪ ਦੀਆਂ ਚੋਣ ਮੁਹਿੰਮ ਰੈਲੀਆਂ ਦਾ ਸਟਾਰ ਮੰਨਿਆ ਜਾਂਦਾ ਹੈ। ਕਾਰਪੋਰੇਟ ਮਿੱਤਰਾਂ ਦੀ ਤਾਰੀਫ ਕਰਦਿਆਂ ਟਰੰਪ ਨੇ ਕਿਹਾ, 'ਇਹ ਮਹਾਨ ਕੰਪਨੀਆਂ ਹਨ।' ਇਹ ਅਮਰੀਕਾ ਦੀ ਸਭ ਤੋਂ ਜ਼ਰੂਰੀ ਲੋੜ ਪੂਰਤੀ ਲਈ ਮੈਡੀਕਲ ਸਾਜ਼ੋ-ਸਮਾਨ ਬਣਾ ਕੇ ਜਾਂ ਦਾਨ ਕਰਕੇ ਆਪਣਾ 'ਦੇਸ਼ਭਗਤ ਫਰਜ਼' ਨਿਭਾਅ ਰਹੀਆਂ ਹਨ। ਲਿੰਡਲ ਵੀ ਪਿੱਛੇ ਨਾ ਰਿਹਾ! ਉਸ ਨੇ ਚੋਣ ਮੁਹਿੰਮ ਦੇ ਅੰਦਾਜ਼ 'ਚ ਕਿਹਾ, 'ਅਸੀਂ ਜਿਸ ਰਾਹ 'ਤੇ ਚੱਲ ਰਹੇ ਸੀ, ਰੱਬ ਨੇ ਉਸ ਦਾ ਮੁਹਾਣ ਮੋੜਨ ਲਈ 8 ਨਵੰਬਰ 2016 ਨੂੰ ਸਾਡੇ ਉਪਰ ਬਖਸ਼ਿਸ਼ ਕੀਤੀ। ... ਰੱਬ ਨੂੰ ਸਾਡੇ ਸਕੂਲਾਂ ਅਤੇ ਸਾਡੀਆਂ ਜ਼ਿੰਦਗੀਆਂ 'ਚੋਂ ਹਟਾ ਦਿੱਤਾ ਗਿਆ ਸੀ, ਕੌਮ ਨੇ ਰੱਬ ਤੋਂ ਮੁੱਖ ਮੋੜ ਲਿਆ ਸੀ।' ਉਸ ਨੇ ਇਸ ਸਮੇਂ ਨੂੰ ਬਾਈਬਲ ਪੜ੍ਹਨ ਅਤੇ ਆਪਣੇ ਪਰਿਵਾਰਾਂ ਨਾਲ ਵਕਤ ਗੁਜ਼ਾਰਨ ਲਈ ਲਾਉਣ ਦੀ ਨਸੀਹਤ ਵੀ ਦਿੱਤੀ।

ਟਰੰਪ ਬਾਰੇ ਮੰਨਿਆ ਜਾ ਰਿਹਾ ਹੈ ਕਿ ਇਸ ਘੋਰ ਸੰਕਟ ਦੇ ਵਕਤ ਉਹ ਮੁਲਕ ਨੂੰ ਅਗਵਾਈ ਦੇਣ ਦੇ ਸਭ ਤੋਂ ਬੁਨਿਆਦੀ ਇਮਤਿਹਾਨਾਂ ਵਿਚ ਪੂਰੀ ਤਰ੍ਹਾਂ ਅਸਫਲ ਸਾਬਤ ਹੋਇਆ ਹੈ। ਐਸੇ ਰਾਸ਼ਟਰਪਤੀ ਤਾਂ ਪਹਿਲਾਂ ਵੀ ਹੋਏ ਹਨ ਜਿਨ੍ਹਾਂ ਦੀ ਭੂਮਿਕਾ ਨਖਿਧ ਮੰਨੀ ਜਾਂਦੀ ਹੈ, ਲੇਕਿਨ ਟਰੰਪ ਨੂੰ ਸਭ ਤੋਂ ਨਖਿਧ ਗਿਣਿਆ ਜਾਂਦਾ ਹੈ। ਉਸ ਨੂੰ ਇਤਿਹਾਸ ਵਿਚ ਐਸੇ ਸਦਰੇ-ਰਿਆਸਤ ਵਜੋਂ ਯਾਦ ਕੀਤਾ ਜਾਵੇਗਾ ਜੋ ਆਪਣਾ ਵਕਤ ਕੈਮਰਿਆਂ ਅੱਗੇ ਮੀਡੀਆ ਉਪਰ ਹਮਲੇ ਕਰਨ, ਗਲਤ ਜਾਣਕਾਰੀ ਫੈਲਾਉਣ ਅਤੇ ਨਸਲਵਾਦ ਨੂੰ ਚੁਆਤੀ ਲਾਉਣ ਵਿਚ ਗੁਜ਼ਾਰਦਾ ਰਿਹਾ। ਜਦ ਕਰੋਨਾ ਵਾਇਰਸ ਪੀੜਤਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਸੀ, ਉਦੋਂ ਉਹ ਗੌਲਫ ਖੇਡਦਾ ਰਿਹਾ। ਉਸ ਦੇ ਹੁੰਗਾਰੇ ਨੂੰ ਦੇਖਦਿਆਂ ਸ਼ਾਇਦ ਜ਼ਿਆਦਾ ਲੋਕਾਂ ਨੂੰ ਹੈਰਾਨੀ ਨਹੀਂ ਹੋ ਰਹੀ। ਉਹ ਸਸਤੇ ਮਸਖਰੇ ਵਾਂਗ ਹਜੂਮ ਤਾਂ ਇਕੱਠੇ ਕਰ ਸਕਦਾ ਹੈ, ਲੇਕਿਨ ਝੂਠ, ਚਿੱਕੜਉਛਾਲੀ ਅਤੇ ਨਸਲਵਾਦ ਭੜਕਾਉਣ ਦੀ ਉਸ ਦੀ ਮੁਹਾਰਤ ਵਾਇਰਸ ਨੂੰ ਰੋਕਣ ਦੇ ਕੰਮ ਨਹੀਂ ਆ ਸਕਦੀ। ਬਦਕਿਸਮਤੀ ਇਹ ਹੈ ਕਿ ਮਹਾਂਮਾਰੀ ਦੌਰਾਨ ਉਸ ਦੀਆਂ ਕਾਰਵਾਈਆਂ ਵਿਵਸਥਾ ਨੂੰ ਤਹਿਸ-ਨਹਿਸ ਕਰਨ ਵਾਲੀਆਂ ਅਤੇ ਤਬਾਹਕੁਨ ਸਾਬਤ ਹੋ ਰਹੀਆਂ ਹਨ। ਇਸ ਦਾ ਖਮਿਆਜ਼ਾ ਅਮਰੀਕਨ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।

# ਪਰਵਾਸੀ ਕਾਮਿਆਂ ਲਈ ਆਪਣਾ ਹੀ ਦੇਸ ਹੋਇਆ ਪਰਦੇਸ

ਪਹਿਲਾਂ ਹੀ ਹਾਸ਼ੀਏ 'ਤੇ ਧੱਕੀ ਅਵਾਮ ਇਕ ਪਾਸੇ ਕਰੋਨਾ ਵਾਇਰਸ ਦੀ ਦਹਿਸ਼ਤ ਅਤੇ ਦੂਜੇ ਪਾਸੇ ਭਾਜਪਾ ਰਾਜ ਦੇ ਤਾਨਾਸ਼ਾਹ ਫਰਮਾਨਾਂ ਨਾਲ ਸਹਿਮੀ ਹੋਈ ਹੈ। ਕਿਸੇ ਵੀ ਸੰਕਟ ਵਿਚ ਸਭ ਤੋਂ ਨਿਤਾਣੇ ਅਤੇ ਅਸੁਰੱਖਿਅਤ ਹਿੱਸੇ ਪਰਵਾਸੀ ਹੁੰਦੇ ਹਨ। ਕੋਈ ਭਰੋਸਾ ਨਹੀਂ, ਕਦੋਂ ਹਾਕਮ ਜਮਾਤੀ ਸਿਆਸਤ 'ਬਾਹਰਲਿਆਂ' ਖਿਲਾਫ ਸਥਾਨਕ ਜਜ਼ਬਾਤ ਭੜਕਾ ਕੇ ਰਾਜਕੀ ਢਾਂਚੇ ਦੀ ਨਾਕਾਮੀ ਅਤੇ ਨਾਲਾਇਕੀ ਨੂੰ ਲੁਕੋਣ ਦਾ ਰਾਹ ਅਖਤਿਆਰ ਕਰ ਲਵੇ। ਘੋਰ ਅਸੁਰੱਖਿਆ ਦੌਰਾਨ ਬਹੁਤ ਸਾਰੇ ਮਕਾਨ ਮਾਲਕ ਉਨ੍ਹਾਂ ਤੋਂ ਮਕਾਨ ਖਾਲੀ ਕਰਵਾ ਰਹੇ ਹਨ ਅਤੇ ਪੁਲਿਸ ਜਨਮ-ਭੂਮੀ ਵਲ ਵਾਪਸ ਜਾਂਦਿਆਂ ਨੂੰ ਸੜਕਾਂ ਉਪਰ ਘੇਰ ਕੇ ਮੁੜ ਸ਼ਹਿਰਾਂ ਵਲ ਧੱਕ ਰਹੀ ਹੈ।

'ਕਰੋਨਾ' ਮਹਾਂਮਾਰੀ ਫੈਲਣ ਦੀਆਂ ਖਬਰਾਂ ਦੌਰਾਨ 29 ਮਾਰਚ ਨੂੰ ਪ੍ਰਧਾਨ ਮੰਤਰੀ ਨਰਿੰਦਰ

**ਬੂਟਾ ਸਿੰਘ**
ਫੋਨ: +91-94634-74342

ਮੋਦੀ ਨੇ ਤੀਜੀ ਵਾਰ ਮੁਲਕ ਦੇ ਲੋਕਾਂ ਨੂੰ 'ਮਨ ਕੀ ਬਾਤ' ਸੁਣਾਉਣ ਦਾ ਉਚੇਚ ਕੀਤਾ। ਇਸ ਸੰਬੋਧਨ ਵਿਚ ਵੀ 21 ਦਿਨਾਂ ਦੇ ਲੌਕਡਾਊਨ ਨਾਲ ਪੈਦਾ ਹੋਏ ਬੇਥਾਹ ਸੰਕਟ ਦੇ ਹੱਲ ਲਈ ਕੋਈ ਠੋਸ ਵਿਉਂਤਬੰਦੀ ਪੇਸ਼ ਨਹੀਂ ਕੀਤੀ ਗਈ। ਇਹ ਸਿਰਫ ਲੱਛੇਦਾਰ ਭਾਸ਼ਣ ਸੀ ਜਿਸ ਵਿਚ ਮੋਦੀ ਨੇ ਭਾਵੁਕ ਲਫਾਜ਼ੀ ਨਾਲ ਆਪਣੇ ਰਾਜ ਦੀ ਬਦਇੰਤਜ਼ਾਮੀ ਨੂੰ ਮਜਬੂਰੀ ਦੱਸ ਕੇ ਪੱਲਾ ਝਾੜ ਲਿਆ। ਮੋਦੀ ਨੇ ਫਰਮਾਇਆ, "ਮੇਰੀ ਆਤਮਾ ਕਹਿੰਦੀ ਹੈ ਕਿ ਤੁਸੀਂ ਮੈਨੂੰ ਜ਼ਰੂਰ ਮਾਫ ਕਰੋਗੇ। ... ਗਰੀਬ ਲੋਕਾਂ ਨੂੰ ਜ਼ਰੂਰ ਲੱਗਦਾ ਹੋਵੇਗਾ ਕਿ ਇਹ ਕੈਸਾ ਪ੍ਰਧਾਨ ਮੰਤਰੀ ਹੈ ਜਿਸ ਨੇ ਦੇਸ਼ ਨੂੰ ਮੁਸੀਬਤ ਵਿਚ ਪਾ ਦਿੱਤਾ।" ਇਨ੍ਹਾਂ ਸ਼ਬਦਾਂ ਨਾਲ ਹਮਦਰਦੀ ਬਟੋਰਨ ਦਾ ਯਤਨ ਕਰਦਿਆਂ ਮੋਦੀ ਨੇ ਬਹੁਤ ਵੱਡੀ ਹਕੀਕਤ ਲੁਕੋ ਲਈ; ਉਹ ਇਹ ਕਿ ਘੋਰ ਨਾਬਰਾਬਰੀ ਆਧਾਰਤ ਮੁਲਕ ਦੋ ਮੁਲਕਾਂ- 'ਇੰਡੀਆ' ਤੇ 'ਭਾਰਤ' ਵਿਚ ਵੰਡਿਆ ਹੋਇਆ ਹੈ। ਲੌਕਡਾਊਨ ਦੌਰਾਨ 'ਇੰਡੀਆ' ਦੇ ਬਾਸ਼ਿੰਦੇ ਸੁਪਰ ਧਨਾਢ, ਧਨਾਢ ਅਤੇ ਉਚ ਮੱਧ ਵਰਗੀ ਲੋਕ ਤਾਂ 'ਸਮਾਜਿਕ ਦੂਰੀ' ਬਣਾ ਲੈਣਗੇ ਲੇਕਿਨ 'ਭਾਰਤ' ਦੇ ਝੁੱਗੀਆਂ-ਝੌਂਪੜੀਆਂ ਅਤੇ ਖੁੱਡੇਨੁਮਾ ਘਰਾਂ ਵਾਲੇ ਗਰੀਬ 'ਸਮਾਜਿਕ ਦੂਰੀ' ਬਣਾਉਣ ਦਾ ਸੁਪਨਾ ਵੀ ਨਹੀਂ ਲੈ ਸਕਦੇ। ਮੁੰਬਈ ਵਿਚ ਏਸ਼ੀਆ ਦੀ ਸਭ ਤੋਂ ਵੱਡੀ ਗਰੀਬ ਬਸਤੀ ਧਾਰਾਵੀ ਅੰਦਰ ਇਕ ਵਰਗ ਮੀਲ ਤੋਂ ਵੀ ਘੱਟ ਇਲਾਕੇ ਵਿਚ ਰਹਿ ਰਹੇ 10 ਲੱਖ ਲੋਕਾਂ ਲਈ 'ਸਮਾਜਿਕ ਦੂਰੀ' ਕਿਵੇਂ ਸੰਭਵ ਹੈ? ਇਹੀ ਹਾਲਾਤ ਹੋਰ ਮਹਾਂਨਗਰਾਂ ਅਤੇ ਵੱਡੇ ਸ਼ਹਿਰਾਂ ਵਿਚਲੀਆਂ ਗਰੀਬ ਬਸਤੀਆਂ ਅਤੇ ਪਿੰਡਾਂ ਦੇ ਦਲਿਤ ਮੁਹੱਲਿਆਂ ਦੇ ਹਨ।

ਕਰੋਨਾ ਨਾਲ ਮਰਨ ਵਾਲਿਆਂ ਦੀ ਤਾਦਾਦ ਤਾਂ ਵਧ ਹੀ ਰਹੀ ਹੈ; ਇਹ ਵੀ ਤੱਥ ਹੈ ਕਿ 21 ਦਿਨ ਲਈ ਥੋਪੇ ਕਰਫਿਊ ਨਾਲ ਆਪਾਧਾਪੀ ਦਾ ਸ਼ਿਕਾਰ ਹੋ ਕੇ ਹੁਣ ਤੱਕ 22 ਵਿਅਕਤੀ ਮਾਰੇ ਜਾ ਚੁੱਕੇ ਹਨ। ਪੈਦਲ ਆਪਣੇ 'ਦੇਸ' ਨੂੰ ਜਾ ਰਹੇ ਪੰਜ ਪਰਵਾਸੀ ਮਜ਼ਦੂਰਾਂ ਨੂੰ ਗੁੜਗਾਓਂ 'ਚ ਕੈਂਟਰ ਨੇ ਕੁਚਲ ਕੇ ਲਾਸ਼ਾਂ ਵਿਚ ਬਦਲ ਦਿੱਤਾ। ਮੱਧ ਪ੍ਰਦੇਸ਼ ਦਾ ਜੰਮਪਲ ਰਣਬੀਰ, ਜੋ ਦਿੱਲੀ ਵਿਚ ਟਿਫਿਨ ਡਿਲੀਵਰੀ ਦਾ ਕੰਮ ਕਰਦਾ ਸੀ, ਬੁਰੀ ਤਰ੍ਹਾਂ ਅਸੁਰੱਖਿਅਤ ਮਹਿਸੂਸ ਕਰਦਿਆਂ ਪੈਦਲ ਹੀ ਆਪਣੇ ਘਰ ਨੂੰ ਤੁਰ ਪਿਆ। 200 ਕਿਲੋਮੀਟਰ ਭੁੱਖਾ-ਤ੍ਰਿਹਾਇਆ ਚੱਲਣ ਤੋਂ ਬਾਅਦ ਰਾਹ ਵਿਚ ਹੀ ਦਿਲ ਦੇ ਦੌਰੇ ਨਾਲ ਦਮ ਤੋੜ ਗਿਆ। ਪਰਿਵਾਰ ਨੂੰ ਉਸ ਦਾ ਆਖਰੀ ਤਰਲਾ ਸੀ, "ਲੈਣੇ ਆ ਸਕਤੇ ਹੋ, ਤੋ ਆ ਜਾਓ"।

ਮੁੰਬਈ ਤੋਂ ਫੂਡ ਕੰਟੇਨਰ ਟਰੱਕ ਪਰਵਾਸੀਆਂ ਦਾ ਇਕੋ-ਇਕ ਸਹਾਰਾ ਬਣੇ ਤਾਂ ਜੋ ਪੁਲਿਸ ਦੀਆਂ ਲਾਠੀਆਂ ਤੋਂ ਬਚ ਕੇ ਸਹੀ-ਸਲਾਮਤ ਆਪਣੇ ਘਰਾਂ ਨੂੰ ਪਰਤ ਸਕਣ। ਇਹ ਉਹ ਲੋਕ ਹਨ ਜਿਹੜੇ ਮਹਾਂਨਗਰਾਂ ਵਿਚ ਦਿਨ-ਰਾਤ ਹੱਡ-ਭੰਨਵੀਂ ਕਿਰਤ ਕਰਕੇ ਆਪਣੇ ਪਰਿਵਾਰ ਨੂੰ ਪਾਲਦੇ ਹਨ। ਇਨ੍ਹਾਂ ਨੇ ਆਪਣੇ ਸਿਰਾਂ ਉਪਰ ਮਹਾਂਨਗਰਾਂ ਦੇ ਬਹੁਤ ਸਾਰੇ ਮਹੱਤਵਪੂਰਨ ਕੰਮਕਾਰਾਂ ਦਾ ਬੋਝ ਚੁੱਕਿਆ ਹੋਇਆ ਸੀ; ਲੇਕਿਨ ਜਦ ਮਹਾਂਮਾਰੀ ਦੀ ਆਫਤ ਆਉਣ 'ਤੇ ਇਨ੍ਹਾਂ ਨੂੰ ਸਹਾਰੇ ਦੀ ਜ਼ਰੂਰਤ ਪਈ ਤਾਂ ਮਹਾਂਨਗਰ 'ਚ ਇਨ੍ਹਾਂ ਨੂੰ ਕਿਤੇ ਵੀ ਢੋਈ ਨਜ਼ਰ ਨਾ ਆਈ। ਰੋਜ਼ੀ-ਰੋਟੀ ਦੀ ਅਸੁਰੱਖਿਆ ਦੇ ਭੈਅ ਨਾਲ ਸਹਿਮੇ ਇਹ ਬੇਵੱਸ ਸੈਂਕੜੇ, ਹਜ਼ਾਰਾਂ ਮੀਲ ਦੂਰ ਆਪਣੇ ਉਨ੍ਹਾਂ ਪਿੰਡਾਂ ਨੂੰ ਪੈਦਲ ਹੀ ਨਿਕਲ ਤੁਰੇ ਜਿਥੋਂ ਕਦੇ ਉਹ ਬਿਹਤਰ ਕੰਮਕਾਰ ਦੀ ਤਲਾਸ਼ ਵਿਚ ਨਿਕਲੇ ਸਨ। ਇਸ ਆਪਾਧਾਪੀ ਦਾ ਸ਼ਿਕਾਰ ਸਿਰਫ ਪਰਵਾਸੀ ਹੀ ਨਹੀਂ ਹੋਏ।

ਇਹ ਤੱਥ ਹੁਣ ਸ਼ਾਇਦ ਹੀ ਕਿਸੇ ਨੂੰ ਚੇਤੇ ਹੋਵੇ ਕਿ ਪਿੱਛੇ ਜਿਹੇ ਰਾਜਧਾਨੀ ਵਿਚ ਹਿੰਦੂਤਵ ਗਰੋਹਾਂ ਅਤੇ ਦਿੱਲੀ ਪੁਲਿਸ ਦੀ ਕਤਲੋਆਮ ਤੇ ਸਾੜਫੂਕ ਦੀ ਮੁਹਿੰਮ ਨਾਲ ਬਰਬਾਦ ਹੋਏ ਹਜ਼ਾਰਾਂ ਗਰੀਬ ਮੁਸਲਮਾਨਾਂ ਨੂੰ ਕਰੋਨਾ ਵਾਇਰਸ ਦੇ ਬਹਾਨੇ ਰਾਹਤ ਕੈਂਪਾਂ ਤੋਂ ਉਜਾੜ ਕੇ ਪੂਰੀ ਤਰ੍ਹਾਂ ਬੇਸਹਾਰਾ ਕਰ ਦਿੱਤਾ ਹੈ ਜਿਥੇ ਉਨ੍ਹਾਂ ਦਾ ਆਰਜ਼ੀ ਰੈਣ-ਬਸੇਰਾ ਸੀ।

ਇਹ ਪਰਵਾਸੀ ਕੌਣ ਹਨ? ਇਹ ਭਾਰਤੀ ਸਮਾਜ ਦੇ ਉਹ ਕਰੋੜਾਂ ਲੋਕ ਹਨ ਜੋ ਮਹਾਂਨਗਰਾਂ, ਸ਼ਹਿਰਾਂ ਅਤੇ ਕਥਿਤ ਵਿਕਸਤ ਇਲਾਕਿਆਂ ਵਿਚ ਹਰ ਤਰ੍ਹਾਂ ਦੀ ਉਸਾਰੀ, ਵਿਕਾਸ ਪ੍ਰੋਜੈਕਟਾਂ, ਰੇੜ੍ਹੀਆਂ, ਫੜ੍ਹੀਆਂ ਲਾ ਕੇ, ਕਿਰਾਏ ਉਪਰ ਰਿਕਸ਼ੇ ਚਲਾ ਕੇ, ਘਰੇਲੂ ਨੌਕਰਾਂ ਦਾ ਕੰਮ ਕਰਕੇ, ਹੋਮ ਡਿਲਿਵਰੀ, ਗੈਰ ਜਥੇਬੰਦ ਖੇਤਰ ਵਿਚ ਹੋਰ ਕਈ ਤਰ੍ਹਾਂ ਦੇ ਛੋਟੇ-ਛੋਟੇ ਆਰਜ਼ੀ ਕਿੱਤੇ ਕਰਕੇ ਜਾਂ ਮਹਾਂਨਗਰੀ ਕਚਰਾ ਅਤੇ ਕਬਾੜ ਇਕੱਠਾ ਕਰਕੇ ਆਪਣੀ ਰੋਜ਼ੀ-ਰੋਟੀ ਚਲਾਉਂਦੇ ਸਨ ਅਤੇ ਕਿਰਾਏ ਦੇ ਨਿੱਕੇ-ਨਿੱਕੇ ਕਮਰਿਆਂ ਵਿਚ ਅਣਮਨੁੱਖੀ ਹਾਲਤ ਵਿਚ ਦਿਨ-ਕਟੀ ਕਰਦੇ ਸਨ। 'ਸਭ ਕਾ ਵਿਕਾਸ' ਵਾਲੇ ਪ੍ਰਧਾਨ ਮੰਤਰੀ ਦੇ ਇਕ ਫਰਮਾਨ ਨੇ ਹੀ ਉਨ੍ਹਾਂ ਦੇ ਢਿੱਡ ਭਰਨ ਦੇ ਵਸੀਲੇ ਖੋਹ ਲਏ। ਜ਼ਿੰਦਗੀ ਅਸਤ-ਵਿਅਸਤ ਹੋ ਜਾਣ ਕਾਰਨ ਉਹ ਨਿੱਕੇ-ਨਿੱਕੇ ਬੱਚਿਆਂ, ਬਿਮਾਰਾਂ, ਗਰਭਵਤੀ ਔਰਤਾਂ ਸਮੇਤ ਪੈਦਲ ਹੀ ਸੈਂਕੜੇ ਮੀਲ ਦੇ ਪੈਂਡੇ ਉਪਰ ਨਿਕਲ ਤੁਰੇ। ਉਹ ਬੇਕਾਰੀ ਅਤੇ ਪ੍ਰਸ਼ਾਸਨਿਕ ਅਸੁਰੱਖਿਆ ਤੋਂ ਭੈਭੀਤ ਹਨ। ਵਿੱਤ ਮੰਤਰੀ ਨੇ 1,70,000 ਕਰੋੜ ਰੁਪਏ ਦਾ ਜੋ ਪੈਕੇਜ ਐਲਾਨਿਆ ਹੈ, ਉਹ ਉਨ੍ਹਾਂ ਨੂੰ ਫੌਰੀ ਰਾਹਤ ਨਹੀਂ ਦੇ ਸਕਦਾ ਕਿਉਂਕਿ ਇਹ ਤਾਲਾਬੰਦੀ ਖਤਮ ਹੋਣ 'ਤੇ ਹੀ ਅਮਲ ਵਿਚ ਆ ਸਕੇਗਾ। ਅਵਾਮ ਨੂੰ ਸਰਕਾਰੀ ਵਾਅਦਿਆਂ ਉਪਰ ਭਰੋਸਾ ਨਹੀਂ। ਜ਼ਿਆਦਾਤਰ ਦੇ ਰਾਸ਼ਨ ਕਾਰਡ ਆਪਣੇ ਪਿੰਡਾਂ ਵਿਚ ਬਣੇ ਹੋਣ ਕਾਰਨ ਉਹ ਰਾਹਤ ਪੈਕੇਜ ਦਾ ਲਾਭ ਲੈਣ ਦੇ ਅਯੋਗ ਮੰਨੇ ਜਾਣਗੇ। 22 ਮਾਰਚ ਦਾ 'ਜਨਤਾ ਕਰਫਿਊ' ਐਲਾਨੇ ਜਾਣ ਤੋਂ 24 ਘੰਟਿਆਂ ਦੇ ਅੰਦਰ ਹੀ ਪੰਜ ਵਿਸ਼ੇਸ਼ ਰੇਲਾਂ ਰਾਹੀਂ ਦਸ ਹਜ਼ਾਰ ਦੇ ਕਰੀਬ ਪਰਵਾਸੀ ਕਿਰਤੀ ਮਹਾਂਰਾਸ਼ਟਰ ਤੋਂ ਬਿਹਾਰ ਵਾਪਸ ਚਲੇ ਗਏ। ਇਸ ਚਿਤਾਵਨੀ 'ਤੇ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਸੀ ਕਿ ਅਚਾਨਕ ਤਿੰਨ ਹਫਤੇ ਦੀ ਤਾਲਾਬੰਦੀ ਦੇ ਭੈਅ ਨਾਲ ਪੂਰੇ ਮੁਲਕ ਵਿਚ ਪਰਵਾਸੀ ਕਿਰਤੀਆਂ ਅੰਦਰ ਕਿੰਨੀ ਬੇਯਕੀਨੀ ਅਤੇ ਆਪਾਧਾਪੀ ਮੱਚ ਜਾਵੇਗੀ। ਖਬਰ ਏਜੰਸੀ 'ਰਾਇਟਰਜ਼' ਦੀ ਰਿਪੋਰਟ ਅਨੁਸਾਰ, ਅਹਿਮਦਾਬਾਦ (ਗੁਜਰਾਤ) ਤੋਂ 60-70 ਹਜ਼ਾਰ ਪਰਵਾਸੀ ਲੌਕਡਾਊਨ ਦਾ ਐਲਾਨ ਹੁੰਦੇ ਸਾਰ ਆਪਣੇ ਸੂਬੇ ਰਾਜਸਥਾਨ ਨੂੰ ਰਵਾਨਾ ਹੋ ਗਏ। ਮਹਿਜ਼ ਦੋ-ਤਿੰਨ ਦਿਨਾਂ ਦੌਰਾਨ ਹੀ ਨੈਸ਼ਨਲ ਹਾਈਵੇ ਉਪਰਲੇ ਦਿੱਲੀ-ਯੂ.ਪੀ. ਗਾਜ਼ੀਆਬਾਦ ਬਾਰਡਰ ਅਤੇ ਰਾਜਧਾਨੀ ਦੇ ਆਨੰਦ ਵਿਹਾਰ ਬੱਸ ਅੱਡੇ ਉਪਰ ਭੁੱਖੇ ਤਿਹਾਏ ਅਤੇ ਘਬਰਾਏ ਹੋਏ ਹਜ਼ਾਰਾਂ ਪਰਵਾਸੀਆਂ ਦੇ ਮੰਜ਼ਰ ਮੋਦੀ ਸਰਕਾਰ ਦੀ ਆਫਤ ਨਾਲ ਨਜਿੱਠਣ ਦੀ ਵਿਉਂਤਬੰਦੀ ਦਾ ਮੂੰਹ ਚਿੜਾ ਰਹੇ ਸਨ। ਇਨ੍ਹਾਂ ਕਿਰਤੀਆਂ 'ਚ ਛਾਏ ਸਹਿਮ ਦਾ ਇਕ ਕਾਰਨ ਇਹ ਡਰ ਵੀ ਹੈ, ਜੋ ਪੂਰੀ ਤਰ੍ਹਾਂ ਸੱਚ ਹੈ, ਕਿ ਐਨੀ ਭਿਆਨਕ ਮਹਾਂਮਾਰੀ ਫੈਲਣ ਦੀ ਸੂਰਤ ਵਿਚ ਉਹ ਬਿਨਾਂ ਇਲਾਜ ਕੀੜੇ-ਮਕੌੜਿਆਂ ਦੀ ਤਰ੍ਹਾਂ ਦਮ ਤੋੜ ਜਾਣਗੇ। ਕੀ ਕਿਸੇ ਹੋਰ ਮੁਲਕ ਵਿਚ ਵੀ ਕਰੋਨਾ ਵਾਇਰਸ ਨੂੰ ਰੋਕਣ ਲਈ ਸਰਕਾਰ ਵਲੋਂ ਚੁੱਕੇ ਕਦਮਾਂ ਨੇ ਇਸ ਤਰ੍ਹਾਂ ਲੱਖਾਂ ਲੋਕਾਂ ਨੂੰ ਪਲਾਇਨ ਕਰਨ ਲਈ ਮਜਬੂਰ ਕੀਤਾ ਹੈ?

ਸਰਕਾਰ ਅਤੇ ਪ੍ਰਸ਼ਾਸਨ ਇਨ੍ਹਾਂ ਕਿਰਤੀਆਂ ਦੀ ਬੇਵਸੀ ਨੂੰ ਸਮਝਣ ਦੀ ਬਜਾਏ ਉਨ੍ਹਾਂ ਨੂੰ ਧਮਕਾ ਰਹੇ ਹਨ। ਭਾਜਪਾ ਆਗੂ ਬਲਵੀਰ ਪੁੰਜ ਨੇ ਬਿਆਨ ਦਾਗਿਆ ਕਿ ਪੈਦਲ ਘਰਾਂ ਨੂੰ ਜਾਣ ਵਾਲੇ 'ਗੈਰ ਜ਼ਿੰਮੇਵਾਰ' ਹਨ। ਗਾਜ਼ੀਆਬਾਦ ਤੋਂ ਭਾਜਪਾ ਵਿਧਾਇਕ ਨੰਦ ਕਿਸ਼ੋਰ ਗੁਰਜਰ ਨੇ ਇਥੋਂ ਤੱਕ ਬਿਆਨ ਦੇ ਦਿੱਤਾ ਕਿ ਲੌਕਡਾਊਨ ਦਾ ਉਲੰਘਣ ਕਰਨ ਵਾਲੇ 'ਦੇਸ਼ਧ੍ਰੋਹੀ' ਨੂੰ ਥਾਏਂ ਗੋਲੀ ਮਾਰ ਦੇਣੀ ਚਾਹੀਦੀ ਹੈ। ਇਸ ਤੋਂ ਇਕ ਗੱਲ ਤਾਂ ਸਾਬਤ ਹੋ ਗਈ ਕਿ ਜਿਸ ਮਕਸਦ, ਆਪਸ ਵਿਚ ਫਾਸਲਾ ਬਣਾਈ ਰੱਖਣ, ਲਈ ਲੌਕਡਾਊਨ ਕੀਤਾ ਗਿਆ ਸੀ, ਉਸ ਦੇ ਸਗੋਂ ਉਲਟ ਨਤੀਜੇ ਸਾਹਮਣੇ ਆਏ। ਹੁਣ ਇਕੋ ਜਗ੍ਹਾ ਉਪਰ ਦਰਜਨਾਂ ਦੀ ਬਜਾਏ ਹਜ਼ਾਰਾਂ ਲੋਕਾਂ ਦੇ ਹਜੂਮ ਇਕੱਠੇ ਹੋਣੇ ਸ਼ੁਰੂ ਹੋ ਗਏ ਹਨ। ਇਸ ਨੂੰ ਰੋਕਣ ਲਈ ਹੁਣ ਦਿੱਲੀ ਅਤੇ ਯੂ.ਪੀ. ਪੁਲਿਸ ਨੇ ਮਿਲ ਕੇ ਸਾਰੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਹਨ। ਅਗਲਾ ਫਰਮਾਨ ਇਹ ਹੈ ਕਿ ਲੌਕਡਾਊਨ ਦਾ ਉਲੰਘਣ ਕਰਨ ਵਾਲਿਆਂ ਨੂੰ 14 ਦਿਨ ਤੱਕ ਆਰਜ਼ੀ 'ਇਕਾਂਤਵਾਸ ਕੈਂਪਾਂ' ਵਿਚ ਬੰਦ ਰੱਖਿਆ ਜਾਵੇਗਾ। ਇਸ 'ਇਕਾਂਤਵਾਸ ਕੈਂਪ' ਅਤੇ ਇਨ੍ਹਾਂ ਵਿਚ ਪਰਵਾਸੀਆਂ ਉਪਰ ਕੀ ਬੀਤੇਗੀ, ਇਸ ਦੀ ਇਕ ਝਲਕ ਬਰੇਲੀ (ਯੂ.ਪੀ.) ਵਿਚ ਮਿਲ ਗਈ, ਜਿਥੇ ਬਾਹਰੋਂ ਪਲਾਇਨ ਕਰਕੇ ਆਏ ਪਰਵਾਸੀ ਕਿਰਤੀਆਂ ਨੂੰ 'ਕੀਟਾਣੂ ਮੁਕਤ' ਕਰਨ ਲਈ ਔਰਤਾਂ, ਬਜ਼ੁਰਗਾਂ, ਬੱਚਿਆਂ ਸਮੇਤ ਸਾਰਿਆਂ ਨੂੰ ਸੜਕ ਉਪਰ ਅੱਖਾਂ ਬੰਦ ਕਰਕੇ ਬਿਠਾਇਆ ਗਿਆ ਅਤੇ ਫਿਰ ਫਾਇਰ ਬ੍ਰਿਗੇਡ ਤੇ ਨਗਰ ਨਿਗਮ ਦੇ ਅਮਲੇ ਨੇ ਉਨ੍ਹਾਂ ਉਪਰ ਉਹ ਕੈਮੀਕਲ ਸਪਰੇਅ ਕਰ ਦਿੱਤਾ ਜੋ ਬੱਸਾਂ ਨੂੰ ਸੈਨੀਟਾਈਜ਼ ਕਰਨ ਲਈ ਵਰਤਿਆ ਜਾ ਰਿਹਾ ਸੀ। ਜਿਸ ਰਾਜ ਪ੍ਰਬੰਧ ਕੋਲ ਸਿਹਤ ਸੇਵਾਵਾਂ ਲਈ ਲੋੜੀਂਦਾ ਬਜਟ ਹੀ ਨਹੀਂ ਹੈ ਅਤੇ ਜਿਥੇ ਪੰਜ ਲੱਖ ਤੋਂ ਉਪਰ ਬੱਚੇ ਹਰ ਸਾਲ ਪਹਿਲਾ ਜਨਮ ਦਿਨ ਮਨਾਏ ਜਾਣ ਤੋਂ ਪਹਿਲਾਂ ਹੀ ਦਮ ਤੋੜ ਜਾਂਦੇ ਹਨ, ਜਿਥੇ ਸੈਂਕੜੇ ਬਾਲ ਇਕ ਦਿਨ ਵਿਚ ਹੀ ਹਸਪਤਾਲ ਅੰਦਰ ਆਕਸੀਜਨ ਨਾ ਹੋਣ ਕਾਰਨ ਦਮ ਤੋੜ ਜਾਂਦੇ ਹਨ, ਉਥੇ ਵਸੋਂ ਨੂੰ ਕੀਟਾਣੂ ਮੁਕਤ ਕਰਨ ਲਈ ਐਸੇ ਵਾਹਿਆਤ ਉਪਾਵਾਂ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ।

ਭਾਜਪਾ ਦੀ ਤਰਜੀਹ ਰਾਸ਼ਟਰਵਾਦ ਦੇ ਘਿਨਾਉਣੇ ਦਿਖਾਵੇ ਲਈ ਵੱਡੀਆਂ-ਵੱਡੀਆਂ ਮੂਰਤੀਆਂ ਤੇ ਮੰਦਰ ਬਣਾਉਣ ਅਤੇ ਦੀਵਾਲੀ ਮੌਕੇ ਘਿਓ ਦੇ ਦੀਵੇ ਜਗਾਉਣ ਵਰਗੇ ਧਾਰਮਿਕ ਅਡੰਬਰ ਹਨ। ਇਸ ਲਈ ਸਿੱਖਿਆ ਅਤੇ ਸਿਹਤ ਸੇਵਾਵਾਂ ਨਾਲੋਂ ਫੌਜੀ ਸਾਜ਼ੋ-ਸਮਾਨ ਖਰੀਦਣਾ ਵਧੇਰੇ ਮਹੱਤਵਪੂਰਨ ਹੈ। ਭਾਰਤ ਸਿਹਤ ਸੇਵਾਵਾਂ ਉਪਰ ਸਭ ਤੋਂ ਘੱਟ ਖਰਚ ਕਰਨ ਵਾਲਾ ਰਾਜ ਹੈ ਜਿਥੇ ਜੀ.ਡੀ.ਪੀ. ਦਾ ਸਿਰਫ 1.02 ਫੀਸਦੀ ਹੀ ਖਰਚਿਆ ਜਾਂਦਾ ਹੈ ਜਦਕਿ ਸਵੀਡਨ 9.2 ਫੀਸਦੀ, ਯੂ.ਐਸ.ਏ. ਵਿਚ 17 ਫੀਸਦੀ, ਫਰਾਂਸ 8.7 ਫੀਸਦੀ, ਯੂ.ਕੇ. 7.9 ਫੀਸਦੀ, ਇਟਲੀ 6.7 ਫੀਸਦੀ ਖਰਚ ਕਰ ਰਹੇ ਹਨ। ਇਹੀ ਵਜ੍ਹਾ ਹੈ ਕਿ 'ਵਿਸ਼ਵ ਗੁਰੂ' ਬਣਨ ਦੇ ਦਾਅਵੇਦਾਰ ਭਾਰਤੀ ਹੁਕਮਰਾਨਾਂ ਦਾ ਮਹਾਂਮਾਰੀ ਨਾਲ ਨਜਿੱਠਣ ਦਾ ਪੈਕੇਜ ਜੀ.ਡੀ.ਪੀ. ਦਾ ਮਹਿਜ਼ 1 ਫੀਸਦੀ ਹੀ ਹੈ। ਹੁਣ 'ਪ੍ਰਧਾਨ ਮੰਤਰੀ ਕੇਅਰ ਫੰਡ' ਵਿਚ ਸਵੈ-ਇੱਛਕ ਯੋਗਦਾਨ ਪਾਉਣ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ। 'ਦਾਨੀਆਂ' ਦਾ ਆਲਮ ਇਹ ਹੈ ਕਿ ਕਾਂਗਰਸ ਦੇ ਡੁੱਬਦੇ ਜਹਾਜ਼ ਤੋਂ ਛਾਲ ਮਾਰ ਕੇ ਸੰਘ ਦੇ ਰੱਥ 'ਤੇ ਸਵਾਰ ਹੋਏ ਜਯੋਤਿਰਦਿਤਿਆ ਸਿੰਧੀਆ ਨੇ ਕੋਵਿਡ-19 ਮਹਾਂਮਾਰੀ ਲਈ ਬਣਾਏ ਮੁੱਖ ਮੰਤਰੀ ਰਾਹਤ ਫੰਡ ਲਈ 30 ਲੱਖ ਰੁਪਏ ਦਾਨ ਦਿੱਤੇ ਹਨ। ਇਹ ਉਹ ਸ਼ਖਸ ਹੈ ਜਿਸ ਨੇ ਆਪਣੇ ਚੋਣ ਹਲਫਨਾਮੇ ਵਿਚ 20,000 ਕਰੋੜ ਰੁਪਏ ਦੀ ਕਾਨੂੰਨੀ ਜਾਇਦਾਦ ਦਾ ਖੁਲਾਸਾ ਕੀਤਾ ਸੀ।

ਮੋਦੀ ਦੇ ਵਜ਼ੀਰ ਨਾਗਰਿਕਾਂ ਨੂੰ ਸਿਹਤ ਸੇਵਾਵਾਂ ਦੇਣ ਲਈ ਸਰਕਾਰੀ ਫੰਡ ਮੁਹੱਈਆ ਕਰਾਉਣ ਦੀ ਬਜਾਏ ਮਹਾਂਮਾਰੀ ਦੌਰਾਨ ਘਰਾਂ ਵਿਚ ਬੈਠ ਕੇ 'ਰਾਮਾਇਣ', 'ਮਹਾਂਭਾਰਤ' ਦੇਖਣ ਦੀਆਂ ਨਸੀਹਤਾਂ ਦੇ ਰਹੇ ਹਨ। ਮੋਦੀ ਸਰਕਾਰ ਨੇ ਤੇਤੀ ਸਾਲ ਪੁਰਾਣਾ 87 ਐਪੀਸੋਡ ਵਾਲਾ 'ਰਾਮਾਇਣ' ਸੀਰੀਅਲ ਮੁੜ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਬਹਾਨਾ ਇਹ ਬਣਾਇਆ ਗਿਆ ਹੈ ਕਿ ਇਹ ਭਾਰਤ ਵਾਸੀਆਂ ਦੀ ਮੰਗ 'ਤੇ ਸ਼ੁਰੂ ਕੀਤਾ ਗਿਆ ਹੈ। ਅਵਾਮ ਤਾਂ ਸੜਕਾਂ ਉਪਰ ਧਰਨੇ ਲਾ ਕੇ ਸੀ.ਏ.ਏ.-ਐਨ.ਪੀ.ਆਰ.-ਐਨ. ਆਰ. ਸੀ. ਵਾਪਸ ਲੈਣ ਅਤੇ ਭਾਜਪਾ ਦੇ ਚੋਣ ਮੈਨੀਫੈਸਟੋ ਵਿਚ ਕੀਤੇ ਵਾਅਦੇ ਪੂਰੇ ਕਰਨ ਦੀ ਮੰਗ ਲਗਾਤਾਰ ਕਰ ਰਹੇ ਹਨ, ਰਾਮਾਇਣ ਸ਼ੁਰੂ ਕਰਨ ਤੋਂ ਪਹਿਲਾਂ ਫਿਰ ਉਨ੍ਹਾਂ ਦੀ ਇਹ ਮੰਗਾਂ ਕਿਉਂ ਨਹੀਂ ਮੰਨੀਆਂ?

ਦਰਅਸਲ, ਕਾਰਨ ਇਹ ਹੈ ਕਿ ਇਕ ਤੀਰ ਨਾਲ ਦੋ ਸ਼ਿਕਾਰ ਖੇਡੇ ਜਾਣਗੇ: ਰਮਾਇਣ ਦੇ ਬਹਾਨੇ ਅਵਾਮ ਨੂੰ ਟੀ.ਵੀ. ਅੱਗੇ ਬਿਠਾਇਆ ਜਾ ਸਕਦਾ ਹੈ ਅਤੇ ਨਾਲ ਹੀ ਇਸ ਜ਼ਰੀਏ ਹਿੰਦੂ ਫਿਰਕੇ ਨੂੰ ਖੁਸ਼ ਕੀਤਾ ਜਾ ਸਕਦਾ ਹੈ। ਜਦਕਿ ਮਹਾਂਨਗਰਾਂ, ਸ਼ਹਿਰਾਂ ਦੀ ਆਰਥਿਕ ਜ਼ਿੰਦਗੀ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਪਰਵਾਸੀ ਕਿਰਤੀਆਂ ਵਿਚ ਜੋ ਅਸੁਰੱਖਿਆ ਦਾ ਭੈਅ ਫੈਲ ਚੁੱਕਾ ਹੈ ਉਸ ਨੂੰ ਦੂਰ ਕਰਨ ਦੀ ਭਗਵੇਂ ਹੁਕਮਰਾਨਾਂ ਨੂੰ ਕੋਈ ਪ੍ਰਵਾਹ ਹੀ ਨਹੀਂ ਹੈ। ਇਸ ਨਾਲ ਸੱਤਾਧਾਰੀ ਧਿਰ ਦਾ ਹਿੰਦੂ ਹੇਜ ਵੀ ਨੰਗਾ ਹੋ ਗਿਆ ਹੈ।

# ਕਰੋਨਾ ਨਾਲ ਲੜਾਈ ਲਈ ਜਾਪਾਨ ਤੋਂ ਸਿੱਖੀਏ

ਕੁਝ ਦਿਨ ਭਾਰਤ ਰਹਿ ਕੇ ਮੈਂ ਆਪਣੇ ਘਰ ਜਾਪਾਨ ਪਰਤ ਆਇਆ ਹਾਂ। ਜਦੋਂ ਮੈਂ ਭਾਰਤ ਤੋਂ ਤੁਰਿਆ ਤਾਂ ਭਾਰਤ ਵਿਚ ਕਰੋਨਾ ਬਾਰੇ ਵੱਡੇ ਪੱਧਰ 'ਤੇ ਰੌਲਾ ਸ਼ੁਰੂ ਹੋ ਚੁੱਕਾ ਸੀ। ਦੋ ਬੰਦਿਆਂ ਦੇ ਮਰਨ ਦੀ ਖਬਰ ਵੀ ਆ ਚੁੱਕੀ ਸੀ। ਜਾਪਾਨ ਵਿਚ ਮਹੀਨਾ ਪਹਿਲਾਂ ਹੀ ਕਰੋਨਾ ਦੇ ਕੇਸ ਚੀਨ ਦੇ

**ਪਰਮਿੰਦਰ ਸੋਢੀ**
ਫੋਨ: +81-9059668670

ਸਮੁੰਦਰੀ ਜਹਾਜ਼ ਰਾਹੀਂ ਪਹੁੰਚ ਚੁੱਕੇ ਸਨ।

ਟੋਕੀਓ ਏਅਰਪੋਰਟ 'ਤੇ ਉਤਰਿਆ ਤਾਂ ਮੈਂ ਕਾਫੀ ਫਿਕਰਮੰਦ ਸੀ ਪਰ ਸਭ ਕੁਝ ਆਮ ਅਤੇ ਸਹਿਜ ਜਿਹਾ ਲੱਗ ਰਿਹਾ ਸੀ। ਪਿਛਲੇ ਪੰਜ-ਸੱਤ ਦਿਨ ਮੈਂ ਆਪਣੇ ਕੰਮਾਂ-ਕਾਰਾਂ ਵਿਚ ਰੁੱਝਿਆ ਰਿਹਾ। ਕਿਸੇ ਕੋਲੋਂ ਕਰੋਨਾ ਦਾ ਜ਼ਿਕਰ ਤੱਕ ਨਾ ਸੁਣਿਆ ਪਰ ਜਿਵੇਂ ਹੀ ਵ੍ਹਟਸਐਪ, ਫੇਸਬੁੱਕ ਖੋਲ੍ਹਦਾ ਜਾਂ ਭਾਰਤ ਬੈਠੇ ਕਿਸੇ ਵੀ ਜਾਣੂ ਨਾਲ ਗੱਲ ਕਰਦਾ, ਫਿਰ ਕਰੋਨਾ-ਕਰੋਨਾ ਹੋਣ ਲਗਦੀ। ਇਕ ਦਿਨ ਸਵੇਰੇ ਉਠਿਆ ਤਾਂ ਜਾਪਾਨ ਵਿਚ ਆਪਣੇ ਆਲੇ-ਦੁਆਲੇ ਨੂੰ ਦੁਬਾਰਾ ਧਿਆਨ ਨਾਲ ਦੇਖਣ ਦਾ ਫੈਸਲਾ ਕੀਤਾ। ਇਥੇ ਮੇਰਾ ਕਾਰੋਬਾਰ ਮਹਾਂਨਗਰ ਦੇ ਕੇਂਦਰ ਵਿਚ ਹੈ। ਵੱਡੇ ਬਾਜ਼ਾਰ ਨੇ। ਛੇ ਰੇਲਵੇ ਸਟੇਸ਼ਨ ਨੇ। ਚਾਰੇ ਪਾਸੇ ਲੋਕ ਹੀ ਲੋਕ ਹਨ। ਜੋ ਗੱਲਾਂ ਮੈਂ ਇਥੇ ਨੋਟ ਕੀਤੀਆਂ, ਉਹ ਤੁਹਾਡੇ ਨਾਲ ਸਾਂਝੀਆਂ ਕਰਦਾ ਹਾਂ।

ਕੋਈ ਜਾਪਾਨੀ ਕਰੋਨਾ ਦਾ ਜ਼ਿਕਰ ਤੱਕ ਨਹੀਂ ਕਰ ਰਿਹਾ। ਸਾਰੇ ਹੀ ਆਪੋ-ਆਪਣੇ ਕੰਮਾਂ 'ਚ ਰੁੱਝੇ ਹੋਏ ਹਨ। ਦੁਪਹਿਰ ਨੂੰ ਰੈਸਟੋਰੈਂਟਾਂ ਵਿਚ 70 ਪ੍ਰਤੀਸ਼ਤ ਗਾਹਕ ਆ ਰਹੇ ਹਨ। ਰਾਤ ਨੂੰ 50 ਪ੍ਰਤੀਸ਼ਤ। ਇਹ ਮੈਨੂੰ ਤਾਂ ਪਤਾ ਹੈ, ਕਿਉਂਕਿ ਮੇਰੇ ਆਪਣੇ ਰੈਸਟੋਰੈਂਟ ਹਨ। 50 ਕੁ ਪ੍ਰਤੀਸ਼ਤ ਲੋਕਾਂ ਨੇ ਆਪਣੇ ਚਿਹਰੇ ਮਾਸਕ ਨਾਲ ਢਕੇ ਹੋਏ ਹਨ ਜਦ ਕਿ ਮੌਸਮ ਬਦਲਣ ਸਮੇਂ 20 ਕੁ ਪ੍ਰਤੀਸ਼ਤ ਵੈਸੇ ਹੀ ਢਕੀ ਰੱਖਦੇ ਹਨ। ਸਕੂਲ, ਕਾਲਜ ਮਹੀਨਾ ਪਹਿਲਾਂ ਤੋਂ ਬੰਦ ਹਨ। ਬਾਹਰ ਚਹਿਲ-ਪਹਿਲ ਪੂਰੀ ਹੈ ਜਾਂ ਅੱਗੇ ਨਾਲੋਂ ਥੋੜ੍ਹੀ ਹੀ ਘੱਟ ਹੈ। ਸਭ ਨੂੰ ਇਹ ਗੱਲ ਪਹਿਲਾਂ ਹੀ ਪਤਾ ਹੈ ਕਿ ਕੋਈ ਵੀ ਫਲੂ ਫੈਲਣ ਸਮੇਂ ਘਰ ਜਲਦੀ ਆ ਜਾਣਾ ਚਾਹੀਦਾ ਹੈ। ਕੋਈ ਵੀ ਸਮਾਜਿਕ ਇਕੱਠ ਨਹੀਂ ਕਰਨਾ। ਹੱਥ ਮਿਲਾਉਣ ਦਾ ਇਥੇ ਰਿਵਾਜ ਨਹੀਂ ਹੈ। ਹੱਥ ਸਾਫ ਰੱਖਣੇ ਨੇ। ਅੰਦਰ ਬਾਹਰ ਦੀਆਂ ਥਾਵਾਂ ਨੂੰ ਹਰ ਰੋਜ਼ ਹੀ ਸਾਫ ਰੱਖਣਾ ਹੈ। ਖੰਘਣ ਸਮੇਂ ਅਤੇ ਨਿੱਛ ਮਾਰਨ ਵਕਤ ਮੂੰਹ ਨੂੰ ਰੁਮਾਲ, ਟਿਸ਼ੂ ਜਾਂ ਕਮੀਜ਼ ਦੀ ਬਾਂਹ ਨਾਲ ਢੱਕ ਲੈਣਾ ਹੈ।

ਭੁਚਾਲ, ਸੁਨਾਮੀ ਜਾਂ ਹੋਰ ਕਿਸੇ ਵੀ ਬਿਪਤਾ ਸਮੇਂ ਇਸ ਗੱਲ ਦਾ ਖਾਸ ਖਿਆਲ ਰੱਖਣਾ ਹੈ ਕਿ ਖਾਣ-ਪੀਣ ਦਾ ਵਾਧੂ ਸਾਮਾਨ ਘਰਾਂ ਵਿਚ ਸਟਾਕ ਬਿਲਕੁਲ ਨਹੀਂ ਕਰਨਾ। ਹਸਪਤਾਲਾਂ 'ਤੇ ਭਰੋਸਾ ਇਨ੍ਹਾਂ ਨੂੰ ਰੱਬ ਵਰਗਾ ਹੈ। ਜਾਪਾਨੀਆਂ ਵਾਲੇ ਸਮਾਜ ਦਾ ਮਤਲਬ ਹੀ ਅਨੁਸ਼ਾਸਨ ਹੁੰਦਾ ਹੈ, ਜਾਂ ਕਹਿ ਲਓ ਕਿ ਅਨੁਸ਼ਾਸਨ ਨਾਲ ਹੀ ਸਮਾਜ ਬਣਦਾ ਹੈ। ਕੁਦਰਤੀ ਸੰਕਟ ਪੈਣ ਵੇਲੇ ਆਪਣੇ ਹੀ ਸਮਾਜ ਉਪਰ ਜਾਂ ਆਪਣੇ ਹੀ ਲੋਕਾਂ ਉਪਰ ਕਰਫਿਊ ਲਾਗੂ ਕਰਨਾ, ਜਾਪਾਨੀ ਕਦੇ ਸੋਚ ਵੀ ਨਹੀਂ ਸਕਦੇ। ਨੋਟ ਕਰਨ ਵਾਲੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਘਬਰਾਹਟ ਕਿਤੇ ਨਹੀਂ ਹੈ। ਕੋਈ ਰੌਲਾ ਨਹੀਂ ਹੈ। ਯੂਰਪੀਅਨਾਂ ਵਾਂਗ ਤਾੜੀਆਂ ਮਾਰਨੀਆਂ ਅਤੇ ਭਾਰਤੀਆਂ ਵਾਂਗ ਥਾਲੀਆਂ ਖੜਕਾਉਣ ਦੀ ਕਲਪਨਾ ਜਾਪਾਨੀ ਨਹੀਂ ਹੀ ਕਰ ਸਕਦੇ। ਸਭ ਦਾ ਸਹਿਜ ਹਮੇਸ਼ਾ ਵਾਂਗ ਕਾਇਮ ਹੈ। 1995 ਦੇ ਕੋਬੇ ਸ਼ਹਿਰ ਵਾਲੇ ਵੱਡੇ ਭੁਚਾਲ 'ਚ ਸੱਤ ਹਜ਼ਾਰ ਲੋਕ ਮਰੇ, 2011 ਦੀ ਸੁਨਾਮੀ ਵਿਚ 17 ਹਜ਼ਾਰ ਲੋਕ ਮਰੇ। ਉਦੋਂ ਵੀ ਮੈਂ ਇਥੇ ਹੀ ਸਾਂ। ਇਹ ਸਹਿਜ ਉਦੋਂ ਵੀ ਇਸੇ ਤਰ੍ਹਾਂ ਕਾਇਮ ਸੀ।

ਸੋਚਣ ਵਾਲੀ ਗੱਲ ਇਹ ਹੈ ਕਿ ਅਸੀਂ ਹਰ ਵਰਤਾਰੇ ਨੂੰ ਵਧਾ-ਚੜ੍ਹਾ ਕੇ ਕਿਉਂ ਪੇਸ਼ ਕਰਦੇ ਹਾਂ? ਕ੍ਰਿਕਟ ਦੇ ਮੈਚ ਤੋਂ ਲੈ ਕੇ ਸਰਹੱਦਾਂ 'ਤੇ ਹੁੰਦੀ ਝੰਡਾ ਉਤਾਰਨ ਵਾਲੀ ਪਰੇਡ ਤੱਕ ਨੂੰ ਅਸੀਂ ਨਾਟਕ ਵਿਚ ਬਦਲ ਦਿੰਦੇ ਹਾਂ। ਸਮਾਜਿਕ ਮਸਲੇ ਹੋਣ ਜਾਂ ਕੁਦਰਤੀ ਕਰੋਪੀ ਹੋਵੇ, ਉਨ੍ਹਾਂ ਨਾਲ ਗੰਭੀਰਤਾ ਨਾਲ ਨਜਿੱਠਣਾ ਅਤੇ ਨਾਲ ਹੀ ਸਮਾਜ ਦਾ ਸਹਿਜ ਵੀ ਬਣਾਈ ਰੱਖਣਾ ਸਾਡਾ ਫਰਜ਼ ਹੁੰਦਾ ਹੈ। ਕਰੋਨਾ ਹੋਵੇ ਜਾਂ ਕੋਈ ਹੋਰ ਕੁਦਰਤੀ ਬਿਪਤਾ, ਸਾਡੀ ਬਿਰਤੀ ਇਸ ਦਾ ਨਾਟਕੀਕਰਨ ਕਰਨ ਵਾਲੀ ਨਹੀਂ ਹੋਣੀ ਚਾਹੀਦੀ, ਸਗੋਂ ਜਾਪਾਨੀਆਂ ਵਾਂਗ ਇਸ ਨੂੰ ਆਹਮੋ-ਸਾਹਮਣੇ ਹੋ ਕੇ ਟਕਰਨਾ ਅਤੇ ਠੰਢਾ ਦਿਮਾਗ ਨਾਲ ਇਸ ਦਾ ਨਿਬੇੜਾ ਕਰਨਾ ਹੀ ਸਾਡੀ ਕੌਮ ਦੀ ਵੱਡੀ ਲੋੜ ਹੈ।

ਮੈਂ ਅਕਸਰ ਦੇਖਿਆ ਹੈ ਕਿ ਕਿਸੇ ਵੱਡੀ ਆਫਤ ਪੈਣ ਸਮੇਂ ਜਾਪਾਨੀ ਲੋਕ ਦੋ ਤਰ੍ਹਾਂ ਨਾਲ ਆਪਣੀ ਪ੍ਰਕਿਰਿਆ ਜ਼ਾਹਰ ਕਰਦੇ ਹਨ। ਪਹਿਲੀ, ਸਾਰਾ ਸਮਾਜ ਹੀ ਸਾਵਧਾਨ ਜਾਂ ਗੰਭੀਰ ਹੋ ਜਾਂਦਾ ਹੈ ਅਤੇ ਚੁੱਪ-ਚਾਪ ਟੀਮ ਵਾਂਗ ਵਿਚਰਨ ਲਗਦਾ ਹੈ। ਦੂਸਰਾ, ਸੰਕਟ ਨਾਲ ਨਜਿੱਠਣ ਵਾਲੇ ਅਦਾਰੇ ਪੂਰੀ ਤਰ੍ਹਾਂ ਚੌਕਸ ਹੋ ਜਾਂਦੇ ਹਨ। ਇਹ ਅਦਾਰੇ ਮੁੱਖ ਰੂਪ ਵਿਚ ਪੁਲਿਸ, ਫਾਇਰ ਬ੍ਰਿਗੇਡ, ਮੈਡੀਕਲ ਸੰਸਥਾਵਾਂ ਆਦਿ ਹੁੰਦੇ ਹਨ।

ਕਰੋਨਾ ਫਲੂ ਦੀ ਆਫਤ ਪੈਣ ਸਮੇਂ ਵੀ ਪਹਿਲੇ ਪੱਧਰ 'ਤੇ ਲੋਕਾਂ ਨੇ ਆਪਣੇ-ਆਪ ਹੀ ਘਰਾਂ ਵਿਚੋਂ ਬੇਲੋੜਾ ਨਿਕਲਣਾ ਘੱਟ ਕਰ ਦਿੱਤਾ ਸੀ। ਸਰਕਾਰ ਦੇ ਪਹਿਲੇ ਸੁਨੇਹੇ 'ਤੇ ਸਾਰੇ ਹੀ ਸਕੂਲ, ਕਾਲਜ ਤੇ ਹੋਰ ਸੰਸਥਾਵਾਂ ਬੰਦ ਹੋ ਗਈਆਂ ਸਨ। ਡਿਜ਼ਨੀਲੈਂਡ ਤੇ ਯੂਨੀਵਰਸਲ ਸਟੂਡੀਓ ਵਰਗੇ ਭੀੜਾਂ ਖਿੱਚਣ ਵਾਲੇ, ਦਿਲ ਪਰਚਾਵੇ ਦੇ ਕੇਂਦਰ ਬੰਦ ਕਰ ਦਿੱਤੇ ਗਏ ਸਨ। ਦੂਜੇ ਪੱਧਰ 'ਤੇ ਸਾਰੇ ਹੀ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲਾਂ ਨੂੰ ਇਸ ਸੰਕਟ ਲਈ ਤਿਆਰ ਰਹਿਣ ਦਾ ਹੁਕਮ ਜਾਰੀ ਹੋ ਗਿਆ ਸੀ। ਉਨ੍ਹਾਂ ਹਸਪਤਾਲਾਂ ਦੀ ਲਿਸਟ ਜਾਰੀ ਹੋ ਗਈ ਸੀ ਜੋ ਇਸ ਕਿਸਮ ਦੇ ਫਲੂ ਜਾਂ ਵਾਇਰਸ ਆਦਿ ਦੇ ਸ਼ਿਕਾਰ ਹੋਏ ਮਰੀਜ਼ਾਂ ਨੂੰ ਦਾਖਲ ਕਰਨ ਦੀ ਸਮਰੱਥਾ ਰੱਖਦੇ ਹਨ। ਮਰੀਜ਼ ਦਾ ਟੈਸਟ ਕੁਝ ਹੀ ਘੰਟਿਆਂ ਵਿਚ ਕਰ ਲਿਆ ਜਾਂਦਾ ਹੈ। ਮਰੀਜ਼ ਨੂੰ ਕਰੋਨਾ ਫਲੂ ਹੀ ਹੋਇਆ ਹੈ, ਇਹ ਗੱਲ ਪੱਕੀ ਹੋਣ ਤੋਂ ਬਾਅਦ ਉਸ ਨੂੰ ਵੱਖਰੇ ਤੇ ਮਖਸੂਸ ਵਾਰਡਾਂ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ।

ਹੁਣ ਤੱਕ ਦੀਆਂ ਰਿਪੋਰਟਾਂ ਅਨੁਸਾਰ, ਜਾਪਾਨ ਵਿਚ ਕਰੋਨਾ ਵਾਇਰਸ ਦੀ ਲਾਗ ਵਾਲੇ 2000 ਤੋਂ ਉਪਰ ਕੇਸਾਂ ਦੀ ਸ਼ਨਾਖਤ ਕੀਤੀ ਗਈ ਹੈ। 56 ਮੌਤਾਂ ਹੋਈਆਂ ਹਨ। 55 ਮਰੀਜ਼ਾਂ ਨੂੰ ਗੰਭੀਰ ਸਮਝਿਆ ਜਾ ਰਿਹਾ ਹੈ। ਪਰ ਸਾਢੇ ਚਾਰ ਸੌ ਦੇ ਕਰੀਬ ਮਰੀਜ਼ਾਂ ਨੂੰ ਸੁਰੱਖਿਅਤ ਸਮਝ ਕੇ ਛੁੱਟੀ ਦੇ ਕੇ ਘਰਾਂ ਨੂੰ ਭੇਜ ਦਿੱਤਾ ਗਿਆ ਹੈ। ਹਸਪਤਾਲਾਂ ਵਿਚ ਇਬੋਲਾ ਵਾਇਰਸ ਦੇ ਤੋੜ ਵਾਲੀ ਦਵਾਈ ਨੂੰ ਪਰਖ ਦੇ ਤੌਰ 'ਤੇ ਇਸ ਲਈ ਵਰਤਣ ਦੀ ਖਬਰ ਵੀ ਆਈ ਹੈ। ਤਾਜ਼ਾ ਖਬਰ ਇਹ ਹੈ ਕਿ ਸਿੱਖਿਆ ਵਿਭਾਗ ਨੇ ਅਪਰੈਲ ਵਿਚ ਸਕੂਲ ਖੋਲ੍ਹਣ ਦਾ ਐਲਾਨ ਕੀਤਾ ਹੈ ਪਰ ਨਾਲ ਹੀ ਸਕੂਲਾਂ ਦੇ ਸਾਰੇ ਕਮਰਿਆਂ ਦੇ ਹਵਾ-ਸੰਚਾਰ ਨੂੰ ਤਾਜ਼ਾ ਰੱਖਣ, ਹੱਥ ਧੋਣ, ਇਕ-ਦੂਜੇ ਤੋਂ ਦੂਰੀ 'ਤੇ ਖੜ੍ਹਨ ਅਤੇ ਚਿਹਰਿਆਂ 'ਤੇ ਮਾਸਕ ਆਦਿ ਲਗਾ ਕੇ ਰੱਖਣ ਵੀ ਕਿਹਾ ਹੈ।

# ਜੀਵਨ ਮਨੋਰਥ



ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ
ਫੋਨ: 925-683-1982

ਪ੍ਰੋ. ਮੋਹਨ ਸਿੰਘ ਨੇ ਲਿਖਿਆ ਸੀ,
ਰੱਬ ਇਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖ ਧੰਦਾ।
ਖੋਲ੍ਹਣ ਲੱਗਿਆਂ ਪੇਚ ਏਸ ਦੇ
ਕਾਫਰ ਹੋ ਜਾਏ ਬੰਦਾ।

ਅੱਜ ਦੇ ਸਮੇਂ ਨੂੰ ਧਿਆਨ ਵਿਚ ਰੱਖਦਿਆਂ ਮੈਂ ਮਹਿਸੂਸ ਕਰਦਾ ਹਾਂ ਕਿ ਮਨੁੱਖੀ ਜੀਵਨ ਦੇ ਮਨੋਰਥ ਵਿਚ ਹੈਰਾਨਕੁਨ ਵੰਨਗੀ ਦੇਖਦਿਆਂ ਇਨਸਾਨ ਅਸਚਰਜਤਾ ਦੀਆਂ ਹੱਦਾਂ ਬੰਨੇ ਪਾਰ ਕਰਦਾ ਨਜ਼ਰ ਆ ਰਿਹਾ ਹੈ! ਇਹ ਮਨੋਰਥ ਵੀ ਗੋਰਖ ਧੰਦਾ ਹੀ ਲੱਗਦਾ ਹੈ। ਜੰਗਲਾਂ ਵਿਚ ਰਹਿੰਦੇ ਮਨੁੱਖ ਲਈ ਸਿਰਫ ਖੁਰਾਕ ਦੀ ਤਲਾਸ਼ ਕਰਨਾ ਹੀ ਜੀਵਨ ਮਨੋਰਥ ਸੀ। ਇਸ ਵਿਚ ਕਾਮਯਾਬ ਹੋਣ ਲਈ ਉਸ ਨੂੰ ਤਕੜੇ ਸਰੀਰ ਦੀ ਲੋੜ ਸੀ। ਇਸ ਦੀ ਪੂਰਤੀ ਲਈ ਅਚਾਨਕ ਲੱਗੀ ਅੱਗ ਅਧੀਨ ਭੁੱਜਿਆ ਮਾਸ ਉਸ ਨੂੰ ਰਾਸ ਆਇਆ। ਕੁਦਰਤੀ ਉਗੀਆਂ ਕੁਝ ਸਬਜ਼ੀਆਂ ਵੀ ਸਹਾਈ ਹੋਈਆਂ, ਪਰ ਇਧਰ ਉਧਰ ਦੀਆਂ ਫਜ਼ੂਲ ਗੱਲਾਂ ਲਈ ਉਸ ਦੇ ਜੀਵਨ ਮਨੋਰਥ ਵਿਚ ਕੋਈ ਥਾਂ ਨਹੀਂ ਸੀ! ਜਿਉਂ-ਜਿਉਂ ਆਦਮੀ ਸਭਿਅਤਾ ਦੇ ਚੱਕਰ ਵਿਚ ਪੈਂਦਾ ਗਿਆ, ਜੀਵਨ ਮਨੋਰਥ ਬਦਲਦੇ ਗਏ। ਹਰ ਆਦਮੀ ਦੀ ਮਾਨਸਿਕ ਅਵਸਥਾ ਅਨੁਸਾਰ ਜੀਵਨ ਲੀਲ੍ਹਾ ਰੰਗ ਬਦਲਦੀ ਰਹਿੰਦੀ ਹੈ ਅਤੇ ਜੀਵਨ ਮਨੋਰਥ ਬਹੁਤ ਦਿਲਚਸਪ ਤੇ ਰੋਚਕ ਬਣਦਾ ਰਹਿੰਦਾ ਹੈ।

ਜ਼ਿੰਦਗੀ ਦੀ ਪਗਡੰਡੀ 'ਤੇ ਚਲਦਿਆਂ ਕਈ ਅਸੂਲੀ ਆਦਮੀਆਂ ਨੂੰ ਵਕਤ ਦੀ ਨਜ਼ਾਕਤ ਦੇਖਦਿਆਂ ਗਲਤ ਹਾਲਾਤ ਨਾਲ ਵੀ ਸਮਝੌਤਾ ਕਰਨਾ ਪੈਂਦਾ ਹੈ, ਪਰ ਬਹੁਤਿਆਂ ਦਾ ਜੀਵਨ ਮਨੋਰਥ ਹੀ ਕਦਮ ਕਦਮ 'ਤੇ ਸਮਝੌਤਾ ਕਰਨਾ ਹੈ।

ਨਿਆਣੀ ਉਮਰੇ ਕਿਸੇ ਦੀ ਨਕਲ ਉਤਾਰਨਾ ਜਾਂ ਮੂੰਹ ਚਿੜਾਉਣਾ ਅਤੇ ਪੁੱਠਾ ਸਿੱਧਾ ਦੂਜਾ ਨਾਮ ਰੱਖਣਾ ਬਹੁਤ ਵਾਰ ਮਾਸੂਮੀਅਤ ਤੇ ਭੋਲੇਪਨ ਦੀ ਨਿਸ਼ਾਨੀ ਹੈ, ਪਰ ਸਾਰੀ ਉਮਰ ਇਹੋ ਜਿਹੀ ਹਰਕਤ ਕਰਦੇ ਰਹਿਣਾ ਕੁਝ ਬੰਦਿਆਂ ਦਾ ਜੀਵਨ ਮਨੋਰਥ ਹੀ ਲਗਦਾ ਹੈ! ਮੇਰੀ ਜਾਣ-ਪਛਾਣ ਵਾਲੇ ਕੁੱਝ ਸੱਜਣ ਸਾਰੀ ਉਮਰ ਇਕ ਗੱਲ ਦਾਅਵੇ ਨਾਲ ਕਹਿੰਦੇ ਰਹੇ ਕਿ ਮੂੰਹ ਉਤੇ ਕਿਸੇ ਨੂੰ ਬੁਰਾ ਨਾ ਕਹੋ ਅਤੇ ਪਿੱਠ ਪਿੱਛੇ ਕਿਸੇ ਨੂੰ ਵੀ ਚੰਗਾ ਨਾ ਕਹੋ; ਭਲੇ ਤੇ ਭੋਲੇ ਲੋਕਾਂ ਦਾ ਮਜ਼ਾਕ ਉਡਾਓ ਅਤੇ ਉਨ੍ਹਾਂ ਦੀ ਸ਼ਕਲ ਤੇ ਆਦਤ ਨੂੰ ਦੇਖ ਕੇ ਬਹੁਤ ਭੱਦੇ ਨਾਮ ਰੱਖੋ; ਜਿਵੇਂ ਲੰਮੀਆਂ ਬਾਹਾਂ ਵਾਲੇ ਨੂੰ ਭਾਲੂ (ਰਿੱਛ) ਕਹੋ, ਵਗੈਰਾ-ਵਗੈਰਾ।

ਹੈਰਾਨੀ ਇਸ ਗੱਲ ਦੀ ਹੈ ਕਿ ਇਹ ਸੱਜਣ ਕਾਫੀ ਬੁਧੀਜੀਵੀ ਹਨ। ਮਜ਼ਾਕੀਆ ਫਿਤਰਤ ਦੇ ਮਾਲਕ ਹੋਣ ਕਰਕੇ ਹਰ ਵੇਲੇ ਰੌਣਕ ਲਾਈ ਰੱਖਦੇ ਹਨ। ਇਕ ਦਿਨ ਮੈਂ ਇਨ੍ਹਾਂ ਵਿਚੋਂ ਇਕ ਮਨਚਲੇ ਨੂੰ ਸਵਾਲ ਕੀਤਾ ਕਿ ਤੁਹਾਡਾ 'ਸੋਲ' (soul - ਆਤਮਾ/ਰੂਹ) ਬਾਬਤ ਕੀ ਖਿਆਲ ਹੈ? ਉਸ ਨੇ ਝੱਟ ਜਵਾਬ ਦਿੱਤਾ, "ਮੈਂ ਤਾਂ ਇਕ ਹੀ 'ਸੋਲ' (Sole) ਨੂੰ ਜਾਣਦਾ ਹਾਂ, ਉਹ ਹੈ, ਮੇਰੇ ਬੂਟ ਦਾ ਤਲਾ, ਤੇ ਹਮੇਸ਼ਾ ਮੇਰੇ ਪੈਰਾਂ ਥੱਲੇ ਹੀ ਰਹਿੰਦਾ ਹੈ! ਦੁਨੀਆਂ ਐਵੇਂ ਭੁਲੇਖਿਆਂ ਵਿਚ ਡੁੱਬੀ 'ਸੋਲ ਸੋਲ' ਕਹਿੰਦੀ ਰਹਿੰਦੀ ਹੈ।"

ਡਾ. ਵਿਦਿਆ ਸਾਗਰ ਬਹੁਤ ਨੇਕ ਦਿਲ ਇਨਸਾਨ ਸਨ। ਫਰੀਦਕੋਟ ਦੇ ਸਰਕਾਰੀ ਕਾਲਜ ਵਿਚ ਮੈਂ ਉਨ੍ਹਾਂ ਦਾ ਲੈਕਚਰ ਸੁਣਿਆ। ਉਨ੍ਹਾਂ ਕਿਹਾ ਕਿ ਉਸ ਦੇ ਪਿਤਾ ਬਹੁਤ ਸਖਤ ਤਬੀਅਤ ਦੇ ਮਾਲਕ ਸਨ। ਇਸ ਲਈ ਉਹ ਆਪਣੀ ਭੂਆ ਕੋਲ ਰਹਿ ਕੇ ਹੀ ਪੜ੍ਹੇ। ਸਾਰੀ ਉਮਰ ਉਨ੍ਹਾਂ ਨੂੰ ਪਿਆਰ ਦੀ ਭੁੱਖ ਤੜਫਾਉਂਦੀ ਰਹੀ। ਇਸ ਤੜਫਾਹਟ ਵਿਚੋਂ ਉਪਜਿਆ ਜੀਵਨ ਮਨੋਰਥ ਉਨ੍ਹਾਂ ਨੂੰ ਸਾਰੀ ਉਮਰ ਕਿਸੇ ਨੂੰ ਵੀ ਨਾਰਾਜ਼ ਨਾ ਕਰਨ ਲਈ ਪ੍ਰੇਰਦਾ ਰਿਹਾ। ਜੇ ਅੱਧੀ ਰਾਤ ਵੇਲੇ ਵੀ ਕੋਈ ਮਾਨਸਿਕ ਮਰੀਜ਼ ਪਹੁੰਚ ਗਿਆ, ਉਸ ਨੂੰ ਵੀ ਗਲੇ ਲਾਇਆ। ਕਈ ਵਾਰ ਪਤਨੀ ਤੇ ਬੱਚਿਆਂ ਨੇ ਇਸ ਆਦਤ ਨਾਲ ਅਸਹਿਮਤੀ ਵੀ ਜਤਾਈ, ਪਰ ਉਹ ਆਪਣੇ ਮਿਸ਼ਨ ਵਿਚ ਅਡੋਲ ਰਹੇ।

ਨਵੇਂ ਜ਼ਮਾਨੇ ਦੀ ਮਾਇਆਧਾਰੀ ਦੁਨੀਆਂ ਵਿਚ ਬਹੁਤੇ ਲੋਕਾਂ ਦਾ ਜੀਵਨ ਮਨੋਰਥ ਪੈਸਾ ਹੈ। ਕਈਆਂ ਦੀ ਜਿੰਦ-ਜਾਨ ਸਿਰਫ ਤਰੱਕੀ ਕਰਨਾ ਹੈ। ਬਹੁਤ ਘੱਟ ਆਦਮੀ ਜੀਵਨ ਮਨੋਰਥ ਨੂੰ ਸਬਰ-ਸਬੂਰੀ ਦਾ ਜਾਮਾ ਪਹਿਨਾਉਂਦੇ ਹਨ।

ਅੱਜ ਕੱਲ੍ਹ 'ਮੀ ਟੂ' ਵਾਲਾ ਅਖਾਣ ਬਹੁਤ ਪ੍ਰਚਲਿਤ ਹੈ। ਬਹੁਤੇ ਮਰਦ-ਔਰਤਾਂ ਦਾ ਇਹੀ ਜੀਵਨ ਮਨੋਰਥ ਬਣ ਗਿਆ ਹੈ। ਜਦੋਂ ਇਸ ਵਿਚ ਕੁਰਬਾਨੀ ਦਾ ਅੰਗ ਪੂਰੀ ਤਰ੍ਹਾਂ ਗੈਰ ਹਾਜ਼ਰ ਹੋ ਜਾਵੇ ਤਾਂ ਇਹ ਖੁਦਗਰਜ਼ੀ ਦਾ ਆਲਮ ਬਣ ਜਾਂਦਾ ਹੈ। ਖੁਦਗਰਜ਼ ਸਮਾਜ ਨੂੰ ਤਪਦਿਕ ਦੇ ਰੋਗ ਵਾਂਗ ਹੌਲੀ-ਹੌਲੀ ਖੁਰਦ-ਬੁਰਦ ਕਰ ਦਿੰਦੀ ਹੈ। ਜੀਵਨ ਦਾ ਇਹ ਮਨੋਰਥ ਇਨਸਾਨੀਅਤ ਲਈ ਘਾਤਕ ਸਾਬਤ ਹੋ ਰਿਹਾ ਹੈ! ਰਿਸ਼ਤੇ-ਨਾਤੇ ਕਦਰ ਖੋ ਬੈਠੇ ਹਨ। ਕਈ ਵਾਰ ਜਾਪਦਾ ਹੈ, ਪਿਆਰ-ਮੁਹੱਬਤ ਗੁਜ਼ਰੇ ਸਮੇਂ ਦੀ ਕਹਾਣੀ ਬਣ ਰਹੀ ਹੈ।

ਸਿਆਸਤ ਬੜੀ ਅਜੀਬ ਖੇਡ ਹੈ, ਜੋ ਸ਼ਖਸ ਇਸ ਵਿਚ ਕੁੱਦ ਪੈਂਦਾ ਹੈ, ਉਸ ਦਾ ਨਜ਼ਰੀਆ ਦਿਲਚਸਪ ਕਰਵਟ ਲੈ ਲੈਂਦਾ ਹੈ। ਜੇ ਸ਼ਕਤੀ ਵੀ ਹੱਥ ਲੱਗ ਜਾਏ, ਫੇਰ ਤਾਂ ਕਹਿਣਾ ਹੀ ਕੀ! ਜੀਵਨ ਦਾ ਇਕੋ ਹੀ ਮਨੋਰਥ ਬਣ ਜਾਂਦਾ ਹੈ ਕਿ ਉਸ ਦੀ ਇਹ ਤਾਕਤ ਕਿਵੇਂ ਕਾਇਮ ਰਹੇ?

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਹਾਲੀਆ ਭਾਰਤ ਫੇਰੀ ਨੂੰ ਲੋਕ ਵੱਖੋ-ਵੱਖ ਖਿਆਲਾਂ ਨਾਲ ਦੇਖਦੇ ਹਨ, ਪਰ ਮੈਨੂੰ ਮਹਿਸੂਸ ਹੁੰਦਾ ਹੈ ਕਿ ਨਵੰਬਰ ਦੀ ਚੋਣ ਜਿੱਤਣਾ ਉਸ ਦੇ ਜੀਵਨ ਦਾ ਅੱਜ ਦੀ ਘੜੀ ਮੁੱਖ ਮਨੋਰਥ ਹੈ। ਭਾਰਤ ਦੀ ਜਨਤਾ ਨਾਲ ਬਨਾਉਟੀ ਪਿਆਰ ਜਤਾਉਣਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਜੱਫੀਆਂ ਪਾਉਣਾ, ਦਿੱਲੀ ਦੇ ਅੰਗ ਤੇ ਧੂੰਏ ਵੱਲ ਅੱਖਾਂ ਮੀਟਣਾ, ਹਥਿਆਰ ਵੇਚ ਕੇ ਅਮਰੀਕਾ ਦੀ ਤਜਾਰਤ ਵਧਾਉਣਾ ਅਤੇ ਭਾਰਤ ਦੇ ਪਿਛੋਕੜ ਵਾਲੇ ਅਮਰੀਕਨਾਂ ਨੂੰ ਅਹਿਮ ਪਦਵੀਆਂ 'ਤੇ ਬਿਠਾਉਣਾ ਆਉਣ ਵਾਲੀ ਚੋਣ ਵਿਚ ਵੋਟਾਂ ਬਟੋਰਨ ਦਾ ਬਹੁਤ ਖੂਬਸੂਰਤ ਸਾਧਨ ਹੈ।

ਕਈ ਵਾਰ ਜੀਵਨ ਦੇ ਇਸ ਮਨੋਰਥ ਲਈ ਸਿਆਸੀ ਆਦਮੀ ਉਹ ਕੋਝੀਆਂ ਹਰਕਤਾਂ ਕਰਦੇ ਹਨ, ਜਿਨ੍ਹਾਂ ਦਾ ਜ਼ਿਕਰ ਕਰਨ ਤੋਂ ਕਲਮ ਝਿਜਕ ਰਹੀ ਹੈ। ਦੰਗੇ ਕਰਵਾਉਣਾ ਤਾਂ ਇਨ੍ਹਾਂ ਲਈ ਆਮ ਗੱਲ ਹੈ। ਕਈ ਨਾਮੀ ਇਤਿਹਾਸਕਾਰ ਕਹਿੰਦੇ ਹਨ, ਭਾਰਤ ਦੀ ਵੰਡ ਦਾ ਇਕ ਕਾਰਨ ਸਿਆਸਤਦਾਨਾਂ ਦੀ ਢਲਦੀ ਉਮਰ ਵਿਚ ਛੇਤੀ ਤੋਂ ਛੇਤੀ ਤਾਕਤ ਸੰਭਾਲਣਾ ਜੀਵਨ ਮਨੋਰਥ ਬਣ ਗਿਆ ਸੀ। ਕਰੋੜਾਂ ਲੋਕਾਂ ਦੀ ਬਰਬਾਦੀ ਇਸ ਖਤਰਨਾਕ ਮਨੋਰਥ ਦੀ ਨਾ ਬਖਸ਼ਣ ਵਾਲੀ ਉਪਜ ਸੀ। ਰੱਬ ਜਾਣੇ ਕੀ ਸੱਚ ਹੈ! ਮਾਸੂਮ ਲੋਕ ਸਦਾ ਸਿਆਸਤਦਾਨਾਂ ਦੀਆਂ ਲੂੰਬੜ ਚਾਲਾਂ ਦੇ ਸ਼ਿਕਾਰ ਬਣਦੇ ਹਨ।

ਪੰਜਾਬ ਦੇ ਪਿੰਡਾਂ ਵਿਚੋਂ ਖਾਸ ਅਤੇ ਬਾਕੀ ਭਾਰਤ ਵਿਚੋਂ ਆਮ ਰੁਝਾਨ ਵਿਦੇਸ਼ ਪਹੁੰਚਣ ਦਾ ਇਸ ਕਦਰ ਹਾਵੀ ਹੋ ਗਿਆ ਹੈ ਕਿ ਇਸ ਨੂੰ ਉਨ੍ਹਾਂ ਲੋਕਾਂ ਦਾ ਜੀਵਨ ਮਨੋਰਥ ਕਹਿਣਾ ਗਲਤ ਨਹੀਂ ਹੋਵੇਗਾ। ਮੇਰੇ ਆਪਣੇ ਅਤੇ ਮੇਰੀ ਜਾਣ-ਪਛਾਣ ਵਾਲੇ ਸ਼ਖਸਾਂ ਦੇ ਬੱਚੇ ਡਾਕਟਰ ਅਤੇ ਇੰਜੀਨੀਅਰ ਹਨ। ਲੰਮੇ ਸਮੇਂ ਤੋਂ ਅਮਰੀਕਾ ਵਿਚ ਰਹਿੰਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਇਨ੍ਹਾਂ ਬੱਚਿਆਂ ਵਿਚੋਂ ਵਿਰਲਿਆਂ ਦਾ ਮਨੋਰਥ ਹੀ ਇਥੋਂ ਦੇ ਚੰਗੇ ਵਾਤਾਵਰਣ ਵਿਚ ਕੰਮ ਕਰਕੇ ਜਗਤ ਪ੍ਰਸਿਧ ਡੈਮ ਇੰਜੀਨੀਅਰ ਸਰਕਾਰੀਆ ਸਾਹਿਬ ਜਾਂ ਕੈਮਿਸਟਰੀ ਦੇ ਖੁਰਾਣਾ ਸਾਹਿਬ ਜਾਂ ਅਰਥ ਸ਼ਾਸਤਰ ਦੇ ਸੈਨ ਸਾਹਿਬ ਦੀ ਤਰ੍ਹਾਂ ਨੋਬੇਲ ਪੁਰਸਕਾਰ ਹਾਸਲ ਕਰਨਾ ਹੈ। ਬਾਕੀ ਤਾਂ ਵੱਡੀਆਂ ਤੇ ਮਹਿੰਗੀਆਂ ਕਾਰਾਂ ਦੇ ਚੱਕਰ ਵਿਚ ਹੀ ਜੀਵਨ ਬਤੀਤ ਕਰ ਰਹੇ ਹਨ। ਚਲੋ ਇਸ ਕਿਸਮ ਦੇ ਮਨੋਰਥ ਦਾ ਸਮਾਜ 'ਤੇ ਕੋਈ ਬੁਰਾ ਅਸਰ ਨਹੀਂ, ਇਨ੍ਹਾਂ ਬੱਚਿਆਂ ਨੂੰ ਮੇਰੀ ਦਿਲੀ ਮੁਬਾਰਕਬਾਦ; ਫਿਰ ਵੀ ਮੈਂ ਆਸ ਲਾਈ ਬੈਠਾ ਹਾਂ ਕਿ ਇਹ ਬਹੁਤ ਲਾਇਕ ਬੱਚੇ ਆਉਣ ਵਾਲੇ ਸਮੇਂ ਵਿਚ ਕਰੋਨਾ ਵਾਇਰਸ ਜਿਹੀਆਂ ਭਿਆਨਕ ਬਿਮਾਰੀਆਂ ਦੇ ਇਲਾਜ ਲਈ ਆਪਣਾ ਯੋਗਦਾਨ ਪਾਉਣਾ ਜੀਵਨ ਮਨੋਰਥ ਬਣਾ ਲੈਣਗੇ।

ਬਹੁਤ ਥੋੜ੍ਹੇ ਜਿਹੇ ਇਹੋ ਜਿਹੇ ਵੀ ਹਨ, ਜਿਨ੍ਹਾਂ ਦਾ ਜੀਵਨ ਮਨੋਰਥ ਬੇਸਬਰੀ ਨਾਲ ਧਨ ਕਮਾਉਣਾ ਹੈ ਅਤੇ ਪੰਜਾਬੀ ਦੇ ਅਖਬਾਰਾਂ ਵਿਚ ਉਨ੍ਹਾਂ ਦੀਆਂ ਗੈਰ ਕਾਨੂੰਨੀ ਹਰਕਤਾਂ ਪੜ੍ਹ ਕੇ ਅਤੇ ਉਨ੍ਹਾਂ ਨੂੰ ਜੇਲ੍ਹ ਕੋਠੜੀਆਂ ਵੱਲ ਜਾਂਦੇ ਦੇਖ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਰੱਬ ਇਨ੍ਹਾਂ ਨੂੰ ਸੁਮੱਤ ਬਖਸ਼ੇ!

ਕੋਈ ਵੇਲਾ ਸੀ, ਜਦੋਂ ਮਿਲਟਰੀ ਦੀ ਨੌਕਰੀ ਸਰਹੱਦਾਂ ਦੀ ਰਾਖੀ ਕਰਨਾ ਹੀ ਸੀ। ਫੌਜੀਆਂ ਨੂੰ ਚੰਗੀਆਂ ਸਹੂਲਤਾਂ ਤੇ ਤਨਖਾਹਾਂ ਦੇ ਕੇ ਜਨਤਾ ਤੋਂ ਦੂਰ ਹੀ ਰੱਖਿਆ ਜਾਂਦਾ ਸੀ। ਉਨ੍ਹਾਂ ਦਾ ਜੀਵਨ ਮਨੋਰਥ ਅਨੁਸ਼ਾਸਨ ਵਿਚ ਰਹਿਣਾ, ਚੰਗੀ ਖੁਰਾਕ, ਚੰਗੀ ਸਿਹਤ ਅਤੇ ਇਮਾਨਦਾਰੀ ਦੀ ਜ਼ਿੰਦਗੀ ਬਸਰ ਕਰਨਾ ਸੀ, ਪਰ ਅੱਜ ਕੱਲ੍ਹ ਸਿਆਸੀ ਪਾਰਟੀਆਂ ਦਾ ਕੋਝੇ ਇਰਾਦਿਆਂ ਲਈ ਫੌਜ ਨੂੰ ਵਰਤਣਾ ਫੌਜੀ ਅਫਸਰਾਂ ਨੂੰ ਵੀ ਝੋਲੀ-ਚੁੱਕ ਬਣਨ ਲਈ ਉਤਸ਼ਾਹਤ ਕਰਦਾ ਹੈ। ਇਸ ਲਈ ਨਵੇਂ ਹਾਲਾਤ ਵਿਚ ਉਨ੍ਹਾਂ ਦੇ ਜੀਵਨ ਮਨੋਰਥ ਦੀ ਚਰਚਾ ਕਰਨਾ ਇਸ ਨਿਮਾਣੇ ਜਿਹੇ ਲੇਖ ਵਿਚ ਢੁਕਵੀਂ ਥਾਂ ਨਹੀਂ।

ਸਮਾਜ ਸੇਵਾ ਦਾ ਸ਼ੌਕ ਦਿਨੋ ਦਿਨ ਧੁੰਦਲਾ ਹੋ ਰਿਹਾ ਹੈ। ਦੇਖਦਿਆਂ-ਦੇਖਦਿਆਂ ਬਹੁਤ ਕੁਝ ਬਦਲ ਗਿਆ ਹੈ। ਪਹਿਲਾਂ ਜਿਨ੍ਹਾਂ ਇਨਸਾਨਾਂ ਨੇ ਇਸ ਸ਼ੌਕ ਨੂੰ ਜੀਵਨ ਮਨੋਰਥ ਸਮਝਿਆ ਸੀ, ਉਨ੍ਹਾਂ ਨੇ ਇਸ ਮਨੋਰਥ ਦੀ ਪੂਰਤੀ ਲਈ ਆਪਣੀ ਜ਼ਮੀਨ-ਜਾਇਦਾਦ ਤਕ ਵੇਚ ਦਿੱਤੀ। ਗਦਰੀ ਬਾਬਿਆਂ ਨੇ ਘਰ ਬਰਬਾਦ ਕਰ ਲਏ। ਕਈਆਂ ਨੇ ਸ਼ਾਦੀਆਂ ਵੀ ਨਾ ਕੀਤੀਆਂ, ਪਰ ਇਸ ਮਨੋਰਥ ਨੂੰ ਆਂਚ ਨਹੀਂ ਆਉਣ ਦਿੱਤੀ। ਅੱਜ ਕੱਲ੍ਹ ਬਹੁਤ ਸਾਰੇ ਲੀਡਰ ਸਮਾਜ ਸੇਵਾ ਦਾ ਢੌਂਗ ਰਚ ਕੇ ਇਸ ਨੂੰ ਜੀਵਨ ਮਨੋਰਥ ਕਹਿੰਦੇ ਹਨ। ਕਰੀਬ ਹਰ ਸਿਆਸੀ ਲੀਡਰ ਆਪਣੇ ਪੁੱਤਰ ਨੂੰ ਵੀ ਇਹੋ ਸਬਕ ਪੜ੍ਹਾਉਂਦਾ ਹੈ। ਘਰ ਗੁਆਉਣ ਦੀ ਥਾਂ ਘਰ ਮਾਇਆ ਨਾਲ ਭਰਦਾ ਹੈ? ਐ ਜੀਵਨ ਮਨੋਰਥ, ਤੇਰੇ ਕਿਤਨੇ ਰੰਗ?

ਫਿਰ ਵੀ ਉਚੇ ਜੀਵਨ ਮਨੋਰਥ ਵਾਲਿਆਂ ਦਾ ਬੀਜ ਨਾਸ ਨਹੀਂ। ਭਗਤ ਪੂਰਨ ਸਿੰਘ ਦੇ ਇਸ ਸੁਚੱਜੇ ਮਨੋਰਥ ਦੀ ਸੰਸਾਰ ਪ੍ਰਸਿੱਧ ਉਪਜ ਪਿੰਗਲਵਾੜੇ ਹਨ। ਮਨੁੱਖਤਾ ਦੀ ਸੇਵਾ ਦੀ ਜਿਉਂਦੀ ਜਾਗਦੀ ਮਿਸਾਲ! ਲੁਧਿਆਣੇ ਦੇ ਡਾ. ਨਾਹਰ ਸਿੰਘ ਮਾਂਗਟ ਨੇ ਖੇਤੀਬਾੜੀ ਦੀ ਵੱਡਮੁੱਲੀ ਖੋਜ ਪਿਛੋਂ ਨਿਆਸਰਿਆਂ ਦੀ ਦੇਖ-ਭਾਲ ਹੀ ਆਪਣਾ ਜੀਵਨ ਮਨੋਰਥ ਬਣਾ ਲਿਆ ਹੈ। ਪਟਿਆਲੇ ਦੇ ਵੀਰ ਜੀ (ਮਰਹੂਮ) ਦਾ ਅਣਪਛਾਤੀਆਂ ਲਾਸ਼ਾਂ ਦਾ ਸਸਕਾਰ ਕਰਨਾ ਹੀ ਉਨ੍ਹਾਂ ਦਾ ਜੀਵਨ ਆਧਾਰ ਸੀ। ਚੰਡੀਗੜ੍ਹ ਵਿਚ ਗਿਆਨ ਚੰਦ ਸਬਰ-ਸਬੂਰੀ ਨਾਲ ਸੈਨਿਟਰੀ ਦਾ ਕੰਮ ਕਰਨ ਵਾਲਾ ਵੀ ਵੀਰ ਜੀ ਵਾਲੀ ਡਿਊਟੀ ਨਿਭਾ ਰਿਹਾ ਹੈ।

ਕਮਾਲ ਦੀ ਗੱਲ ਇਹ ਹੈ ਕਿ ਇਨ੍ਹਾਂ ਸ਼ਖਸਾਂ 'ਚੋਂ ਕੋਈ ਵੀ ਧਨਾਢ ਨਹੀਂ ਹੈ। ਸਿੱਧੇ ਸਾਦੇ ਸੰਤੋਖੀ ਬੰਦੇ ਹਨ। ਰੱਬ ਜਾਣੇ, ਕਿਉਂ ਮਾਇਆ ਬੰਦੇ ਦੀ ਤਰਜ਼-ਜ਼ਿੰਦਗੀ ਨੂੰ ਹੋਰ ਦਾ ਹੋਰ ਕਰ ਦਿੰਦੀ ਹੈ?

ਇਕ ਹੋਰ ਗੱਲ ਬਹੁਤ ਸ਼ਿੱਦਤ ਨਾਲ ਸਾਹਮਣੇ ਆ ਰਹੀ ਹੈ। ਕਈ ਧਰਮ ਪ੍ਰਚਾਰਕ ਅਤੇ ਅਖਬਾਰਾਂ ਵਿਚ ਲੇਖ ਲਿਖਣ ਵਾਲੇ ਲੋਕ ਗੁਰਬਾਣੀ ਦੀ ਵਿਆਖਿਆ ਆਪੋ-ਆਪਣੇ ਵਿਚਾਰਾਂ ਅਨੁਸਾਰ ਬੜੇ ਰੋਚਕ ਅਤੇ ਵਿਗਿਆਨਕ ਢੰਗ ਨਾਲ ਕਰ ਰਹੇ ਹਨ। ਪਤਾ ਨਹੀਂ, ਕਿਉਂ ਮੇਰੇ ਮਨ ਵਿਚ ਇਹ ਫੁਰਨਾ ਆ ਰਿਹਾ ਹੈ ਕਿ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਦੀ ਚੌਥੀ ਅਸ਼ਟਪਦੀ ਵਿਚ ਫਰਮਾਉਂਦੇ ਹਨ,

ਬਾਹਰਿ ਗਿਆਨ ਧਿਆਨ ਇਸਨਾਨ॥
ਅੰਤਰਿ ਬਿਆਪੈ ਲੋਭੁ ਸੁਆਨੁ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ॥
ਗਲਿ ਪਾਥਰ ਕੈਸੇ ਤਰੈ ਅਥਾਹ॥
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ
ਨਾਨਕ ਤੇ ਜਨ ਸਹਜਿ ਸਮਾਤਿ॥

ਸਾਰੇ ਤਾਂ ਨਹੀਂ, ਪਰ ਕਾਫੀ ਸੱਜਣ ਬਾਹਰਲੇ ਗਿਆਨ ਦੇ ਨਾਲ-ਨਾਲ ਅਣਭੋਲ ਹੀ ਬਹੁਤ ਲੋਭੀ ਹਨ। ਇਸ ਤਰ੍ਹਾਂ ਦਾ ਰਲਗੱਡ ਉਨ੍ਹਾਂ ਦਾ ਜੀਵਨ ਮਨੋਰਥ ਬਣ ਗਿਆ ਹੈ ਅਤੇ ਸ਼ਾਇਦ ਉਹ ਇਸ ਗੱਲ ਤੋਂ ਅਣਜਾਣ ਹਨ ਕਿ ਲੋਭ ਦੀ ਅਗਨ ਵਾਲਾ ਪੱਥਰ ਕੀ ਕਾਰੇ ਕਰੇਗਾ? ਫਿਰ ਵੀ ਵਿਰਲੇ, ਜਿਨ੍ਹਾਂ ਦੇ ਮਨ ਵਸਿਆ ਅਤੇ ਧੁਰੋਂ ਲਿਖਿਆ ਆਇਆ ਹੈ, ਉਹੀ ਸਹਿਜ ਅਵਸਥਾ ਵਿਚ ਰਹਿੰਦੇ ਹਨ। ਕਈ ਮਹਾਂਪੁਰਸ਼ ਇਹ ਵੀ ਕਹਿੰਦੇ ਹਨ ਕਿ ਵਾਹਿਗੁਰੂ ਦਾ ਸਿਮਰਨ ਕਰਨ ਤੋਂ ਬਿਨਾ ਮਨੁੱਖ ਦਾ ਜੀਵਨ ਬੇਅਰਥ ਹੈ। ਅਸਲ ਵਿਚ ਇਹੀ ਜ਼ਿੰਦਗੀ ਦਾ ਮਨੋਰਥ ਹੈ। ਇਹੋ ਇਕ ਰਸਤਾ ਹੈ, ਜਿਸ ਵਿਚ ਭਟਕਣਾ ਖਤਮ ਹੋ ਸਕਦੀ ਹੈ।

ਕਈ ਆਦਤਾਂ ਜਿਵੇਂ ਚੁਗਲੀ ਨਿੰਦਾ ਕਰਨਾ ਕਈ ਮਨੁੱਖਾਂ ਵਿਚ ਪੱਕ ਜਾਂਦੀਆਂ ਹਨ। ਇਸ ਬੁਰੀ ਆਦਤ ਕਾਰਨ ਕਈ ਵਾਰ ਉਨ੍ਹਾਂ ਨੂੰ ਭੈੜੇ ਨਤੀਜੇ ਵੀ ਭੁਗਤਣੇ ਪੈਂਦੇ ਹਨ, ਪਰ ਸਾਰੀ ਉਮਰ ਉਹ ਇਸ ਤੋਂ ਮੁਕਤ ਨਹੀਂ ਹੋ ਸਕਦੇ, ਸਗੋਂ ਇਸ ਭੈੜੀ ਰੁਚੀ ਨੂੰ ਨਵੇਂ-ਨਵੇਂ ਢੰਗਾਂ ਨਾਲ ਪੇਸ਼ ਕਰਦੇ ਹਨ ਅਤੇ ਸਿਆਣੇ ਬੀਬੇ ਬੰਦਿਆਂ ਨੂੰ ਵੀ ਭਰਮਾ ਲੈਂਦੇ ਹਨ। ਚੁਗਲੀ ਨੂੰ ਲੌਲੀਪੋਪ ਬਣਾ ਕੇ ਅਡੋਲ ਮਨੁੱਖਾਂ ਨੂੰ ਵੀ ਪੈਰੋਂ ਹਿਲਾ ਦਿੰਦੇ ਹਨ। ਸਾਰੀ ਉਮਰ ਇਸ ਮੁਹਾਰਤ ਵਿਚ ਜੁਝਣਾ ਉਨ੍ਹਾਂ ਦਾ ਜੀਵਨ ਮਨੋਰਥ ਹੀ ਕਹਿਣਾ ਠੀਕ ਹੈ। ਬਹੁਤ ਵਾਰ ਰੋਜ਼ਮੱਰਾ ਜ਼ਿੰਦਗੀ ਵਿਚ ਵੀ ਰੋਚਕ ਹਾਲਾਤ ਸਾਹਮਣੇ ਆਉਂਦੇ ਹਨ। ਸਵੇਰ ਦੀ ਸੈਰ ਵੇਲੇ ਕਈ ਆਦਮੀਆਂ ਦੇ ਦਰਸ਼ਨ ਹੁੰਦੇ ਹਨ, ਪਰ ਇਕ ਸੱਜਣ ਬਿਲਾ ਨਾਗਾ ਮਿਲਦਾ ਹੈ, ਉਹ ਅੰਕੜਿਆਂ ਦਾ ਮਾਹਰ ਹੈ, ਬਹੁਤ ਵਾਰ ਗਲਤ ਅੰਕੜੇ ਪੇਸ਼ ਕਰ ਕੇ ਬਹੁਤ ਚੰਗੀ ਬਾਤ-ਚੀਤ ਦਾ ਮਜ਼ਾ ਕਿਰਕਿਰਾ ਕਰ ਦਿੰਦਾ ਹੈ।

ਕਈ ਵਾਰ ਉਹ ਇਸ ਅਣਗਹਿਲੀ ਦੀ ਮੁਆਫੀ ਵੀ ਮੰਗਦਾ ਹੈ, ਪਰ ਉਸ ਦੇ ਹੱਡ-ਮਾਸ ਵਿਚ ਇਹ ਆਦਤ ਘਰ ਕਰ ਚੁਕੀ ਹੈ ਕਿ ਇਹ ਉਸ ਦਾ ਜੀਵਨ ਮਨੋਰਥ ਬਣ ਗਈ ਹੈ। ਮੈਂ ਉਸ ਨੂੰ ਕਈ ਵਾਰ ਬੜੇ ਪਿਆਰ ਨਾਲ ਦੱਸਿਆ ਹੈ ਕਿ ਅੰਕੜਿਆਂ ਦੇ ਰਹੱਸ ਨੂੰ ਸਮਝਣ ਲਈ ਵਿਦਵਾਨਾਂ ਦਾ ਵਿਚਾਰ ਹੈ ਕਿ ਅੰਕੜੇ ਬਹੁਤ ਕੁਝ ਦੱਸ ਸਕਦੇ ਹਨ, ਪਰ ਸੱਚ ਨਹੀਂ ਦੱਸ ਸਕਦੇ। ਸਿਆਣੇ ਅਤੇ ਤਜਰਬੇਕਾਰ ਡਾਕਟਰ ਆਮ ਅੰਕੜਿਆਂ ਦੀ ਥਾਂ ਮਰੀਜ਼ ਤੋਂ ਇਹ ਪੁੱਛਦੇ ਹਨ ਕਿ ਤੂੰ ਕਿਸ ਕਬੀਲੇ 'ਚੋਂ ਹੈਂ, ਕਿਉਂਕਿ ਕਈ ਬਿਮਾਰੀਆਂ ਕਬੀਲਿਆਂ ਨਾਲ ਹੀ ਸਬੰਧਿਤ ਹਨ, ਜਿਵੇਂ ਕਲਰ ਬਲਾਈਂਡਨੈਸ (ਰੰਗਾਂ ਦੀ ਪਛਾਣ ਨਾ ਕਰ ਸਕਣਾ) ਵਗੈਰਾ-ਵਗੈਰਾ।

ਮੈਂ ਉਸ ਨੂੰ ਦੱਸਿਆ ਕਿ ਬੀ. ਬੀ. ਸੀ. ਦੇ ਹਿਸਟਰੀ ਮੈਗਜ਼ੀਨ ਵਿਚ 5000 ਪਾਠਕਾਂ ਤੋਂ ਪੁੱਛਿਆ ਗਿਆ ਕਿ 19ਵੀਂ-20ਵੀਂ ਸਦੀ ਵਿਚ ਕਿਹੜੇ ਉਚ ਪਦਵੀ ਦੇ ਹੁਕਮਰਾਨ, ਰਾਜੇ ਮਹਾਰਾਜੇ ਨੂੰ ਸਭ ਤੋਂ ਉਪਰ ਰੱਖੋਗੇ? 38 ਫੀਸਦੀ ਨੇ ਮਹਾਰਾਜਾ ਰਣਜੀਤ ਸਿੰਘ ਦਾ ਨਾਮ ਲਿਆ। ਚਰਚਲ, ਮਹਾਰਾਣੀ ਐਲਜ਼ਬਥ (ਪਹਿਲੀ) ਅਤੇ ਪ੍ਰਧਾਨ ਅਬਰਾਹਮ ਲਿੰਕਨ ਬਹੁਤ ਪਿੱਛੇ ਛੱਡ ਦਿੱਤੇ। ਅੰਕੜਾ ਅਨੁਸਾਰ ਉਸ ਨੇ ਝੱਟ ਜਵਾਬ ਦਿੱਤਾ, 'ਨਹੀਂ ਜੀ, ਮੇਰੇ ਅੰਕੜਿਆਂ ਅਨੁਸਾਰ ਰਣਜੀਤ ਸਿੰਘ ਨੇ ਦਸ ਹਜ਼ਾਰ ਮੁਸਲਮਾਨ ਇਕੋ ਦਿਨ ਵਿਚ ਕਤਲ ਕਰਵਾ ਦਿੱਤੇ ਸਨ।'

ਜਦੋਂ ਉਹ ਆਪਣੇ ਘਰ ਵੱਲ ਚਲਾ ਗਿਆ ਤਾਂ ਬਾਕੀ ਸਾਥੀ ਮੈਨੂੰ ਕਹਿਣ ਲੱਗੇ, 'ਤੁਸੀਂ ਕਿਵੇਂ ਇਸ ਨਾਲ ਰੋਜ਼ ਸੈਰ ਕਰ ਲੈਂਦੇ ਹੋ? ਸਾਡੇ ਲਈ ਤਾਂ ਇਸ ਨਾਲ ਦਸ ਕਦਮ ਚੱਲਣਾ ਵੀ ਔਖਾ ਹੈ।'

ਮੇਰਾ ਜਵਾਬ ਸੀ, 'ਮੇਰੇ ਅਦਨੇ ਜਿਹੇ ਜੀਵਨ ਦਾ ਅਰਥ ਇਹੋ ਜਿਹਿਆਂ ਨੂੰ ਵੀ ਪਿਆਰ ਨਾਲ ਸਮਝਾ ਕੇ ਗਲੇ ਲਾਉਣਾ ਹੈ।'

**ਅੰਤਿਕਾ:** ਮੇਰੇ ਇਕ ਨਜ਼ਦੀਕੀ ਪਰਿਵਾਰ ਵਿਚ ਇਕ ਬੀਬੀ ਦਾ ਘਰ ਵਾਲਾ ਉਸ ਨੂੰ ਹਰ ਗੱਲ ਤੋਂ ਟੋਕਦਾ ਰਹਿੰਦਾ ਹੈ। ਨੇੜਤਾ ਹੋਣ ਕਰਕੇ ਮੈਂ ਉਸ ਬੀਬੀ ਨੂੰ ਪੁੱਛ ਲਿਆ ਕਿ ਤੈਨੂੰ ਕਦੀ ਗੁੱਸਾ ਨਹੀਂ ਆਉਂਦਾ? ਉਹ ਕਹਿਣ ਲੱਗੀ ਕਿ ਵਿਆਹ ਵਾਲੇ ਦਿਨ ਹੀ ਮੈਂ ਜੀਵਨ ਮਨੋਰਥ ਬਣਾ ਲਿਆ ਸੀ ਕਿ ਬੇਸ਼ੱਕ ਤਲਵਾਰ ਦੀ ਤਿੱਖੀ ਧਾਰ ਉਤੇ ਚੱਲਣਾ ਪਵੇ, ਮੈਂ ਇਸ ਪਵਿੱਤਰ ਰਿਸ਼ਤੇ ਨੂੰ ਸਦਾ ਚੜ੍ਹਦੀ ਕਲਾ ਵਿਚ ਰੱਖਾਂਗੀ!

###

## ਕਹਿਰ-ਏ-ਕਰੋਨਾ

ਹੋਇਐ ਕਰੋਨਾ ਦਾ ਕਹਿਰੀ ਵਾਰ ਤੇਰੇ ਸ਼ਹਿਰ ਵਿਚ
ਹੋਈ ਬੈਠੀ ਏ ਲੋਕਾਈ ਅਵਾਜ਼ਾਰ ਤੇਰੇ ਸ਼ਹਿਰ ਵਿਚ।

ਕੋਈ ਦਵਾ, ਕੋਈ ਸ਼ਫਾ ਕਾਰਗਾਰ ਨਹੀਂ ਦਿੱਸ ਰਹੀ
ਦਿਨੋ ਦਿਨ ਵਧ ਰਿਹੈ ਮਾਰੂ ਵਾਰ ਤੇਰੇ ਸ਼ਹਿਰ ਵਿਚ।

ਅਨਜਾਨ ਲੋਕ ਬੇ-ਖਬਰ ਨੇ ਇਸ ਦੀ ਤਬਾਹੀ ਵੱਲੋਂ
ਕਹਿ ਰਹੇ ਨੇ ਮਾਹਿਰ ਵਾਰ ਵਾਰ ਤੇਰੇ ਸ਼ਹਿਰ ਵਿਚ।

ਬੇਸ਼ੱਕ ਜਬਰੀਂ ਲੋਕ ਬੰਦ ਕਰ ਦਿਤੇ ਨੇ ਘਰਾਂ ਅੰਦਰ
ਲਟਕ ਰਹੀ ਹੈ ਭੁੱਖ ਦੀ ਤਲਵਾਰ ਤੇਰੇ ਸ਼ਹਿਰ ਵਿਚ।

ਮਿਹਨਤਕਸ਼, ਗਰੀਬ, ਮਜ਼ਦੂਰ ਲੋਕ ਕਿੱਥੋਂ ਖਾਣਗੇ
ਬੰਦ ਨੇ ਸਭ ਕੰਮ ਤੇ ਕਾਰੋਬਾਰ ਤੇਰੇ ਸ਼ਹਿਰ ਵਿਚ।

ਹਰ ਗਰਜ਼ਮੰਦ, ਦਰਦਮੰਦ ਸ਼ਰੇਆਮ ਮੁੰਤਜ਼ਰ ਹੈ
ਮਿਲੇ ਕੋਈ ਹਮਨਸ਼ੀਂ, ਗਮਖਾਰ ਤੇਰੇ ਸ਼ਹਿਰ ਵਿਚ।

ਅੱਗੇ ਵਧ ਬਾਂਹ ਫੜ ਮਜ਼ਬੂਰ ਬੇਵੱਸ ਮੁਫਲਿਸਾਂ ਦੀ
ਮਦਦ ਲਈ ਨੇ ਜਿਹੜੇ ਲਚਾਰ ਤੇਰੇ ਸ਼ਹਿਰ ਵਿਚ।

ਕਰ ਤਾਗੀਦ ਤੇਰੇ ਮੁਸ਼ੀਰ, ਹਮਨਸ਼ੀ ਤੇਰੇ ਪਿਆਦੇ
ਵੰਡਣ ਪੀੜ ਜਨਤਾ ਦੀ ਬਣ ਯਾਰ ਤੇਰੇ ਸ਼ਹਿਰ ਵਿਚ।

ਅਜਿਹੇ ਅਣਚਿਤਵੇ ਰੱਬੀ ਕਹਿਰ ਦੇ ਤੁਫਾਨ ਵਿਚੋਂ
ਹਿੰਮਤ ਹੀ ਲਾਏਗੀ ਬੇੜਾ ਪਾਰ ਤੇਰੇ ਸ਼ਹਿਰ ਵਿਚ।

*-ਚੰਨ, ਫੋਨ: 908-788-8427*

---

## ਨਫਰਤ ਨਫਰਤ

ਨਫਰਤ ਨਫਰਤ ਖੇਡਿਆ ਨਾ ਕਰ, ਝੁਲਸ ਜਾਏਂਗਾ।
ਇਸ ਦੀਆਂ ਲਪਟਾਂ ਬੇਕਾਬੂ, ਵਿਚ ਉਲਝ ਜਾਏਂਗਾ।

ਰਲਮਿਲ ਰਹਿੰਦੇ ਹਿੰਦੂ, ਮੁਸਲਿਮ, ਸਿੱਖ, ਇਸਾਈ
ਉਂਜ ਵੰਡਿਆ ਨਹੀਂ ਜਾਣਾ ਮੁਲਕ, ਪਰ ਤੂੰ ਵੰਡਏਂਗਾ।

ਸੁੱਖ ਸਹੂਲਤਾਂ ਦੇ ਕੇ ਰਾਜ, ਭਾਵੇਂ ਕਰੀ ਜਾ ਸਦੀਆਂ
ਪਾਣੀ ਉਬਲ ਕੇ ਭਾਫ ਬਣੇ, ਨਹੀਂ ਫਤ ਪਾਏਂਗਾ।

ਚਿੱਟੇ ਲਹੂ ਵੀ ਲਾਲੀਆਂ ਫੜਦੇ, ਵੇਖ ਸਵੇਰੇ
ਅਕਲ ਦਾ ਸੂਰਜ ਚੜ੍ਹਿਆ ਜਦ, ਤਦ ਕਿੰਜ ਲਾਹੇਂਗਾ।

ਬਹੁਤੀ ਦੇਰ ਨਹੀਂ ਟਿਕਦੇ ਸ਼ੀਸ਼ੇ, ਪੱਥਰਾਂ ਮੂਹਰੇ
ਤੇਰੇ ਮਹਿਲ ਵੀ ਢਹਿਣਗੇ, ਝੁੱਗੀਆਂ ਜੇ ਢਾਹੇਂਗਾ।

ਸਾਂਝਾਂ ਦੇ ਦੀਵੇ ਬਾਲ ਬਾਲ ਕੇ, ਮਿਟਾਇਆ ਹਨੇਰਾ
ਵਿਚ ਹਨੇਰੇ ਚਿਹਰਿਆਂ ਦੇ ਮੁੱਖ, ਨਹੀਂ ਲੱਭ ਪਏਂਗਾ।

ਅਜੇ ਵੀ ਸਮਾਂ ਹੈ ਮੁੜ ਜਾ ਮੋੜ ਲੈ, ਮਨ ਆਪਣੇ ਨੂੰ
ਬੀਜ ਕੇ ਨਫਰਤ ਸਮੇਂ ਤੋਂ, ਨਫਰਤ ਹੀ ਖਾਏਂਗਾ।

*-ਸੁਖਵਿੰਦਰ ਬੋਦਲਾਂ ਵਾਲਾ*
*ਫੋਨ: 360-281-2624*

---

## ਪਰਵਾਜ਼

ਸੁਲਘਦੇ ਅਹਿਸਾਸਾਂ ਨੂੰ ਲਫਜ਼ਾਂ ਦੇ ਖੰਭ ਲਾ ਕੇ,
ਉਡਦਾ ਹਾਂ ਉਚ ਅਕਾਸ਼ੀਂ ਪਰਿੰਦਿਆਂ ਦੇ ਨਾਲ।

ਕਦੇ ਦੇਖਦਾ ਹਾਂ ਕਾਦਰ ਵੱਲ, ਕਦੇ ਕਾਇਨਾਤ ਨੂੰ,
ਮਨ ਗਦ ਗਦ ਹੋ ਉਠਦਾ ਕਿੰਜ ਕਰਾਂ ਮੈਂ ਸਵਾਲ।

ਕੁਦਰਤ ਰਾਣੀ ਖੇਡਦੀ ਪਰਬਤ, ਜੰਗਲ, ਮੈਦਾਨ,
ਅੱਗੇ ਸ਼ਿਕਾਰ ਪਿੱਛੇ ਸ਼ਿਕਾਰੀ, ਮਚਿਆ ਹੈ ਬਵਾਲ।

ਜੰਗਲ ਵਿਚ ਲੱਗੀ ਦੌੜ ਭੁੱਖ ਮਿਟਾਵਣ ਦੇ ਲਈ,
ਕੀੜੀ ਤੋਂ ਸ਼ੇਰ ਤੱਕ ਚੁਫੇਰੇ ਦਿਸੇ ਆਇਆ ਭੁਚਾਲ।

ਤਕੜਾ ਮਾੜੇ 'ਤੇ ਹਾਵੀ ਹੈ ਸੱਤੀਂ ਵੀਹੀਂ ਕਰਦਾ ਸੌ,
ਜਾਪਦਾ ਲੋਕਾਈ ਫਸ ਗਈ ਹੈ, ਵਿਚ ਮੱਕੜ ਜਾਲ।

ਮਾਰ ਧਾੜ ਹੋ ਰਹੀ, ਬੰਦੇ ਨੂੰ ਬੰਦਾ ਹੈ ਖਾ ਰਿਹਾ,
ਇਨਸਾਨੀਅਤ ਸੜਦੀ ਪਈ, ਹੋਈ ਹਾਲੋਂ ਬੇਹਾਲ।

ਅਮਨਾਂ ਦਾ ਨਾਂ ਲੈ ਕੇ ਜੰਗ ਨੂੰ ਸਹੀ ਠਹਿਰਾ ਰਹੇ,
ਘਾਣ ਮਨੁੱਖਤਾ ਦਾ ਕਰ ਵੇਚਦੇ ਹਥਿਆਰ ਚੰਡਾਲ।

ਐਟਮ ਬੰਬ ਨੇ ਦੱਸਦੇ ਅਣਹੋਣੀ ਉਡੀਕਦੀ ਬੱਸ,
ਖਤਮ ਹੋਣ ਵਾਲੀ ਧਰਤ ਹੈ, ਜੰਗਬਾਜ਼ਾਂ ਖੇਡੀ ਚਾਲ।

ਸਮਝਦਾ ਹੈ ਹਰ ਸ਼ਖਸ ਕਿ ਸਿਆਸਤਾਂ ਨੇ ਰੋਲਿਆ,
ਅਣਕਿਆਸੀ ਤਬਾਹੀ ਦਾ, ਵਰਨਾ ਹੈ ਸਭ ਨੂੰ ਖਿਆਲ।

*-ਸੇਵਾ ਸਿੰਘ ਨੂਰਪੁਰੀ*

# ਲੌਕਡਾਊਨ: ਪਰਵਾਸੀ ਮਜ਼ਦੂਰਾਂ ਦੀ ਹਿਜਰਤ ਨੇ ਖੜ੍ਹਾ ਕੀਤਾ ਨਵਾਂ ਸੰਕਟ

**ਚੰਡੀਗੜ੍ਹ:** ਕੋਵਿਡ-19 ਦੀ ਮਹਾਮਾਰੀ ਕਾਰਨ ਕੌਮੀ ਰਾਜਧਾਨੀ ਦਿੱਲੀ ਸਮੇਤ ਦੇਸ਼ 'ਚ ਨਵੀਂ ਕਿਸਮ ਦਾ ਸੰਕਟ ਖੜ੍ਹਾ ਹੋ ਗਿਆ ਹੈ। ਹਜ਼ਾਰਾਂ ਦੀ ਤਦਾਦ 'ਚ ਦਿਹਾੜੀਦਾਰ ਤੇ ਮਜ਼ਦੂਰ ਬੇਰੁਜ਼ਗਾਰ ਹੋ ਤੇ ਬੇਘਰੇ ਹੋ ਗਏ ਹਨ, ਜਿਸ ਕਾਰਨ ਉਹ ਆਪਣੇ ਘਰਾਂ ਨੂੰ ਪੈਦਲ ਹੀ ਚੱਲ ਪਏ ਹਨ।

ਇਸ ਦੌਰਾਨ ਦਿੱਲੀ ਤੋਂ ਮੱਧ ਪ੍ਰਦੇਸ਼ ਵਿਚਲੇ ਆਪਣੇ ਪਿੰਡ ਲਈ ਪੈਦਲ ਚੱਲੇ ਪਰਵਾਸੀ ਮਜ਼ਦੂਰ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਜਦਕਿ ਬਹੁਤ ਸਾਰੇ ਪਰਵਾਸੀ ਮਜ਼ਦੂਰਾਂ ਨੂੰ ਕਿਸੇ ਬਿਮਾਰੀ ਤੋਂ ਪਹਿਲਾਂ ਭੁੱਖ ਨਾਲ ਹੀ ਮਰ ਜਾਣ ਦਾ ਡਰ ਸਤਾ ਰਿਹਾ ਹੈ। ਦੂਜੇ ਪਾਸੇ ਵੱਡੀ ਤਦਾਦ 'ਚ ਇਕੱਠੇ ਹੋਏ ਮਜ਼ਦੂਰਾਂ ਕਰੋਨਾ ਵਾਇਰਸ ਜ਼ਿਆਦਾ ਫੈਲਣ ਤੋਂ ਡਰੀ ਕੇਂਦਰ ਸਰਕਾਰ ਨੇ ਸੂਬਿਆਂ ਤੇ ਜ਼ਿਲ੍ਹਿਆਂ ਦੀਆਂ ਸਰਹੱਦਾਂ ਸੀਲ ਕਰਨ ਦਾ ਹੁਕਮ ਦੇ ਦਿੱਤਾ ਹੈ। ਸੂਬਾ ਸਰਕਾਰਾਂ ਵੱਲੋਂ ਵੀ ਲੋਕਾਂ ਨੂੰ ਟਿਕੇ ਰਹਿਣ ਤੇ ਉਨ੍ਹਾਂ ਨੂੰ ਖਾਣ-ਪੀਣ ਤੇ ਹੋਰ ਸਹੂਲਤਾਂ ਦੇਣ ਲਈ ਕਿਹਾ ਜਾ ਰਿਹਾ ਹੈ।

ਕੇਰਲਾ ਵਿਚ ਵੱਡੀ ਗਿਣਤੀ ਵਿਚ ਪਰਵਾਸੀ ਮਜ਼ਦੂਰ ਸੜਕਾਂ ਉਤੇ ਆ ਗਏ ਉਨ੍ਹਾਂ ਆਪਣੇ ਪਿੱਤਰੀ ਸੂਬਿਆਂ 'ਚ ਜਾਣ ਲਈ ਬੱਸਾਂ ਚਲਾਉਣ ਦੀ ਮੰਗ ਕੀਤੀ। ਇਸ ਮਗਰੋਂ ਪੁਲਿਸ ਤੇ ਸਿਵਲ ਅਧਿਕਾਰੀ ਮੌਕੇ ਉਤੇ ਗਏ ਜਿਨ੍ਹਾਂ ਕਿਸੇ ਤਰ੍ਹਾਂ ਮਜ਼ਦੂਰਾਂ ਨੂੰ ਸ਼ਾਂਤ ਕੀਤਾ। ਉਨ੍ਹਾਂ ਮਜ਼ਦੂਰਾਂ ਨੂੰ ਸੂਬੇ ਵਿਚ ਸਾਰੀਆਂ ਸਹੂਲਤਾਂ ਦੇਣ ਦਾ ਭਰੋਸਾ ਦਿੱਤਾ ਪਰ ਉਨ੍ਹਾਂ ਦੇ ਸਫਰ ਕਰਨ ਦੀ ਮੰਗ ਠੁਕਰਾ ਦਿੱਤੀ। ਇਸੇ ਦਰਮਿਆਨ ਹਰਿਆਣਾ ਸਰਕਾਰ ਨੇ ਪਰਵਾਸੀ ਮਜ਼ਦੂਰਾਂ ਨੂੰ ਉੱਤਰ ਪ੍ਰਦੇਸ਼ ਲਿਜਾਣ ਲਈ ਦਿੱਲੀ-ਗਾਜ਼ੀਆਬਾਦ ਸਰਹੱਦ ਉਤੇ 800 ਬੱਸਾਂ ਭੇਜਣ ਦਾ ਐਲਾਨ ਕੀਤਾ ਹੈ। ਦਿੱਲੀ-ਗਾਜ਼ੀਆਬਾਦ ਸਰਹੱਦ ਉਤੇ ਆਪਣੇ ਪਿੰਡਾਂ ਨੂੰ ਜਾਣ ਵਾਲੇ ਹਜ਼ਾਰਾਂ ਪਰਵਾਸੀ ਮਜ਼ਦੂਰ ਪਹੁੰਚੇ ਹੋਏ ਹਨ।

ਦੂਜੇ ਪਾਸੇ ਪਿੰਡਾਂ ਵੱਲ ਪੈਦਲ ਹੀ ਜਾ ਰਹੇ ਮਜ਼ਦੂਰਾਂ ਦਾ ਕਹਿਣਾ ਹੈ ਕਿ ਜੇਕਰ ਉਹ ਇਥੇ ਰਹੇ ਤਾਂ ਕਿਸੇ ਬਿਮਾਰੀ ਤੋਂ ਪਹਿਲਾਂ ਭੁੱਖ ਨਾਲ ਮਰ ਜਾਣਗੇ। ਅਜਿਹੇ ਪਰਵਾਸੀ ਮਜ਼ਦੂਰਾਂ ਵਿਚ ਸਾਵਿੱਤਰੀ ਵੀ ਹੈ ਜੋ ਪੈਦਲ ਹੀ ਦਿੱਲੀ ਤੋਂ 400 ਕਿਲੋਮੀਟਰ ਦੂਰ ਉੱਤਰ ਪ੍ਰਦੇਸ਼ ਦੇ ਕੰਨੌਜ ਆਪਣੇ ਪਿੱਤਰੀ ਪਿੰਡ ਜਾ ਰਹੀ ਹੈ। 30 ਸਾਲਾ ਸਾਵਿੱਤਰੀ ਰਾਜੌਰੀ ਗਾਰਡਨ ਦੀ ਮਲੀਨ ਬਸਤੀ 'ਚ ਰਹਿੰਦੀ ਸੀ। ਉਸ ਨੇ ਕਿਹਾ ਕਿ ਲੌਕਡਾਊਨ ਕਾਰਨ ਉਸ ਦੀ ਨੌਕਰੀ ਛੁੱਟ ਗਈ ਤੇ ਦੋ ਛੋਟੇ ਬੱਚਿਆਂ ਦਾ ਢਿੱਡ ਭਰਨਾ ਮੁਸ਼ਕਲ ਹੋ ਗਿਆ, ਜੇਕਰ ਇਸ ਲਈ ਉਸ ਨੇ ਆਪਣੇ ਪਿੰਡ ਪੈਦਲ ਹੀ ਜਾਣ ਦਾ ਫੈਸਲਾ ਕੀਤਾ ਹੈ।

ਬਦਰਪੁਰ ਸਰਹੱਦ ਨੇੜੇ ਪੈਦਲ ਹੀ ਘਰ ਜਾ ਰਹੇ 25 ਸਾਲ ਉਸਾਰੀ ਮਜ਼ਦੂਰ ਅਸ਼ੋਕ ਨੇ ਕਿਹਾ ਕਿ ਉਹ ਇੱਥੇ ਇਕੱਲਾ ਨਹੀਂ ਮਰਨਾ ਚਾਹੁੰਦਾ। ਉਹ ਬੇਰੁਜ਼ਗਾਰ ਹੈ ਤੇ ਉਸ ਕੋਲ ਕੋਈ ਬੱਚਤ ਨਹੀਂ ਹੈ। ਇਥੇ ਰਹਿਣ ਨਾਲੋਂ ਚੰਗਾ ਹੈ ਕਿ ਉਹ ਘਰ ਜਾ ਕੇ ਖੇਤੀ ਕਰੇ। ਇਨ੍ਹਾਂ ਜਿਹੇ ਹਜ਼ਾਰਾਂ ਮਜ਼ਦੂਰ ਹਨ ਜਿਨ੍ਹਾਂ ਦਾ ਟੀਚਾ ਕਿਸੇ ਵੀ ਹਾਲ 'ਚ ਆਪਣੇ ਪਿੰਡ ਪਹੁੰਚਣਾ ਹੈ।

ਫਸੇ ਹੋਏ ਲੋਕਾਂ ਨੂੰ ਘਰਾਂ ਤੱਕ ਪਹੁੰਚਾਉਣ ਲਈ ਦਿੱਲੀ ਤੇ ਉੱਤਰ ਪ੍ਰਦੇਸ਼ ਸਰਕਾਰ ਨੇ ਬੱਸਾਂ ਦਾ ਬੰਦੋਬਸਤ ਕੀਤਾ ਹੈ, ਪਰ ਲੋਕਾਂ ਨੇ ਪੈਦਲ ਹੀ ਜਾਣ ਦਾ ਫੈਸਲਾ ਕੀਤਾ। ਕੁਝ ਬੱਸਾਂ ਦੀਆਂ ਛੱਤਾਂ ਉਤੇ ਵੀ ਲੋਕਾਂ ਦੀ ਭੀੜ ਦੇਖਣ ਨੂੰ ਮਿਲੀ। ਕੁਝ ਕਾਰੋਬਾਰੀ ਅਦਾਰਿਆਂ ਵੱਲੋਂ ਵੀ 25 ਹਜ਼ਾਰ ਮਜ਼ਦੂਰਾਂ ਨੂੰ ਮਦਦ ਦੇਣ ਦਾ ਫੈਸਲਾ ਕੀਤਾ ਗਿਆ ਹੈ।

## ਮਜ਼ਦੂਰਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਜ਼ਰੂਰੀ: ਕੈਪਟਨ

**ਚੰਡੀਗੜ੍ਹ:** ਪਰਵਾਸੀ ਮਜ਼ਦੂਰਾਂ ਦੀ ਸਮੱਸਿਆ ਹੱਲ ਕਰਨ ਅਤੇ ਕਰੋਨਾ ਵਾਇਰਸ ਕਾਰਨ ਪੈਦਾ ਹੋਈ ਸਥਿਤੀ ਦੌਰਾਨ ਮਜ਼ਦੂਰਾਂ ਨੂੰ ਬਾਹਰ ਜਾਣ ਤੋਂ ਰੋਕਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਹੈ ਕਿ ਸੂਬੇ ਵਿਚ ਸਾਰੇ ਉਦਯੋਗਿਕ ਯੂਨਿਟ ਅਤੇ ਇੱਟਾਂ ਦੇ ਭੱਠੇ ਆਪਣਾ ਉਤਪਾਦਨ ਸ਼ੁਰੂ ਕਰ ਸਕਦੇ ਹਨ, ਬਸ਼ਰਤੇ ਉਨ੍ਹਾਂ ਕੋਲ ਮਜ਼ਦੂਰਾਂ ਨੂੰ ਸੁਰੱਖਿਅਤ ਰੱਖਣ ਦੇ ਪ੍ਰਬੰਧ ਮੌਜੂਦ ਹੋਣ। ਉਨ੍ਹਾਂ ਆਖਿਆ ਕਿ ਜੇ ਉਦਯੋਗਿਕ ਯੂਨਿਟਾਂ ਅਤੇ ਭੱਠਾ ਮਾਲਕਾਂ ਕੋਲ ਪਰਵਾਸੀ ਮਜ਼ਦੂਰਾਂ ਨੂੰ ਰੱਖਣ ਲਈ ਬਣਦੀ ਥਾਂ ਅਤੇ ਭੋਜਨ ਦੇਣ ਦੀ ਸਮਰੱਥਾ ਹੈ ਤਾਂ ਉਹ ਆਪਣਾ ਉਤਪਾਦਨ ਸ਼ੁਰੂ ਕਰ ਸਕਦੇ ਹਨ। ਉਨ੍ਹਾਂ ਨੇ ਇਨ੍ਹਾਂ ਇਕਾਈਆਂ ਦੇ ਮਾਲਕਾਂ ਨੂੰ ਇਸ ਸਮੇਂ ਦੌਰਾਨ ਸਮਾਜਿਕ ਵਿੱਥ ਕਾਇਮ ਰੱਖਣ ਨੂੰ ਯਕੀਨੀ ਬਣਾਉਣ ਲਈ ਆਖਿਆ।

## ਸੂਬੇ ਵਿਚ 'ਲੇਬਰ ਸੰਕਟ' ਪੈਦਾ ਹੋਣ ਦਾ ਡਰ

**ਲੁਧਿਆਣਾ:** ਕਰੋਨਾ ਵਾਇਰਸ ਖਤਮ ਹੋਣ ਤੋਂ ਬਾਅਦ ਸਨਅਤਾਂ ਉਤੇ ਪੈਣ ਵਾਲਾ ਮਾੜਾ ਪ੍ਰਭਾਵ ਹੁਣ ਤੋਂ ਹੀ ਨਜ਼ਰ ਆਉਣ ਲੱਗ ਪਿਆ ਹੈ। ਲੌਕਡਾਊਨ ਕਾਰਨ ਸਨਅਤ ਵਿਚ ਕੰਮ ਕਰਨ ਵਾਲੇ ਪਰਵਾਸੀ ਮਜ਼ਦੂਰ ਪੈਦਲ ਹੀ ਆਪਣੇ ਘਰਾਂ ਨੂੰ ਵਾਪਸੀ ਕਰਨ ਲੱਗੇ ਹਨ, ਜਿਸ ਦਾ ਖਮਿਆਜ਼ਾ ਆਉਣ ਵਾਲੇ ਦਿਨਾਂ ਸਨਅਤਾਂ ਨੂੰ ਭੁਗਤਣਾ ਪੈ ਸਕਦਾ ਹੈ। ਕਰੋਨਾ ਵਾਇਰਸ ਖਤਮ ਹੋਣ ਤੋਂ ਬਾਅਦ ਜਦੋਂ ਸਨਅਤਾਂ ਖੁੱਲ੍ਹਣਗੀਆਂ ਤਾਂ ਸੂਬੇ ਵਿਚ ਲੇਬਰ ਦਾ ਵੱਡਾ ਸੰਕਟ ਪੈਦਾ ਹੋ ਸਕਦਾ ਹੈ। ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿਚ ਕੰਮ ਕਰਨ ਵਾਲੇ ਪਰਵਾਸੀ ਮਜ਼ਦੂਰਾਂ ਵਿਚ ਇੰਨੀ ਦਹਿਸ਼ਤ ਹੈ ਕਿ ਉਹ ਕਰਫਿਊ ਦੀ ਪਰਵਾਹ ਕੀਤੇ ਬਿਨਾਂ ਪੈਦਲ ਹੀ ਆਪਣੇ ਪਿੰਡਾਂ ਨੂੰ ਨਿਕਲ ਪਏ ਹਨ।

# ਰੋਜ਼ਾਨਾ ਇਕ ਲੱਖ ਲੋਕਾਂ ਲਈ ਲੰਗਰ ਦਾ ਪ੍ਰਬੰਧ ਕਰੇਗੀ ਦਿੱਲੀ ਕਮੇਟੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਉਨ੍ਹਾਂ ਦੀ ਗਰੀਬ ਤੇ ਕਮਜ਼ੋਰ ਲੋਕਾਂ ਲਈ ਲੰਗਰ ਬਣਾਉਣ ਦੀ ਮੁਹਿੰਮ ਨੂੰ ਦਿੱਲੀ ਦੀ ਸੰਗਤ ਨੇ ਭਰਵਾਂ ਹੁੰਗਾਰਾ ਦਿੱਤਾ ਹੈ ਅਤੇ ਉਹ ਰੋਜ਼ਾਨਾ ਇਕ ਲੱਖ ਲੋਕਾਂ ਦੇ ਭੋਜਨ ਦਾ ਪ੍ਰਬੰਧ ਕਰਨ ਲਈ ਯਤਨਸ਼ੀਲ ਹੈ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸੰਗਤ ਵਲੋਂ ਰਾਸ਼ਨ ਦੇਣ ਦੇ ਨਾਲ-ਨਾਲ ਕਮੇਟੀ ਲਈ ਵਿੱਤੀ ਮਦਦ ਵੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਮੇਟੀ ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਰਕਾਬਗੰਜ ਸਾਹਿਬ, ਗੁਰਦੁਆਰਾ ਨਾਨਕ ਪਿਆਊ, ਗੁਰਦੁਆਰਾ ਮਜਨੂੰ ਕਾ ਟਿੱਲਾ ਅਤੇ ਗੁਰਦੁਆਰਾ ਬਾਲਾ ਸਾਹਿਬ ਵਿੱਚ ਲੰਗਰ ਤਿਆਰ ਕਰਨ ਤੋਂ ਇਲਾਵਾ ਗੁਰੂ ਤੇਗ ਬਹਾਦਰ ਇੰਜੀਨੀਅਰਿੰਗ ਇੰਸਟੀਚਿਊਟ ਰਾਜੌਰੀ ਗਾਰਡਨ ਵਿਚ ਵੀ ਇਸ ਦੇ ਆਰਜ਼ੀ ਪ੍ਰਬੰਧ ਕੀਤੇ ਗਏ ਹਨ।

ਆਗੂਆਂ ਨੇ ਲੰਗਰ ਵਿਚ ਸਹਿਯੋਗ ਦੇਣ ਵਾਲੀ ਸੰਗਤ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ, "ਸਾਡਾ ਟੀਚਾ ਰੋਜ਼ਾਨਾ ਇਕ ਲੱਖ ਲੋਕਾਂ ਨੂੰ ਲੰਗਰ ਛਕਾਉਣ ਦਾ ਹੈ ਤਾਂ ਕਿ ਕੌਮੀ ਰਾਜਧਾਨੀ ਵਿਚ ਕੋਈ ਵਿਅਕਤੀ ਭੁੱਖਾ ਨਾ ਸੌਂਵੇ।" ਉਨ੍ਹਾਂ ਦੱਸਿਆ ਦਿੱਲੀ ਗੁਰਦੁਆਰਾ ਕਮੇਟੀ ਨੇ ਸੁੱਕੇ ਰਾਸ਼ਨ ਦੇ ਪੈਕਟ ਵੀ ਤਿਆਰ ਕੀਤੇ ਹਨ, ਜੋ ਕਮੇਟੀ ਦੇ ਸਾਰੇ 46 ਮੈਂਬਰਾਂ ਦੇ ਹਲਕਿਆਂ ਵੰਡੇ ਜਾਣਗੇ।

ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਨੇ ਏਮਜ਼, ਰਾਮ ਮਨੋਹਰ ਲੋਹੀਆ ਹਸਪਤਾਲ, ਲੇਡੀ ਹਾਰਡਿੰਗ ਹਸਪਤਾਲ ਤੇ ਸਫਦਰਜੰਗ ਹਸਪਤਾਲ ਦੇ ਡਾਕਟਰਾਂ ਦੀ ਰਿਹਾਇਸ਼ ਦਾ ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਰਕਾਬਗੰਜ ਸਾਹਿਬ ਤੇ ਗੁਰਦੁਆਰਾ ਮੋਤੀ ਬਾਗ਼ ਦੀਆਂ ਸਰਾਵਾਂ ਵਿਚ ਪ੍ਰਬੰਧ ਕਰ ਦਿੱਤਾ ਹੈ। ਇਨ੍ਹਾਂ ਵਿਚ ਕੁਝ ਡਾਕਟਰਾਂ ਨੇ ਰਿਹਾਇਸ਼ ਵੀ ਕਰ ਲਈ ਹੈ। ਦਿੱਲੀ ਕਮੇਟੀ ਦੇ ਦੋਵਾਂ ਅਹੁਦੇਦਾਰਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਧੰਨਵਾਦ ਕੀਤਾ, ਜਿਸਨੇ ਦਿੱਲੀ ਵਿਚ ਫਸੇ ਪੰਜਾਬ ਦੇ ਮੁਸਾਫਰਾਂ ਲਈ ਪ੍ਰਬੰਧ ਕੀਤੇ ਹਨ।

# ਲੋੜਵੰਦਾਂ ਨੂੰ ਖਾਣਾ ਤੇ ਦਵਾਈਆਂ ਮੁਹੱਈਆ ਕਰਾਉਣਗੀਆਂ ਪੰਚਾਇਤਾਂ

**ਮੁਹਾਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਿਰਦੇਸ਼ਾਂ ਮਗਰੋਂ ਪੰਚਾਇਤ ਵਿਭਾਗ ਨੇ ਪੰਚਾਇਤਾਂ ਨੂੰ ਪਿੰਡਾਂ ਦੇ ਗਰੀਬ ਲੋੜਵੰਦਾਂ ਲਈ ਖਾਣਾ ਅਤੇ ਦਵਾਈਆਂ ਮੁਹੱਈਆ ਕਰਨ ਦੇ ਅਧਿਕਾਰ ਦੇ ਦਿੱਤੇ ਹਨ। ਇਸ ਮਕਸਦ ਲਈ ਪਿੰਡਾਂ ਦੀਆਂ ਪੰਚਾਇਤਾਂ ਆਪਣੀ ਆਮਦਨ ਵਿਚੋਂ ਰੋਜ਼ਾਨਾ ਪੰਜ ਹਜ਼ਾਰ ਅਤੇ ਕਰਫਿਊ ਦੇ ਦਿਨਾਂ ਦੌਰਾਨ ਵੱਧ ਤੋਂ ਵੱਧ ਪੰਜਾਹ ਹਜ਼ਾਰ ਰੁਪਏ ਤੱਕ ਦੀ ਰਾਸ਼ੀ ਖਰਚ ਕਰ ਸਕਣਗੀਆਂ।

ਵਿਭਾਗ ਦੇ ਡਾਇਰੈਕਟਰ ਡੀ.ਪੀ.ਐਸ. ਖਰਬੰਦਾ ਨੇ ਰਾਜ ਦੇ ਡਿਪਟੀ ਕਮਿਸ਼ਨਰਾਂ ਅਤੇ ਪੰਚਾਇਤ ਵਿਭਾਗ ਦੇ ਜ਼ਿਲ੍ਹਾ ਤੇ ਬਲਾਕ ਪੱਧਰੀ ਅਧਿਕਾਰੀਆਂ ਨੂੰ ਪੱਤਰ ਭੇਜ ਕੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨਿਯਮਾਂ ਦਾ ਹਵਾਲਾ ਦੇ ਕੇ ਦੱਸਿਆ ਹੈ ਕਿ ਪੰਚਾਇਤਾਂ ਕੋਲ ਅਜਿਹਾ ਅਧਿਕਾਰ ਹੈ, ਉਹ ਰਾਸ਼ਟਰੀ ਆਫਤ ਦੌਰਾਨ ਆਪਣੀ ਆਮਦਨ ਵਿਚੋਂ ਲੋੜਵੰਦਾਂ ਲਈ ਖਰਚ ਕਰ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਕਰੋਨਾ ਵਾਇਰਸ ਕਾਰਨ ਪਿੰਡਾਂ ਦੇ ਗਰੀਬ ਵਿਅਕਤੀਆਂ ਅਤੇ ਦਿਹਾੜੀਦਾਰਾਂ ਦਾ ਜੀਵਨ ਨਿਰਬਾਹ ਰੁਕ ਗਿਆ ਹੈ। ਰੋਜ਼ਾਨਾ ਦਿਹਾੜੀ ਕਰਕੇ ਆਪਣੇ ਪਰਿਵਾਰ ਦਾ ਪੇਟ ਪਾਲਣ ਵਾਲੇ ਅਜਿਹੇ ਵਿਅਕਤੀਆਂ ਨੂੰ ਕਰਫ਼ਿਊ ਅਤੇ ਲੌਕਡਾਊਨ ਕਾਰਨ ਪਰਿਵਾਰਾਂ ਦਾ ਗੁਜ਼ਾਰਾ ਚਲਾਉਣ ਵਿਚ ਮੁਸ਼ਕਿਲ ਆ ਰਹੀ ਹੈ।

ਡਾਇਰੈਕਟਰ ਨੇ ਆਖਿਆ ਕਿ ਸਮੁੱਚੇ ਦਿਨਾਂ ਦੌਰਾਨ ਇਹ ਖਰਚਾ ਪੰਜਾਹ ਹਜ਼ਾਰ ਤੋਂ ਵੱਧ ਨਹੀਂ ਹੋਣਾ ਚਾਹੀਦਾ। ਪੰਚਾਇਤਾਂ ਜਿਨ੍ਹਾਂ ਵਿਅਕਤੀਆਂ ਨੂੰ ਖਾਣਾ ਜਾਂ ਦਵਾਈਆਂ ਮੁਹੱਈਆ ਕਰਵਾਏਗੀ ਉਸ ਦਾ ਪੂਰਾ ਰਿਕਾਰਡ ਰੱਖਣਾ ਹੋਵੇਗਾ। ਉਨ੍ਹਾਂ ਕਿਹਾ ਕਿ ਲਾਭਪਾਤਰੀਆਂ ਨੂੰ ਦਿੱਤੀਆਂ ਦਵਾਈਆਂ ਅਤੇ ਖਾਣੇ ਦਾ ਰਿਕਾਰਡ, ਸਬੰਧਤ ਵਿਅਕਤੀ ਦਾ ਆਧਾਰ ਕਾਰਡ ਨੰਬਰ, ਦਿੱਤੀ ਗਈ ਸਹਾਇਤਾ ਦਾ ਵੇਰਵਾ ਅਤੇ ਖਰਚੇ ਦੇ ਬਿੱਲ ਤੇ ਵਾਊਚਰ ਰੱਖਣੇ ਜ਼ਰੂਰੀ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਜਿਨ੍ਹਾਂ ਪੰਚਾਇਤਾਂ ਉੱਤੇ ਪ੍ਰਬੰਧਕ ਲੱਗੇ ਹੋਏ ਹਨ ਉਹ ਹੀ ਅਜਿਹੀ ਰਾਸ਼ੀ ਖਰਚ ਕਰ ਸਕਣਗੇ।

# ਕਰੋਨਾ ਵਾਇਰਸ ਕਾਰਨ ਸਖਤੀ ਨੇ ਕਿਸਾਨਾਂ ਦੀ ਨੀਂਦ ਉਡਾਈ

**ਚੰਡੀਗੜ੍ਹ:** ਅਗਲੇ 15 ਤੋਂ 20 ਦਿਨਾਂ ਵਿਚ ਸੂਬੇ ਦੀ 35 ਲੱਖ ਹੈਕਟੇਅਰ ਜ਼ਮੀਨ ਵਿਚ ਬੀਜੀ ਗਈ ਕਣਕ ਪੱਕ ਕੇ ਤਿਆਰ ਹੋ ਜਾਵੇਗੀ ਪਰ ਪੂਰੇ ਵਿਸ਼ਵ ਵਿਚ ਫੈਲੇ ਕਰੋਨਾ ਵਾਇਰਸ ਨੇ ਸੂਬੇ ਦੇ ਅੰਨਦਾਤਾ ਵਿਚ ਖੌਫ ਪੈਦਾ ਕਰ ਦਿੱਤਾ ਹੈ। ਸੂਬੇ ਦੇ ਕਿਸਾਨ ਇਸ ਚਿੰਤਾ ਵਿਚ ਹਨ ਕਿ ਉਹ ਆਪਣੀ ਫਸਲ ਨੂੰ ਕਿਵੇਂ ਸਾਂਭਣਗੇ। ਕਿਸਾਨ, ਕਣਕ ਦੀ ਵਾਢੀ, ਮੰਡੀਆਂ ਵਿਚ ਕਣਕ ਸੁੱਟਣ ਤੇ ਸਹੀ ਮੁੱਲ ਮਿਲਣ ਜਾਂ ਨਾ ਮਿਲਣ ਸਬੰਧੀ ਚਿੰਤਤ ਹਨ। ਉਧਰ, ਕਿਸਾਨਾਂ ਦੀ ਚਿੰਤਾ ਦੇ ਮੱਦੇਨਜ਼ਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਉਹ ਕਿਸਾਨਾਂ ਨੂੰ ਕਣਕ ਦੀ ਵਾਢੀ ਸਬੰਧੀ ਹਦਾਇਤਾਂ ਜਾਰੀ ਕਰਨਗੇ।

ਸੂਬੇ ਵਿਚ ਹਰ ਸਾਲ 170 ਤੋਂ 180 ਲੱਖ ਟਨ ਕਣਕ ਦੀ ਪੈਦਾਵਾਰ ਹੁੰਦੀ ਹੈ, ਜਿਸ ਵਿਚੋਂ 20 ਫੀਸਦੀ ਕਣਕ ਦੀ ਖਪਤ ਸੂਬੇ ਵਿਚ ਹੁੰਦੀ ਹੈ ਤੇ 80 ਫੀਸਦੀ ਕਣਕ ਵੱਖ ਵੱਖ ਏਜੰਸੀਆਂ ਰਾਹੀਂ ਦੇਸ਼ ਦੇ ਬਾਕੀ ਸੂਬਿਆਂ ਵਿਚ ਜਾਂਦੀ ਹੈ। ਅਪਰੈਲ ਦੇ ਪਹਿਲੇ ਹਫਤੇ ਤੋਂ ਹੀ ਕਣਕ ਦੀ ਵਾਢੀ ਸ਼ੁਰੂ ਹੋ ਜਾਂਦੀ ਹੈ ਪਰ ਇਸ ਵਾਰ ਕਰੋਨਾ ਵਾਇਰਸ ਕਾਰਨ ਕਿਸਾਨ ਚਿੰਤਤ ਹਨ। ਕਿਸਾਨਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਕਰੋਨਾ ਵਾਇਰਸ ਵਿਚ ਫਸਿਆ ਸਰਕਾਰੀ ਤੰਤਰ ਕਿਵੇਂ ਅਪਰੈਲ ਦੇ ਪਹਿਲੇ ਹਫਤੇ ਤੱਕ ਮੰਡੀਆਂ ਨੂੰ ਕਣਕ ਦੀ ਖਰੀਦ ਲਈ ਤਿਆਰ ਕਰ ਸਕੇਗਾ।

ਕਿਸਾਨਾਂ ਦਾ ਕਹਿਣਾ ਹੈ ਕਿ ਹਰ ਵਰ੍ਹੇ ਕਿਸਾਨਾਂ ਲਈ ਕੋਈ ਨਾ ਕੋਈ ਮੁਸੀਬਤ ਆ ਜਾਂਦੀ ਹੈ। ਇਸ ਵਾਰ ਪੂਰੇ ਵਿਸ਼ਵ ਨੂੰ ਲਪੇਟ ਵਿਚ ਲੈਣ ਵਾਲੇ ਕਰੋਨਾ ਵਾਇਰਸ ਨੇ ਕਿਸਾਨਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਖੇਤਾਂ ਵਿਚ ਖੜ੍ਹੀ ਆਪਣੀ ਫਸਲ ਦੇਖ ਕੇ ਉਨ੍ਹਾਂ ਦੀ ਪਰੇਸ਼ਾਨੀ ਵਧ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਕਿ ਆਉਣ ਵਾਲੇ ਸਮੇਂ ਵਿਚ ਫਸਲ ਦੀ ਵਾਢੀ ਕਿਵੇਂ ਹੋਵੇਗੀ ਤੇ ਸਹੀ ਰੇਟ ਉਤੇ ਵਿਕ ਸਕੇਗੀ ਜਾਂ ਨਹੀਂ।



ਨਜ਼ਰੀਆ

# ਕੇਂਦਰ ਦੀ ਹਾਰ 'ਚ ਹੀ ਪੰਜਾਬ ਦੀ ਜਿੱਤ ਹੈ

***ਪੰਜਾਬ ਦਾ ਸਿਆਸੀ ਪਿੜ ਇਸ ਵਕਤ ਸਮਝੋ ਖਾਲੀ ਪਿਆ ਹੈ। ਅਕਾਲੀ-ਭਾਜਪਾ ਗਠਜੋੜ ਪਿਛੋਂ ਬਣੀ ਕੈਪਟਨ ਸਰਕਾਰ ਵੀ ਹੁਣ ਤਕ ਕੋਈ ਅਸਰ ਨਹੀਂ ਛੱਡ ਸਕੀ ਹੈ। ਲੋਕ ਆਪਣੇ ਮਸਲਿਆਂ ਦੇ ਹੱਲ ਲਈ ਅੱਜ ਵੀ ਸਿਆਸੀ ਜਮਾਤ ਵਲ ਝਾਕ ਰਹੇ ਹਨ। ਤੀਜੇ ਮੋਰਚੇ ਦੀਆਂ ਗੱਲਾਂ ਤਾਂ ਸੂਬੇ 'ਚ ਅਕਸਰ ਚਲਦੀਆਂ ਰਹਿੰਦੀਆਂ ਹਨ, ਪਰ ਇਸ ਦੀ ਜਾਨਦਾਰ ਹਾਜ਼ਰੀ ਦੀ ਅਜੇ ਵੀ ਉਡੀਕ ਹੈ। ਅਜਿਹੇ ਸਿਆਸੀ ਮਾਹੌਲ ਵਿਚ ਨਵਜੋਤ ਸਿੰਘ ਸਿੱਧੂ ਇਕ ਵਾਰ ਫਿਰ ਅਚਾਨਕ ਪ੍ਰਗਟ ਹੋਇਆ ਹੈ। ਵਾਰ-ਵਾਰ ਸੁਰਖੀਆਂ ਦਾ ਸ਼ਿੰਗਾਰ ਬਣਦਾ ਰਿਹਾ ਇਹ ਆਗੂ ਪੰਜਾਬ ਦਾ ਕੁਝ ਸੰਵਾਰ ਵੀ ਸਕੇਗਾ ਜਾਂ ਪਹਿਲਾਂ ਵਾਂਗ ਸਿਰਫ 'ਫੋਕਾ ਫਾਇਰ' ਹੀ ਸਾਬਤ ਹੋਵੇਗਾ, ਇਸ ਬਾਰੇ ਕੁਝ ਵਿਚਾਰ ਜਸਵੰਤ ਸਿੰਘ ਸ਼ਾਦ ਨੇ ਆਪਣੇ ਇਸ ਲੇਖ 'ਚ ਸਾਂਝੇ ਕੀਤੇ ਹਨ। -ਸੰਪਾਦਕ***



**ਜਸਵੰਤ ਸਿੰਘ ਸ਼ਾਦ**
ਫੋਨ: 209-992-7185

ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਇੱਕ ਵਾਰ ਫਿਰ ਤੋਂ 'ਚਰਚਾ' ਵਿਚ ਹੈ। 'ਚਰਚਾ' ਨਾਲੋਂ ਜੇ ਇਸ ਨੂੰ ਪ੍ਰਗਟ ਹੋਇਆ ਕਹਿ ਲਿਆ ਜਾਵੇ ਤਾਂ ਕੋਈ ਓਪਰੀ ਗੱਲ ਨਹੀਂ ਹੋਵੇਗੀ, ਕਿਉਂਕਿ ਇੱਕ ਮਹੀਨਾ ਖਬਰਾਂ 'ਚ ਰਹਿ ਕੇ ਦੋ-ਤਿੰਨ ਮਹੀਨੇ ਲਈ ਜਾਂ ਇੱਕ ਹਫਤਾ ਦਿਖਾਈ ਦੇ ਕੇ ਮਹੀਨੇ ਲਈ ਗਾਇਬ ਹੋ ਜਾਣਾ ਸਿੱਧੂ ਲਈ ਆਮ ਗੱਲ ਹੈ। ਸਿੱਧੂ ਭਾਜਪਾ ਤੋਂ ਕਾਂਗਰਸ ਵਿਚ ਆਇਆ, ਪਰ ਉਸ ਦਾ ਜੀਅ ਹੁਣ ਕਾਂਗਰਸ ਵਿਚ ਵੀ ਨਹੀਂ ਲਗਦਾ। ਕੁਝ ਕਰ ਗੁਜ਼ਰਨ ਲਈ ਮੰਤਰੀ ਦਾ ਅਹੁਦਾ ਕੋਈ ਛੋਟਾ ਅਹੁਦਾ ਨਹੀਂ ਹੁੰਦਾ, ਪਰ ਸਿੱਧੂ ਸਿੱਧਾ ਆਖਰੀ ਡੰਡੇ ਨੂੰ ਹੱਥ ਪਾ ਕੇ ਮੁੱਖ ਮੰਤਰੀ ਵਾਲੀ ਕੁਰਸੀ 'ਤੇ ਕਬਜ਼ਾ ਕਰਨਾ ਚਾਹੁੰਦੈ। ਮੁੱਖ ਮੰਤਰੀ ਬਣਨ ਦਾ ਖਾਬ ਦੇਖਣਾ ਕੋਈ ਮਾੜੀ ਗੱਲ ਨਹੀਂ, ਕੋਸ਼ਿਸ਼ ਨਾਲ ਹੀ ਬੰਦਾ ਮੰਜ਼ਿਲ 'ਤੇ ਅੱਪੜਦਾ ਹੈ। ਇਸੇ ਕੋਸ਼ਿਸ਼ ਵਿਚ ਹੀ ਉਹ ਕਦੇ ਪੰਜਾਬ ਦੇ ਆਗੂਆਂ ਨਾਲ ਗੰਢ-ਸੰਢ ਦੀ ਕੋਸ਼ਿਸ਼ ਕਰਦਾ ਹੈ ਤੇ ਕਦੇ ਦਿੱਲੀ ਪਹੁੰਚ 'ਵੱਡੇ ਘਰ ਵਾਲਿਆਂ' ਕੋਲ ਕੈਪਟਨ ਦੀਆਂ ਸ਼ਿਕਾਇਤਾਂ ਲਾਉਂਦਾ ਹੈ। ਦਿੱਲੀ ਤੋਂ ਗਿੱਦੜ ਪਰਚੀ ਮਿਲਦਿਆਂ ਹੀ ਉਹ ਪੰਜਾਬ ਆ ਕੇ ਫੇਰ ਮੀਡੀਏ ਅੱਗੇ ਪ੍ਰਗਟ ਹੋ ਜਾਂਦਾ ਹੈ। ਕੁਝ ਦਿਨ ਦੇ ਮਨੋਰੰਜਨ ਅਤੇ ਡਾਇਲਾਗਬਾਜ਼ੀ ਪਿਛੋਂ ਉਹ ਮੁੜ ਅਲੋਪ ਹੋ ਜਾਂਦਾ ਹੈ। ਵਿਧਾਨ ਸਭਾ ਵਿਚ ਉਹ ਲੋਕਾਂ ਦੀ ਨੁਮਾਇੰਦਗੀ ਕਦੋਂ ਕਰਦਾ ਹੈ? ਉਹੀ ਜਾਣੇ!

ਕਈ ਹਫਤਿਆਂ ਦੀ ਚੁੱਪ ਪਿਛੋਂ ਸਿੱਧੂ ਫਿਰ 'ਪ੍ਰਗਟ' ਹੋਇਆ ਹੈ, ਬਿਲਕੁਲ ਨਵੇਂ ਅੰਦਾਜ਼ ਵਿਚ। ਇਸ ਵਾਰ ਉਸ ਨੇ 'ਜਿੱਤੇਗਾ ਪੰਜਾਬ' ਨਾਂ ਦੀ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ ਤੇ ਯੂ ਟਿਊਬ ਚੈਨਲ ਵੀ ਬਣਾਇਆ ਹੈ। ਇਸੇ ਸਬੰਧੀ ਉਸ ਨੇ ਦੋ ਛੋਟੀਆਂ ਵੀਡੀਓਜ਼ ਵੀ ਬਣਾਈਆਂ ਹਨ। ਦੂਜੀ ਵੀਡੀਓ ਵਿਚ ਉਹ ਆਪਣੀ ਇਸ ਮੁਹਿੰਮ ਨੂੰ 'ਧਰਮ ਯੁੱਧ' ਦਾ ਨਾਂ ਦਿੰਦਾ ਹੈ ਤੇ ਖਾਸ ਗੱਲ ਇਹ ਕਿ ਉਹ ਧਰਮਾਂ 'ਚੋਂ ਸਭ ਤੋਂ ਵੱਡਾ ਧਰਮ 'ਰਾਸ਼ਟਰ ਧਰਮ' ਨੂੰ ਦੱਸਦਾ ਹੈ। ਆਪਣੇ ਸੰਦੇਸ਼ ਵਿਚ ਉਹ ਦਰਬਾਰ ਸਾਹਿਬ ਅਤੇ ਜੁਗੋ ਜੁੱਗ ਅਟੱਲ ਬੁੰਗਿਆਂ ਦੀ ਗੱਲ ਵੀ ਕਰਦਾ ਹੈ ਤੇ ਪੰਜਾਬ ਨੂੰ ਕਰਜ਼ਾ ਮੁਕਤ ਕਰਨ ਦੀ ਵੀ। ਅੱਗੇ ਬੋਲਦਿਆਂ ਉਹ ਪੰਜਾਬੀਆਂ ਵਲੋਂ ਪੰਜਾਬ ਦੇ ਹੱਕਾਂ ਲਈ ਲੜੀ ਲੜਾਈ (ਧਰਮ ਯੁੱਧ) ਨੂੰ ਸਿਰਫ ਅਤਿਵਾਦ ਤੱਕ ਸੀਮਤ ਕਰ ਦਿੰਦਾ ਹੈ।

ਕੁਝ ਹੋਰ ਗੱਲਾਂ ਤੋਂ ਇਲਾਵਾ ਆਪਣੀ ਗੱਲ ਨੂੰ ਹੋਰ ਵਜ਼ਨਦਾਰ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਉਹ ਆਪਣੇ ਰਵਾਇਤੀ ਅੰਦਾਜ਼ ਵਿਚ ਕੁਝ ਸ਼ੇਅਰ ਵੀ ਸਾਂਝੇ ਕਰਦਾ ਹੈ, ਪਰ ਇੱਥੇ ਸਭ ਤੋਂ ਵੱਧ ਧਿਆਨ ਦੇਣ ਵਾਲੀ ਗੱਲ ਉਹਦਾ 'ਰਾਸ਼ਟਰ ਧਰਮ' ਹੈ। ਸਿੱਧੂ ਭਾਜਪਾ ਜਿਹੀ ਐਲਾਨੀਆ ਹਿੰਦੂ ਰਾਸ਼ਟਰਵਾਦੀ ਪਾਰਟੀ ਦਾ ਇੱਕ ਅਹਿਮ ਅੰਗ ਰਿਹਾ ਹੈ। ਫਿਰ ਕਾਂਗਰਸ ਵਿਚ ਆ ਗਿਆ। ਹੁਣ ਜੇ ਉਹ ਭਾਜਪਾ ਅਤੇ ਕਾਂਗਰਸ ਨੂੰ ਛੱਡ ਕੇ ਪੰਜਾਬ ਨੂੰ ਜਿਤਾਉਣ ਜਿਹਾ ਕੋਈ ਸੁਪਨਾ ਪੰਜਾਬ ਨੂੰ ਦਿਖਾਉਣਾ ਚਾਹੁੰਦਾ ਹੈ ਤਾਂ ਸਵਾਲ ਹੈ ਕਿ 'ਰਾਸ਼ਟਰ ਧਰਮ' ਨੂੰ ਅੱਗੇ ਰੱਖ ਕੇ ਉਹ ਪੰਜਾਬ ਨੂੰ ਕਿਵੇਂ ਜਿਤਾ ਸਕਦਾ ਹੈ?

ਪੰਜਾਬ ਨੂੰ ਜਿਤਾਉਣ ਲਈ ਕੇਂਦਰ ਕੋਲੋਂ ਵੱਧ ਹੱਕ ਲੈ ਕੇ ਕੇਂਦਰ ਦੀ ਅਧੀਨਗੀ ਹੇਠੋਂ ਨਿਕਲਣਾ ਪਵੇਗਾ, ਨਹੀਂ ਤਾਂ ਰਾਸ਼ਟਰੀ ਏਜੰਡੇ ਤਹਿਤ ਬਹੁਤ ਸਾਰੇ ਸਮਝੌਤੇ ਕਰਨੇ ਪੈਣਗੇ, ਜਿਨ੍ਹਾਂ ਤਹਿਤ ਪੰਜਾਬ ਦੇ ਬਣਦੇ ਹੱਕ ਖੋਹੇ ਜਾ ਸਕਦੇ ਹਨ। ਜੇ ਪੰਜਾਬ ਨੂੰ ਉਸ ਦਾ ਬਣਦਾ ਹੱਕ ਨਹੀਂ ਮਿਲਦਾ ਤਾਂ ਪੰਜਾਬ ਹਾਰ ਜਾਵੇਗਾ। ਪੰਜਾਬ ਨੂੰ ਸਿਰਫ ਉਸ ਦੇ ਹੱਕ ਦਿਵਾ ਕੇ ਹੀ ਜਿਤਾਇਆ ਜਾ ਸਕਦਾ ਹੈ। ਸਿੱਧੂ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਹ 'ਰਾਸ਼ਟਰ ਧਰਮ' ਦੇ ਏਜੰਡੇ ਨੂੰ ਮੁੱਖ ਰੱਖ ਕੇ ਪੰਜਾਬ ਨੂੰ ਕਿਵੇਂ ਜਿਤਾਵੇਗਾ? ਇਹ ਦੋਵੇਂ ਆਪਾ ਵਿਰੋਧੀ ਗੱਲਾਂ ਨਾਲੋਂ ਨਾਲ ਨਹੀਂ ਚੱਲ ਸਕਦੀਆਂ।

ਸਿੱਧੂ ਦੀ ਮਾਂ ਪਾਰਟੀ ਭਾਜਪਾ ਵੀ ਰਾਸ਼ਟਰਵਾਦ ਦੀ ਝੰਡਾ ਬਰਦਾਰ ਹੈ ਤੇ ਮਾਸੀ ਕਾਂਗਰਸ ਵੀ। ਇੱਥੇ ਇਹ ਸਪਸ਼ਟ ਕਰਨਾ ਵੀ ਬਹੁਤ ਜ਼ਰੂਰੀ ਹੈ ਕਿ ਭਾਰਤੀ ਰਾਸ਼ਟਰਵਾਦ (ਨੈਸ਼ਨਲਇਜ਼ਮ) ਅਸਲ ਵਿਚ ਹਿੰਦੂਵਾਦ (ਹਿੰਦੂਇਜ਼ਮ) ਹੀ ਹੈ। ਕੀ ਸਿੱਧੂ ਪੰਜਾਬ ਨੂੰ ਹਿੰਦੂਵਾਦ ਦੇ ਪੇਟੇ ਪਾਉਣਾ ਚਾਹੁੰਦਾ ਹੈ? ਜਿਹਾ ਕਿ ਆਰ. ਐਸ. ਐਸ. ਦਾ ਐਲਾਨੀਆ ਏਜੰਡਾ ਹੈ। ਇੱਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਸਿੱਧੂ ਦਸਤਾਰਧਾਰੀ ਹੋਣ ਦੇ ਬਾਵਜੂਦ ਹਿੰਦੂ ਰਹੁਰੀਤਾਂ ਅਨੁਸਾਰ ਕਰਮਕਾਂਡ ਕਰਦਾ ਹੈ ਤੇ ਜੰਜੂ ਵੀ ਪਹਿਨਦਾ ਹੈ, ਜੋ ਸਿੱਖੀ ਦੇ ਮੁਢਲੇ ਸਿਧਾਂਤਾਂ ਦੀ ਖਿੱਲੀ ਉਡਾਉਣ ਦੇ ਤੁਲ ਹੈ। ਜੇ ਉਹ ਪੰਜਾਬ ਨੂੰ ਜਿਤਾਉਣ ਦੇ ਨਾਂ ਉਤੇ ਪੰਜਾਬ ਨੂੰ ਰਾਸ਼ਟਰਵਾਦ ਦਾ ਪਾਠ ਪੜ੍ਹਾ ਕੇ ਹਿੰਦੂਵਾਦ ਦੇ ਪੇਟੇ ਪਾਉਣਾ ਚਾਹੁੰਦਾ ਹੈ ਤਾਂ ਯਕੀਨਨ ਇਹ ਧੋਖਾ ਹੈ ਤੇ ਅਜਿਹਾ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੇ ਲੰਮੇ ਸਮੇਂ ਤੋਂ ਰਵਾਇਤੀ ਪਾਰਟੀਆਂ-ਅਕਾਲੀ ਦਲ ਤੇ ਕਾਂਗਰਸ ਹੱਥੋਂ ਲੁੱਟੇ ਤੇ ਕੁੱਟੇ ਜਾ ਰਹੇ ਲੋਕ ਇਨ੍ਹਾਂ ਤੋਂ ਕਿਸੇ ਵੀ ਕੀਮਤ 'ਤੇ ਨਿਜਾਤ ਪਾਉਣੀ ਚਾਹੁੰਦੇ ਹਨ। ਕੋਈ ਸ਼ੱਕ ਨਹੀਂ ਕਿ ਸਿੱਧੂ ਅੱਜ ਪੰਜਾਬੀਆਂ ਦਾ ਹਰਮਨ ਪਿਆਰਾ ਨੇਤਾ ਹੈ, ਪਰ ਉਸ ਵਲੋਂ ਲੈ ਕੇ ਦਿੱਤੀਆਂ ਜਾਣ ਵਾਲੀਆਂ ਕੁਝ ਰਿਆਇਤਾਂ ਲਈ ਕੀ ਲੋਕ ਆਪਣੀ 'ਹੋਂਦ' ਦਾਅ 'ਤੇ ਲਾਉਣ ਲਈ ਤਿਆਰ ਹਨ? ਕੇਂਦਰੀ ਰਾਸ਼ਟਰਵਾਦੀ ਪਾਰਟੀਆਂ ਦੇ ਇੱਕ ਛੋਟੇ ਜਿਹੇ ਪਿਆਦੇ 'ਤੇ ਇੰਨਾ ਯਕੀਨ ਕਿ ਉਹ ਤੁਹਾਡੇ ਸਾਰੇ ਦੁੱਖ ਹਰ ਲਵੇਗਾ, ਜੂਆ ਨਹੀਂ ਤਾਂ ਹੋਰ ਕੀ ਹੈ?

ਸਿੱਧੂ ਭਾਵੇਂ ਆਪਣੇ ਆਪ ਨੂੰ ਪੰਜਾਬ ਦਾ ਰਹਿਬਰ ਸਮਝਣ ਦਾ ਭਰਮ ਪਾਲੀ ਬੈਠਾ ਹੈ, ਪਰ ਅਸਲੀਅਤ ਇਹ ਹੈ ਕਿ ਉਹਦੀ ਹੈਸੀਅਤ ਗਮਲੇ ਵਿਚ ਉਗੇ ਬੂਟੇ ਜਿੱਡੀ ਹੈ। ਗਮਲੇ ਦਾ ਬੂਟਾ ਧਰਤੀ 'ਤੇ ਉਗੇ ਬੋਹੜ ਜਿੰਨੀ ਛਾਂ ਨਾ ਕਦੇ ਕਰ ਸਕਦਾ ਹੈ, ਨਾ ਸੰਭਵ ਹੈ। ਹਾਂ! ਕੁਝ ਫੁੱਲ ਜਾਂ ਕਲੀਆਂ ਜ਼ਰੂਰ ਪੈਦਾ ਕਰ ਸਕਦਾ ਹੈ, ਜੋ ਸਵੇਰੇ ਖਿੜ ਕੇ ਸ਼ਾਮ ਨੂੰ ਮੁਰਝਾ ਜਾਂਦੀਆਂ ਹਨ।

ਸਿੱਧੂ ਪੰਜਾਬ ਦੇ ਕਿਸੇ ਬੁਨਿਆਦੀ ਮਸਲੇ ਬਾਰੇ ਕਦੇ ਵੀ ਖੁੱਲ੍ਹ ਕੇ ਨਹੀਂ ਬੋਲਿਆ, ਜਿਸ ਤੋਂ ਇਹ ਤੈਅ ਹੋ ਸਕੇ ਕਿ ਉਸ ਵਿਚ ਲੀਡਰਾਂ ਵਾਲਾ ਕੋਈ ਗੁਣ ਹੈ ਵੀ ਕਿ ਨਹੀਂ? ਹੁਣ ਤੱਕ ਸਿੱਧੂ ਦਾ ਕਿਰਦਾਰ ਇੱਕ ਅਜਿਹੇ ਪ੍ਰਚਾਰਕ ਵਾਲਾ ਹੀ ਰਿਹਾ ਹੈ, ਜੋ ਸਿਰਫ ਚੁਟਕਲਿਆਂ ਜਿਹੀਆਂ ਤੇ ਮਜ਼ਾਹੀਆ ਕਿਸਮ ਦੀਆਂ ਗੱਲਾਂ ਨਾਲ ਲੋਕਾਂ ਦੀਆਂ ਤਾੜੀਆਂ ਬਟੋਰਨ ਵਿਚ ਕਾਮਯਾਬ ਹੋ ਜਾਂਦਾ ਹੈ। ਉਸ ਦਾ ਕਿਰਦਾਰ ਇੱਕ ਮਸਖਰੇ ਵਾਲਾ ਬਣ ਚੁਕਾ ਹੈ ਤੇ ਲੋਕ ਉਸ ਦੇ ਚੁਟਕਲੇ ਸੁਣ ਕੇ ਖੁਸ਼ ਹੁੰਦੇ ਹਨ। ਭਾਜਪਾ ਵਿਚ ਰਹਿੰਦਿਆਂ ਜਿਸ ਕਾਂਗਰਸ ਨੂੰ ਉਹ 'ਮੁੰਨੀ ਤੋਂ ਵੀ ਵੱਧ ਬਦਨਾਮ' ਹੋ ਗਈ ਦੱਸਦਾ ਸੀ, ਭਾਜਪਾ ਨਾਲ ਵਿਗੜ ਜਾਣ ਪਿੱਛੋਂ ਆਪਣਾ ਥੁੱਕਿਆ ਚੱਟ ਕੇ ਉਸੇ ਹੀ ਕਾਂਗਰਸ ਵਿਚ ਸ਼ਾਮਿਲ ਹੋ ਕੇ ਉਸ ਨੇ ਆਪਣੀ ਮਾਂ ਪਾਰਟੀ ਦੇ ਨੇਤਾਵਾਂ ਦਾ ਰੱਜ ਕੇ ਮਜ਼ਾਕ ਉਡਾਇਆ।



*ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਸਮੇਂ ਰਾਹੁਲ ਗਾਂਧੀ ਨਾਲ ਨਵਜੋਤ ਸਿੱਧੂ*



*ਨਵਜੋਤ ਸਿੱਧੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਥਾਪੜਾ ਲੈਂਦੇ ਹੋਏ*

'ਧਰਮ ਯੁੱਧ' ਜਿਹਾ ਪਵਿੱਤਰ ਤੇ ਮਹਾਨ ਕਾਰਜ ਸ਼ੁਰੂ ਕਰਨ ਦਾ ਹੋਕਾ ਦੇਣ ਵਾਲਾ ਸਿੱਧੂ ਕੀ ਅਕਾਲੀਆਂ ਵਲੋਂ ਚਲਾਏ ਧਰਮ ਯੁੱਧ ਮੋਰਚੇ ਤੋਂ ਵਾਕਿਫ ਹੈ? ਕੀ ਸਿੱਧੂ ਨੇ ਅਨੰਦਪੁਰ ਸਾਹਿਬ ਦਾ ਮਤਾ ਪੜ੍ਹਿਆ ਹੈ? ਜੇ ਪੜ੍ਹਿਆ ਹੈ ਤਾਂ ਕੀ ਉਹ ਉਸ ਨਾਲ ਸਹਿਮਤ ਹੈ? ਅਨੰਦਪੁਰ ਸਾਹਿਬ ਦੇ ਮਤੇ ਵਿਚਲੀਆਂ ਸਾਰੀਆਂ ਮੰਗਾਂ ਅੱਜ ਵੀ ਪੰਜਾਬ ਨੂੰ ਜਿਤਾਉਣ ਦਾ ਰਾਹ ਦਸੇਰਾ ਬਣ ਸਕਦੀਆਂ ਹਨ। ਅੱਜ ਪੰਜਾਬ ਨੂੰ ਪੈਰਾਂ ਸਿਰ ਕਰਨ ਲਈ ਸੈਂਕੜੇ ਸਮੱਸਿਆਵਾਂ ਵਿਚੋਂ ਆਹ ਕੁਝ ਮੁਢਲੀਆਂ ਸਮੱਸਿਆਵਾਂ ਨੂੰ ਫੌਰੀ ਹੱਲ ਕਰਨਾ ਅਤਿ ਜ਼ਰੂਰੀ ਹੈ,

1. ਲੁੱਟੇ ਜਾ ਰਹੇ ਪੰਜਾਬ ਦੇ ਪਾਣੀਆਂ ਦਾ ਮੁੱਲ ਰਾਜਸਥਾਨ ਤੋਂ ਪੰਜਾਬ ਨੂੰ ਦਿਵਾਉਣਾ ਤਾਂ ਕਿ ਪੰਜਾਬ ਨੂੰ ਕਰਜ਼ੇ ਹੇਠੋਂ ਕੱਢ ਕੇ ਪੈਰਾਂ ਸਿਰ ਕੀਤਾ ਜਾ ਸਕੇ।

2. ਪੰਜਾਬ ਦੀ ਧਰਤੀ ਨੂੰ ਬੰਜਰ ਹੋਣੋਂ ਬਚਾਉਣ ਲਈ ਕਣਕ ਝੋਨੇ ਦੇ ਫਸਲੀ ਚੱਕਰ 'ਚੋਂ ਕੱਢਣਾ ਤੇ ਬਦਲ ਪੈਦਾ ਕਰਨਾ।

3. ਹਰਿਆਣਾ ਅਤੇ ਰਾਜਸਥਾਨ ਵਲੋਂ ਪੰਜਾਬ ਦੇ ਪਾਣੀਆਂ ਦੀ ਕੀਤੀ ਜਾ ਰਹੀ ਲੁੱਟ ਬੰਦ ਕਰਵਾਉਣੀ ਤੇ ਬਾਹਰ ਜਾ ਰਹੇ ਪਾਣੀ ਦਾ ਸਹੀ ਮੁੱਲ ਲੈ ਕੇ ਦੇਣਾ।

4. ਪੰਜਾਬ ਵਿਚ ਹੀ ਸਨਮਾਨਜਨਕ ਰੋਜ਼ਗਾਰ ਪੈਦਾ ਕਰਨੇ।

5. ਨਸ਼ਿਆਂ ਨੂੰ ਜੜ੍ਹ ਤੋਂ ਉਖਾੜਨਾ।

6. ਸਿਹਤ ਸਹੂਲਤਾਂ ਲਈ ਫੌਰੀ ਨਿੱਗਰ ਕਦਮ ਚੁੱਕਣੇ।

7. ਪੰਜਾਬੀਆਂ ਵਿਚ ਆਤਮ ਵਿਸ਼ਵਾਸ ਪੈਦਾ ਕਰਨਾ।

8. ਪੰਜਾਬ ਵਿਚ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਤੋਂ ਇਲਾਵਾ ਵੱਡੇ ਉਦਯੋਗ ਲਾਉਣੇ।

9. ਕਿਸਾਨੀ ਦੀ ਲੁੱਟ ਤੇ ਖੱਜਲ ਖੁਆਰੀ ਬੰਦ ਕਰਵਾਉਣੀ।

10. ਇਮਾਨਦਾਰ ਪ੍ਰਸ਼ਾਸਨ ਤੇ ਕਾਨੂੰਨ ਦਾ ਰਾਜ ਬਹਾਲ ਕਰਨਾ ਤੇ ਅਨੇਕਾਂ ਹੋਰ।

ਕੀ ਇਹ ਸਾਰਾ ਕੁਝ ਸਿੱਧੂ ਦੇ ਏਜੰਡੇ ਵਿਚ ਸ਼ਾਮਿਲ ਹੈ? ਸਿੱਧੂ ਨੂੰ ਚਾਹੀਦਾ ਹੈ ਕਿ ਉਹ ਅਨੰਦਪੁਰ ਸਾਹਿਬ ਦੇ ਮਤੇ ਅਤੇ ਆਪਣੇ 'ਰਾਸ਼ਟਰਵਾਦੀ ਧਰਮ ਯੁੱਧ' ਵਿਚਲਾ ਫਰਕ ਪੰਜਾਬੀਆਂ ਨੂੰ ਖੁੱਲ੍ਹ ਕੇ ਸਮਝਾਵੇ। ਹੱਕ ਲੈ ਕੇ ਦੇਣ ਤੇ ਪੰਜਾਬ ਨੂੰ ਜਿਤਾਉਣ ਲਈ ਅਕਾਲੀਆਂ ਨੂੰ ਸਰਕਾਰ ਖਿਲਾਫ ਧਰਮ ਯੁੱਧ ਮੋਰਚੇ ਵਿਚ ਲੱਖਾਂ ਗ੍ਰਿਫਤਾਰੀਆਂ ਤੇ ਹਜ਼ਾਰਾਂ ਸ਼ਹਾਦਤਾਂ ਦੇਣੀਆਂ ਪਈਆਂ। ਮੋਰਚੇ ਨੂੰ ਫੇਲ੍ਹ ਕਰਨ ਤੇ ਪੰਜਾਬ ਨੂੰ ਹਰਾਉਣ ਲਈ ਸਰਕਾਰ ਨੇ ਆਪਣੀ ਸਾਰੀ ਤਾਕਤ ਲਾ ਦਿੱਤੀ ਅਤੇ ਮੋਰਚੇ ਨੂੰ ਦੇਸ਼ ਧ੍ਰੋਹੀ ਤੇ ਵੱਖਵਾਦੀ ਕਹਿ ਕੇ ਲੱਖਾਂ ਸਿੱਖਾਂ ਦਾ ਖੂਨ ਵਹਾਇਆ, ਮੋਰਚੇ ਨੂੰ ਕਾਮਯਾਬ ਨਾ ਹੋਣ ਦਿੱਤਾ।

ਇੱਕ ਗੱਲ ਪੱਥਰ 'ਤੇ ਲਕੀਰ ਹੈ ਕਿ ਕੇਂਦਰ ਨੂੰ ਹਰਾਏ ਬਿਨਾ ਪੰਜਾਬ ਨੂੰ ਜਿਤਾਇਆ ਨਹੀਂ ਜਾ ਸਕਦਾ। ਕੀ ਸਿੱਧੂ ਇਸ ਹਕੀਕਤ ਤੋਂ ਵਾਕਿਫ ਹੈ? ਕੀ ਸਿੱਧੂ ਕੇਂਦਰ ਨੂੰ ਹਰਾ ਕੇ ਪੰਜਾਬ ਨੂੰ ਜਿਤਾਉਣ ਦਾ ਮਾਦਾ ਰੱਖਦਾ ਹੈ? ਇਹਦਾ ਖੁਲਾਸਾ ਪੰਜਾਬੀਆਂ ਨੂੰ ਸਿੱਧੂ ਕੋਲੋਂ ਮੰਗਣਾ ਹੀ ਪਵੇਗਾ। ਜਿੱਤ ਹਾਰ ਦੀ ਲੜਾਈ ਵਿਚ ਕਈ ਵਾਰ ਆਪਣੀ ਜਾਨ ਵੀ ਦਾਅ 'ਤੇ ਲਾਉਣੀ ਪੈਂਦੀ ਹੈ। ਕੀ ਸਿੱਧੂ ਸੱਚਮੁੱਚ ਪੰਜਾਬ ਲਈ ਮਰ ਸਕਦਾ ਜਾਂ ਕੋਈ ਕੁਰਬਾਨੀ ਕਰ ਸਕਦਾ ਹੈ?

ਪੰਜਾਬੀਆਂ ਦੀ ਹਾਲਤ ਸੱਪ ਵਲੋਂ ਡੰਗੇ ਬੱਚੇ ਦੀ ਉਸ ਮਾਂ ਜਿਹੀ ਹੈ, ਜੋ ਕਿਸੇ ਵੀ ਮਾਂਦਰੀ ਹੋਣ ਦਾ ਵਿਖਾਵਾ ਕਰਦੇ ਬੰਦੇ ਕੋਲੋਂ ਆਪਣੇ ਪੁੱਤ ਦੀ ਜਾਨ ਬਚਾਉਣ ਦੀ ਆਸ ਲਾ ਬਹਿੰਦੀ ਹੈ। ਕਰਤਾਰਪੁਰ ਸਾਹਿਬ ਵਾਲਾ ਲਾਂਘਾ ਕੀ ਖੁੱਲ੍ਹਿਆ, ਪੰਜਾਬੀਆਂ ਨੇ ਸਾਰੇ ਦਾ ਸਾਰਾ ਕਰੈਡਿਟ ਸਿੱਧੂ ਨੂੰ ਦੇ ਦਿੱਤਾ। ਸ਼ੋਸ਼ਲ ਮੀਡੀਏ 'ਤੇ ਬਹੁਤੇ ਕਾਹਲੇ ਵਗਣ ਵਾਲੇ ਜਜ਼ਬਾਤੀ ਲੋਕਾਂ 'ਚੋਂ ਕਿਸੇ ਨੇ ਉਸ ਨੂੰ 'ਪੰਥ ਰਤਨ' ਦੇਣ ਦੀ ਵਕਾਲਤ ਕੀਤੀ ਤੇ ਕਿਸੇ ਨੇ ਕੋਈ ਹੋਰ ਵੱਡਾ ਮਾਣ। ਸਾਡੀ ਤ੍ਰਾਸਦੀ ਇਹ ਹੈ ਕਿ ਹੋਇਆ ਸਾਨੂੰ ਕੈਂਸਰ ਹੈ ਤੇ ਅਸੀਂ ਫੋੜੇ ਦਾ ਇਲਾਜ਼ ਦੱਸਣ ਵਾਲੇ ਨੂੰ ਆਪਣਾ ਮਸੀਹਾ ਮੰਨ ਲੈਂਦੇ ਹਾਂ। ਕਿਸੇ ਛੋਟੀ ਜਿਹੀ ਰਿਆਇਤ ਦੇਣ ਵਾਲੇ ਨੂੰ ਹੀ ਅਸੀਂ ਆਪਣੇ ਸਭ ਦੁੱਖਾਂ ਦਾ ਦਾਰੂ ਸਮਝਣ ਲੱਗ ਪੈਂਦੇ ਹਾਂ। ਇਹ ਭੁੱਲ ਜਾਂਦੇ ਹਾਂ ਕਿ ਚਿੜੀਆਂ ਦੀ ਉਡਾਰੀ ਕਦੇ ਵੀ ਬਾਜ਼ ਦੇ ਬਰਾਬਰ ਨਹੀਂ ਹੁੰਦੀ। ਚਿੜੀਆਂ ਵਲੋਂ ਆਕਾਸ਼ ਗਾਹ ਲੈਣ ਦੇ ਦਾਅਵੇ 'ਤੇ ਕੋਈ ਮੂਰਖ ਹੀ ਯਕੀਨ ਕਰੇਗਾ!

ਪੰਜਾਬ ਤੜਫ ਰਿਹਾ ਹੈ, ਮਰ ਰਿਹਾ ਹੈ ਤੇ ਕਿਣਕਾ ਕਿਣਕਾ ਭੁਰ ਰਿਹਾ ਹੈ। ਪੰਜਾਬ ਨੂੰ ਮਾਰਨ ਵਾਲੀਆਂ ਤਾਕਤਾਂ ਆਪਣੇ ਟੁੱਕੜਬੋਚਾਂ ਤੇ ਪਿਆਦਿਆਂ ਨੂੰ ਭੇਸ ਵਟਾ ਵਟਾ ਕੇ ਪੰਜਾਬ ਦੇ ਦੁੱਖ ਹਰਨ ਵਾਲਾ ਵੈਦ ਸਿੱਧ ਕਰਨ ਲਈ ਸਾਰੇ ਹਰਬੇ ਵਰਤ ਰਹੀਆਂ ਹਨ। ਪੋਟਾ ਪੋਟਾ ਦਰਦ ਨਾਲ ਕੁਰਲਾ ਰਿਹਾ ਪੰਜਾਬ ਜਿਹਦੇ ਵੀ ਹੱਥ ਲਸਣ ਦੀ ਗੰਢੀ ਵੇਖਦੈ, ਉਸੇ ਨੂੰ ਵੈਦ ਸਮਝ ਮਗਰ ਤੁਰ ਪੈਂਦੈ। ਕੋਈ ਸ਼ੱਕ ਨਹੀਂ ਕਿ ਸਿੱਧੂ ਇੱਕ ਇਮਾਨਦਾਰ ਬੰਦਾ ਹੈ, ਪਰ ਹੱਕਾਂ ਲਈ ਲੜਨ ਵੇਲੇ ਇਮਾਨਦਾਰੀ ਦੇ ਨਾਲ ਨਾਲ ਦਲੇਰੀ, ਦ੍ਰਿੜਤਾ, ਸੱਚ 'ਤੇ ਖੜ੍ਹਨ ਦਾ ਮਾਦਾ ਅਤੇ ਸਭ ਤੋਂ ਜ਼ਰੂਰੀ ਗੱਲ, ਉਸ ਧਰਤੀ ਦੀ ਖਸਲਤ ਤੋਂ ਵਾਕਿਫ ਹੋਣਾ ਤੇ ਲੋੜ ਪੈਣ 'ਤੇ ਨਿੱਜੀ ਹਿੱਤ ਛੱਡ ਕੇ ਆਪਾ ਕੁਰਬਾਨ ਕਰ ਦੇਣਾ ਹੁੰਦੀ ਹੈ। ਕਰਜ਼ਾ ਮੁਆਫੀ ਪੰਜਾਬ ਲਈ ਵੱਡੀ ਰਾਹਤ ਹੋਵੇਗੀ, ਪਰ ਕਰਜ਼ਾ ਮੁਆਫੀ ਅਰਜ਼ੀਆਂ ਤੇ ਹੱਥ ਫੜੇ ਠੂਠੇ 'ਚ ਰਾਹਤ ਪਵਾਉਣ ਨਾਲ ਪੰਜਾਬ ਜਿੱਤ ਨਹੀਂ ਸਕੇਗਾ, ਸਗੋਂ ਮੰਗਤੇ ਦਾ ਮੰਗਤਾ ਹੀ ਰਹੇਗਾ। ਉਪਰ ਲਿਖੀਆਂ ਸਭ ਮੰਗਾਂ ਤੇ ਲੋੜਾਂ ਨੂੰ ਪੂਰਾ ਕੀਤੇ ਬਿਨਾ ਪੰਜਾਬ ਨੂੰ ਜਿਤਾਇਆ ਨਹੀਂ ਜਾ ਸਕਦਾ। ਠੂਠਾ ਛੱਡ ਕੇ ਹੱਕ ਲੈਣ ਲਈ ਜੱਦੋ-ਜਹਿਦ ਕਰਨ ਨਾਲ ਹੀ ਪੰਜਾਬ ਜਿੱਤੇਗਾ। ਖੈਰਾਤ ਵਿਚ ਜਿੱਤਾਂ ਤੇ ਤਖਤ ਕਦੇ ਨਹੀਂ ਮਿਲਦੇ ਹੁੰਦੇ!

## ਨਵਜੋਤ ਸਿੱਧੂ ਵਲੋਂ ਕਰੋਨਾ ਤੋਂ ਬਚਾਅ ਲਈ ਵੀਡੀਓ ਜਾਰੀ

**ਅੰਮ੍ਰਿਤਸਰ:** ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਆਪਣੇ ਨਵੇਂ ਬਣਾਏ ਚੈਨਲ ਜਿੱਤੇਗਾ ਪੰਜਾਬ ਰਾਹੀਂ ਇਕ ਹੋਰ ਵੀਡੀਓ ਜਾਰੀ ਕਰਦਿਆਂ ਪੰਜਾਬ ਵਾਸੀਆਂ ਨੂੰ ਕਰੋਨਾ ਵਾਇਰਸ ਤੋਂ ਬਚਣ ਲਈ ਘਰਾਂ ਵਿਚ ਰਹਿਣ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਸੰਕਟ ਦੇ ਸਮੇਂ ਵਿਚ ਆਪੋ ਆਪਣੇ ਘਰਾਂ ਵਿਚ ਕੰਮ ਕਰਦੇ ਕਾਮਿਆਂ ਦੀ ਮਦਦ ਕਰਨ ਲਈ ਵੀ ਕਿਹਾ ਹੈ।

ਤੀਹ ਮਿੰਟ ਦੀ ਵੀਡੀਓ ਵਿਚ ਸ੍ਰੀ ਸਿੱਧੂ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਨਾਲ ਇਸ ਭਿਆਨਕ ਬਿਮਾਰੀ ਤੋਂ ਬਚਾਅ ਬਾਰੇ ਗੱਲਬਾਤ ਕੀਤੀ ਹੈ ਅਤੇ ਉਨ੍ਹਾਂ ਵਲੋਂ ਦੱਸੇ ਬਚਾਅ ਦੇ ਸੁਝਾਅ ਉਹ ਲੋਕਾਂ ਨਾਲ ਸਾਂਝੇ ਕਰ ਰਹੇ ਹਨ। ਉਨ੍ਹਾਂ ਨੇ ਜਿਥੇ ਮਾਸਕ ਦੀ ਵਰਤੋਂ ਕਰਨ ਬਾਰੇ ਜਾਣਕਾਰੀ ਦਿੱਤੀ, ਉਥੇ ਲੋਕਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਦਾ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਆਖਿਆ ਕਿ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਜ਼ਿਲ੍ਹਾ ਪ੍ਰਸ਼ਾਸਨ ਨਾਲ ਵੀ ਗੱਲਬਾਤ ਕੀਤੀ ਹੈ। ਉਨ੍ਹਾਂ ਨੇ ਲੋਕਾਂ ਨੂੰ ਸੰਕਟ ਦੇ ਸਮੇਂ ਆਪਣੇ ਘਰਾਂ ਵਿਚ ਰਹਿਣ, ਸੰਜਮ ਬਣਾਏ ਰੱਖਣ ਅਤੇ ਕਾਮਿਆਂ ਦੀ ਮਦਦ ਦੀ ਅਪੀਲ ਕੀਤੀ ਹੈ। ਜੇਕਰ ਹਰ ਪੰਜਾਬੀ ਆਪਣੇ ਘਰ ਵਿਚ ਕੰਮ ਕਰਦੇ ਕਾਮੇ ਦੀ ਮਦਦ ਕਰੇ ਤਾਂ ਇਸ ਨਾਲ ਵੱਡੀ ਰਾਹਤ ਮਿਲੇਗੀ।

ਸ. ਸਿੱਧੂ ਨੇ ਸਰਕਾਰ ਨੂੰ ਜਾਗਰੂਕਤਾ ਲਹਿਰ ਖੜ੍ਹੀ ਕਰਨ ਦੀ ਅਪੀਲ ਕਰਦਿਆਂ ਸੁਝਾਅ ਦਿੱਤਾ ਕਿ ਸਰਕਾਰ ਵਟਸਐਪ ਦੇ ਚੈਟ ਬਾਕਸ ਵਿਚ ਬੋਲ ਚਾਲ ਦੀ ਭਾਸ਼ਾ ਖਾਸਕਰ ਮਾਂ ਬੋਲੀ ਪੰਜਾਬੀ ਵਿਚ ਸੁਨੇਹੇ ਜਾਰੀ ਕਰੇ। ਇਸ ਤਰ੍ਹਾਂ ਜਾਗਰੂਕਤਾ ਲਹਿਰ ਨਾਲ ਲੋਕਾਂ ਨੂੰ ਸਮਝਾਉਣ ਵਿਚ ਮਦਦ ਮਿਲੇਗੀ ਅਤੇ ਕਰੋਨਾ ਤੋਂ ਬਚਾਅ ਲਈ ਵੀ ਮਦਦ ਹੋਵੇਗੀ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 91-81950-25579

# ਚਿੱਤਰ, ਚਰਚਾ ਅਤੇ ਚੁਟਕਲਾ!

ਕੁਲਹਿਣੇ ਕਰੋਨਾ ਵਾਇਰਸ ਕਾਰਨ ਸਾਰੀ ਦੁਨੀਆਂ ਵਿਚ ਹਾਹਾਕਾਰ ਮਚੀ ਹੋਈ ਹੈ। ਸ਼ੋਸ਼ਲ ਮੀਡੀਏ ਵਿਚ ਇਸੇ ਮਹਾਮਾਰੀ ਦੀਆਂ ਮਨਹੂਸ ਜਾਣਕਾਰੀਆਂ ਨੇ ਥਾਂ ਮੱਲੀ ਹੋਈ ਹੈ। ਭਾਵੇਂ ਬਹੁਤੇ ਪੰਜਾਬੀ ਭਾਈ-ਭੈਣਾਂ ਇਸ ਆਫਤ ਬਾਰੇ ਫੇਸਬੁੱਕ 'ਤੇ ਡਰਾਉਣੀਆਂ ਜਾਣਕਾਰੀਆਂ ਅਤੇ ਦੇਸ਼-ਵਿਦੇਸ਼ ਤੋਂ ਆਉਂਦੀਆਂ ਦੁਖਦਾਈ ਖਬਰਾਂ ਸਾਂਝੀਆਂ ਕਰਦਿਆਂ ਦਿਲੀ ਵਲਵਲੇ ਲਿਖ ਰਹੇ ਹਨ, ਪਰ ਇਸ ਦੇ ਉਲਟ ਬਹੁਤੇ ਉਹ ਵੀ ਹਨ, ਜੋ ਇਸ ਘੋਰ ਉਦਾਸੀ ਵਾਲੇ ਮਾਹੌਲ ਵਿਚ ਵੀ ਹਾਸੇ-ਮਖੌਲ ਵਿਚ ਬੜਾ ਕੁਝ ਲਿਖ-ਬੋਲ ਰਹੇ ਹਨ।

ਇਕ ਸੱਜਣ ਨੇ ਅਫਸਾਨਾ ਨਿਗਾਰ ਰਜਿੰਦਰ ਸਿੰਘ ਬੇਦੀ ਦਾ ਕਥਨ ਕਿ ਜੇ ਕਿਤੇ ਦੋ ਚਾਰ ਵਿਅਕਤੀ ਉਚੀ ਉਚੀ ਹੱਸ ਰਹੇ ਹੋਣ ਤਾਂ ਸਮਝ ਲੈਣਾ ਚਾਹੀਦਾ ਕਿ ਉਨ੍ਹਾਂ ਵਿਚ ਪੰਜਾਬੀ ਜਰੂਰ ਹੋਣਗੇ, ਲਿਖ ਕੇ ਪੰਜਾਬੀਆਂ ਦੀ ਫਿਤਰਤ ਬਾਰੇ ਇਕ ਲਤੀਫਾ ਸਾਂਝਾ ਕੀਤਾ। ਅਖੇ, ਇਕ ਪੰਜਾਬੀ ਭਾਈ ਕਿਤੇ ਰੇਲਵੇ ਲਾਈਨ ਦੇ ਗਾਡਰ ਉਤੇ ਸਿਰ ਰੱਖ ਕੇ ਲੰਮਾ ਪਿਆ ਸੀ। ਕੋਲੋਂ ਲੰਘ ਰਹੇ ਇਕ ਰਾਹੀ ਨੇ ਪੁੱਛਿਆ, "ਸੱਜਣਾਂ ਏਥੇ ਕਿਉਂ ਪਿਆ ਏਂ?"


ਪੰਜਾਬੀ ਰੋਣਹਾਕਾ ਜਿਹਾ ਮੂੰਹ ਬਣਾ ਕੇ ਬੋਲਿਆ, "ਭਰਾਵਾ! ਇਸ ਜ਼ਿੰਦਗੀ ਤੋਂ ਦੁਖੀ ਹੋ ਕੇ ਗੱਡੀ ਥੱਲੇ ਸਿਰ ਦੇ ਕੇ ਖੁਦਕੁਸ਼ੀ ਕਰਨ ਲੱਗਾਂ।"

ਰਾਹੀ ਜਰਾ ਉਹਦੇ ਨੇੜੇ ਹੋਇਆ ਅਤੇ ਲਾਗੇ ਹੀ ਪਿਆ ਇਕ ਝੋਲਾ ਦੇਖ ਕੇ ਪੁੱਛਿਆ ਕਿ ਇਸ ਝੋਲੇ ਵਿਚ ਕੀ ਪਿਆ ਐ?

"ਰੋਟੀ ਐ ਭਰਾਵਾ!" ਪੰਜਾਬੀ ਦਾ ਜਵਾਬ ਸੁਣ ਕੇ ਥੋੜ੍ਹਾ ਮੁਸਕਰਾਉਂਦਿਆਂ ਰਾਹੀ ਕਹਿੰਦਾ, "ਇਕ ਪਾਸੇ ਮੌਤ ਸਹੇੜ ਰਿਹਾ ਏਂ ਤੇ ਨਾਲੇ ਚੁੱਕੀ ਫਿਰਦੈਂ ਰੋਟੀ?"

ਪੰਜਾਬੀ ਬੋਲਿਆ, "ਗੱਡੀਆਂ ਲੇਟ ਆਉਂਦੀਆਂ ਐਂ, ਭੁੱਖੇ ਥੋੜ੍ਹਾ ਮਰਨਾ ਆਪਾਂ!"

ਆਪਣੇ ਦੇਸ਼ ਵਿਚ ਕਰੋਨਾ ਵਾਇਰਸ ਦਾ ਰੌਲਾ ਪੈਣ ਤੋਂ ਕੁਝ ਦਿਨ ਪਹਿਲਾਂ ਮੈਂ ਆਪਣੇ ਰਿਸ਼ਤੇਦਾਰਾਂ ਦੇ ਪਿੰਡ ਮਹਿੰਦਪੁਰ ਗਿਆ ਹੋਇਆ ਸਾਂ। ਉਨ੍ਹਾਂ ਦੇ ਘਰ ਮੋਹਰੇ ਇਕ ਕਾਰ ਖੜ੍ਹੀ ਸੀ, ਜਿਸ 'ਤੇ ਇਕ ਭੂਤਰਿਆ ਬੱਕਰਾ ਇਉਂ ਖੜ੍ਹਾ ਸੀ, ਜਿਵੇਂ ਕੋਈ ਪਹਿਰੇਦਾਰ ਮੁਸ਼ਤੈਦੀ ਨਾਲ ਡਿਊਟੀ ਦੇ ਰਿਹਾ ਹੋਵੇ! ਕੋਲ ਇਕੱਠੇ ਹੋਏ ਨਿਆਣੇ ਸਿਆਣੇ ਹੱਸ ਰਹੇ ਸਨ। ਇਹ ਹਸਾਉਣਾ ਜਿਹਾ ਦ੍ਰਿਸ਼ ਦੇਖ ਕੇ ਮੈਂ ਫੋਟੋ ਖਿੱਚ ਲਈ।




ਹਫਤੇ ਕੁ ਬਾਅਦ ਹੀ ਜਦ ਕਰੋਨਾ ਵਾਇਰਸ ਨੇ ਸਾਰੀ ਦੁਨੀਆਂ ਵਿਚ ਤਰਥੱਲੀ ਮਚਾ ਦਿੱਤੀ ਤਾਂ ਮੈਨੂੰ ਬੱਕਰੇ ਵਾਲੀ ਫੋਟੋ ਦੇਖ ਕੇ ਸੁਣੀ ਹੋਈ ਇਕ ਪੁਰਾਣੀ ਗੱਲ ਯਾਦ ਆ ਗਈ। ਕਹਿੰਦੇ ਨੇ, ਪੁਰਾਣੇ ਵੇਲਿਆਂ ਵਿਚ ਜਦੋਂ ਸਮੁੰਦਰੀ ਬੇੜੇ ਕਈ ਕਈ ਦਿਨ ਸਮੁੰਦਰ ਵਿਚ ਸਫਰ ਕਰਦੇ ਸਨ ਤਾਂ ਮਲਾਹ ਆਪਣੇ ਨਾਲ ਇਕ ਬਿੱਲੀ ਜਰੂਰ ਰੱਖਦੇ ਸਨ, ਜੋ ਮਲਾਹਾਂ ਨੂੰ ਅੱਗੇ ਆਉਣ ਵਾਲੇ ਸਮੁੰਦਰੀ ਮੌਸਮ ਦੇ ਖਤਰਿਆਂ ਬਾਰੇ ਆਗਾਹ ਕਰਦੀ ਸੀ। ਕਹਿੰਦੇ ਨੇ, ਜਦੋਂ ਖੂੰਡੀ ਨਾਲ ਬੰਨ੍ਹੀ ਬਿੱਲੀ ਕਿਸੇ ਇਕ ਦਿਸ਼ਾ ਵੱਲ ਭੱਜਦੀ ਹੋਈ ਗਲੇ ਨਾਲ ਬੰਨ੍ਹੀ ਰੱਸੀ ਤੁੜਾਉਣ ਦਾ ਯਤਨ ਕਰਨ ਲਗਦੀ, ਤਾਂ ਇਸ ਦਾ ਮਤਲਬ ਹੁੰਦਾ ਸੀ, ਉਸ ਦਿਸ਼ਾ ਦੇ ਉਲਟ ਵਾਲੇ ਪਾਸੇ ਤੂਫਾਨ ਉਠਿਆ ਹੋਇਆ ਹੈ। ਇਹ ਦੇਖ ਕੇ ਮਲਾਹ ਉਧਰ ਨਾ ਜਾਂਦੇ।

ਕਾਰ ਉਤੇ ਚੜ੍ਹ ਕੇ ਖੜ੍ਹੇ ਬੱਕਰੇ ਵਾਲਾ ਸੀਨ ਯਾਦ ਕਰਦਿਆਂ ਮੈਂ ਵੀ ਸੋਚ ਰਿਹਾਂ ਕਿ ਹੋਵੇ ਨਾ ਹੋਵੇ, ਸਮੁੰਦਰੀ ਬੇੜਿਆਂ ਵਾਲੀ ਬਿੱਲੀ ਵਾਂਗ ਉਹ ਬੱਕਰਾ ਵੀ ਆਉਣ ਵਾਲੇ ਦਿਨਾਂ ਦੀ 'ਸ਼ੋਸ਼ਲ ਡਿਸਟੈਂਸ' ਹਦਾਇਤ ਬਾਰੇ ਅਗਾਊਂ ਇਸ਼ਾਰਾ ਕਰ ਰਿਹਾ ਹੋਵੇ! ਜਿਸ ਨੂੰ ਅਸੀਂ ਦਰਸ਼ਕ ਸਮਝ ਹੀ ਨਾ ਸਕੇ!

ਹਜੂਮੇਂ ਗਮ ਮੇਰੀ ਫਿਤਰਤ
ਬਦਲ ਸਕਤੇ ਨਹੀਂ
ਮੈਂ ਕਿਆ ਕਰੂੰ ਮੇਰੀ ਆਦਤ ਹੈ
ਮੁਸਕੁਰਾਨੇ ਕੀ!

## ਕਰੋਨਾ ਵਾਇਰਸ ਨੇ ਆਸਟਰੇਲੀਆ 'ਚ ਲੱਖਾਂ ਦਾ ਰੁਜ਼ਗਾਰ ਖਤਮ ਕੀਤਾ

**ਸਿਡਨੀ:** ਆਸਟਰੇਲੀਆ ਵਿਚ ਕਰੋਨਾ ਵਾਇਰਸ ਕਾਰਨ ਉਪਜੇ ਵਿੱਤੀ ਸੰਕਟ ਨਾਲ ਲੱਖਾਂ ਲੋਕਾਂ ਦਾ ਰੁਜ਼ਗਾਰ ਖਤਮ ਹੋ ਗਿਆ ਹੈ। ਮੁਲਕ ਵਿਚ ਕਰੀਬ 2 ਲੱਖ ਲੋਕ ਬੇਰੁਜ਼ਗਾਰ ਹਨ। ਇਸ ਵੇਲੇ ਵਾਇਰਸ ਪੀੜਤ ਮਰੀਜ਼ਾਂ ਦੀ ਗਿਣਤੀ 3635 ਹੈ ਅਤੇ 14 ਦੀ ਮੌਤ ਹੋ ਚੁੱਕੀ ਹੈ।

ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਜ਼ਰੂਰੀ ਸੇਵਾਵਾਂ ਨੂੰ ਛੱਡ ਬਹੁਤੇ ਕਾਰੋਬਾਰ ਬੰਦ ਹਨ। ਰੈਸਟੋਰੈਂਟ, ਕੈਫੇ, ਸ਼ਾਪਿੰਗ ਮਾਲਜ਼, ਰੀਅਲ ਅਸਟੇਟ, ਹੋਟਲ, ਹਵਾਬਾਜ਼ੀ, ਕਰੂਜ਼ ਕੰਪਨੀਆਂ ਤੇ ਹੋਰਾਂ ਨੇ ਪੱਕੇ ਸਟਾਫ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਹੈ। ਪੱਛਮੀ ਸਭਿਅਤਾ ਦੇ ਪ੍ਰਭਾਵ ਹੇਠ ਆਸਟਰੇਲਿਆਈ ਲੋਕ ਵੀ ਹਫਤਾ ਦਰ ਹਫਤਾ ਜਿੰਨਾ ਕਮਾਉਂਦੇ ਹਨ, ਅਕਸਰ ਉਸੇ ਹਫਤੇ ਹੀ ਖਰਚ ਕਰ ਦਿੰਦੇ ਹਨ। ਸਰਕਾਰੀ ਆਰਥਿਕ ਸਹਾਇਤਾ ਲੈਣ ਲਈ ਲੋਕ ਸੈਂਟਰਲਿੰਕ ਦਫਤਰਾਂ ਵਿਚ ਕਤਾਰਾਂ ਬੰਨ੍ਹ ਕੇ ਖੜ੍ਹੇ ਹਨ। ਲੋੜਵੰਦਾਂ ਦੀਆਂ ਭੀੜਾਂ ਦੇ ਮੱਦੇਨਜ਼ਰ ਸਰਕਾਰ ਨੇ ਐਲਾਨ ਕੀਤਾ ਹੈ ਕਿ ਦਫਤਰ ਆਉਣ ਦੀ ਬਜਾਏ ਆਨਲਾਈਨ ਅਰਜ਼ੀਆਂ ਵੈੱਬਸਾਈਟ ਉਤੇ ਦਾਖਲ ਕੀਤੀਆਂ ਜਾਣ। ਸੈਂਟਰਲਿੰਕ ਨੇ ਵਿਭਾਗੀ ਕੰਮ ਚਲਾਉਣ ਲਈ 2000 ਨਵੀਆਂ ਅਸਾਮੀਆਂ ਉਤੇ ਭਰਤੀ ਕਰਨ ਬਾਰੇ ਕਿਹਾ ਹੈ।

ਕੁਆਂਟਸ ਏਅਰ ਲਾਈਨ ਦੇ 30,000, ਜੈੱਟ ਏਅਰ ਦੇ 20,000, ਵੱਡੇ ਸ਼ਾਪਿੰਗ ਮਾਲ ਡੇਵਿਡ ਜੌਹਨ-ਮਾਇਅਰ ਦੇ 15,000, ਰੈਸਟੋਰੈਂਟ ਤੇ ਹੋਰ ਕਾਰੋਬਾਰਾਂ ਦੇ ਹਜ਼ਾਰਾਂ ਕਾਮੇ ਵਿਹਲੇ ਹੋ ਗਏ ਹਨ। ਸਰਕਾਰ ਨੇ ਬੇਰੁਜ਼ਗਾਰਾਂ, ਬੰਦ ਕਾਰੋਬਾਰਾਂ ਤੇ ਹੋਰ ਲੋੜਵੰਦਾਂ ਲਈ ਆਰਥਿਕ ਪੈਕਜ ਐਲਾਨੇ ਹਨ। ਜ਼ਰੂਰੀ ਸੇਵਾਵਾਂ- ਹਸਪਤਾਲ, ਸਿਹਤ ਸੈਂਟਰ, ਮਰੀਜ਼ਾਂ ਦੀ ਸਾਂਭ-ਸੰਭਾਲ, ਸਫਾਈ, ਦਵਾਈਆਂ ਦੇ ਸਟੋਰ, ਖੁਰਾਕੀ ਵਸਤਾਂ ਰਾਸ਼ਨ-ਦੁੱਧ ਆਦਿ ਦੀ ਜ਼ਿਆਦਾ ਮੰਗ ਕਰਕੇ ਸਟਾਫ ਦੀ ਘਾਟ ਹੈ। ਕੌਮੀ ਪ੍ਰਚੂਨ ਸਟੋਰ ਵੂਲਵਰਥ ਤੇ ਕੋਲਜ਼ ਨੇ 20000 ਕਾਮੇ ਭਰਤੀ ਕਰਨ ਬਾਰੇ ਕਿਹਾ ਹੈ।

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*
Cell: 317-750-1900
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
Cell: 317-500-1247

Star Alliance BROKERAGE



*We do all type of Home and Commercial Loan. Same day loan approval...*

# ਕਰੋਨਾ ਤੋਂ ਬਾਅਦ ਕਿਹੋ ਜਿਹੀ ਹੋਵੇਗੀ ਦੁਨੀਆਂ?

***ਦੁਨੀਆਂ ਦਾ ਇਕ ਵੀ ਮੁਲਕ ਕਰੋਨਾ ਵਾਇਰਸ ਦੀ ਮਾਰ ਤੋਂ ਬਚ ਨਹੀਂ ਸਕਿਆ ਹੈ। ਬੁੱਧੀਜੀਵੀ ਹੁਣ ਇਹ ਵਿਚਾਰਾਂ ਕਰ ਰਹੇ ਹਨ ਕਿ ਕਰੋਨਾ ਤੋਂ ਬਾਅਦ ਦੁਨੀਆਂ ਕਿਹੋ ਜਿਹੀ ਹੋਵੇਗੀ? ਇਜ਼ਰਾਈਲ ਦੇ ਪ੍ਰਸਿੱਧ ਵਿਦਵਾਨ ਯੁਵਾਲ ਨੋਆਹ ਹਰਾਰੀ ਨੇ ਇਸ ਪ੍ਰਸੰਗ ਵਿਚ ਇਕ ਲੇਖ ਲਿਖਿਆ ਹੈ, ਜਿਸ ਵਿਚ ਉਨ੍ਹਾਂ ਨੇ ਕਰੋਨਾ ਤੂਫਾਨ ਤੋਂ ਬਾਅਦ ਦੀ ਦੁਨੀਆਂ ਬਾਰੇ ਬਹੁਤ ਅਹਿਮ ਗੱਲਾਂ ਕੀਤੀਆਂ ਹਨ। ਇਸ ਲੇਖ ਨੂੰ ਰਤਾ ਕੁ ਸੰਖੇਪ ਕਰ ਕੇ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਸ ਲੇਖ ਦਾ ਅਨੁਵਾਦ ਰਣਜੀਤ ਲਹਿਰਾ ਨੇ ਕੀਤਾ ਹੈ। -ਸੰਪਾਦਕ***

ਦੁਨੀਆਂ ਭਰ ਵਿਚ ਮਨੁੱਖਤਾ ਸਾਹਮਣੇ ਵੱਡਾ ਖਤਰਾ ਖੜ੍ਹਾ ਹੋ ਗਿਆ ਹੈ। ਸਾਡੀ ਪੀੜ੍ਹੀ ਦਾ ਸ਼ਾਇਦ ਸਭ ਤੋਂ ਵੱਡਾ ਸੰਕਟ। ਆਉਣ ਵਾਲੇ ਕੁਝ ਦਿਨਾਂ ਵਿਚ ਦੁਨੀਆਂ ਭਰ ਦੀਆਂ ਸਰਕਾਰਾਂ ਅਤੇ ਲੋਕ ਜਿਹੜੇ ਫੈਸਲੇ ਕਰਨਗੇ, ਉਨ੍ਹਾਂ ਦੇ ਅਸਰਾਂ ਨਾਲ ਆਉਣ ਵਾਲੇ ਸਾਲਾਂ ਵਿਚ ਦੁਨੀਆਂ ਦਾ ਨਕਸ਼ਾ ਬਦਲ ਜਾਵੇਗਾ। ਇਹ ਬਦਲਾਅ ਇਕੱਲੇ ਸਿਹਤ ਦੇ ਖੇਤਰ ਵਿਚ ਹੀ ਨਹੀਂ, ਸਗੋਂ ਅਰਥਚਾਰੇ,



**ਯੁਵਾਲ ਨੋਆਹ ਹਰਾਰੀ**

**ਅਨੁਵਾਦ: ਰਣਜੀਤ ਲਹਿਰਾ**
**ਫੋਨ: +91-94175-88616**

ਰਾਜਨੀਤੀ ਤੇ ਸਭਿਆਚਾਰ ਵਿਚ ਵੀ ਹੋਣਗੇ। ਜਦੋਂ ਅਸੀਂ ਬਦਲਾਂ ਬਾਰੇ ਸੋਚ ਰਹੇ ਹੋਈਏ ਤਾਂ ਸਾਨੂੰ ਖੁਦ ਤੋਂ ਸਵਾਲ ਪੁੱਛਣਾ ਪਵੇਗਾ, ਸਿਰਫ ਇਹ ਸਵਾਲ ਨਹੀਂ ਕਿ ਅਸੀਂ ਸੰਕਟ ਵਿਚੋਂ ਕਿਵੇਂ ਨਿਕਲਾਂਗੇ, ਸਗੋਂ ਇਹ ਸਵਾਲ ਵੀ ਕਿ ਇਸ ਤੂਫਾਨ ਦੇ ਗੁਜ਼ਰ ਜਾਣ ਤੋਂ ਬਾਅਦ, ਅਸੀਂ ਕਿਹੋ ਜਿਹੀ ਦੁਨੀਆਂ ਵਿਚ ਰਹਾਂਗੇ। ਤੂਫਾਨ ਗੁਜ਼ਰ ਜਾਵੇਗਾ, ਜ਼ਰੂਰ ਗੁਜ਼ਰ ਜਾਵੇਗਾ, ਸਾਡੇ ਵਿਚੋਂ ਬਹੁਤੇ ਜ਼ਿੰਦਾ ਬਚ ਰਹਿਣਗੇ ਪਰ ਫਿਰ ਅਸੀਂ ਬਦਲੀ ਹੋਈ ਦੁਨੀਆਂ ਵਿਚ ਹੋਵਾਂਗੇ।

ਐਮਰਜੈਂਸੀ ਵਿਚ ਚੁੱਕੇ ਬਹੁਤ ਸਾਰੇ ਕਦਮ ਜ਼ਿੰਦਗੀ ਦਾ ਹਿੱਸਾ ਬਣ ਜਾਣਗੇ। ਐਮਰਜੈਂਸੀ ਦੀ ਫਿਤਰਤ ਹੁੰਦੀ ਹੈ ਕਿ ਇਹ ਬਹੁਤ ਸਾਰੀਆਂ ਪ੍ਰਕਿਰਿਆਵਾਂ ਨੂੰ ਬਹੁਤ ਤੇਜ਼ੀ ਨਾਲ ਲੰਘਾ ਦਿੰਦੀ ਹੈ। ਅਜਿਹੇ ਫੈਸਲੇ ਜਿਨ੍ਹਾਂ 'ਤੇ ਆਮ ਹਾਲਾਤ ਵਿਚ ਸਾਲਾਂਬੱਧੀ ਵਿਚਾਰ-ਚਰਚਾ ਹੁੰਦੀ ਰਹਿੰਦੀ ਹੈ, ਐਮਰਜੈਂਸੀ ਦੌਰਾਨ ਇਹ ਕੁਝ ਘੰਟਿਆਂ 'ਚ ਹੋ ਜਾਂਦੇ ਹਨ। ਅੱਧ-ਕਚਰਾ ਅਤੇ ਖਤਰਨਾਕ ਤਕਨੀਕ ਨੂੰ ਵੀ ਕੰਮ ਅੰਦਰ ਝੋਕ ਦਿੱਤਾ ਜਾਂਦਾ ਹੈ, ਕਿਉਂ ਜੋ ਕੁਝ ਵੀ ਨਾ ਕਰਨ ਦੇ ਖਤਰੇ ਕਿਤੇ ਵਡੇਰੇ ਹੋ ਸਕਦੇ ਹਨ। ਪੂਰੇ ਦੇਸ਼ ਦੇ ਨਾਗਰਿਕ ਪ੍ਰਯੋਗਾਂ ਵਾਲੇ ਚੂਹਿਆਂ 'ਚ ਬਦਲ ਜਾਂਦੇ ਹਨ।

ਉਦੋਂ ਕੀ ਹੋਵੇਗਾ, ਜਦੋਂ ਸਾਰੇ ਲੋਕ ਘਰਾਂ ਤੋਂ ਕੰਮ ਕਰਨਗੇ, ਤੇ ਸਿਰਫ ਦੂਰੋਂ ਹੀ ਸੰਵਾਦ ਕਰਨਗੇ? ਕੀ ਹੋਵੇਗਾ ਜਦੋਂ ਸਾਰੀਆਂ ਸਿੱਖਿਆ ਸੰਸਥਾਵਾਂ ਆਨਲਾਈਨ ਹੋ ਜਾਣਗੀਆਂ? ਆਮ ਹਾਲਾਤ ਵਿਚ ਸਰਕਾਰਾਂ, ਕਾਰੋਬਾਰੀ ਅਦਾਰੇ ਅਤੇ ਸੰਸਥਾਵਾਂ ਅਜਿਹੇ ਪ੍ਰਯੋਗਾਂ ਲਈ ਤਿਆਰ ਨਹੀਂ ਹੁੰਦੀਆਂ, ਪਰ ਹੁਣ ਆਮ ਸਮਾਂ ਨਹੀਂ। ਸੰਕਟ ਦੇ ਇਸ ਸਮੇਂ ਵਿਚ ਅਸੀਂ ਦੋ ਬਹੁਤ ਅਹਿਮ ਫੈਸਲੇ ਕਰਨੇ ਹਨ। ਪਹਿਲਾਂ ਤਾਂ ਅਸੀਂ ਸਕਤੀਸ਼ਾਲੀ ਨਿਗਰਾਨੀ ਸੱਤਾ (ਸਰਵੀਲੈਂਸ ਸਟੇਟ) ਅਤੇ ਨਾਗਰਿਕ ਸ਼ਕਤੀਕਰਨ ਵਿਚੋਂ ਇਕ ਨੂੰ ਚੁਣਨਾ ਹੈ। ਦੂਜੀ ਚੋਣ ਅਸੀਂ ਰਾਸ਼ਟਰਵਾਦੀ ਅਲਗਾਓ ਅਤੇ ਆਲਮੀ ਇਕਜੁੱਟਤਾ ਵਿਚੋਂ ਇਕ ਦੀ ਕਰਨੀ ਹੈ।

ਮਹਾਂਮਾਰੀ ਰੋਕਣ ਲਈ ਪੂਰੀ ਆਬਾਦੀ ਨੂੰ ਤੈਅ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਇਸ ਨੂੰ ਹਾਸਲ ਕਰਨ ਦੇ ਦੋ ਤਰੀਕੇ ਹਨ। ਪਹਿਲਾ, ਸਰਕਾਰ ਨਾਗਰਿਕਾਂ ਦੀ ਨਿਗਰਾਨੀ ਕਰੇ; ਜਿਹੜੇ ਲੋਕ ਉਲੰਘਣਾ ਕਰਨ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ। ਅੱਜ ਦੀ ਤਾਰੀਖ ਵਿਚ ਮਨੁੱਖਤਾ ਦੇ ਇਤਿਹਾਸ ਵਿਚ ਤਕਨੀਕ ਨੇ ਇਸ ਨੂੰ ਪਹਿਲੀ ਵਾਰ ਸੰਭਵ ਬਣਾ ਦਿੱਤਾ ਹੈ ਕਿ ਹਰ ਨਾਗਰਿਕ ਦੀ ਹਰ ਸਮੇਂ ਨਿਗਰਾਨੀ ਕੀਤੀ ਜਾ ਸਕੇ। ਹੁਣ ਮਨੁੱਖੀ ਜਾਸੂਸਾਂ ਦੀ ਲੋੜ ਨਹੀਂ, ਹਰ ਥਾਂ ਮੌਜੂਦ ਸੈਂਸਰਾਂ ਅਤੇ ਕੈਮਰਿਆਂ 'ਤੇ ਸਰਕਾਰਾਂ ਨਿਰਭਰ ਕਰ ਸਕਦੀਆਂ ਹਨ।

ਕਰੋਨਾ ਵਾਇਰਸ ਦਾ ਮੁਕਾਬਲਾ ਕਰਨ ਲਈ ਅਨੇਕਾਂ ਸਰਕਾਰਾਂ ਨੇ ਨਿਗਰਾਨੀ ਦੇ ਨਵੇਂ ਯੰਤਰ ਅਤੇ ਸਿਸਟਮ ਲਾਗੂ ਕਰ ਦਿੱਤੇ ਹਨ। ਇਹ 'ਚ ਸਭ ਤੋਂ ਅਹਿਮ ਮਾਮਲਾ ਚੀਨ ਦਾ ਹੈ। ਲੋਕਾਂ ਦੇ ਸਮਾਰਟ ਫੋਨ ਨੂੰ ਡੂੰਘਾਈ ਨਾਲ ਮਾਨੀਟਰ ਕਰਕੇ, ਲੱਖਾਂ-ਕਰੋੜਾਂ ਕੈਮਰਿਆਂ ਦੇ ਜ਼ਰੀਏ, ਚਿਹਰੇ ਪਛਾਣਨ ਵਾਲੀ ਤਕਨੀਕ ਦੀ ਵਰਤੋਂ ਕਰਕੇ, ਲੋਕਾਂ ਦੇ ਸਰੀਰ ਦਾ ਤਾਪਮਾਨ ਨੋਟ ਕਰਕੇ, ਬਿਮਾਰ ਲੋਕਾਂ ਦੀ ਰਿਪੋਰਟਿੰਗ ਨੂੰ ਸਖਤ ਬਣਾ ਕੇ ਇਨਫੈਕਟਿਡ ਲੋਕਾਂ ਦੀ ਪਛਾਣ ਕੀਤੀ ਗਈ। ਇਹੀ ਨਹੀਂ, ਉਨ੍ਹਾਂ ਦੇ ਆਉਣ-ਜਾਣ ਨੂੰ ਵੀ ਟਰੈਕ ਕੀਤਾ ਗਿਆ ਤਾਂ ਕਿ ਪਤਾ ਲਗ ਸਕੇ ਕਿ ਉਹ ਕਿਨ੍ਹਾਂ ਕਿਨ੍ਹਾਂ ਲੋਕਾਂ ਨੂੰ ਮਿਲੇ ਸਨ। ਅਜਿਹੇ ਮੋਬਾਇਲ ਐਪ ਵੀ ਹਨ ਜਿਹੜੇ ਇਨਫੈਕਸ਼ਨ ਦੇ ਸ਼ੱਕ ਵਾਲੇ ਲੋਕਾਂ ਨੂੰ ਟਿੱਕ ਕੇ, ਨਾਗਰਿਕਾਂ ਨੂੰ ਸੂਚਿਤ ਕਰਦੇ ਰਹਿੰਦੇ ਹਨ ਕਿ ਉਨ੍ਹਾਂ ਤੋਂ ਦੂਰ ਰਹੋ।

ਅਜਿਹੀ ਤਕਨੀਕ ਚੀਨ ਤੱਕ ਹੀ ਸੀਮਤ ਨਹੀਂ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਰੋਨਾ ਵਾਇਰਸ ਰੋਕਣ ਲਈ ਇਹ ਤਕਨੀਕ ਬੀੜਨ ਦਾ ਹੁਕਮ ਦਿੱਤਾ ਜਿਸ ਨੂੰ ਹੁਣ ਤੱਕ ਸਿਰਫ ਅਤਿਵਾਦ ਖਿਲਾਫ ਵਰਤਿਆ ਜਾ ਰਿਹਾ ਸੀ। ਜਦੋਂ ਸੰਸਦੀ ਕਮੇਟੀ ਨੇ ਇਸ ਦੀ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਨੇਤਨਯਾਹੂ ਨੇ ਐਮਰਜੈਂਸੀ ਤਾਕਤਾਂ ਵਰਤ ਕੇ ਰਾਹ ਪੱਧਰਾ ਕਰ ਦਿੱਤਾ। ਹੁਣ ਜੇ ਅਸੀਂ ਸੁਚੇਤ ਨਾ ਹੋਏ ਤਾਂ ਇਹ ਮਹਾਂਮਾਰੀ ਸਰਕਾਰੀ ਨਿਗਰਾਨੀ ਦੇ ਮਾਮਲੇ 'ਚ ਮੀਲ ਦਾ ਪੱਥਰ ਸਾਬਤ ਹੋਵੇਗੀ।

ਹੁਣ ਤੱਕ ਤਾਂ ਇਹ ਹੁੰਦਾ ਹੈ ਕਿ ਜਦੋਂ ਤੁਹਾਡੀ ਉਂਗਲੀ ਸਮਾਰਟ ਫੋਨ ਤੋਂ ਕਿਸੇ ਲਿੰਕ 'ਤੇ ਕਲਿੱਕ ਕਰਦੀ ਹੈ ਤਾਂ ਸਰਕਾਰ ਜਾਣਨਾ ਚਾਹੁੰਦੀ ਹੈ ਕਿ ਤੁਸੀਂ ਕੀ ਦੇਖ-ਪੜ੍ਹ ਰਹੇ ਹੋ। ਹੁਣ ਇੰਟਰਨੈੱਟ ਦਾ ਫੋਕਸ ਬਦਲ ਜਾਵੇਗਾ। ਹੁਣ ਸਰਕਾਰ ਤੁਹਾਡੀ ਉਂਗਲੀ ਦਾ ਤਾਪਮਾਨ ਅਤੇ ਬਲੱਡ ਪ੍ਰੈਸ਼ਰ ਵੀ ਜਾਣਨ ਲੱਗੇਗੀ।

ਨਿਗਰਾਨੀ (ਸਰਵੀਲੈਂਸ) ਦੇ ਮਾਮਲੇ 'ਚ ਦਿੱਕਤ ਇਹੋ ਹੈ ਕਿ ਸਾਡੇ ਵਿਚੋਂ ਕੋਈ ਪੱਕ ਨਾਲ ਨਹੀਂ ਜਾਣਦਾ ਕਿ ਸਾਡੇ 'ਤੇ ਕਿਹੋ ਜਿਹੀ ਨਿਗਰਾਨੀ ਰੱਖੀ ਜਾ ਰਹੀ ਹੈ ਅਤੇ ਆਉਣ ਵਾਲੇ ਸਾਲਾਂ ਵਿਚ ਇਸ ਦਾ ਕਿਹੋ ਜਿਹਾ ਰੂਪ ਹੋਵੇਗਾ। ਇਹ ਤਕਨੀਕ ਤੂਫਾਨੀ ਰਫਤਾਰ ਨਾਲ ਅੱਗੇ ਵਧ ਰਹੀ ਹੈ। ਮੰਨ ਲਓ, ਕੋਈ ਸਰਕਾਰ ਆਪਣੇ ਨਾਗਰਿਕਾਂ ਨੂੰ ਕਹੇ ਕਿ ਸਭ ਨੂੰ ਬਾਇਓਮੀਟ੍ਰਿਕ ਬਰੈਸਲੇਟ ਪਾਉਣਾ ਲਾਜ਼ਿਮ ਹੋਵੇਗਾ ਜਿਹੜਾ ਸਰੀਰ ਦੇ ਤਾਪਮਾਨ ਅਤੇ ਦਿਲ ਦੀ ਧੜਕਣ ਨੂੰ 24 ਘੰਟੇ ਮਾਨੀਟਰ ਕਰਦਾ ਰਹੇਗਾ। ਬਰੈਸਲੇਟ ਤੋਂ ਮਿਲਣ ਵਾਲਾ ਡਾਟਾ ਸਰਕਾਰੀ ਸਰਵਰ 'ਤੇ ਜਾਂਦਾ ਰਹੇਗਾ ਅਤੇ ਉਸ ਦਾ ਵਿਸਲੇਸ਼ਣ ਹੁੰਦਾ ਰਹੇਗਾ। ਇਸ ਤੋਂ ਪਹਿਲਾਂ ਕਿ ਤੁਹਾਨੂੰ ਪਤਾ ਲੱਗੇ ਕਿ ਤੁਸੀਂ ਬਿਮਾਰ ਹੋ, ਉਸ ਤੋਂ ਪਹਿਲਾਂ ਸਰਕਾਰ ਨੂੰ ਪਤਾ ਲੱਗ ਜਾਵੇਗਾ ਕਿ ਤੁਹਾਡੀ ਤਬੀਅਤ ਠੀਕ ਨਹੀਂ ਹੈ। ਸਿਸਟਮ ਨੂੰ ਇਹ ਵੀ ਪਤਾ ਹੋਵੇਗਾ ਕਿ ਤੁਸੀਂ ਕਿਥੇ-ਕਿਥੇ ਗਏ, ਕਿਸ-ਕਿਸ ਨੂੰ ਮਿਲੇ, ਇੰਜ ਵਾਇਰਸ ਦੀ ਚੇਨ ਨੂੰ ਛੋਟਾ ਕੀਤਾ ਜਾ ਸਕੇਗਾ, ਜਾਂ ਕਈ ਵਾਰ ਤੋੜਿਆ ਜਾ ਸਕੇਗਾ।

ਅਜਿਹਾ ਸਿਸਟਮ ਕਿਸੇ ਵਾਇਰਸ ਦੇ ਫੈਲਾਓ ਨੂੰ ਕੁਝ ਹੀ ਦਿਨਾਂ 'ਚ ਖਤਮ ਕਰ ਸਕਦਾ ਹੈ, ਸੁਣਨ 'ਚ ਬਹੁਤ ਵਧੀਆ ਲੱਗਦਾ ਹੈ। ਹੈ ਨਾ? ਹੁਣ ਰਤਾ ਕੁ ਇਹਦੇ ਖਤਰਿਆਂ ਨੂੰ ਸਮਝੋ। ਇਹ ਖੌਫਨਾਕ ਨਿਗਰਾਨੀ ਸੱਤਾ ਦੀ ਸ਼ੁਰੂਆਤ ਹੈ। ਮਿਸਾਲ ਦੇ ਤੌਰ 'ਤੇ, ਜੇ ਕਿਸੇ ਨੂੰ ਇਹ ਪਤਾ ਹੋਵੇ ਕਿ ਮੈਂ ਫੌਕਸ ਨਿਊਜ਼ ਦੀ ਥਾਂ ਸੀ.ਐਨ.ਐਨ. ਦੇ ਲਿੰਕ 'ਤੇ ਕਲਿੱਕ ਕੀਤਾ ਹੈ ਤਾਂ ਉਹ ਮੇਰੇ ਸਿਆਸੀ ਵਿਚਾਰਾਂ, ਇਥੋਂ ਤੱਕ ਕਿ ਕੁਝ ਹੱਦ ਤੱਕ ਮੇਰੇ ਵਿਅਕਤੀਤਵ ਨੂੰ ਵੀ ਸਮਝ ਜਾਵੇਗਾ ਪਰ ਜੇ ਤੁਸੀਂ ਵੀਡੀਓ ਕਲਿਪ ਦੇਖਣ ਦੌਰਾਨ ਮੇਰੇ ਸਰੀਰ ਦੇ ਤਾਪਮਾਨ, ਬਲੱਡ ਪ੍ਰੈਸ਼ਰ ਤੇ ਦਿਲ ਦੀ ਧੜਕਣ ਨੂੰ ਮਾਨੀਟਰ ਕਰ ਰਹੇ ਹੋ ਤਾਂ ਤੁਸੀਂ ਇਹ ਜਾਣ ਸਕਦੇ ਹੋ ਕਿ ਮੈਨੂੰ ਕਿਨ੍ਹਾਂ ਗੱਲਾਂ 'ਤੇ ਗੁੱਸਾ, ਹਾਸਾ ਜਾਂ ਰੋਣਾ ਆਉਂਦਾ ਹੈ।

ਯਾਦ ਰੱਖਣਾ ਚਾਹੀਦਾ ਹੈ ਕਿ ਗੁੱਸਾ, ਖੁਸ਼ੀ, ਬੋਰੀਅਤ ਤੇ ਪਿਆਰ, ਬੁਖਾਰ ਤੇ ਖੰਘ ਵਾਂਗ ਜੈਵਿਕ ਪ੍ਰਕਿਰਿਆ ਹੈ। ਜਿਹੜੀ ਤਕਨੀਕ ਖੰਘ ਦਾ ਪਤਾ ਲਾ ਸਕਦੀ ਹੈ, ਉਹ ਹਾਸੇ ਦਾ ਪਤਾ ਵੀ ਲਾ ਸਕਦੀ ਹੈ। ਕਲਪਨਾ ਕਰੋ, ਉਤਰੀ ਕੋਰੀਆ 2030 ਤਕ ਹਰ ਨਾਗਰਿਕ ਨੂੰ ਬਾਇਓਮੀਟ੍ਰਿਕ ਬਰੈਸਲੇਟ ਪਹਿਨਾ ਦੇਵੇ। ਮਹਾਨ ਨੇਤਾ ਦਾ ਭਾਸ਼ਨ ਸੁਣਨ ਤੋਂ ਬਾਅਦ ਜਿਨ੍ਹਾਂ ਦਾ ਬਰੈਸਲੇਟ ਦੱਸੇਗਾ ਕਿ ਉਨ੍ਹਾਂ ਨੂੰ ਗੁੱਸਾ ਆ ਰਿਹਾ ਸੀ, ਉਨ੍ਹਾਂ ਦਾ ਤਾਂ ਸਮਝੋ ਕੰਮ ਹੋ ਗਿਆ ਤਮਾਮ!

ਤੁਸੀਂ ਕਹਿ ਸਕਦੇ ਹੋ ਕਿ ਬਾਇਓਮੀਟ੍ਰਿਕ ਨਿਗਰਾਨੀ ਐਮਰਜੈਂਸੀ ਹਾਲਤ ਨਾਲ ਨਜਿੱਠਣ ਦਾ ਆਰਜ਼ੀ ਸਿਸਟਮ ਹੋਵੇਗਾ। ਜਦੋਂ ਐਮਰਜੈਂਸੀ ਖਤਮ ਹੋ ਜਾਵੇਗੀ ਤਾਂ ਇਹਨੂੰ ਹਟਾ ਦਿੱਤਾ ਜਾਵੇਗਾ ਪਰ ਆਰਜ਼ੀ ਪ੍ਰਬੰਧਾਂ ਦੀ ਭੈੜੀ ਆਦਤ ਇਹ ਹੁੰਦੀ ਹੈ ਕਿ ਉਹ ਐਮਰਜੈਂਸੀ ਤੋਂ ਬਾਅਦ ਵੀ ਕਾਇਮ ਰਹਿੰਦੇ ਹਨ, ਵੈਸੇ ਵੀ ਨਵੀਂ ਐਮਰਜੈਂਸੀ ਦਾ ਖਤਰਾ ਸਦਾ ਰਹਿੰਦਾ ਹੈ। ਉਦਾਹਰਨ ਲਈ ਮੇਰੇ (ਲੇਖਕ ਦੇ) ਆਪਣੇ ਦੇਸ਼ ਇਜ਼ਰਾਈਲ ਵਿਚ 1948 ਵਿਚ ਆਜ਼ਾਦੀ ਦੀ ਲੜਾਈ ਦੌਰਾਨ ਐਮਰਜੈਂਸੀ ਲਾਈ ਗਈ ਸੀ, ਪ੍ਰੈੱਸ ਸੈਂਸਰਸ਼ਿਪ ਤੋਂ ਲੈ ਕੇ ਪੁਡਿੰਗ ਬਣਾਉਣ ਵਾਸਤੇ ਲੋਕਾਂ ਦੀ ਜ਼ਮੀਨ ਜ਼ਬਤ ਕਰਨ ਤਕ ਨੂੰ ਠੀਕ ਠਹਿਰਾਇਆ ਗਿਆ ਸੀ। ਜੀ ਹਾਂ, ਪੁਡਿੰਗ ਬਣਾਉਣ ਲਈ - ਮੈਂ ਮਜ਼ਾਕ ਨਹੀਂ ਕਰ ਰਿਹਾ। ਆਜ਼ਾਦੀ ਦੀ ਲੜਾਈ ਕਦੋਂ ਦੀ ਬੀਤ ਚੁੱਕੀ ਹੈ ਪਰ ਇਜ਼ਰਾਈਲ ਨੇ ਕਦੇ ਨਹੀਂ ਕਿਹਾ ਕਿ ਐਮਰਜੈਂਸੀ ਖਤਮ ਹੋ ਗਈ ਹੈ। 1948 ਦੇ ਅਨੇਕਾਂ 'ਅਸਥਾਈ ਕਦਮ' ਹੁਣ ਤੱਕ ਲਾਗੂ ਹਨ, ਉਨ੍ਹਾਂ ਨੂੰ ਹਟਾਇਆ ਨਹੀਂ ਗਿਆ। ਸ਼ੁਕਰ ਹੈ ਕਿ 2011 ਵਿਚ ਪੁਡਿੰਗ ਬਣਾਉਣ ਲਈ ਜ਼ਮੀਨ ਜ਼ਬਤ ਕਰਨ ਦਾ ਕਾਨੂੰਨ ਖਤਮ ਕਰ ਦਿੱਤਾ ਗਿਆ।


ਜਦੋਂ ਕਰੋਨਾ ਵਾਇਰਸ ਦੀ ਲਾਗ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ, ਤਦ ਵੀ ਡਾਟਾ ਦੀਆਂ ਭੁੱਖੀਆਂ ਸਰਕਾਰਾਂ, ਬਾਇਓਮੀਟ੍ਰਿਕ ਸਰਵੀਲੈਂਸ ਹਟਾਉਣ ਤੋਂ ਇਨਕਾਰ ਕਰ ਸਕਦੀਆਂ ਹਨ, ਸਰਕਾਰਾਂ ਦੀ ਦਲੀਲ ਹੋ ਸਕਦੀ ਹੈ ਕਿ ਕਰੋਨਾ ਵਾਇਰਸ ਦਾ ਅਗਲਾ ਦੌਰ ਆ ਸਕਦਾ ਹੈ, ਜਾਂ ਅਫਰੀਕਾ ਵਿਚ ਇਬੋਲਾ ਫੈਲ ਰਿਹਾ ਹੈ, ਜਾਂ ਕੁਝ ਹੋਰ।

ਸਾਡੀ ਨਿੱਜਤਾ ਨੂੰ ਲੈ ਕੇ ਵੱਡਾ ਸੰਘਰਸ਼ ਪਿਛਲੇ ਕੁਝ ਸਾਲਾਂ ਤੋਂ ਛਿੜਿਆ ਹੋਇਆ ਹੈ। ਕਰੋਨਾ ਵਾਇਰਸ ਦੀ ਲਾਗ ਇਸ ਸੰਘਰਸ਼ ਦਾ ਫੈਸਲਾਕੁਨ ਮੋੜ ਹੋ ਸਕਦੀ ਹੈ। ਜਦੋਂ ਲੋਕਾਂ ਨੂੰ ਨਿੱਜਤਾ ਅਤੇ ਸਿਹਤ ਵਿਚੋਂ ਇਕ ਨੂੰ ਚੁਣਨਾ ਪਿਆ ਤਾਂ ਜ਼ਾਹਿਰ ਹੈ, ਉਹ ਸਿਹਤ ਨੂੰ ਹੀ ਚੁਣਨਗੇ। ਦਰਅਸਲ, ਲੋਕਾਂ ਨੂੰ ਸਿਹਤ ਅਤੇ ਨਿੱਜਤਾ ਵਿਚੋਂ ਇਕ ਦੀ ਚੋਣ ਕਰਨ ਲਈ ਕਹਿਣਾ ਹੀ ਸਮੱਸਿਆ ਦੀ ਜੜ੍ਹ ਹੈ, ਕਿਉਂਕਿ ਇਹ ਠੀਕ ਨਹੀਂ। ਅਸੀਂ ਨਿੱਜਤਾ ਅਤੇ ਸਿਹਤ, ਦੋਵੇਂ ਇਕੋ ਸਮੇਂ ਰੱਖ ਸਕਦੇ ਹਾਂ। ਅਸੀਂ ਸ਼ਕਤੀਸ਼ਾਲੀ ਨਿਗਰਾਨੀ ਨਿਜ਼ਾਮ ਲਾਗੂ ਕਰਕੇ ਨਹੀਂ, ਸਗੋਂ ਨਾਗਰਿਕਾਂ ਦੇ ਸ਼ਕਤੀਕਰਨ ਰਾਹੀਂ ਕਰੋਨਾ ਵਾਇਰਸ ਦਾ ਫੈਲਾਓ ਰੋਕ ਸਕਦੇ ਹਾਂ।

ਸੱਚ ਇਹ ਹੈ ਕਿ ਆਪਣੀ ਪ੍ਰੇਰਨਾ ਤੋਂ ਜਾਣੂ ਲੋਕਾਈ ਜਦੋਂ ਕੋਈ ਕੰਮ ਕਰਦੀ ਹੈ ਤਾਂ ਉਹ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ, ਨਾ ਕਿ ਪੁਲਿਸ ਦੇ ਜ਼ੋਰ ਉਦਾਸੀਨ ਲੋਕਾਂ ਤੋਂ ਕਰਵਾਇਆ ਯਤਨ; ਮਿਸਾਲ ਵਜੋਂ ਸਾਬਣ ਨਾਲ ਹੱਥ ਧੋਣਾ। ਇਹ ਮਨੁੱਖਾ ਜਗਤ ਦੇ ਸਾਫ ਸਫਾਈ ਦੇ ਇਤਿਹਾਸ ਦੀ ਵੱਡੀ ਪੁਲਾਂਘ ਹੈ। ਇਹ ਸਾਧਾਰਨ ਕੰਮ ਹਰ ਸਾਲ ਲੱਖਾਂ ਜਾਨਾਂ ਬਚਾਉਂਦਾ ਹੈ, ਹੁਣ ਤਾਂ ਅਸੀਂ ਇਸ ਕੰਮ ਨੂੰ ਆਮ ਗੱਲ ਸਮਝਦੇ ਹਾਂ ਪਰ 19ਵੀਂ ਸਦੀ ਦੇ ਵਿਗਿਆਨੀਆਂ ਨੇ ਸਾਬਣ ਨਾਲ ਹੱਥ ਧੋਣ ਦੀ ਮਹੱਤਤਾ ਨੂੰ ਸਮਝਿਆ, ਉਸ ਤੋਂ ਪਹਿਲਾਂ ਤੱਕ ਡਾਕਟਰ ਤੇ ਨਰਸਾਂ ਵੀ ਇਕ ਅਪ੍ਰੇਸ਼ਨ ਤੋਂ ਬਾਅਦ ਦੂਜਾ ਅਪ੍ਰੇਸ਼ਨ ਬਿਨਾਂ ਹੱਥ ਧੋਏ ਹੀ ਕਰਦੇ ਸਨ। ਅੱਜ ਅਰਬਾਂ ਲੋਕ ਸਾਬਣ ਨਾਲ ਹੱਥ ਧੋਂਦੇ ਹਨ, ਇਸ ਲਈ ਨਹੀਂ ਕਿ ਉਨ੍ਹਾਂ ਨੂੰ ਪੁਲਿਸ ਦਾ ਡਰ ਹੈ ਸਗੋਂ ਉਹ ਤੱਥਾਂ ਨੂੰ ਸਮਝਦੇ ਹਨ। ਮੈਂ ਬੈਕਟੀਰੀਆ ਅਤੇ ਵਾਇਰਸ ਬਾਰੇ ਸੁਣਿਆ ਹੈ। ਇਸ ਲਈ ਮੈਂ ਸਾਬਣ ਨਾਲ ਹੱਥ ਧੋਂਦਾ ਹਾਂ, ਮੈਂ ਜਾਣਦਾ ਹਾਂ ਕਿ ਸਾਬਣ ਬਿਮਾਰ ਕਰਨ ਵਾਲੇ ਉਨ੍ਹਾਂ ਜੀਵਾਣੂਆਂ ਤੇ ਵਿਸ਼ਾਣੂਆਂ ਨੂੰ ਖਤਮ ਕਰ ਦਿੰਦੀ ਹੈ।

ਲੋਕ ਗੱਲਾਂ ਮੰਨਣ ਅਤੇ ਸਹਿਯੋਗ ਦੇਣ, ਇਹਦੇ ਲਈ ਵਿਸ਼ਵਾਸ ਹੋਣਾ ਬਹੁਤ ਜ਼ਰੂਰੀ ਹੈ। ਲੋਕਾਂ ਦਾ ਵਿਗਿਆਨ ਵਿਚ ਨਿਹਚਾ ਹੋਣਾ, ਸਰਕਾਰੀ ਅਧਿਕਾਰੀਆਂ 'ਤੇ ਯਕੀਨ ਹੋਣਾ ਅਤੇ ਮੀਡੀਆ 'ਤੇ ਵਿਸ਼ਵਾਸ ਹੋਣਾ ਚਾਹੀਦਾ ਹੈ। ਪਿਛਲੇ ਕੁਝ ਸਾਲਾਂ 'ਚ ਗੈਰ ਜ਼ਿੰਮੇਵਾਰ ਲੀਡਰਾਂ ਨੇ ਜਾਣ-ਬੁਝ ਕੇ ਵਿਗਿਆਨ, ਸਰਕਾਰੀ ਅਦਾਰਿਆਂ ਅਤੇ ਮੀਡੀਆ ਤੋਂ ਲੋਕਾਂ ਦਾ ਵਿਸ਼ਵਾਸ ਤੋੜਿਆ ਹੈ। ਇਹ ਗੈਰ ਜ਼ਿੰਮੇਵਾਰ ਲੀਡਰ ਆਪਹੁਦਰੀਆਂ ਦੇ ਰਾਹ ਪੈਣ ਲਈ ਕਾਹਲੇ ਹਨ। ਉਨ੍ਹਾਂ ਦੀ ਇਸ ਦਲੀਲ ਕਿ ਫਿਰ ਲੋਕ ਠੀਕ ਕੰਮ ਕਰਨਗੇ, ਉਤੇ ਯਕੀਨ ਨਹੀਂ ਕੀਤਾ ਜਾ ਸਕਦਾ।

ਆਮ ਤੌਰ 'ਤੇ ਜਿਹੜਾ ਵਿਸ਼ਵਾਸ ਸਾਲਾਂ 'ਚ ਟੁੱਟਿਆ ਹੁੰਦਾ ਹੈ, ਉਹ ਰਾਤੋ-ਰਾਤ ਬਹਾਲ ਨਹੀਂ ਹੁੰਦਾ, ਪਰ ਇਹ ਆਮ ਸਮਾਂ ਨਹੀਂ। ਸੰਕਟ ਦੇ ਸਮੇਂ ਦਿਮਾਗ ਬਹੁਤ ਜਲਦੀ ਬਦਲ ਜਾਂਦਾ ਹੈ। ਤੁਹਾਡਾ ਭੈਣ-ਭਰਾਵਾਂ ਨਾਲ ਬੜੀ ਬੁਰੀ ਤਰ੍ਹਾਂ ਝਗੜਾ ਹੁੰਦਾ ਹੈ ਪਰ ਸੰਕਟ ਦੇ ਸਮੇਂ ਅਚਾਨਕ ਮਹਿਸੂਸ ਹੁੰਦਾ ਹੈ ਕਿ ਦੋਵਾਂ ਵਿਚ ਕਿੰਨਾ ਸਨੇਹ ਤੇ ਵਿਸ਼ਵਾਸ ਹੈ। ਤੁਸੀਂ ਇਕ-ਦੂਜੇ ਦੀ ਮਦਦ ਲਈ ਤਿਆਰ ਹੋ ਜਾਂਦੇ ਹੋ। ਨਿਗਰਾਨੀ ਸੱਤਾ ਕਾਇਮ ਕਰਨ ਦੀ ਥਾਂ ਵਿਗਿਆਨ, ਸਰਕਾਰੀ ਅਦਾਰਿਆਂ ਅਤੇ ਮੀਡੀਆ ਵਿਚ ਲੋਕਾਂ ਦਾ ਵਿਸ਼ਵਾਸ ਬਹਾਲ ਕਰਨ ਲਈ ਕੰਮ ਹੋਣਾ ਚਾਹੀਦਾ ਹੈ। ਸਾਨੂੰ ਨਵੀਂ ਤਕਨੀਕ ਦੀ ਵਰਤੋਂ ਕਰਨੀ ਚਾਹੀਦੀ ਹੈ ਪਰ ਇਸ ਨਾਲ ਨਾਗਰਿਕਾਂ ਦਾ ਸ਼ਕਤੀਕਰਨ ਹੋਣਾ ਚਾਹੀਦਾ ਹੈ। ਮੈਂ ਆਪਣੇ ਸਰੀਰ ਦਾ ਤਾਪਮਾਨ ਅਤੇ ਬਲੱਡ ਪ੍ਰੈਸ਼ਰ ਚੈੱਕ ਕਰਨ ਦੇ ਪੱਖ 'ਚ ਹਾਂ ਪਰ ਉਸ ਡਾਟਾ ਦੀ ਵਰਤੋਂ ਸਰਕਾਰ ਨੂੰ ਸਰਬ ਸ਼ਕਤੀਮਾਨ ਬਣਾਉਣ ਲਈ ਹੋਵੇ, ਇਹਦੇ ਹੱਕ 'ਚ ਨਹੀਂ। ਡਾਟਾ ਦੀ ਵਰਤੋਂ ਮੈਂ ਸੁਚੇਤ ਨਿੱਜੀ ਫੈਸਲਿਆਂ ਲਈ ਕਰਾਂ ਅਤੇ ਸਰਕਾਰ ਨੂੰ ਉਸ ਦੇ ਫੈਸਲਿਆਂ ਲਈ ਜ਼ਿੰਮੇਵਾਰ ਵੀ ਠਹਿਰਾ ਸਕਾਂ।



ਜੇ ਮੈਂ ਆਪਣੀ ਸਿਹਤ ਦੀ 24 ਘੰਟੇ ਨਿਗਰਾਨੀ ਕਰਾਂਗਾ ਤਾਂ ਮੈਂ ਸਮਝ ਸਕਾਂਗਾ ਕਿ ਕਦੋਂ ਮੈਂ ਹੋਰਨਾਂ ਲਈ ਖਤਰਾ ਬਣ ਗਿਆ ਹਾਂ ਅਤੇ ਠੀਕ ਹੋਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ, ਕਿਹੋ ਜਿਹੀਆਂ ਆਦਤਾਂ ਮੈਨੂੰ ਸਿਹਤ ਲਈ ਅਪਨਾਉਣੀਆਂ ਚਾਹੀਦੀਆਂ ਹਨ। ਜੇ ਮੈਂ ਕਰੋਨਾ ਦੇ ਫੈਲਾਓ ਸਬੰਧੀ ਵਿਸ਼ਵਾਸਯੋਗ ਅੰਕੜੇ ਜੁਟਾ ਪਾਵਾਂਗਾ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰ ਸਕਾਂਗਾ ਤਾਂ ਮੈਂ ਫੈਸਲਾ ਕਰ ਸਕਾਂਗਾ ਕਿ ਸਰਕਾਰ ਸੱਚ ਬੋਲ ਰਹੀ ਹੈ ਜਾਂ ਨਹੀਂ, ਤੇ ਮਹਾਂਮਾਰੀ ਨਾਲ ਨਜਿੱਠਣ ਲਈ ਠੀਕ ਤਰੀਕੇ ਅਪਣਾ ਰਹੀ ਹੈ ਜਾਂ ਨਹੀਂ।

ਜਦੋਂ ਵੀ ਅਸੀਂ ਨਿਗਰਾਨੀ ਦੇ ਸਿਸਟਮ ਦੀ ਗੱਲ ਕਰਦੇ ਹਾਂ ਤਾਂ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਸੇ ਤਕਨੀਕ ਨਾਲ ਸਰਕਾਰ ਦੀ ਨਿਗਰਾਨੀ ਵੀ ਹੋ ਸਕਦੀ ਹੈ ਜਿਸ ਨਾਲ ਲੋਕਾਂ ਦੀ ਹੁੰਦੀ ਹੈ।

ਦੂਜੀ ਅਹਿਮ ਚੋਣ, ਅਸੀਂ ਰਾਸ਼ਟਰਵਾਦੀ ਅਲਗਾਓ ਅਤੇ ਆਲਮੀ ਇਕਜੁਟਤਾ ਵਿਚੋਂ ਕਰਨੀ ਹੈ। ਇਹ ਮਹਾਂਮਾਰੀ ਅਤੇ ਉਸ ਦਾ ਅਰਥਚਾਰੇ ਉਤੇ ਅਸਰ ਆਲਮੀ ਸੰਕਟ ਹੈ। ਇਸ ਸੰਕਟ ਨਾਲ ਆਲਮੀ ਸਹਿਯੋਗ ਨਾਲ ਹੀ ਨਜਿੱਠਿਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਤਾਂ ਵਾਇਰਸ ਨਾਲ ਨਜਿੱਠਣ ਲਈ ਦੁਨੀਆਂ ਦੇ ਸਭ ਦੇਸ਼ਾਂ ਨੂੰ ਸੂਚਨਾਵਾਂ ਦਾ ਲੈਣ-ਦੇਣ ਕਰਨਾ ਹੋਵੇਗਾ। ਇਹੀ ਗੱਲ ਮਨੁੱਖ ਨੂੰ ਵਾਇਰਸਾਂ ਤੋਂ ਉਪਰ ਦੀ ਕਰ ਸਕਦੀ ਹੈ।

ਅਮਰੀਕਾ ਦਾ ਕਰੋਨਾ ਵਾਇਰਸ ਅਤੇ ਚੀਨ ਦਾ ਕਰੋਨਾ ਵਾਇਰਸ ਇਹ ਗੱਲ ਨਹੀਂ ਸੋਚ ਸਕਦੇ ਕਿ ਲੋਕਾਂ ਦੇ ਸਰੀਰ ਵਿਚ ਕਿਵੇਂ ਘੁਸਿਆ ਜਾਵੇ। ਚੀਨ ਅਮਰੀਕਾ ਨੂੰ ਫਾਇਦੇ ਦੀਆਂ ਕੁਝ ਗੱਲਾਂ ਦੱਸ ਸਕਦਾ ਹੈ, ਇਟਲੀ ਵਿਚ ਮਿਲਾਨ ਦਾ ਡਾਕਟਰ ਸਵੇਰੇ ਜਿਹੜੀ ਜਾਣਕਾਰੀ ਹਾਸਲ ਕਰਦਾ ਹੈ, ਉਹ ਸ਼ਾਮ ਤੱਕ ਤਹਿਰਾਨ ਵਿਚ ਲੋਕਾਂ ਦੀ ਜਾਨ ਬਚਾ ਸਕਦੀ ਹੈ। ਕਈ ਨੀਤੀਆਂ ਨੂੰ ਲੈ ਕੇ ਜੇ ਬਰਤਾਨਵੀ ਸਰਕਾਰ ਦੁਚਿਤੀ ਵਿਚ ਹੈ ਤਾਂ ਉਹ ਕੋਰੀਆ ਦੀ ਸਰਕਾਰ ਨਾਲ ਗੱਲ ਕਰ ਸਕਦੀ ਹੈ ਜਿਹੜੀ ਕਰੀਬ ਮਹੀਨਾ ਪਹਿਲਾਂ ਹੀ ਅਜਿਹੇ ਦੌਰ ਵਿਚੋਂ ਲੰਘੀ ਹੈ ਪਰ ਅਜਿਹਾ ਕਰਨ ਲਈ ਸੰਸਾਰਕ ਭਰੱਪਣ ਅਤੇ ਇਕਜੁਟਤਾ ਦੀ ਭਾਵਨਾ ਹੋਣੀ ਚਾਹੀਦੀ ਹੈ।

ਅਰਥਚਾਰਿਆਂ ਨੂੰ ਸੰਭਾਲਾ ਦੇਣ ਲਈ ਵੀ ਆਲਮੀ ਨੀਤੀ ਬਣਨੀ ਚਾਹੀਦੀ ਹੈ। ਜੇ ਹਰ ਦੇਸ਼ ਆਪਣੇ ਹੀ ਹਿਸਾਬ ਨਾਲ ਚੱਲੇਗਾ ਤਾਂ ਸੰਕਟ ਹੋਰ ਡੂੰਘਾ ਹੋਵੇਗਾ। ਇੰਜ ਹੀ ਸਫਰ ਨੂੰ ਲੈ ਕੇ ਸਹਿਮਤੀ ਬਣਨੀ ਚਾਹੀਦੀ ਹੈ। ਲੰਮੇ ਸਮੇਂ ਤੱਕ ਯਾਤਰਾ 'ਤੇ ਪੂਰਨ ਪਾਬੰਦੀ ਨਾਲ ਵੀ ਨੁਕਸਾਨ ਹੋਵੇਗਾ, ਕਰੋਨਾ ਖਿਲਾਫ ਲੜਾਈ ਵੀ ਕਮਜ਼ੋਰ ਹੋਵੇਗੀ; ਕਿਉਂ ਜੋ ਵਿਗਿਆਨੀਆਂ, ਡਾਕਟਰਾਂ ਤੇ ਸਪਲਾਇਰਾਂ ਨੂੰ ਵੀ ਦੁਨੀਆਂ ਦੇ ਇਕ ਕੋਨੇ ਤੋਂ ਦੂਜੇ ਤੱਕ ਜਾਣਾ ਪੈਂਦਾ ਹੈ। ਪ੍ਰੀ-ਸਕਰੀਨਿੰਗ ਨਾਲ ਆਵਾਜਾਈ ਸ਼ੁਰੂ ਕਰਨ 'ਤੇ ਸਹਿਮਤੀ ਬਣਾਈ ਜਾ ਸਕਦੀ ਹੈ।

ਅਫਸੋਸ ਕਿ ਇਨ੍ਹਾਂ ਕਦਮਾਂ 'ਚੋਂ ਕੋਈ ਵੀ ਨਹੀਂ ਚੁੱਕਿਆ ਜਾ ਰਿਹਾ। ਦੁਨੀਆਂ ਭਰ ਦੀਆਂ ਸਰਕਾਰਾਂ ਸਮੂਹਿਕ ਲਕਵੇ ਦੀ ਹਾਲਤ ਵਿਚ ਹਨ। ਸੰਸਾਰ ਦੇ ਸਭ ਤੋਂ ਅਮੀਰ ਸੱਤ ਦੇਸ਼ਾਂ ਦੇ ਆਗੂਆਂ ਦੀ ਮੀਟਿੰਗ ਹੁਣ ਜਾ ਕੇ ਟੈਲੀ-ਕਾਨਫਰੰਸਿੰਗ ਦੇ ਜ਼ਰੀਏ ਹੋਈ ਹੈ ਜਿਸ ਵਿਚ ਅਜਿਹਾ ਕੋਈ ਪਲਾਨ ਸਾਹਮਣੇ ਨਹੀਂ ਆਇਆ ਜਿਸ ਵਿਚ ਦੁਨੀਆਂ ਦੇ ਦੇਸ਼ ਇਕਜੁਟ ਹੋ ਕੇ ਕਰੋਨਾ ਨਾਲ ਲੜ ਸਕਣ।

2008 ਦੀ ਆਰਥਿਕ ਮੰਦੀ ਅਤੇ 2014 ਵਿਚ ਇਬੋਲਾ ਫੈਲਣ ਵਕਤ ਅਮਰੀਕਾ ਨੇ ਗਲੋਬਲ ਲੀਡਰ ਦੀ ਭੂਮਿਕਾ ਨਿਭਾਈ ਸੀ, ਇਸ ਵਾਰ ਅਮਰੀਕੀ ਲੀਡਰਸ਼ਿਪ ਨੇ ਇਹ ਕੰਮ ਟਾਲ ਦਿੱਤਾ ਹੈ। ਜਾਪ ਰਿਹਾ ਹੈ ਕਿ ਮਨੁੱਖਤਾ ਦੇ ਭਵਿਖ ਤੋਂ ਵਧੇਰੇ ਚਿੰਤਾ ਅਮਰੀਕਾ ਦੀ ਮਹਾਨਤਾ ਦੀ ਹੈ। ਮੌਜੂਦਾ ਲੀਡਰਸ਼ਿਪ ਨੇ ਆਪਣੇ ਸਭ ਤੋਂ ਨੇੜਲੇ ਜੋਟੀਦਾਰਾਂ ਨੂੰ ਵੀ ਇਕੱਲਿਆਂ ਛੱਡ ਦਿੱਤਾ ਹੈ। ਅਮਰੀਕਾ, ਯੂਰਪੀ ਯੂਨੀਅਨ ਨਾਲ ਕੋਈ ਸਹਿਯੋਗ ਨਹੀਂ ਕਰ ਰਿਹਾ ਅਤੇ ਜਰਮਨੀ ਦੇ ਟੀਕੇ ਨੂੰ ਲੈ ਕੇ ਤਾਂ ਅਜੀਬ ਸਕੈਂਡਲ ਬਣ ਗਿਆ ਹੈ।

ਅਸੀਂ ਇਹ ਤੈਅ ਕਰਨਾ ਹੈ ਕਿ ਅਸੀਂ ਆਲਮੀ ਇਕਜੁਟਤਾ ਵਲ ਜਾਣਾ ਹੈ ਜਾਂ ਰਾਸ਼ਟਰਵਾਦੀ ਅਲਗਾਓ ਵਲ?

ਜੇਕਰ ਅਸੀਂ ਰਾਸ਼ਟਰੀ ਅਲਗਾਓ ਨੂੰ ਚੁਣਾਂਗੇ ਤਾਂ ਸੰਕਟ ਜ਼ਿਆਦਾ ਨੁਕਸਾਨ ਕਰ ਕੇ ਦੇਰ ਨਾਲ ਟਲੇਗਾ ਅਤੇ ਭਵਿਖ ਵਿਚ ਵੀ ਅਜਿਹੇ ਸੰਕਟ ਆਉਂਦੇ ਰਹਿਣਗੇ। ਜੇ ਅਸੀਂ ਆਲਮੀ ਇਕਜੁਟਤਾ ਚੁਣਦੇ ਹਾਂ ਤਾਂ ਇਹ ਕਰੋਨਾ ਖਿਲਾਫ ਵੱਡੀ ਜਿੱਤ ਤਾਂ ਹੋਵੇਗੀ ਹੀ, ਨਾਲ ਹੀ ਅਸੀਂ ਭਵਿਖੀ ਸੰਕਟਾਂ ਨਾਲ ਨਜਿੱਠਣ ਲਈ ਤਕੜੇ ਹੋਵਾਂਗੇ। ਅਜਿਹੇ ਸੰਕਟ ਜਿਹੜੇ 21ਵੀਂ ਸਦੀ ਵਿਚ ਧਰਤੀ ਤੋਂ ਮਨੁੱਖ ਜਾਤੀ ਦਾ ਨਾਮੋ-ਨਿਸ਼ਾਨ ਮਿਟਾ ਸਕਦੇ ਹਨ।

# ਆਓ, ਤੁਹਾਨੂੰ ਮੈਂ ਪਿੰਡ ਪਠਲਾਵੇ ਲੈ ਕੇ ਚੱਲਦਾਂ...

ਐਸ. ਅਸ਼ੋਕ ਭੌਰਾ
ashokbhaura@gmail.com

ਮੇਰੇ ਪਿੰਡ ਭੌਰਾ ਤੋਂ ਮੋਰਾਂਵਾਲੀ ਪੰਜ ਕੁ ਕਿਲੋਮੀਟਰ ਦੀ ਵਿਥ 'ਤੇ ਹੈ ਤੇ ਪਿੰਡ ਪਠਲਾਵਾ ਵੀ। ਜਦੋਂ ਮੋਰਾਂਵਾਲੀ 'ਚ ਦਾਖਲ ਹੁੰਦੇ ਹਾਂ ਤਾਂ ਸਟੇਡੀਅਮ 'ਚ ਸ਼ਹੀਦ ਭਗਤ ਸਿੰਘ ਦੇ ਆਦਮ ਕੱਦ ਬੁੱਤ ਸਾਹਮਣੇ ਸਤਿਕਾਰ ਵਜੋਂ ਆਪਣੇ ਆਪ ਸਿਰ ਝੁਕ ਜਾਂਦਾ ਹੈ, ਕਿਉਂਕਿ ਇਹ 'ਪੰਜਾਬ ਮਾਤਾ' ਬੀਬੀ ਅਮਰ ਕੌਰ ਦਾ ਪਿੰਡ ਹੈ ਯਾਨਿ ਸ਼ਹੀਦ ਭਗਤ ਸਿੰਘ ਦੇ ਨਾਨਕਿਆਂ ਦਾ ਪਿੰਡ। ਭੌਰੇ ਤੋਂ ਪਠਲਾਵਾ ਵੜਦਿਆਂ ਨੂੰ ਸੱਜੇ ਹੱਥ ਸੰਤ ਬਾਬਾ ਘਨੱਈਆ ਸਿੰਘ ਦਾ ਤਪੋ ਅਸਥਾਨ ਹੈ, ਆਲੀਸ਼ਾਨ ਗੁਰਦੁਆਰਾ! ਇੱਥੇ ਵੀ ਸਿਰ ਝੁਕ ਜਾਂਦਾ ਹੈ, ਪਰ ਅੱਜ ਕੱਲ ਇਹ ਦੋਵੇਂ ਪਿੰਡ ਖਾਸੀ ਚਰਚਾ 'ਚ ਇਸ ਕਰਕੇ ਹਨ ਕਿ ਗਿਆਨੀ ਬਲਦੇਵ ਸਿੰਘ ਇਸੇ ਪਿੰਡ ਦਾ ਸੀ, ਜਿਸ ਕਰਕੇ ਕਰੋਨਾ ਵਾਇਰਸ ਇਸ ਹਲਕੇ ਦੀਆਂ ਜੂਹਾਂ 'ਚ ਪ੍ਰਵੇਸ਼ ਹੋਇਆ।

18 ਮਾਰਚ, ਦਿਨ ਬੁੱਧਵਾਰ, ਸਮਾਂ ਦੁਪਹਿਰ ਦੋ ਕੁ ਵਜੇ ਦਾ। ਮੈਂ ਆਪਣੇ ਘਰ ਪਿੰਡ ਭੌਰਾ 'ਚ ਹੀ ਸਾਂ। ਖਬਰ ਮਿਲੀ, 'ਕਰੋਨਾ ਨਾਲ ਸ਼ੱਕੀ ਮਰੀਜ਼ ਦੀ ਹੋਈ ਮੌਤ।' ਉਸੇ ਵਕਤ ਪਠਲਾਵੇ ਦੇ ਮਾਸਟਰ ਤਰਲੋਚਨ ਸਿੰਘ ਨੂੰ ਫੋਨ ਕੀਤਾ ਤਾਂ ਉਨ੍ਹਾਂ ਦਾ ਜਵਾਬ ਸੀ, "ਦੱਸਦੇ ਤਾਂ ਇਹ ਨੇ ਕਿ ਬਲਦੇਵ ਸਿੰਘ ਦੀ ਹਾਰਟ ਅਟੈਕ ਨਾਲ ਮੌਤ ਹੋਈ ਹੈ, ਪਰ ਉਸ ਦਾ ਟੈਸਟ ਲਈ ਸੈਂਪਲ ਵੀ ਭੇਜਿਆ ਗਿਆ ਹੈ, ਕਿਤੇ ਕਰੋਨਾ ਨਾ ਹੋਵੇ।"

ਉਸ ਦਿਨ ਤੋਂ ਹੁਣ ਤੱਕ ਮੈਂ ਇਸ ਪਿੰਡ, ਪਿੰਡ ਦੇ ਵਾਸੀਆਂ ਤੇ ਪਿੰਡ ਦੇ ਖਾਸ ਲੋਕਾਂ ਨਾਲ ਸੰਪਰਕ ਵਿਚ ਹਾਂ। ਕੋਈ ਸ਼ੱਕ ਨਹੀਂ ਕਿ ਪਠਲਾਵਾ ਇਸ ਵੇਲੇ ਕੌਮਾਂਤਰੀ ਪੱਧਰ 'ਤੇ ਜਾਣਿਆ ਪਛਾਣਿਆ ਪਿੰਡ ਬਣ ਗਿਆ ਹੈ-ਕਰੋਨਾ ਕਰਕੇ, ਗਿਆਨੀ ਬਲਦੇਵ ਸਿੰਘ ਕਰਕੇ ਤੇ ਇਕ ਨਾਮੁਰਾਦ ਬਿਮਾਰੀ ਦੀ ਦਸਤਕ ਕਰਕੇ। ਪਠਲਾਵਾ ਦੀ ਸੱਜੀ ਵੱਖੀ 'ਚ ਦੋ ਕੁ ਕੋਹ 'ਤੇ ਪਿੰਡ ਮੋਰਾਂਵਾਲੀ ਹੈ, ਖੱਬੀ ਵੱਖੀ 'ਚ ਡਾ. ਸਾਧੂ ਸਿੰਘ ਹਮਦਰਦ ਦਾ ਜੱਦੀ ਪਿੰਡ ਪੱਦੀ ਮੱਟਵਾਲੀ ਹੈ। ਲਹਿੰਦੇ ਪਾਸੇ ਗੋਬਿੰਦਪੁਰ, ਗੁਜਰਪੁਰ, ਬਿੰਜੋ ਤੇ ਚੜ੍ਹਦੇ ਪਾਸੇ ਝਿੱਕਾ, ਉਚਾ, ਮਾਹਿਲ ਗਹਿਲਾਂ, ਭੌਰਾ ਤੇ ਸੁੱਜੋਂ। ਪੰਜ ਛੇ ਕੁ ਕਿਲੋਮੀਟਰ ਦੇ ਘੇਰੇ 'ਚ ਆਉਂਦੇ ਇਹ ਸਾਰੇ ਪਿੰਡ ਇਸੇ ਵੇਲੇ ਪੰਜਾਬ ਦੇ ਆਮ ਪਿੰਡਾਂ ਨਾਲੋਂ ਵੱਧ ਨਿਗਰਾਨੀ ਹੇਠ ਹਨ, ਸਿਹਤ ਵਿਭਾਗ ਵਲੋਂ ਸੀਲ ਕੀਤੇ ਹੋਏ ਪਿੰਡ ਕਹਿ ਸਕਦੇ ਹਾਂ।



ਗਿਆਨੀ ਬਲਦੇਵ ਸਿੰਘ

ਬੜੇ ਉਲਾਂਭੇ, ਨਿਹੋਰੇ, ਗਿਲੇ ਸ਼ਿਕਵੇ ਗਿਆਨੀ ਬਲਦੇਵ ਸਿੰਘ 'ਤੇ ਕੀਤੇ ਜਾ ਰਹੇ ਨੇ। ਇਕ ਅਲੱਗ ਵਿਚਾਰਨ ਵਾਲਾ ਵਿਸ਼ਾ ਹੈ, ਪਰ ਪਿੰਡ ਦਿਆਂ ਲੋਕਾਂ ਨੂੰ, ਪਿੰਡ ਦੇ ਸੁਹਿਰਦ ਪੜ੍ਹੇ-ਲਿਖੇ ਤੇ ਸੁਚੇਤ ਇਨਸਾਨਾਂ ਨੂੰ ਇਸ ਬਿਮਾਰੀ ਦੀ ਆਮਦ ਤੋਂ ਵੀ ਵੱਧ ਉਨ੍ਹਾਂ ਚੋਟਾਂ ਅਤੇ ਢੁੱਚਰਾਂ ਦਾ ਦੁੱਖ ਹੈ, ਜੋ ਬੜੇ ਸੰਵੇਦਨਸ਼ੀਲ ਮੌਕੇ 'ਤੇ ਉਨ੍ਹਾਂ ਦੇ ਹਿਰਦੇ ਨੂੰ ਮਾਰੀਆਂ ਗਈਆਂ ਹਨ। ਇਨ੍ਹਾਂ ਚੋਟਾਂ ਵਿਚੋਂ ਇਕ ਗਾਇਕ ਸਿੱਧੂ ਮੂਸੇ ਵਾਲੇ ਦਾ ਗੀਤ ਵੀ ਹੈ। ਸ਼ਾਇਦ ਇਹ ਗਵੱਈਆ ਕਦੀ ਇਸ ਪਿੰਡ 'ਚ, ਇਸ ਹਲਕੇ 'ਚ ਵੀ ਨਾ ਆਇਆ ਹੋਵੇ ਅਤੇ ਸ਼ਾਇਦ ਉਹਨੂੰ ਇਸ ਪਿੰਡ ਦੀ ਸੰਸਕ੍ਰਿਤੀ, ਇਤਿਹਾਸ ਦਾ ਕੋਈ ਇਲਮ ਵੀ ਨਾ ਹੋਵੇ। ਜਦੋਂ ਇਸ ਪਿੰਡ ਦੀ ਪੀੜਾ 'ਤੇ ਫਹੇ ਰੱਖ ਕੇ ਫੂਕਾਂ ਮਾਰਨ ਦੀ ਲੋੜ ਹੋਵੇ, ਉਦੋਂ ਅਜਿਹੇ ਅਖੌਤੀ ਗਾਇਕਾਂ ਦਾ ਅਜਿਹਾ ਕਿਰਦਾਰ ਪਿੰਡ ਦੇ ਸ਼ਰੀਫ ਹਿਰਦੇ ਲੋਕਾਂ ਨੂੰ ਵਲੂੰਧਰ ਹੀ ਸਕਦਾ ਸੀ।

ਮੈਂ ਇਹ ਦੱਸ ਦਿਆਂ ਕਿ ਦੁਆਬੇ ਦਾ ਇਹ ਪਿੰਡ ਆਪਣੀ ਵਿਰਾਸਤ ਕਰਕੇ ਹਮੇਸ਼ਾ ਉਸ ਮੁਲਖ ਦੇ ਸੁਭਾਅ ਜਿਹਾ ਰਿਹਾ, ਜੋ ਸ਼ਾਂਤ ਚਿੱਤ ਹੋ ਕੇ ਬੜਾ ਕੁਝ ਕਰਦਾ ਰਿਹਾ। ਇਸ ਕਰਕੇ ਕਰੋਨਾ ਦੇ ਬਹਾਨੇ ਇਸ ਪਿੰਡ ਦੀ ਚਰਚਾ ਸਭ ਨੇ ਸੁਣੀ ਹੈ, ਪਰ ਇਸ ਪਿੰਡ ਦੀਆਂ ਜੂਹਾਂ 'ਚ ਮੈਂ ਤੁਹਾਨੂੰ ਲੈ ਕੇ ਚੱਲਦਾ ਹਾਂ। ਜਿਸ ਗੁਰੂ ਘਰ 'ਚ ਗਿਆਨੀ ਬਲਦੇਵ ਸਿੰਘ ਕੀਰਤਨ ਕਰਦਾ ਸੀ ਤੇ ਸੰਤ ਗੁਰਬਚਨ ਸਿੰਘ, ਜੋ ਉਸ ਦੇ ਨਾਲ ਜਰਮਨੀ ਤੇ ਇਟਲੀ ਗਏ ਸਨ, ਜਿਸ ਗੁਰੂ ਘਰ ਦੇ ਮੁੱਖ ਸੇਵਾਦਾਰ ਹਨ, ਉਹ ਗੁਰੂ ਘਰ ਸੰਤ ਬਾਬਾ ਘਨੱਈਆ ਜੀ ਦੀ ਯਾਦ ਵਿਚ ਉਸਰਿਆ ਹੋਇਆ ਹੈ, ਜਿਨ੍ਹਾਂ ਨੇ ਕਿਲਾ ਸ੍ਰੀ ਅਨੰਦਗੜ੍ਹ, ਸ੍ਰੀ ਅਨੰਦਪੁਰ ਸਾਹਿਬ ਦੀ ਸੇਵਾ ਕਰਵਾਈ ਸੀ। ਇਲਾਕੇ ਦੇ ਲੋਕਾਂ ਦਾ ਸ਼ਰਧਾ ਪ੍ਰਤੀ ਇਹ ਇਕ ਮੱਕਾ ਹੈ। ਦੁਆਬੇ ਦੇ ਪਿੰਡਾਂ ਵਿਚ ਸ਼ਾਇਦ ਪਠਲਾਵਾ ਪਿੰਡ ਹੀ ਇਕ ਅਜਿਹੀ ਮਿਸਾਲ ਹੈ, ਜਿੱਥੇ ਪਿਛਲੇ ਢਾਈ ਦਹਾਕਿਆਂ ਤੋਂ ਇੰਦਰਜੀਤ ਸਿੰਘ ਬਾਰੀਆ ਦੀ ਰਹਿਨੁਮਾਈ ਹੇਠ 'ਏਕਨੂਰ ਸਵੈ-ਸੇਵੀ ਸੰਸਥਾ' ਕੰਮ ਕਰ ਰਹੀ ਹੈ, ਜਿਸ ਨੇ ਸੈਂਕੜੇ ਨਿਆਸਰੀਆਂ ਔਰਤਾਂ ਨੂੰ ਆਸਰਾ ਦਿੱਤਾ ਹੈ, ਲੋੜਵੰਦ ਕੁੜੀਆਂ ਨੂੰ ਰੁਜ਼ਗਾਰ ਦਿੱਤਾ ਹੈ, ਸਿਲਾਈ ਮਸ਼ੀਨਾਂ ਵੰਡੀਆਂ ਨੇ, ਅਪਾਹਜਾਂ ਨੂੰ ਟਰਾਈ-ਸਾਈਕਲ ਦਿੱਤੇ ਨੇ, ਬਿਮਾਰੀਆਂ ਤੋਂ ਪੀੜਤ ਲੋਕਾਂ ਦੀ ਮਦਦ ਕੀਤੀ ਹੈ, ਆਰਥਕ ਪੱਖੋਂ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਕਰਵਾਈ ਹੈ, ਪਿੰਡਾਂ 'ਚ ਮੈਡੀਕਲ ਕੈਂਪ ਲਾਏ ਹਨ, ਵਾਤਾਵਰਣ ਦਾ ਇਲਾਕੇ 'ਚ ਖਿਆਲ ਰੱਖਿਆ ਹੈ, ਦਰਖਤ ਲਾਏ ਹਨ, ਹਰ ਸਾਲ ਧੀਆਂ ਦੀ ਲੋਹੜੀ ਪਾਉਣ ਦੀ ਪਰੰਪਰਾ ਸ਼ੁਰੂ ਕੀਤੀ ਹੈ ਤੇ ਜਲੰਧਰ ਦੇ 'ਯੂਨੀਕ ਹੋਮ' 'ਚ ਬੇਸਹਾਰਾ ਲੜਕੀਆਂ ਦੇ ਪਾਲਣ ਪੋਸ਼ਣ ਵਿਚ ਸਹਿਯੋਗ ਕੀਤਾ ਹੈ। ਹੁਣ ਕਰੋਨਾ ਵਾਇਰਸ ਨਾਲ ਲੜਾਈ ਦੀ ਘੜੀ 'ਚ ਵੀ ਇਸ ਸੰਸਥਾ ਨੇ ਸੈਨੇਟਾਈਜ਼ਰ ਅਤੇ ਮਾਸਕ ਵਗੈਰਾ ਬੜਾ ਕੁਝ ਪਿੰਡ ਵਿਚ ਵੰਡਿਆ ਹੈ। ਇਹ ਸੰਸਥਾ ਪਿੰਡ ਦਾ ਮਾਣ ਹੈ ਅਤੇ ਪਿੰਡ ਦੀ ਸੇਵਾ ਪਰੰਪਰਾ ਦੀ ਇਕ ਮਿਸਾਲ ਹੈ।

ਪਿੰਡ ਵਿਚ ਡਾਕਟਰ ਵੀ ਹਨ, ਮਾਸਟਰ ਵੀ ਹਨ, ਸਿਆਸੀ ਲੋਕ ਵੀ ਹਨ ਅਤੇ ਇਤਫਾਕ ਵੀ ਇਸ ਪਿੰਡ ਦੀ ਮਿਸਾਲ ਹੈ। ਸੰਗੀਤ ਨੂੰ ਪਿਆਰ ਕਰਨ ਵਾਲੇ ਲੋਕਾਂ ਨੂੰ ਪਤਾ ਹੋਵੇਗਾ ਕਿ ਇਸ ਪਿੰਡ ਦਾ ਹਰਬੰਸ ਸਿੰਘ ਪਠਲਾਵਾ ਵਧੀਆ ਗਵੱਈਆ ਸੀ ਤੇ ਵਾਇਲਨ 'ਤੇ ਛੇੜੀਆਂ ਉਹਦੀਆਂ ਤਰੰਗਾਂ ਇਲਾਕੇ 'ਚ ਹੀ ਨਹੀਂ, ਸਗੋਂ ਕਾਇਨਾਤ ਵਿਚ ਘੁਲਦੀਆਂ ਰਹੀਆਂ ਨੇ। ਉਹ ਇਸੇ ਪਿੰਡ ਦੀ ਮਹਾਨ ਸੁਰ ਤੇ ਕਮਾਲ ਦਾ ਵਾਇਲਨ ਵਾਦਕ ਰਿਹਾ। ਕੁਝ ਲੋਕ ਐਨ. ਆਰ. ਆਈ. ਲੋਕਾਂ ਨੂੰ ਲੱਖ ਉਲਾਂਭੇ ਦੇਣ, ਇਸ ਪਿੰਡ ਦੇ ਕਰੀਬ ਹਰ ਦੂਜੇ ਘਰ ਵਿਚੋਂ ਕੋਈ ਨਾ ਕੋਈ ਮੈਂਬਰ ਵਿਦੇਸ਼ ਸੈਟਲ ਹੈ। ਉਨ੍ਹਾਂ ਨੇ ਪਿੰਡ ਦੀ ਨੁਹਾਰ ਬਦਲਣ ਵਿਚ ਵੱਡਾ ਯੋਗਦਾਨ ਪਾਇਆ ਹੈ। ਇਸੇ ਪਿੰਡ ਵਿਚ ਡਿਸਪੈਂਸਰੀ ਹੈ, ਟੈਲੀਫੋਨ ਐਕਸਚੇਂਜ ਹੈ, ਜ਼ਿਕਰਯੋਗ ਕੰਮ ਕਰਨ ਵਾਲੀ ਸਹਿਕਾਰੀ ਸਭਾ ਹੈ। ਇਸ ਪਿੰਡ ਨੂੰ ਸਿਰਫ ਕਰੋਨਾ ਵਾਇਰਸ ਕਰਕੇ ਗਾਇਕ ਸਿੱਧੂ ਮੂਸੇ ਵਾਲੇ ਵਲੋਂ ਤੰਗ ਨਜ਼ਰੀਏ ਨਾਲ ਪੇਸ਼ ਕਰਨਾ ਮਾਨਸਿਕ ਤੌਰ 'ਤੇ ਕਮਜ਼ੋਰ ਦਿਮਾਗਾਂ ਦੀ ਉਪਜ ਹੀ ਹੋ ਸਕਦੀ ਹੈ। ਇਹ ਪਿੰਡ ਨਸ਼ਿਆਂ ਦੀ ਮਾਰ ਤੋਂ ਕਾਫੀ ਬਚਿਆ ਹੋਇਆ ਹੈ, ਇੱਥੇ ਸਪੋਰਟਸ ਕਲੱਬ ਹੈ, ਪਰ ਇਕ ਚੀਖ ਨਿਕਲਦੀ ਹੈ ਕਿ ਗਿਆਨੀ ਬਲਦੇਵ ਸਿੰਘ ਜਾਣੇ-ਅਣਜਾਣੇ 'ਚ ਜਿਸ ਬਿਮਾਰੀ 'ਚ ਲਪੇਟ ਹੋ ਕੇ ਆਪਣੀ ਜਾਨ ਗੁਆ ਬੈਠਾ ਹੈ, ਇਸ ਵੇਲੇ ਉਹਦੇ ਪਰਿਵਾਰ 'ਚੋਂ ਪੁੱਤਰ-ਸੁਖਵਿੰਦਰ ਸਿੰਘ, ਫਤਿਹ ਸਿੰਘ ਤੇ ਹਰਿੰਦਰ ਸਿੰਘ; ਨੂੰਹਾਂ-ਭੁਪਿੰਦਰ ਕੌਰ ਤੇ ਰਾਜਵਿੰਦਰ ਕੌਰ, ਪੋਤਰੀ ਹਰਪ੍ਰੀਤ ਕੌਰ ਅਤੇ ਬਲਦੇਵ ਸਿੰਘ ਦੀਆਂ ਲੜਕੀਆਂ, ਜਵਾਈ ਤੇ ਪੋਤਰੇ-ਦੋਹਤਰੇ ਵੀ ਇਸ ਵੇਲੇ ਕਰੋਨਾ ਵਾਇਰਸ ਤੋਂ ਪੀੜਤ ਹਨ। ਹਾਲਾਤ ਇਹ ਹਨ ਕਿ ਜੇ ਘਰ ਵਿਚ ਇਕ ਨੂੰ ਵੀ ਕਰੋਨਾ ਵਾਇਰਸ ਹੋਵੇ ਤਾਂ ਜਾਨ ਨਿਕਲ ਜਾਂਦੀ ਹੈ ਤੇ ਜਿਸ ਪਰਿਵਾਰ ਦਾ ਸਾਰਾ ਵੰਸ਼ ਇਸ ਵੇਲੇ ਕਰੋਨਾ ਨਾਲ ਜੂਝ ਰਿਹਾ ਹੈ, ਦੁਖਦੀਆਂ ਰਗਾਂ 'ਤੇ ਗੀਤ ਦੀਆਂ ਤਰੰਗਾਂ ਛੇੜਨੀਆਂ ਕਿੰਨੀਆਂ ਕੁ ਜਾਇਜ਼ ਨੇ? ਇਤਿਹਾਸ ਫਿਟਕਾਰ ਪਾਉਂਦਾ ਰਹੇਗਾ। ਬਿਮਾਰੀ ਕਿਵੇਂ ਆਈ, ਕਿਵੇਂ ਫੈਲੀ, ਇੱਥੇ ਪ੍ਰਸ਼ਾਸਨ ਜਾਂ ਤੰਤਰ ਜੁਆਬਦੇਹ ਰਹੇਗਾ, ਪਰ ਇਸ ਪਿੰਡ ਦੇ ਲੋਕਾਂ ਦੀ ਇਸ ਵੇਲੇ ਮਾਨਸਿਕ ਪੀੜਾ ਨੂੰ ਸਮਝ ਕੇ ਆਪਣੀ ਜ਼ੁਬਾਨ 'ਚੋਂ ਕਿਸੇ ਨੂੰ ਕੋਈ ਸ਼ਬਦ ਕੱਢਣ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਹੈ।



ਸਿੱਧੂ ਮੂਸੇ ਵਾਲਾ

ਮੈਂ ਅਮਰੀਕਾ ਆ ਗਿਆ ਹਾਂ। ਪਿਛਲੇ ਦੋ ਹਫਤਿਆਂ ਤੋਂ ਹਰ ਖਬਰ 'ਤੇ ਨਜ਼ਰ ਹੈ। ਇਸ ਪਿੰਡ ਦੇ ਲੋਕਾਂ ਨਾਲ ਸੰਪਰਕ ਵਿਚ ਹਾਂ, ਚਾਹੇ ਉਹ ਮਾਸਟਰ ਤਰਲੋਚਨ ਸਿੰਘ ਹੋਵੇ ਜਾਂ ਮਾਸਟਰ ਤਰਸੇਮ ਸਿੰਘ, ਸਾਬਕਾ ਸਰਪੰਚ ਅਵਤਾਰ ਸਿੰਘ, ਮਾਸਟਰ ਜਗਤ ਸਿੰਘ, ਤਰਸੇਮ ਸਿੰਘ, ਬੀਬੀ ਨਛੱਤਰ ਕੌਰ ਤੇ ਚਾਹੇ ਪਿੰਡ ਦਾ ਮੌਜੂਦਾ ਕਰੋਨਾ ਪੀੜਤ ਸਰਪੰਚ ਹਰਪਾਲ ਸਿੰਘ ਹੋਵੇ-ਸਭਨਾਂ ਦੇ ਚਿਹਰੇ ਅੱਖਾਂ ਸਾਹਮਣੇ ਵਾਰ ਵਾਰ ਗੁਜ਼ਰ ਰਹੇ ਹਨ। 15 ਮਾਰਚ ਨੂੰ ਇਸ ਪਿੰਡ ਦੇ ਮਾਸਟਰ ਤਰਲੋਚਨ ਪਠਲਾਵਾ ਦੇ ਘਰ ਪੀਤਾ ਹੋਇਆ ਚਾਹ ਦਾ ਕੱਪ ਵੀ ਯਾਦ ਹੈ, ਜਦੋਂ ਇਸ ਪਿੰਡ ਵਿਚੋਂ ਗੁਜ਼ਰਦਿਆਂ ਹਰ ਚਿਹਰੇ 'ਤੇ ਰੌਣਕ ਵੇਖੀ ਸੀ। ਉਂਜ ਵੀ ਸੈਂਕੜੇ ਨਹੀਂ, ਹਜ਼ਾਰਾਂ ਵਾਰ ਪਠਲਾਵਾ ਤੇ ਮੋਰਾਂਵਾਲੀ ਵਿਚ ਵਿਚਰਨ ਦਾ ਮੌਕਾ ਮਿਲਿਆ ਹੈ। ਇਹ ਦੋਵੇਂ ਪਿੰਡ ਮੇਰੇ ਆਪਣਿਆਂ ਵਰਗੇ ਹਨ, ਦੋਹਾਂ ਪਿੰਡਾਂ ਦੇ ਬੜੇ ਜੀਆ ਜੰਤ ਮੈਨੂੰ ਜਾਣਦੇ ਹਨ, ਪਰ ਮੈਂ ਕਰੋਨਾ ਵਾਇਰਸ ਦੀ ਪੀੜਾ ਤੋਂ ਵੀ ਵੱਧ ਇਨ੍ਹਾਂ ਪਿੰਡਾਂ ਦੀ ਮਾਨਸਿਕ ਪੀੜਾ ਤੋਂ ਦੁਖੀ ਹਾਂ।

ਕਰਫਿਊ ਹਟ ਜਾਣਗੇ, ਹਾਲਾਤ ਸੁਧਰ ਜਾਣਗੇ, ਇਹ ਤਾਂ ਅਸੀਂ ਸਾਰੇ ਆਸਵੰਦ ਹਾਂ, ਪਰ ਦੁਆ ਕਰਾਂਗਾ ਕਿ ਪਠਲਾਵੇ ਤੇ ਮੋਰਾਂਵਾਲੀ ਦੇ ਮੱਥੇ 'ਤੇ ਆਇਆ ਉਲਾਂਭਿਆਂ ਦਾ ਪਸੀਨਾ ਪੂੰਝਿਆ ਜ਼ਰੂਰ ਜਾਵੇ। ਦੁਆ ਕਰਾਂਗਾ ਕਿ ਪਠਲਾਵੇ ਸਮੇਤ ਮੇਰਾ ਸਾਰਾ ਇਲਾਕਾ ਘੁੱਗ ਵਸਦਾ ਰਹੇ ਅਤੇ ਸੁਗੰਧਿਤ ਪੌਣਾਂ ਮਹਿਕਾਂ ਖਿਲਾਰਦੀਆਂ ਰਹਿਣ ਤੇ ਤੱਤੀਆਂ ਹਵਾਵਾਂ ਇਧਰੋਂ ਕਦੇ ਨਾ ਲੰਘਣ।

## ਪਾਠਕਾਂ ਦੀ ਸੱਥ

# ਜਸਪਾਲ ਸਿੰਘ ਸਿੱਧੂ, ਡਾ. ਬਲਕਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ

ਕਿਸੇ ਵਿਦਵਾਨ ਨੇ ਫੁਰਮਾਇਆ ਸੀ ਕਿ ਲੋਕ ਉਸ 'ਤੇ ਹੱਸਦੇ ਹਨ ਕਿ ਉਹ ਸਭ ਤੋਂ ਵੱਖਰਾ ਕਿਉਂ ਸੋਚਦਾ ਹੈ, ਪਰ ਉਹ ਸਭ 'ਤੇ ਹੱਸਦਾ ਹੈ ਕਿ ਸਭ ਇੱਕੋ ਤਰ੍ਹਾਂ ਹੀ ਕਿਉਂ ਸੋਚਦੇ ਹਨ? ਇਨਸਾਨੀ ਦਿਮਾਗ ਦੀ ਇਹੀ ਵਿਲੱਖਣ ਫਿਤਰਤ ਹੈ, ਜੋ ਉਸ ਨੂੰ ਜਾਨਵਰ ਨਾਲੋਂ ਵੱਖ ਕਰਦੀ ਹੈ। ਮਸਲਨ ਇੱਕ ਪਾਸੇ ਧਾਰਮਿਕ ਜਨੂੰਨੀ ਹਨ, ਜੋ ਇੰਨ ਬਿੰਨ ਪੂਰਵਜਾਂ ਦੀਆਂ ਉਲੀਕੀਆਂ ਸ਼ਬਦੀ ਪਗਡੰਡੀਆਂ ਨੂੰ ਲਕੀਰ ਦੇ ਫਕੀਰ ਬਣ ਕੇ ਅਪਨਾਉਂਦੇ ਹਨ, ਜਦੋਂ ਕਿ ਦੂਜੇ ਉਸ ਨੂੰ ਅੱਜ ਦੇ ਸੰਦਰਭ ਵਿਚ ਸਿਰਜਣਾਤਮਕ ਰੂਪ ਵਿਚ ਢਾਲਦੇ ਹਨ। ਵਿਗਿਆਨੀ ਭਾਈਚਾਰਾ ਦੂਜੇ ਕਿਸਮ ਦੇ ਇਨਸਾਨਾਂ ਦੀ ਨੁਮਾਇੰਦਗੀ ਕਰਦਾ ਹੈ, ਜਿਨ੍ਹਾਂ ਸਦਕਾ ਦੁਨੀਆਂ ਦਾ ਮੁਹਾਂਦਰਾ ਬਦਲਿਆ ਹੈ।

ਕਿਸਾਨ ਭਵਨ, ਚੰਡੀਗੜ੍ਹ ਵਿਖੇ ਪੰਜਾਬ ਦੀ ਰਾਜਨੀਤੀ ਦੇ ਸੰਦਰਭ ਵਿਚ 9 ਮਾਰਚ 2020 ਨੂੰ ਹੋਈ ਇੱਕ ਮੀਟਿੰਗ ਦੌਰਾਨ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਦੀ ਇੱਕ ਛੋਟੀ ਜਿਹੀ ਤਕਰੀਰ ਸੁਣਨ ਨੂੰ ਮਿਲੀ, ਜਿਸ ਵਿਚ ਸ. ਸਿੱਧੂ ਅੱਜ ਤੋਂ ਸੌ, ਡੇਢ ਸੌ ਸਾਲ ਪਹਿਲਾਂ ਭਾਰਤੀ ਸਿਆਸਤ 'ਚ ਹੋਈਆਂ ਸਭ ਸਰਗਰਮੀਆਂ ਨੂੰ 'ਫਰਾਡ' ਦੱਸਦੇ ਹਨ। ਉਹ ਤਾਂ ਉਸ ਸਮੇਂ ਬਣੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੋਣ ਐਕਟ ਨੂੰ ਵੀ ਫਰਾਡ ਦੱਸਦੇ ਹਨ, ਜਦੋਂ ਕਿ ਚੋਣਾਂ ਹੀ ਇੱਕਮਾਤਰ ਲੋਕਤੰਤਰੀ ਪ੍ਰਣਾਲੀ ਹੈ। ਉਨ੍ਹਾਂ ਅਨੁਸਾਰ ਸਾਰਾ ਭਾਰਤੀ ਲੋਕਤੰਤਰ ਫਰਾਡ ਹੈ, ਜੋ ਘੱਟਗਿਣਤੀਆਂ ਦੇ ਘਾਣ ਲਈ ਬਣਿਆ ਹੈ। ਉਨ੍ਹਾਂ ਮੁਤਾਬਕ ਕਾਂਗਰਸ ਤੇ ਭਾਜਪਾ ਇੱਕੋ ਤਰ੍ਹਾਂ ਦੇ ਫਰਾਡ ਹਨ। ਕੁਲ ਮਿਲਾ ਕੇ ਜੇ ਸਭ ਕੁਝ ਫਰਾਡ ਹੈ ਤਾਂ ਸਹੀ ਕੀ ਹੈ? ਇਸ ਦਾ ਜੁਆਬ ਤਾਂ ਉਹ ਹੀ ਜਾਣਦੇ ਹੋਣਗੇ, ਪਰ ਕੀ ਪਤਾ ਹਕੂਮਤ ਵੱਲੋਂ ਸਿੱਖਾਂ ਨਾਲ ਵਧੀਕੀਆਂ ਦਾ ਰਾਗ ਅਲਾਪ ਕੇ ਉਹ ਵੱਖਵਾਦ ਦਾ ਰਾਹ ਪੱਧਰਾ ਕਰਨਾ ਲੋਚਦੇ ਹੋਣ! ਉਨ੍ਹਾਂ ਦੀ ਤਕਰੀਰ ਤੋਂ ਤਾਂ ਇਹੀ ਜਾਪਦਾ ਹੈ।

ਜਸਪਾਲ ਸਿੰਘ ਸਿੱਧੂ ਜਿਹਿਆਂ ਦੇ ਉਠਾਏ ਕੁਝ ਕੁ ਨੁਕਤਿਆਂ ਬਾਰੇ ਆਪਣੇ ਵਿਚਾਰ ਪੇਸ਼ ਕਰਨੇ ਚਾਹਾਂਗਾ। ਬਹੁਤੀ ਡੂੰਘਾਈ 'ਚ ਨਾ ਜਾ ਕੇ ਕੁਝ ਕੁ ਬੁਨਿਆਦੀ ਸਵਾਲਾਂ ਦੇ ਜਵਾਬ ਆਪ ਮੁਹਾਰੇ ਹੀ ਮਿਲ ਜਾਂਦੇ ਹਨ। ਜੱਗ ਜਾਹਰ ਹੈ ਕਿ ਅਜ਼ਾਦੀ ਪਿਛੋਂ ਪੰਡਿਤ ਜਵਾਹਰ ਲਾਲ ਨਹਿਰੂ ਵਲੋਂ ਦੇਸ਼ ਦੀ ਵਾਗਡੋਰ ਸੰਭਾਲਣ ਪਿਛੋਂ ਦੇਸ਼ ਤਰੱਕੀ ਦੇ ਰਾਹ ਪਿਆ। ਪੰਡਿਤ ਨਹਿਰੂ ਉੱਤਰ ਪ੍ਰਦੇਸ਼ ਜਾਂ ਕਹੀਏ ਹਿੰਦੂ ਹਾਰਟਲੈਂਡ (ਬਿਹਾਰ ਸਮੇਤ) ਤੋਂ ਸਨ, ਜਿੱਥੋਂ 50 ਸਾਲਾਂ ਤੋਂ ਰੋਜੀ ਰੋਟੀ ਦੀ ਭਾਲ 'ਚ ਅੱਜ ਤੱਕ ਪੰਜਾਬ 'ਚ ਭੱਈਆਂ ਦੀ ਆਮਦ ਬਰਕਰਾਰ ਹੈ, ਜਿਨ੍ਹਾਂ ਨੇ ਪੰਜਾਬ ਦੀ ਹਰੀ ਕ੍ਰਾਂਤੀ ਵਿਚ ਦਲਿਤਾਂ ਵਾਂਗ ਨਿੱਠ ਕੇ ਮਿਹਨਤ ਕਰ ਕੇ ਯੋਗਦਾਨ ਪਾਇਆ।

ਪਰ ਪੰਜਾਬ ਅੰਦਰ ਉਨ੍ਹਾਂ ਦੀ ਔਕਾਤ ਘਸਿਆਰਿਆਂ ਤੋਂ ਵੱਧ ਨਹੀਂ ਹੈ। ਕੀ ਸ. ਸਿੱਧੂ ਦੱਸਣਗੇ ਕਿ ਨਵੀ ਦਿੱਲੀ 'ਚ ਯੂ. ਐਨ. ਆਈ. ਦੇ ਸੇਵਾ ਕਾਲ ਦੌਰਾਨ ਜਿਸ ਨੂੰ ਉਹ ਸਜ਼ਾ ਦੱਸਦੇ ਹਨ, ਉਨ੍ਹਾਂ ਨੂੰ ਕਦੀ ਕਿਸੇ ਨੇ ਘਸਿਆਰੇ ਹੋਣ ਦਾ ਅਹਿਸਾਸ ਦਿਤਾ ਸੀ? ਪੰਜਾਬ ਤੋਂ ਬਾਹਰ ਦਿੱਲੀ, ਕਾਨ੍ਹਪੁਰ, ਕਲਕੱਤਾ, ਮੁੰਬਈ ਜਾਂ ਤਰਾਈ 'ਚ ਵੱਸੇ ਹੋਏ ਸਿੱਖ ਭਾਈਚਾਰੇ ਦੇ ਲੋਕ ਪੰਜਾਬ ਵਿਚ ਆ ਕੇ ਮੁਸ਼ੱਕਤ ਕਰਕੇ ਘਸਿਆਰਿਆਂ ਵਾਂਗ ਗੁਜ਼ਰ ਬਸਰ ਕਰਨ ਵਾਲੇ ਯੂ. ਪੀ. ਜਾਂ ਬਿਹਾਰ ਦੇ ਭੱਈਆਂ ਵਾਂਗ ਕਿਧਰੇ ਵੀ ਕੀ ਉਨ੍ਹਾਂ ਨੂੰ ਘਸਿਆਰੇ ਬਣੇ ਨਜ਼ਰ ਆਉਂਦੇ ਹਨ? ਕੀ ਹਿੰਦੂ ਹਾਰਟਲੈਂਡ ਪੰਜਾਬ, ਤਾਮਿਲਨਾਡੂ ਜਾਂ ਬੰਗਾਲ 'ਤੇ ਅੱਜ ਉਸ ਤਰ੍ਹਾਂ ਰਾਜ ਕਰ ਰਹੀ ਹੈ, ਜਿਸ ਤਰ੍ਹਾਂ 1947 ਤੋਂ ਪਹਿਲਾਂ ਭਾਰਤ ਉਤੇ ਗਰੇਟ ਬ੍ਰਿਟੇਨ ਦੀ ਹਾਰਟਲੈਂਡ ਰਾਜ ਕਰਦੀ ਸੀ?



ਜਸਪਾਲ ਸਿੰਘ ਸਿੱਧੂ



ਡਾ. ਬਲਕਾਰ ਸਿੰਘ

ਪਿੱਛੇ ਜਿਹੇ ਇੱਕ ਸੰਸਥਾ ਦੇ ਸਰਵੇਖਣ ਅਨੁਸਾਰ ਪੰਜਾਬ ਹਾਲੇ ਤੱਕ ਹੋਰਨਾਂ ਬਹੁਤੀਆਂ ਸਟੇਟਾਂ ਨਾਲੋਂ ਖੁਸ਼ਹਾਲ ਹੈ। ਇੱਕ ਹੋਰ ਗੱਲ ਅਕਸਰ ਸੁਣਨ ਨੂੰ ਮਿਲਦੀ ਹੈ ਕਿ ਨਹਿਰੂ ਨੇ ਸਿੱਖਾਂ ਨਾਲ ਕੀਤੇ ਵਾਅਦੇ ਨਹੀਂ ਨਿਭਾਏ। ਵਾਅਦਾ ਸੀ, ਘੱਟਗਿਣਤੀ ਸਿੱਖਾਂ ਨੂੰ ਹੋਰ ਬਹੁਗਿਣਤੀਆਂ ਦੇ ਬਰਾਬਰ ਹੱਕ ਮਿਲਣ ਦਾ, ਜੋ ਤੱਥਾਂ ਦੀ ਇਮਾਨਦਾਰ ਘੋਖ ਪਿਛੋਂ ਬਿਲਕੁਲ ਪੂਰਾ ਕੀਤਾ ਗਿਆ ਹੈ। ਇਸ ਦਾ ਸਬੂਤ ਹੈ, ਅਜ਼ਾਦ ਭਾਰਤ 'ਚ ਹਰ ਖੇਤਰ ਵਿਚ ਸਿੱਖਾਂ ਨੇ ਸ਼ਾਨਦਾਰ ਸਫਲਤਾ ਹਾਸਲ ਕੀਤੀ ਹੈ। ਰਾਜਨੀਤੀ ਅਤੇ ਫੌਜ ਵਿਚ ਉਚੇ ਅਹੁਦਿਆਂ ਸਮੇਤ ਜੀਵਨ ਦੇ ਹਰ ਖੇਤਰ 'ਚ ਸਿੱਖਾਂ ਦੀ ਝੰਡੀ ਰਹੀ ਹੈ। ਜੇ ਕਿਸੇ ਕੋਲ ਵਕਤ ਹੋਵੇ ਤਾਂ ਉੱਤਰ ਪ੍ਰਦੇਸ਼ ਦਾ ਤਰਾਈ ਇਲਾਕਾ ਜਾ ਕੇ ਦੇਖਿਆ ਜਾ ਸਕਦਾ ਹੈ, ਜਿੱਥੇ ਪੰਜਾਬੋਂ ਆ ਸਿੱਖਾਂ ਨੇ ਕਿਸਾਨੀ ਵਿਚ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ। ਉਸ ਇਲਾਕੇ ਵਿਚ ਰਹਿੰਦੇ ਖੁਸ਼ਹਾਲ ਪੰਜਾਬੀਆਂ ਨੂੰ ਉਥੋਂ ਦੇ ਪ੍ਰਸ਼ਾਸਨ ਨਾਲ ਕਦੇ ਵੀ ਕੋਈ ਸ਼ਿਕਾਇਤ ਨਹੀਂ ਹੋਈ। 1984 ਦੀ ਫਿਰਕਾਪ੍ਰਸਤ ਹਨੇਰੀ ਪਿਛੋਂ ਵੀ ਨਹੀਂ।

ਇਹ ਭਰਮ ਵੀ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ ਕਿ ਹਿੰਦੂਤਵ ਸਿੱਖੀ ਲਈ ਖਤਰਾ ਹੈ। 'ਪੰਜਾਬ ਟਾਈਮਜ਼' ਦੇ 28 ਮਾਰਚ ਦੇ ਅੰਕ ਵਿਚ ਛਪਿਆ ਵਿਦਵਾਨ ਪ੍ਰੋ. ਬਲਕਾਰ ਸਿੰਘ ਦਾ ਲੇਖ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਹਮਣੇ ਮੁੱਖ ਚੁਣੌਤੀਆਂ' ਬਾਦਲੀਲ ਸਿੱਧ ਕਰਦਾ ਹੈ ਕਿ ਅਯੋਗ ਅਤੇ ਮੌਕਾਪ੍ਰਸਤ ਲੀਡਰਸ਼ਿਪ ਕਾਰਨ ਸਿੱਖੀ ਨੂੰ ਬਾਹਰੋਂ ਨਹੀਂ, ਅੰਦਰੋਂ ਬਹੁਤੀ ਢਾਅ ਲੱਗ ਰਹੀ ਹੈ। ਅਕਲ ਨਾਲੋਂ ਸ਼ਕਲ ਨੂੰ ਅਤੇ ਕੰਮ ਨਾਲੋਂ ਚਾਪਲੂਸੀ ਨੂੰ ਵੱਧ ਅਹਿਮੀਅਤ ਦਿੱਤੀ ਜਾ ਰਹੀ ਹੈ।

ਇਸੇ ਅੰਕ 'ਚ ਛਪਿਆ ਡਾ. ਗੁਰਨਾਮ ਕੌਰ ਦਾ ਲੇਖ ਬੜੀ ਸ਼ਿੱਦਤ ਨਾਲ ਬਿਆਨ ਕਰਦਾ ਹੈ ਕਿ ਕਿਵੇਂ ਬੇਮਤਲਬ ਦੀਆਂ ਮਰਿਆਦਾਵਾਂ ਦੀ ਰਾਖੀ ਦੇ ਨਾਂ 'ਤੇ ਸਤਿਕਾਰ ਕਮੇਟੀਆਂ ਮਾਰਫਤ ਕੱਟੜਤਾ ਸਿੱਖੀ ਦਾ ਗਲਾ ਘੁੱਟ ਰਹੀ ਹੈ। ਇਸੇ ਅੰਕ ਵਿਚ ਦਵਿੰਦਰ ਸਿੰਘ ਘੁੰਮਣ ਵੀ ਨਫਰਤ ਦੀ ਰਾਜਨੀਤੀ ਦਾ ਠੀਕਰਾ ਸਿਰਫ ਇੱਕ ਧਿਰ ਦੇ ਸਿਰ ਭੰਨਦੇ ਹਨ। ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਉਨ੍ਹਾਂ ਨੂੰ ਵੀ ਗਵਾਰਾ ਨਹੀਂ।

ਬੇਨਤੀ ਇਹੀ ਹੈ ਕਿ ਹਾਲੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਪੰਜਾਬ ਅਤੇ ਸਿੱਖੀ ਦੀ ਦੁਹਾਈ ਪਾ ਕੇ ਇਹ ਲੋਕ, ਜਿਨ੍ਹਾਂ ਦੇ ਬੱਚੇ ਵਿਦੇਸ਼ਾਂ ਵਿਚ ਸੈਟ ਹਨ, ਸਿਰਫ ਪੰਜਾਬ ਦੀ ਨੌਜਵਾਨੀ ਨੂੰ ਹੀ ਗੁੰਮਰਾਹ ਕਰ ਰਹੇ ਹਨ; ਇਸ ਨੂੰ ਸਮਝਣ ਦੀ ਲੋੜ ਹੈ। ਪੰਜਾਬੋਂ ਬਾਹਰ ਸਾਰੇ ਭਾਰਤ 'ਚ ਅਮਨ ਨਾਲ ਵਸਦੀ ਸਿੱਖਾਂ ਦੀ ਵੱਡੀ ਆਬਾਦੀ ਦੀ ਸਲਾਮਤੀ ਦਾ ਧਿਆਨ ਰੱਖਦਿਆਂ ਹੋਰ 1947 ਜਾਂ 1984 ਦਾ ਦੁਹਰਾਓ ਰੋਕਣ ਲਈ ਇਸ ਵੰਡ ਪਾਊ ਸਿਆਸਤ ਤੋਂ ਪਰਹੇਜ਼ ਕਰ ਕੇ ਅਮਨ ਵੱਲ ਜਾਂਦੇ ਰਾਹ 'ਤੇ ਚੱਲਣ ਵਿਚ ਹੀ ਸਭ ਦੀ ਭਲਾਈ ਹੈ।

-ਹਰਜੀਤ ਦਿਓਲ, ਬਰੈਂਪਟਨ
ਫੋਨ: 905-676-9242

# ਕਰੋਨਾ ਵਾਇਰਸ ਬਾਰੇ ਵਾਕਫੀਅਤ

***ਡਾ. ਗੁਰੂਮੇਲ ਸਿੱਧੂ ਨੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ, ਵੈਨਕੂਵਰ ਤੋਂ ਮਾਈਕਰੋਬੀਅਲ ਜੈਨੇਟਿਕਸ (Microbial Genetics) ਦੇ ਖੇਤਰ ਵਿਚ ਪੀਐਚ.ਡੀ. ਕੀਤੀ ਹੈ। ਉਨ੍ਹਾਂ ਦੀ ਖੋਜ ਦਾ ਵਿਸ਼ਾ ਹੋਸਟ-ਪੈਰਾਸਾਈਟ ਜੈਨੇਟਿਕਸ (Host-Parasite Genetics) ਹੈ। ਮੋਟੇ ਸ਼ਬਦਾਂ ਵਿਚ, ਇਕ ਕਿਟਾਣੂ (Parasite) ਕਿਸੇ ਮੇਜ਼ਬਾਨ (Host) ਵਿਚ ਕਿਵੇਂ ਬੀਮਾਰੀ ਪੈਦਾ ਕਰਦਾ ਹੈ? ਕਿਟਾਣੂਆਂ ਵਿਚ ਬੈਕਟੀਰੀਆ, ਉਲੀ, ਵਾਇਰਸ ਆਦਿ ਹੋ ਸਕਦੇ ਹਨ ਅਤੇ ਮੇਜ਼ਬਾਨ ਵਿਚ ਪਸ਼ੂ, ਪੌਦਾ ਜਾਂ ਇਨਸਾਨ ਹੋ ਸਕਦੇ ਹਨ। ਡਾ. ਸਿੱਧੂ ਦੀ ਖੋਜ ਨੇ ਸਿੱਧ ਕੀਤਾ ਹੈ ਕਿ ਕਿਟਾਣੂ ਅਤੇ ਮੇਜ਼ਬਾਨ ਦੇ ਜੀਨਜ਼ (Genes) ਵਿਚ ਮੁੱਠਭੇੜ ਹੁੰਦੀ ਹੈ, ਜੇ ਕਿਟਾਣੂ ਦੇ ਜੀਨਜ਼ ਜਿੱਤ ਜਾਣ ਤਾਂ ਬੀਮਾਰੀ ਹੋ ਜਾਂਦੀ ਹੈ ਤੇ ਜੇ ਮੇਜ਼ਬਾਨ ਦੇ ਜੀਨਜ਼ ਜਿੱਤ ਜਾਣ ਤਾਂ ਬਿਮਾਰੀ ਨਹੀਂ ਹੁੰਦੀ। ਇਸ ਖੋਜ 'ਚੋਂ ਜੀਨ ਫਾਰ ਜੀਨ (Gene for Gene) ਦਾ ਸੰਕਲਪ ਪੈਦਾ ਹੋਇਆ, ਜਿਸ ਵਿਚ ਡਾ. ਸਿੱਧੂ ਦਾ ਯੋਗਦਾਨ ਅਕਾਦਮਿਕ ਅਦਾਰਿਆਂ ਵਿਚ ਪ੍ਰਮਾਣਿਤ ਹੈ। ਆਪਣੀ ਖੋਜ ਦੇ ਆਧਾਰ 'ਤੇ ਉਨ੍ਹਾਂ ਨੇ ਵਿਸ਼ਵ ਭਰ ਦੀਆਂ ਕਈ ਕਾਨਫਰੰਸਾਂ ਵਿਚ ਹਿੱਸਾ ਲਿਆ ਹੈ। -ਸੰਪਾਦਕ***

ਕਰੋਨਾ ਵਾਇਰਸ ਕਈ ਵਾਇਰਸਾਂ ਦੇ ਸਮੂਹ ਦਾ ਨਾਂ ਹੈ, ਜੋ ਜੀਵਾਂ ਵਿਚ ਜ਼ੁਕਾਮ ਜਿਹੀਆਂ ਬੀਮਾਰੀਆਂ ਪੈਦਾ ਕਰਦੇ ਹਨ। ਕੋਵਿਡ-19 ਇਨ੍ਹਾਂ 'ਚੋਂ ਇਕ ਹੈ, ਜੋ ਪਿੱਛੇ ਜਿਹੇ ਚੀਨ ਦੇ ਸ਼ਹਿਰ ਵੂਹਾਨ ਵਿਚ ਫੈਲੀ। ਇਸ ਵਾਇਰਸ ਦਾ ਨਾਂ 'ਵਿਸ਼ਵ ਸਿਹਤ ਸੰਸਥਾ' (World Health Organization) ਨੇ ਰੱਖਿਆ, CO=Corona, VI=Virus, D=Disease, 19=Year)। ਕਰੋਨਾ ਵਾਇਰਸ ਦੇ ਕਣ ਉਤੇ ਤਾਜ (Crown) ਦੇ ਕਿੰਗਰਿਆਂ (Spike) ਜਿਹੇ ਹਨ, ਜਿਸ ਕਰਕੇ ਇਸ ਨੂੰ ਕਰੋਨਾ ਕਿਹਾ ਜਾਂਦਾ ਹੈ (ਚਿਤਰ-1)। ਮੁਕਾਬਲੇ 'ਤੇ ਇਨਸਾਨ ਦੀ ਸਾਹ-ਨਲੀ ਤੇ ਸੰਘ ਵਿਚ ਰਿਸੈਪਟਰ ਕੋਸ਼ (Receptor cell) ਹਨ। ਵਾਇਰਸ ਦੇ ਕਿੰਗਰੇ ਰਿਸੈਪਟਰ ਕੋਸ਼ਾਂ ਵਿਚ ਧੱਸ ਕੇ ਅੰਦਰ ਦਾਖਲ ਹੋਣ ਦਾ ਰਾਹ ਬਣਾ ਲੈਂਦੇ ਹਨ। ਇਹ ਪ੍ਰਕ੍ਰਿਆ ਰਸਾਇਣਕ ਪੱਧਰ 'ਤੇ ਹੁੰਦੀ ਹੈ।

**ਡਾ. ਗੁਰੂਮੇਲ ਸਿੱਧੂ**
gurmel.sidhu@gmail.com

ਕਰੋਨਾ ਵਾਇਰਸ ਸਰੀਰ ਵਿਚ ਵੜ ਕੇ ਨੱਕ ਦੇ ਉਤਲੇ ਅਤੇ ਗਲੇ ਦੇ ਪਿਛਲੇ ਪਾਸੇ ਨਾਲ ਚਿੰਬੜ ਜਾਂਦਾ ਹੈ ਤੇ ਇਕ ਤਰ੍ਹਾਂ ਦੀ ਪ੍ਰੋਟੀਨ ਪੈਦਾ ਕਰਦਾ ਹੈ, ਜੋ ਸਾਹ-ਨਲੀ ਦੇ ਕੋਸ਼ਾਂ ਦੀ ਪ੍ਰੋਟੀਨ ਨਾਲ ਗੁੱਥਮ-ਗੁੱਥਾ ਹੁੰਦੀ ਹੈ। ਵਾਇਰਸ ਦੀ ਪ੍ਰੋਟੀਨ ਸਾਹ-ਨਲੀ ਦੇ ਕੋਸ਼ਾਂ ਦੀ ਪ੍ਰੋਟੀਨ ਨੂੰ ਮਾਤ ਪਾ ਕੇ ਅੰਦਰ ਦਾਖਲ ਹੋ ਜਾਂਦੀ ਹੈ। ਕਿਆਸ ਕਰੋ ਕਿ ਇਨਸਾਨ ਦਾ ਜਿਸਮ ਘਰ ਹੈ ਤੇ ਵਾਇਰਸ ਚੋਰ ਹੈ। ਘਰ ਨੂੰ ਜੰਦਰਾ ਲੱਗਾ ਹੋਇਆ ਹੈ। ਵਾਇਰਸ ਆਪਣੇ ਕਿੰਗਰਿਆਂ ਦੀ ਚਾਬੀ ਨਾਲ ਜੰਦਰਾ ਖੋਲ੍ਹ ਕੇ ਅੰਦਰ ਵੜਦੀ ਹੈ। ਦਾਖਲ ਹੋ ਕੇ ਘਰ ਦੀ ਖਾਧ ਖੁਰਾਕ ਆਪਣੇ ਵਧਣ-ਫੁਲਣ ਲਈ ਵਰਤਦੀ ਹੈ। ਰੱਜ-ਪੁੱਜ ਕੇ ਆਪਣੇ ਆਪ ਦੀਆਂ ਕਾਪੀਆਂ ਬਣਾਉਂਦੀ ਹੈ। ਕਾਪੀਆਂ ਬਣਾਉਣ ਦੇ ਤਰੀਕੇ ਨੂੰ ਸਮਝਣ ਲਈ ਵਾਇਰਸ ਦੀ ਜੈਨੇਟਿਕਸ (Genetics) ਨੂੰ ਸਮਝਣਾ ਜ਼ਰੂਰੀ ਹੈ।

ਆਦਮੀ ਦੇ ਕੋਸ਼ਾਂ ਵਿਚ ਡੀ. ਐਨ. ਏ. (DNA) ਦਾ ਕਣ ਹੈ ਅਤੇ ਵਾਇਰਸ ਦੇ ਕੋਸ਼ਾਂ ਵਿਚ ਆਰ. ਐਨ. ਏ. (RNA) ਦਾ ਕਣ ਹੁੰਦਾ ਹੈ। ਡੀ. ਐਨ. ਏ. ਦੋਹਰੀ ਲੜੀ ਦਾ ਅਤੇ ਆਰ. ਐਨ. ਏ. ਇਕਹਿਰੀ ਲੜੀ ਦਾ ਕਣ ਹੈ। ਇਨਸਾਨ ਦਾ ਡੀ. ਐਨ. ਏ. ਪਹਿਲਾਂ ਆਰ. ਐਨ. ਏ. ਬਣਾਉਂਦਾ ਹੈ, ਜਿਸ ਦੇ ਆਧਾਰ 'ਤੇ ਪ੍ਰੋਟੀਨ ਬਣਦੀ ਹੈ। ਐਨਜ਼ਾਇਮਜ਼ ਸਰੀਰ ਦਾ ਕਾਰੋਬਾਰ ਚਲਾਉਂਦੇ ਹਨ। ਕਰੋਨਾ ਵਾਇਰਸ ਪਹਿਲਾਂ ਹੀ ਆਰ. ਐਨ. ਏ. ਕਣ ਦੀ ਬਣੀ ਹੋਈ ਹੈ, ਇਸ ਲਈ ਇਹ ਸਿੱਧੀ ਪ੍ਰੋਟੀਨ ਬਣਾ ਲੈਂਦੀ ਹੈ। ਪ੍ਰੋਟੀਨ ਬਣਾਉਣ ਲਈ ਇਨਸਾਨ ਦੇ ਕੋਸ਼ਾਂ ਦੀ ਮਸ਼ੀਨਰੀ (Ribosomes) ਵਰਤ ਕੇ ਆਪਣੀਆਂ ਕਾਪੀਆਂ ਬਣਾਉਂਦੀ ਹੈ। ਕਾਪੀਆਂ ਤੋਂ ਵਾਇਰਸ ਦੇ ਨਵੇਂ ਕਣ ਬਣਦੇ ਹਨ, ਜੋ ਇਨਸਾਨ ਦੇ ਕੋਸ਼ 'ਚੋਂ ਬਾਹਰ ਨਿਕਲ ਕੇ ਤੰਦਰੁਸਤ ਕੋਸ਼ਾਂ ਨੂੰ ਚਿੰਬੜੀ ਜਾਂਦੇ ਹਨ। (ਚਿਤਰ-2)।

ਸਾਹ-ਨਾਲੀ ਅਤੇ ਫੇਫੜਿਆਂ ਦੇ ਕੋਸ਼ਾਂ ਵਿਚ ਸੋਜਿਸ਼ ਹੋ ਜਾਂਦੀ ਹੈ ਤੇ ਗਾੜ੍ਹੇ ਜਿਹੇ ਘੋਲ ਨਾਲ ਭਰ ਜਾਂਦੇ ਹਨ (ਚਿਤਰ-3)। ਨਤੀਜਨ, ਫੇਫੜੇ ਕੰਮ ਕਰਨੋਂ ਹਟ ਜਾਂਦੇ ਹਨ ਤਾਂ ਸਰੀਰ ਦਾ ਕਾਰੋਬਾਰ ਰੁਕ ਜਾਂਦਾ ਹੈ। ਯਾਦ ਰਹੇ, ਫੇਫੜਿਆਂ ਵਿਚ ਸਾਹ ਰਾਹੀਂ ਆਕਸੀਜਨ ਜਾਂਦੀ ਹੈ, ਜੋ ਖੂਨ ਨੂੰ ਸਾਫ ਕਰਦੀ ਹੈ।

ਸਾਹ ਦੀਆਂ ਬੀਮਾਰੀਆਂ ਪੈਦਾ ਕਰਨ ਵਾਲੇ ਵਾਇਰਸ ਆਮ ਕਰਕੇ ਸਾਹ-ਨਾਲੀ ਦੇ ਉਤਲੇ ਜਾਂ ਹੇਠਲੇ ਹਿੱਸਿਆਂ ਨੂੰ ਚੰਬੜਦੇ ਹਨ। ਉਤਲੇ ਹਿੱਸੇ (ਨੱਕ ਤੇ ਸੰਘ) ਦੀ ਬੀਮਾਰੀ ਛੇਤੀ ਫੈਲਦੀ ਹੈ, ਪਰ ਘੱਟ ਖਤਰਨਾਕ ਹੁੰਦੀ ਹੈ, ਜਿਵੇਂ ਜ਼ੁਕਾਮ (Common cold)। ਮੁਕਾਬਲੇ 'ਤੇ ਹੇਠਲੇ ਸੰਘ ਦੇ ਹਿੱਸੇ, ਜਿੱਥੇ ਫੇਫੜਿਆਂ ਦੀਆਂ ਨਾਲੀਆਂ ਜੁੜੀਆਂ ਹੋਈਆਂ ਹਨ, ਨੂੰ ਲੱਗਣ ਵਾਲੇ ਵਾਇਰਸ ਛੇਤੀ ਨਹੀਂ ਫੈਲਦੇ, ਪਰ ਵੱਧ ਖਤਰਨਾਕ ਹੁੰਦੇ ਹਨ। ਕਰੋਨਾ ਵਾਇਰਸ ਸਾਹ-ਨਾਲੀ ਦੇ ਉਤਲੇ ਅਤੇ ਹੇਠਲੇ ਹਿੱਸਿਆਂ ਨੂੰ ਚੰਬੜਦਾ ਹੈ। ਜਦ ਉਤਲੇ ਹਿੱਸੇ ਵਿਚ ਹੁੰਦਾ ਹੈ ਤਾਂ ਇਸ ਦੀ ਕੋਈ ਖਾਸ ਨਿਸ਼ਾਨੀ ਨਹੀਂ ਹੁੰਦੀ। ਬਿਨਾ ਨਿਸ਼ਾਨੀ ਵਾਲੇ ਬੰਦੇ ਅਣਜਾਣੇ ਵਿਚ ਇਕ ਦੂਜੇ ਨੂੰ ਮਿਲਦੇ ਰਹਿੰਦੇ ਹਨ ਤੇ ਵਾਇਰਸ ਦੇ ਸ਼ਿਕਾਰ ਹੋ ਜਾਂਦੇ ਹਨ, ਅਰਥਾਤ ਵਾਇਰਸ ਰੂਪਮਾਨ ਹੋਣ ਤੋਂ ਪਹਿਲਾਂ ਇਕ ਦੂਜੇ ਨੂੰ ਲੱਗ ਜਾਂਦੀ ਹੈ। ਸੰਸਾਰ ਭਰ ਵਿਚ ਇਸ ਦੇ ਫੈਲਣ ਦਾ ਇਹੋ ਕਾਰਨ ਹੈ। ਪਤਾ ਲੱਗਣ ਲਈ ਦੋ ਕੁ ਹਫਤੇ ਚਾਹੀਦੇ ਹਨ, ਇਸੇ ਲਈ ਲੋਕਾਂ ਨੂੰ ਦੋ ਹਫਤਿਆਂ ਲਈ ਇਕੱਲੇ ਰਹਿਣ ਲਈ ਕਿਹਾ ਜਾਂਦਾ ਹੈ।

## ਕਰੋਨਾ ਵਾਇਰਸ ਦੀਆਂ ਨਿਸ਼ਾਨੀਆਂ

**1. ਖੰਘ:** ਜਦ ਵਾਇਰਸ ਨੱਕ ਅਤੇ ਗਲੇ ਵਿਚ ਹੁੰਦਾ ਹੈ ਤਾਂ ਖਾਰਸ਼ ਹੁੰਦੀ ਹੈ, ਛਿੱਕਾਂ ਆਉਂਦੀਆਂ ਹਨ, ਗਲਾ ਖੁਸ਼ਕ ਹੋ ਜਾਂਦਾ ਹੈ ਤੇ ਸੁੱਕੀ ਖੰਘ ਆਉਂਦੀ ਹੈ। ਕੋਈ 76 ਤੋਂ 82% ਮਰੀਜ਼ਾਂ ਨੂੰ ਖੰਘ ਹੁੰਦੀ ਹੈ।

**2. ਬੁਖਾਰ:** ਵਾਇਰਸ ਨੂੰ ਮਾਰਨ ਲਈ ਰੋਗ-ਸੁਰੱਖਿਆ ਪ੍ਰਬੰਧ (Immune system) ਹਰਕਤ ਵਿਚ ਆਉਂਦਾ ਹੈ। ਨਤੀਜਨ ਰਸਾਇਣਕ ਪਦਾਰਥ ਪੈਦਾ ਹੁੰਦੇ ਹਨ, ਜਿਨ੍ਹਾਂ ਨੂੰ ਪਾਇਰੋਜਨਜ਼ (Pyrogens) ਕਹਿੰਦੇ ਹਨ। ਇਹ ਸਰੀਰ ਦਾ ਤਾਪਮਾਨ ਵਧਾ ਦਿੰਦੇ ਹਨ, ਜਿਸ ਕਰਕੇ ਬੁਖਾਰ ਚੜ੍ਹਦਾ ਹੈ। ਯਾਦ ਰਹੇ, ਤਾਪ ਉਦੋਂ ਚੜ੍ਹਦਾ ਹੈ, ਜਦ ਸਰੀਰ ਨੂੰ ਕੋਈ ਸੱਟ ਲਗਦੀ ਹੈ ਤੇ ਜਾਂ ਕੋਈ ਕੀਟਾਣੂ ਅੰਦਰ ਆ ਵੜਦਾ ਹੈ। ਕਰੋਨਾ ਦੇ 83 ਤੋਂ 98% ਮਰੀਜ਼ਾਂ ਨੂੰ ਬੁਖਾਰ ਹੁੰਦਾ ਹੈ।

**3. ਸ਼ਾਹ ਲੈਣ ਵਿਚ ਦਿੱਕਤ:** ਮਰੀਜ਼ ਦੀ ਛਾਤੀ ਭਾਰੀ-ਭਾਰੀ ਲਗਦੀ ਹੈ, ਲਗਾਤਾਰ ਦਰਦ ਹੁੰਦਾ ਹੈ, ਸਾਹ ਲੈਣ ਵਿਚ ਔਖ ਹੁੰਦੀ ਹੈ ਅਤੇ ਬੰਦਾ ਨਿਢਾਲ ਹੋ ਜਾਂਦਾ ਹੈ। ਜੇ ਰੋਗ-ਸੁਰੱਖਿਆ ਪ੍ਰਬੰਧ ਹਰਕਤ ਵਿਚ ਨਹੀਂ ਆਉਂਦਾ ਤਾਂ ਫੇਫੜੇ ਵਾਇਰਸ ਦੀ ਲਾਗ ਨਾਲ ਸੁੱਜ ਜਾਂਦੇ ਹਨ। ਇਸ ਸਮੇਂ ਬੰਦੇ ਨੂੰ ਬਚਾਉਣ ਲਈ ਵੈਨਟੀਲੇਟਰ (Ventilatpor) ਦੀ ਲੋੜ ਪੈਂਦੀ ਹੈ।


**4. ਦਸਤ ਲੱਗਣੇ:** ਵਾਇਰਸ ਗਲੇ 'ਚੋਂ ਪਾਚਨ-ਨਾਲੀ ਵਿਚ ਪਹੁੰਚ ਜਾਂਦਾ ਹੈ, ਜਿਸ ਕਰਕੇ ਦਸਤ ਲੱਗ ਜਾਂਦੇ ਹਨ।

**5. ਨਿਮੋਨੀਆ:** ਫੇਫੜਿਆਂ ਵਿਚ ਸੋਜਿਸ਼ ਪੈਣ ਪਿੱਛੋਂ ਨਿਮੋਨੀਆ ਜਿਹੀ ਹਾਲਤ ਹੋ ਜਾਂਦੀ ਹੈ। ਆਮ ਤੌਰ 'ਤੇ ਨਿਮੋਨੀਆ ਬੈਕਟੀਰੀਆ ਦੀ ਲਾਗ ਨਾਲ ਹੁੰਦਾ ਹੈ, ਜਿਸ ਨੂੰ ਐਂਟੀਬਾਇਓਟਿਕਸ (Antibiotics) ਨਾਲ ਕਾਬੂ ਕੀਤਾ ਜਾ ਸਕਦਾ ਹੈ। ਵਾਇਰਸ 'ਤੇ ਐਂਟੀਬਾਇਓਟਿਕਸ ਅਸਰ ਨਹੀਂ ਕਰਦੇ।

**6.** ਬੁੱਲ੍ਹ ਅਤੇ ਚਿਹਰਾ ਨੀਲੇ ਪੈਣੇ ਸ਼ੁਰੂ ਹੋ ਜਾਂਦੇ ਹਨ।

**7. ਸਰੀਰ ਭੱਜਣਾ:** ਪੱਠਿਆਂ ਵਿਚ ਦਰਦ ਹੋ ਜਾਂਦਾ ਹੈ। ਕੋਈ 11 ਤੋਂ 14% ਮਰੀਜ਼ਾਂ ਨੂੰ ਹੱਡ-ਭੱਜਣੀ ਹੁੰਦੀ ਹੈ।

**8. ਸੁੰਘਣ ਸ਼ਕਤੀ ਦਾ ਘਟਣਾ:** ਇਹ ਨਿਸ਼ਾਨੀ ਘੱਟ ਲੋਕਾਂ ਵਿਚ ਜਾਹਰ ਹੁੰਦੀ ਹੈ।



*ਚਿਤਰ-1: ਕਰੋਨਾ ਵਾਇਰਸ ਦੇ ਕੋਸ਼ ਉਤੇ ਕਿੰਗਰੇ।*

## ਸਾਨੂੰ ਕੀ ਕਰਨਾ ਚਾਹੀਦਾ ਹੈ?

ਕਰੋਨਾ ਵਾਇਰਸ ਲਾਗ (Infection) ਨਾਲ ਫੈਲਦੀ ਹੈ, ਇਸ ਲਈ ਹੇਠ ਲਿਖੇ ਨਿਯਮ ਅਪਨਾਉਣੇ ਚਾਹੀਦੇ ਹਨ,

1. ਘਰ ਵਿਚ ਇਕੱਲੇ ਰਹੋ ਤੇ ਘਰਦਿਆਂ ਤੋਂ ਛੇ ਫੁੱਟ ਦੀ ਦੂਰੀ ਬਣਾ ਕੇ ਰੱਖੋ।

2. ਜੇ ਜ਼ਰੂਰੀ ਬਾਹਰ-ਅੰਦਰ ਜਾਣਾ ਪਵੇ ਤਾਂ ਕਿਸੇ ਨਾਲ ਹੱਥ ਨਾ ਮਿਲਾਓ, ਜੱਫੀ ਨਾ ਪਾਓ ਤੇ ਲੋਕਾਂ ਤੋਂ ਛੇ ਫੁੱਟ ਪਰੇ ਰਹੋ। ਘਰ ਆਉਂਦਿਆਂ ਸਾਰ ਸਾਬਣ ਨਾਲ ਹੱਥ ਧੋਵੋ, ਕੱਪੜੇ ਉਤਾਰ ਕੇ ਵੱਖ ਰੱਖੋ ਤੇ ਸ਼ਾਵਰ ਲਓ।

3. ਰੋਜ਼ ਗਰਮ ਪਾਣੀ ਨਾਲ ਇਸ਼ਨਾਨ ਕਰੋ, ਤੌਲੀਆ ਬਦਲੋ ਤੇ ਤੌਲੀਆ ਹੋਰ ਜੀਆਂ ਨਾਲ ਸਾਂਝਾ ਨਾ ਕਰੋ।

4. ਭੀੜ ਤੋਂ ਬਚੋ, ਜੇ ਕਿਤੇ ਲੋਕਾਂ ਵਿਚ ਵਿਚਰਨਾ ਪਵੇ ਤਾਂ ਘੱਟ ਤੋਂ ਘੱਟ 6 ਫੁੱਟ ਦਾ ਫਾਸਲਾ ਰੱਖੋ।

5. ਛਿੱਕ ਮਾਰਨ ਅਤੇ ਖੰਘਣ ਤੋਂ ਪਹਿਲਾਂ ਨੱਕ-ਮੂੰਹ ਨੂੰ ਟਿਸ਼ੂ ਪੇਪਰ ਨਾਲ ਢਕੋ ਤੇ ਟਿੱਸ਼ੂ ਪੇਪਰ ਨੂੰ ਗਾਰਬੇਜ ਵਿਚ ਸੁੱਟ ਦਿਉ। ਜੇ ਟਿੱਸ਼ੂ ਪੇਪਰ ਨਾ ਹੋਵੇ ਤਾਂ ਕੂਹਣੀ ਜਾਂ ਬਾਂਹ ਨੂੰ ਮੂੰਹ ਅੱਗੇ ਕਰ ਲਵੋ।

6. ਅਣਧੋਤੇ ਹੱਥਾਂ ਨਾਲ ਮੂੰਹ, ਨੱਕ, ਅੱਖਾਂ ਜਾਂ ਚਿਹਰੇ ਨੂੰ ਨਾ ਛੂਹੋ।

7. ਹੱਥਾਂ ਨੂੰ ਅੱਧੇ ਮਿੰਟ (30 ਸਕਿੰਟ) ਲਈ ਸਾਬਣ ਨਾਲ ਧੋਵੋ। ਜੇ ਬੈਕਟੀਰੀਆ-ਮਾਰ ਸਾਬਣ ਹੋਵੇ ਤਾਂ ਵਧੀਆ ਹੈ, ਨਹੀਂ ਤਾਂ ਆਮ ਸਾਬਣ ਵਰਤੋ। ਖਾਸ ਕਰਕੇ ਹੱਥਾਂ ਨੂੰ ਉਦੋਂ ਧੋਣਾ ਜ਼ਰੂਰੀ ਹੈ, ਜਦ ਤੁਸੀਂ ਬਾਹਰੋਂ ਆਉਂਦੇ ਹੋ, ਕਿਸੇ ਨਾਲ ਸੰਪਰਕ ਕਰਦੇ ਹੋ, ਨੱਕ ਸੁਣਕਦੇ ਹੋ, ਛਿੱਕ ਮਾਰਦੇ ਹੋ ਜਾਂ ਖੰਘਦੇ ਹੋ।

8. ਹੱਥਾਂ ਨੂੰ ਘੱਟ ਤੋਂ ਘੱਟ 60% ਅਲਕੋਹਲ ਵਾਲੇ ਹੈਂਡ ਸੈਨੇਟਾਈਜ਼ਰ ਨਾਲ ਚੋਪੜ ਕੇ ਮਲੋ। ਕਈ ਲੋਕ ਸਮਝਦੇ ਹਨ ਕਿ ਹੈਂਡ ਸੈਨੇਟਾਈਜ਼ਰ ਦੀ ਥਾਂ ਸ਼ਰਾਬ ਵਰਤੀ ਜਾ ਸਕਦੀ ਹੈ। ਕਿਸੇ ਕਿਸਮ ਦੀ ਸ਼ਰਾਬ ਵਿਚ 60% ਅਲਕੋਹਲ ਨਹੀਂ ਹੁੰਦੀ, ਇਸ ਲਈ ਸ਼ਰਾਬ ਓਨੀ ਅਸਰਦਾਰ ਨਹੀਂ ਹੁੰਦੀ।

9. ਘਰ ਦੇ ਕਿਚਨ-ਸਿੰਕ ਤੇ ਟੂਟੀਆਂ ਅਤੇ ਕਿਚਨ-ਬੋਰਡ, ਟੇਬਲ ਤੇ ਕੁਰਸੀਆਂ, ਦਰਵਾਜਿਆਂ ਅਤੇ ਅਲਮਾਰੀਆਂ ਦੇ ਮੁੱਠੇ ਤੇ ਹੱਥੇ, ਬਲਬਾਂ ਦੇ ਸਵਿੱਚ, ਟੈਲੀਫੋਨ, ਕੰਪਿਊਟਰ ਤੇ ਕੀ-ਬੋਰਡ, ਰਿਮੋਟ ਕੰਟਰੋਲ, ਗੁਸਲਖਾਨੇ ਦੇ ਕਮੋਡ ਤੇ ਫਲੱਸ਼-ਮੁੱਠੇ ਆਦਿ ਨੂੰ ਬੈਕਟੀਰੀਆ-ਮਾਰ ਦੁਆਈਆਂ ਜਾਂ ਡਿਸਇਨਫੈਕਟਿੰਗ ਵਾਈਪਸ ਨਾਲ ਸਾਫ ਕਰੋ। ਨਵੀਂ ਖੋਜ ਅਨੁਸਾਰ ਕਰੋਨਾ ਵਾਇਰਸ ਦੇ ਮਰੀਜ਼ਾਂ ਦੇ ਮਲਮੂਤਰ ਅਤੇ ਟੱਟੀ ਪੂੰਝਣ ਪਿਛੋਂ ਟਿਸ਼ੂ ਪੇਪਰ ਵਿਚ ਵੀ ਵਾਇਰਸ ਪਾਈ ਗਈ ਹੈ।

10. ਜੇ ਘਰ ਦੇ ਸਮਾਨ ਦੀ ਸਤਹ ਚਿਪਚਿਪੀ, ਥਿੰਦੀ ਅਤੇ ਮੈਲੀ ਹੋਵੇ ਤਾਂ ਡਿਸਇਨਫੈਕਟਿੰਗ ਵਾਈਪਸ ਨਾਲ ਪੂੰਝੋ ਜਾਂ ਡੀਟੌਲ ਤੇ ਲਾਇਸੌਲ ਨਾਲ ਸਾਫ ਕਰੋ।

11. ਘਰ ਵਿਚ ਟਿਸ਼ੂ ਪੇਪਰ, ਹੈਂਡ ਸੈਨੇਟਾਈਜ਼ਰ, ਸਾਬਣ, ਸਾਫ-ਸਫਾਈ ਦੀਆਂ ਦਵਾਈਆਂ ਨੂੰ ਜਮ੍ਹਾ ਕਰਕੇ ਰੱਖੋ।

12. ਜੋ ਦਵਾਈਆਂ ਰੋਜ਼ ਲੈਂਦੇ ਹੋ, ਉਨ੍ਹਾਂ ਦਾ ਡਾਕਟਰ ਨੂੰ ਕਹਿ ਕੇ ਅਗਾਊਂ ਇੰਤਜ਼ਾਮ ਕਰ ਰੱਖੋ। ਲੋੜ ਪਵੇ ਤਾਂ ਡਾਕ ਰਾਹੀਂ ਮੰਗਵਾ ਲਓ। ਜੋ ਦਵਾਈਆਂ ਡਾਕਟਰ ਦੀ ਮਨਜ਼ੂਰੀ ਤੋਂ ਬਿਨਾ ਮਿਲਦੀਆਂ ਹਨ, ਉਨ੍ਹਾਂ ਨੂੰ ਜਮ੍ਹਾ ਕਰਕੇ ਰੱਖੋ।

13. ਜੇ ਲੱਗੇ ਕਿ ਤੁਸੀਂ ਬੀਮਾਰ ਹੋ ਰਹੇ ਹੋ ਤਾਂ ਮੂੰਹ 'ਤੇ ਛਿੱਕਲ (Mask) ਪਾ ਕੇ ਰੱਖੋ, ਘਰਦਿਆਂ ਤੋਂ ਵੱਖਰੇ ਕਮਰੇ ਵਿਚ ਰਹੋ। ਜੇ ਹਾਲਤ ਗੰਭੀਰ ਹੁੰਦੀ ਦਿਸੇ ਤਾਂ ਡਾਕਟਰ ਨੂੰ ਫੋਨ ਕਰੋ; ਉਹ ਦੱਸੇਗਾ ਕਿ ਅੱਗੇ ਕੀ ਕਰਨਾ ਹੈ? ਐਮਰਜੈਂਸੀ ਵਿਚ ਖੁਦ ਹਸਪਤਾਲ ਨਾ ਜਾਵੋ, ਕਿਉਂਕਿ ਡਾਕਟਰਾਂ-ਨਰਸਾਂ ਨੇ ਆਉਣ ਵਾਲੇ ਮਰੀਜ਼ ਲਈ ਲੋੜੀਂਦੇ ਇੰਤਜਾਮ ਕਰਨੇ ਹੁੰਦੇ ਹਨ।

14. ਖਾਣ-ਪੀਣ ਦੀਆਂ ਵਸਤਾਂ ਜਮ੍ਹਾ ਕਰਕੇ ਰੱਖੋ, ਪਰ ਐਨੀਆਂ ਵੀ ਨਾ ਜਮ੍ਹਾ ਕਰੋ ਕਿ ਲੋੜਵੰਦ ਵਾਂਝੇ ਰਹਿ ਜਾਣ।

15. ਆਰਾਮ ਕਰੋ, ਆਪਣੇ ਆਪ ਨੂੰ ਗਰਮ ਰੱਖੋ, ਕਾਫੀ ਸਾਰਾ ਪਾਣੀ/ਜੂਸ ਪੀਓ। ਸਾਹ ਸੁੱਕਣ 'ਤੇ ਹਿਊਮਿਡੀਫਾਇਰ ਦੀ ਵਰਤੋਂ ਕਰੋ।

## ਕਰੋਨਾ ਵਾਇਰਸ ਦੇ ਸ਼ਿਕਾਰ ਕਿਹੜੇ ਲੋਕ ਹੋ ਸਕਦੇ ਹਨ?

ਵੈਸੇ ਤਾਂ ਕੋਈ ਵੀ ਇਸ ਵਾਇਰਸ ਦਾ ਸ਼ਿਕਾਰ ਹੋ ਸਕਦਾ ਹੈ, ਪਰ ਵੱਡੀ ਉਮਰ ਦੇ ਲੋਕਾਂ ਨੂੰ ਵੱਧ ਖਤਰਾ ਹੈ। ਅਜੋਕੇ ਹਾਲਾਤ ਅਨੁਸਾਰ ਕਰੋਨਾ ਵਾਇਰਸ ਦੇ ਦਸਾਂ ਮਰੀਜ਼ਾਂ ਵਿਚੋਂ ਅੱਠ 65 ਸਾਲ ਤੋਂ ਵੱਧ ਉਮਰ ਦੇ ਹਨ। ਵੱਡੀ ਉਮਰ ਵਿਚ ਰੋਗ-ਸੁਰੱਖਿਆ ਪ੍ਰਬੰਧ ਜ਼ਰਾ ਕਮਜ਼ੋਰ ਪੈ ਜਾਂਦਾ ਹੈ। ਵੱਡੀ ਉਮਰ ਵਿਚ ਉਨ੍ਹਾਂ ਲੋਕਾਂ ਨੂੰ ਵੱਧ ਖਤਰਾ ਹੈ, ਜੋ ਪਹਿਲਾਂ ਹੀ ਕਿਸੇ ਨਾ ਕਿਸੇ ਬੀਮਾਰੀ ਦੇ ਸ਼ਿਕਾਰ ਹਨ, ਜਿਵੇਂ ਦਿਲ ਦਾ ਦੌਰਾ, ਲਹੂ ਦਾ ਦਬਾਓ, ਸ਼ੂਗਰ ਰੋਗ, ਹੈਪੇਟਾਈਟਸ-ਬੀ, ਏਡਜ਼ ਆਦਿ। ਯਾਦ ਰਹੇ, ਉਮਰ ਨੂੰ ਦੋ ਤਰ੍ਹਾਂ ਮਿਣਿਆ ਜਾਂਦਾ ਹੈ, ਇਕ ਤਾਂ ਸਾਲਾਂ ਦੇ ਨੰਬਰਾਂ ਨਾਲ ਤੇ ਦੂਜਾ ਇਨਸਾਨ ਦੀ ਸਿਹਤ ਦੇ ਮਿਆਰ ਨਾਲ। ਕਈ ਛੋਟੀ ਉਮਰ ਦੇ ਬੰਦੇ ਦੇਖਣ ਨੂੰ ਬੁੱਢੇ ਲਗਦੇ ਹਨ ਤੇ ਕਈ ਵੱਡੀ ਉਮਰ ਦੇ ਛੋਟੇ ਲਗਦੇ ਹਨ।

## ਵੱਡੀ ਉਮਰ ਦੇ ਲੋਕਾਂ ਨੂੰ ਕੀ ਕਰਨਾ ਚਾਹੀਦਾ ਹੈ?

1. ਫਿਕਰ ਘਟਾਓ ਤੇ ਉਹ ਕੰਮ ਕਰੋ ਜਾਂ ਆਦਤਾਂ ਅਪਨਾਓ, ਜਿਨ੍ਹਾਂ ਵਿਚ ਦਿਲਚਸਪੀ ਹੋਵੇ।

2. ਕਸਰਤ ਕਰੋ, ਡੂੰਘੇ ਸਾਹ ਲਓ, ਯੋਗਾ ਕਰੋ, ਸਮਾਧੀ ਲਾ ਕੇ ਧਿਆਨ ਧਰੋ।

3. ਦੋਸਤਾਂ-ਮਿੱਤਰਾਂ ਨਾਲ ਸੰਪਰਕ ਰੱਖੋ ਤੇ ਗੱਪ-ਸ਼ੱਪ ਮਾਰੋ।

4. ਪੁਰਾਣੇ ਦੋਸਤਾਂ ਨਾਲ ਸੰਪਰਕ ਜੋੜੋ, ਜੋ ਕਦੇ ਦਿਲਦਾਰ ਰਹੇ ਹੋਣ।

5. ਜੇ ਕੁਝ ਵੀ ਰਾਸ ਨਾ ਆਵੇ ਤਾਂ ਹੈਲਥਕੇਅਰ ਕਾਮੇ ਜਾਂ ਮਨੋ ਵਿਗਿਆਨੀ ਦਾ ਆਸਰਾ ਲਓ।

**ਟੈਸਟ:** ਪਹਿਲਾਂ ਪਹਿਲ ਕਰੋਨਾ ਵਾਇਰਸ ਦੇ ਟੈਸਟ ਨੂੰ ਕਈ ਦਿਨ ਲੱਗ ਜਾਂਦੇ ਸਨ। ਐਫ. ਡੀ. ਐਡ. (Food and Drug administration) ਨੇ ਇਕ ਨਵੇਂ ਟੈਸਟ ਨੂੰ ਵਰਤਣ ਦੀ ਇਜਾਜ਼ਤ ਦੇ ਦਿੱਤੀ ਹੈ, ਜੋ ਵਾਇਰਸ ਬਾਰੇ 15 ਮਿੰਟ ਵਿਚ ਦੱਸ ਦਿੰਦਾ ਹੈ। ਇਹ ਟੈਸਟ ਡਾਕਟਰ ਦੇ ਦਫਤਰ ਵਿਚ ਕਰਵਾ ਸਕਦੇ ਹੋ। ਇਸ ਟੈਸਟ ਲਈ ਅਜੇ ਕਿੱਟਾਂ ਦੀ ਕਿੱਲਤ ਹੈ, ਪਰ ਇਹ ਘਾਟ ਛੇਤੀ ਪੂਰੀ ਹੋ ਜਾਵੇਗੀ।

**ਇਲਾਜ:** ਕਰੋਨਾ ਵਾਇਰਸ ਦਾ ਅਜੇ ਕੋਈ ਪੁਖਤਾ ਇਲਾਜ ਨਹੀਂ ਲੱਭਾ। ਸੰਸਾਰ ਸਿਹਤ ਸੰਸਥਾ (WHO) ਨੇ ਪੁਰਾਣੇ ਵਾਇਰਸਾਂ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਦਵਾਈਆਂ ਦੇ ਅਸਰ ਨੂੰ ਪਰਖਣ ਲਈ ਸੰਸਾਰ ਪੱਧਰ 'ਤੇ ਤਜਰਬੇ ਅਰੰਭੇ ਹਨ। ਅੱਜੇ ਇਨ੍ਹਾਂ ਦੇ ਅਸਰ ਬਾਰੇ ਕੋਈ ਜਾਣਕਾਰੀ ਦਰਕਾਰ ਨਹੀਂ ਹੋਈ।

1. ਲੋਪੀਨਾਵੀਅਰ ਤੇ ਰਿਟੋਨਾਵੀਅਰ (Lopinavir and Ritonavir): ਇਹ ਦਵਾਈਆਂ HIV (ਏਡਜ਼) ਵਾਇਰਸ ਲਈ ਵਰਤੀਆਂ ਜਾਂਦੀਆਂ ਹਨ।


2. ਲੋਪੀਨਾਵੀਅਰ, ਰਿਟੋਨਾਵੀਅਰ ਅਤੇ ਇੰਟਰਫਿਰੋਨ-ਬੀਟਾ (Inteferon-beta) ਦਾ ਮਿਲਗੋਭਾ MERS ਵਾਇਰਸ ਦੇ ਇਲਾਜ ਲਈ ਵਰਤਿਆ ਜਾ ਰਿਹਾ ਹੈ।

3. ਰੈਮਡੇਸੀਵੀਅਰ: ਇਹ ਦਵਾਈ ਈਬੋਲਾ ਵਾਇਰਸ ਲਈ ਵਰਤੀ ਜਾਂਦੀ ਹੈ।

4. ਰੈਮਡੇਸੀਵੀਅਰ ਨੂੰ ਰਸਾਇਣਿਕ ਤੱਤ 3 CLpro-1 ਨਾਲ ਮਿਲਾ ਕੇ ਵਰਤਣ ਨਾਲ ਸਾਰਸ (SARS) ਦਾ ਇਲਾਜ ਕੀਤਾ ਜਾ ਰਿਹਾ ਹੈ। ਸਾਰਸ ਅਤੇ ਕਰੋਨਾ ਵਾਇਰਸ ਦੇ ਆਰ. ਐਨ. ਏ. ਕਣਾਂ 'ਚ ਥੋੜ੍ਹਾ ਫਰਕ ਹੈ, ਇਸ ਲਈ ਇਹ ਦਵਾਈ ਲਾਭਦਾਇਕ ਸਿੱਧ ਹੋ ਸਕਦੀ ਹੈ।

5. ਹਾਇਡਰੌਕਸੀਕਲੋਰੋਕੁਇਨ ਅਤੇ ਕਲੋਰੋਕੁਇਨ, (Hydroxychloroquine

*(ਬਾਕੀ ਅਗਲੇ ਸਫੇ 'ਤੇ)*





*ਚਿਤਰ-2: ਇਨਸਾਨੀ ਕੋਸ਼ ਵਿਚ ਵਾਇਰਸ ਦੀ ਗਤੀਵਿਧੀ।*

# ਸਦਮਿਆਂ ਦੇ ਦੌਰ 'ਚ ਮਹਾ-ਸਦਮਾ 'ਕਰੋਨਾ ਵਾਇਰਸ'

ਦੁਨੀਆਂ ਏਨੀ ਤੇਜ਼ੀ, ਖੁਫੀਆ ਤੇ ਚਾਲਬਾਜ਼ੀ ਨਾਲ ਬਦਲ ਰਹੀ ਹੈ ਕਿ ਆਮ ਮਨੁੱਖ ਨੂੰ ਪਤਾ ਹੀ ਨਹੀਂ ਲਗਦਾ ਕਦੋਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਜਾਂਦੀ ਹੈ, ਉਹ ਖਲਾਅ ਵਿਚ ਲਟਕ ਜਾਂਦਾ ਹੈ ਤੇ ਸਦਮੇ ਦਾ ਸ਼ਿਕਾਰ ਹੋ ਜਾਂਦਾ ਹੈ। ਮਨੁੱਖ ਤੇ ਵਿਸ਼ਵ ਹਰ ਵੇਲੇ ਕਿਸੇ ਨਾ ਕਿਸੇ ਸਦਮੇ ਦਾ ਸ਼ਿਕਾਰ ਹੀ ਰਹਿੰਦਾ ਹੈ। ਸਦਮਾ ਮਨੁੱਖ ਤੇ ਵਿਸ਼ਵ ਨੂੰ ਸੁੰਨ ਕਰ ਦਿੰਦਾ ਹੈ। ਜਦੋਂ ਤੁਸੀਂ ਸਦਮੇ ਦਾ ਸ਼ਿਕਾਰ ਹੁੰਦੇ ਹੋ ਤਾਂ ਤੁਹਾਡੀਆਂ ਸਭ ਗਿਆਨ ਇੰਦਰੀਆਂ ਸੁੰਨ ਹੋ ਜਾਂਦੀਆਂ ਨੇ ਤੇ ਤੁਹਾਡੇ ਤੋਂ ਕੋਈ ਵੀ ਆਪਣੀ ਗੱਲ ਮੰਨਵਾ ਸਕਦਾ ਹੈ। ਸਦਮੇ ਦੀ ਕੋਈ ਵੀ ਕਿਸਮ ਹੋ ਸਕਦੀ ਹੈ-ਸਰੀਰਕ ਵੀ, ਮਾਨਸਿਕ ਤੇ ਵਿਚਾਰਧਾਰਕ ਵੀ। ਦੁਨੀਆਂ ਦੀਆਂ ਸਭ ਤੋਂ ਵੱਡੀਆਂ ਜਮਹੂਰੀ ਕਹਾਉਣ ਵਾਲੀਆਂ ਧਿਰਾਂ ਵੀ ਅਕਸਰ ਹੀ ਆਪਣੇ ਵਿਰੋਧੀਆਂ ਨੂੰ ਸਦਮੇ ਦੇ ਕੇ ਗੱਲਾਂ ਮੰਨਵਾਉਂਦੀਆਂ ਰਹੀਆਂ ਹਨ।



**ਡਾ. ਪਰਮਜੀਤ ਸਿੰਘ ਕੱਟੂ**
ਫੋਨ: 91-70873-20578

ਵਿਸ਼ਵ ਗਲੋਬਲ ਵਾਰਮਿੰਗ, ਆਰਥਕ ਮੰਦਵਾੜਾ, ਕੌਮਾਂਤਰੀ ਪਰਵਾਸ, ਗੁਰਬਤ, ਐਟਮੀ ਬੰਬ, ਘੱਟ-ਗਿਣਤੀਆਂ ਦੇ ਸੰਕਟ ਭਰੇ ਕਿੰਨੇ ਹੀ ਸਦਮਿਆਂ ਵਿਚੋਂ ਲੰਘ ਰਿਹਾ ਸੀ ਤੇ ਐਨ ਇਸੇ ਵੇਲੇ ਕਰੋਨਾ ਵਾਇਰਸ ਦਾ ਮਹਾ ਸਦਮਾ ਪੂਰੇ ਵਿਸ਼ਵ ਨੂੰ ਝਟਕਾ ਦੇ ਦਿੰਦਾ ਹੈ। ਬਾਕੀ ਸਦਮੇ ਨਿੱਕੇ ਲੱਗਣ ਲੱਗ ਪਏ ਹਨ।

**ਪੁਸਤਕ 'ਸਦਮਾ ਸਿਧਾਂਤ':** 'ਦਿ ਸ਼ੌਕ ਡੌਕਟਰਾਈਨ: ਦਿ ਰਾਈਜ਼ ਆਫ ਡਿਜ਼ਾਸਟਰ ਕੈਪੀਟਲਿਜ਼ਮ' ਦਾ ਪੰਜਾਬੀ ਵਿਚ ਅਨੁਵਾਦ 'ਸਦਮਾ ਸਿਧਾਂਤ: ਤਬਾਹੀ ਪਸੰਦ ਸਰਮਾਏਦਾਰੀ ਦਾ ਉਭਾਰ' ਕੈਨੇਡੀਅਨ ਲੇਖਕ, ਫਿਲਮਕਾਰ, ਸਮਾਜਕ ਕਾਰਕੁਨ ਤੇ ਰਾਜਸੀ ਚਿੰਤਕ ਨੈਓਮੀ ਕਲੇਨ ਦੀ 2007 ਵਿਚ ਪ੍ਰਕਾਸ਼ਿਤ ਹੋਈ ਵਿਸ਼ਵ ਪ੍ਰਸਿੱਧ ਖੋਜ ਪੁਸਤਕ ਹੈ।

ਨੈਓਮੀ ਕਲੇਨ ਕਾਰਪੋਰੇਟ ਸਰਮਾਏਦਾਰੀ ਦੀਆਂ ਸਮਕਾਲੀ ਕਾਰਵਾਈਆਂ ਦਾ ਪਰਦਾਫਾਸ਼ ਕਰਨ ਲਈ ਸਦਮਿਆਂ ਨੂੰ ਤਿੰਨ ਹਿੱਸਿਆਂ ਵਿਚ ਵੰਡਦੀ ਹੈ। ਲੇਖਿਕਾ ਅਨੁਸਾਰ ਪਹਿਲਾ ਸਦਮਾ ਜੰਗਾਂ, ਦਹਿਸ਼ਤਵਾਦੀ ਹਮਲਿਆਂ, ਰਾਜ-ਪਲਟਿਆਂ ਅਤੇ ਕੁਦਰਤੀ ਆਫਤਾਂ ਦਾ ਹੈ। ਦੂਜਾ ਸਦਮਾ ਪਹਿਲੇ ਸਦਮੇ ਨੂੰ ਆਪਣੀਆਂ ਖੁਫੀਆ ਤੇ ਰਾਜਸੀ ਚਾਲਾਂ ਰਾਹੀਂ ਹੋਰ ਤੀਖਣ ਕਰਕੇ ਬਹੁ-ਕੌਮੀ ਕਾਰਪੋਰੇਸ਼ਨਾਂ ਅਤੇ ਸਿਆਸਤਦਾਨ ਆਪਣੇ ਆਰਥਕ-ਰਾਜਸੀ ਹਿੱਤਾਂ ਦੀ ਪੂਰਤੀ ਕਰਦੇ ਹਨ। ਜਦੋਂ ਲੋਕ ਆਪਣੇ ਕੌਮੀ ਅਤੇ ਸਮਾਜਕ ਹਿੱਤ ਖਤਰੇ ਵਿਚ ਆਏ ਦੇਖ ਕੇ ਇਨ੍ਹਾਂ ਦੀ ਰਾਖੀ ਲਈ ਇਸ ਦਾ ਵਿਰੋਧ ਕਰਨ ਦੇ ਰਾਹ ਪੈਂਦੇ ਹਨ ਤਾਂ ਤੀਜੇ ਸਦਮੇ ਦੇ ਰੂਪ ਵਿਚ ਪੁਲਿਸ, ਫੌਜ ਅਤੇ ਜੇਲ੍ਹਾਂ ਦੇ ਤਫਤੀਸ਼ੀ ਅਫਸਰ ਸਦਮੇ ਤੋਂ ਪੀੜਤ ਸਮਾਜ 'ਤੇ ਜਬਰ-ਜ਼ੁਲਮ ਕਰਦੇ ਹਨ।

ਨੈਓਮੀ ਸੀ. ਆਈ. ਏ. ਵੱਲੋਂ ਕੈਨੇਡਾ ਦੀ ਮੈਕਗਿਲ ਯੂਨੀਵਰਸਿਟੀ ਵਿਚ ਤਸੀਹਿਆਂ ਬਾਰੇ ਕਰਵਾਈ ਖੋਜ ਨੂੰ ਅਰੰਭ ਬਿੰਦੂ ਬਣਾਉਂਦੀ ਹੈ। ਫਿਰ ਉਹ ਚਾਰ ਦਹਾਕਿਆਂ ਦੌਰਾਨ ਇੰਡੋਨੇਸ਼ੀਆ, ਚਿਲੀ, ਅਰਜਨਟਾਈਨਾ, ਬੋਲੀਵੀਆ, ਉਰੂਗੁਏ, ਪੋਲੈਂਡ, ਰੂਸ, ਦੱਖਣੀ ਅਫਰੀਕਾ, ਸ੍ਰੀ ਲੰਕਾ, ਥਾਈਲੈਂਡ, ਦੱਖਣੀ ਕੋਰੀਆ, ਇਰਾਕ ਅਤੇ ਹੋਰ ਦੇਸ਼ਾਂ ਵਿਚ ਵਾਪਰੀਆਂ ਇਤਿਹਾਸਕ ਘਟਨਾਵਾਂ ਦਾ ਵਿਸਥਾਰ ਸਹਿਤ ਅਤੇ ਤੱਥਪੂਰਨ ਵੇਰਵਾ ਦਿੰਦੀ ਇਨ੍ਹਾਂ ਥਾਂਵਾਂ 'ਤੇ ਸਦਮਾ ਸਿਧਾਂਤ ਨੂੰ ਅਮਲ ਵਿਚ ਆਉਂਦਾ ਦਰਸਾਉਂਦੀ ਹੈ। ਲੇਖਿਕਾ ਇਰਾਕ ਵਿਰੁਧ ਅਮਰੀਕਾ ਦੀ ਪੂਰੀ ਤਰ੍ਹਾਂ ਨਹੱਕੀ ਤੇ ਧਾੜਵੀ ਜੰਗ ਅਤੇ ਇਰਾਕ 'ਤੇ ਕਬਜ਼ੇ ਨੂੰ ਸਦਮਾ ਸਿਧਾਂਤ ਦੀ ਹਿੰਸਾ ਦੀ ਸਿਖਰ ਕਹਿੰਦੀ ਹੈ।

ਸੌਖੀ ਭਾਸ਼ਾ ਵਿਚ ਕਹਿਣਾ ਹੋਵੇ ਤਾਂ ਤਿੰਨ ਤਰ੍ਹਾਂ ਦੇ ਸਦਮੇ ਹਨ-ਵਿਅਕਤੀਗਤ ਸਦਮੇ, ਸਟੇਟ ਦੇ ਸਦਮੇ ਤੇ ਕੁਦਰਤ ਦੇ ਸਦਮੇ। ਇਨ੍ਹਾਂ ਤਿੰਨਾਂ ਸਦਮਿਆਂ ਦਾ ਲਾਹਾ ਧਨਾਢ ਮੁਲਕ ਤੇ ਸਿਆਸਤਦਾਨ ਲੈਂਦੇ ਹਨ।



*ਕਿਨਾਰੇ ਖੜ੍ਹੀ ਬੇ-ਮਲਾਹੀ ਕਿਸ਼ਤੀ ਦੁਆਲੇ ਪਸਰਿਆ ਲਹੂ ਰੰਗਾ ਜਾਲ, ਜਿਸ 'ਤੇ ਚਾਬੀਆਂ ਹੀ ਚਾਬੀਆਂ ਹਨ*

**ਮਹਾ-ਸਦਮੇ ਦੇ ਮਹਾ-ਪ੍ਰਸ਼ਨ:** ਸਿੱਧ ਹੋ ਚੁਕਾ ਹੈ ਕਿ ਸਦਮੇ ਵਿਚੋਂ ਮਨੁੱਖ ਫੈਸਲਾ ਕਰਨ ਦੀਆਂ ਸ਼ਕਤੀਆਂ ਤੇ ਸਮਰੱਥਾ ਖੋ ਲੈਂਦਾ ਹੈ। ਸਵਾਲ ਹੈ ਕਿ ਕਰੋਨਾ ਵਾਇਰਸ ਦੇ ਸਦਮੇ ਵੇਲੇ ਅਸੀਂ ਕੀ ਕੀ ਖੋ ਲਵਾਂਗੇ? ਕਿਉਂਕਿ ਇਹ ਤੀਜੇ ਵਿਸ਼ਵ ਯੁੱਧ ਜਿਹੀ ਸਥਿਤੀ ਬਣ ਚੁਕੀ ਹੈ। ਪਹਿਲੇ ਦੋ ਵਿਸ਼ਵ ਯੁੱਧਾਂ ਵਿਚ ਵੀ ਅਸੀਂ ਬਹੁਤ ਕੁਝ ਖੋਹਿਆ ਸੀ। ਉਨ੍ਹਾਂ ਸਦਮਿਆਂ ਨੇ ਵੀ ਮਨੁੱਖ ਨੂੰ ਬਿਲਕੁਲ ਝੰਜੋੜ ਕੇ ਰੱਖ ਦਿੱਤਾ ਸੀ। ਇਤਿਹਾਸ ਦੇ ਪ੍ਰੋਫੈਸਰ ਰਾਬਰਟ ਵੋਲ ਨੇ ਆਪਣੀ ਕਿਤਾਬ '1914 ਦੀ ਪੀੜ੍ਹੀ' ਵਿਚ ਲਿਖਿਆ, "ਜਿਨ੍ਹਾਂ ਨੇ ਵੀ ਇਹ ਯੁੱਧ ਵੇਖਿਆ ਸੀ, ਉਹ ਯਕੀਨ ਨਹੀਂ ਕਰ ਸਕਦੇ ਕਿ ਅਗਸਤ 1914 ਤੋਂ ਸੰਸਾਰ ਦਾ ਰੁਖ ਹੀ ਬਦਲ ਗਿਆ ਹੈ।"

ਇਤਿਹਾਸਕਾਰ ਨਾਰਮਨ ਕੈਨਟਰ ਲਿਖਦੇ ਹਨ, "ਹਰ ਥਾਂ ਲੋਕਾਂ ਦੇ ਚਾਲ-ਚਲਨ ਦੇ ਪੱਧਰ, ਜੋ ਪਹਿਲਾਂ ਤੋਂ ਹੀ ਡਿੱਗਣੇ ਸ਼ੁਰੂ ਹੋ ਗਏ ਸਨ, ਹੁਣ ਪੂਰੀ ਤਰ੍ਹਾਂ ਖਤਮ ਹੋ ਚੁਕੇ ਹਨ। ਵੱਡੇ-ਵੱਡੇ ਨੇਤਾ ਅਤੇ ਸੈਨਾ ਦੇ ਜਰਨੈਲ ਆਪਣੇ ਅਧੀਨ ਲੱਖਾਂ ਲੋਕਾਂ ਨਾਲ ਇਸ ਤਰ੍ਹਾਂ ਪੇਸ਼ ਆਏ, ਮਾਨੋ ਉਹ ਹਲਾਲ ਕੀਤੇ ਜਾਣ ਵਾਲੇ ਜਾਨਵਰ ਹੋਣ। ਜਦ ਉਨ੍ਹਾਂ ਨੇ ਹੀ ਅਜਿਹਾ ਕੀਤਾ, ਤਾਂ ਭਲਾ ਧਰਮ ਦਾ ਜਾਂ ਸਹੀ-ਗਲਤ ਦਾ ਕਿਹੜਾ ਅਸੂਲ ਆਮ ਲੋਕਾਂ ਨੂੰ ਹਰ ਦਿਨ ਇਕ-ਦੂਜੇ ਨਾਲ ਜਾਨਵਰਾਂ ਜਿਹਾ ਸਲੂਕ ਕਰਨ ਤੋਂ ਰੋਕ ਸਕਦਾ ਹੈ? ਪਹਿਲੇ ਵਿਸ਼ਵ ਯੁੱਧ ਸਮੇਂ ਜਿਸ ਤਰ੍ਹਾਂ ਖੂਨ ਦੀਆਂ ਨਦੀਆਂ ਵਹਾਈਆਂ ਗਈਆਂ, ਉਸ ਨਾਲ ਇਨਸਾਨ ਦੀ ਜਾਨ ਦੀ ਕੀਮਤ ਇਕਦਮ ਘਟ ਗਈ।"

ਹੁਣ ਸਵਾਲ ਹੈ, ਜਿਸ ਕਰੋਨਾ ਵਾਇਰਸ ਨੂੰ ਅਸੀਂ ਮੌਤ ਮੰਨੀ ਬੈਠੇ ਹਾਂ, ਇਸ ਸਦਮੇ ਵਿਚ ਕੌਣ ਕਿਸ ਤੋਂ ਕੀ ਕੀ ਮੰਨਵਾ ਲਏਗਾ? ਜੇ ਇਹ ਕੋਈ ਰਾਜਸੀ ਚਾਲ ਸੀ ਤਾਂ ਕੀ ਹੁਣ ਇਹ ਰਾਜਸੀ ਚਾਲ ਨਾਲੋਂ ਵੱਧ ਕੁਦਰਤੀ ਕਰੋਪੀ ਹੋ ਗਿਆ ਹੈ? ਕੀ ਇਹ ਵਿਸ਼ਵ ਸ਼ਕਤੀਆਂ ਦੀ ਦੌੜ ਦਾ ਕੋਈ ਖਤਰਨਾਕ ਪੜਾਅ ਹੈ? ਕੀ ਅਜਿਹੇ ਮਾਹੌਲ ਬਾਰੇ ਲਿਖੀਆਂ ਪੁਸਤਕਾਂ ਜਾਂ ਬਣੀਆਂ ਫਿਲਮਾਂ ਮਹਿਜ਼ ਇਤਫਾਕ ਹਨ? ਕੀ ਇਹ ਤੀਜੇ ਵਿਸ਼ਵ ਯੁੱਧ ਜਿਹੀ ਕੋਈ ਹਾਲਤ ਹੈ? ਕੀ ਕੁਝ ਮੁਲਕਾਂ ਵਿਚ ਇਸ ਦਾ ਬਿਲਕੁਲ ਅਸਰ ਨਾ ਹੋਣਾ ਉਨ੍ਹਾਂ ਦੇ ਵੱਧ ਤੰਦਰੁਸਤ ਹੋਣ ਦਾ ਕੋਈ ਰਾਜ਼ ਹੈ? ਕੀ ਕੁਦਰਤੀ ਸਰੋਤਾਂ ਨੂੰ ਸਾਹ ਆਉਣ ਜਿਹੀ ਕੋਈ ਹਾਲਤ ਹੈ ਜਾਂ ਮਨੁੱਖ ਦਾ ਕੁਦਰਤ 'ਤੇ ਭਾਰੂ ਪੈ ਜਾਣ ਦਾ ਖਤਰਨਾਕ ਸੰਕੇਤ ਹੈ? ਬਿਨਾ ਸ਼ੱਕ ਇਸ ਵੇਲੇ ਬਚਾਅ ਵਿਚ ਹੀ ਬਚਾਅ ਵਾਲੀ ਸਥਿਤੀ ਬਣੀ ਹੋਈ ਹੈ, ਪਰ ਗਰੀਬ ਮਨੁੱਖ ਤੇ ਬਜ਼ੁਰਗ ਕਿਸ ਤੋਂ ਬਚਣਗੇ? ਇਸ ਸਦਮੇ ਦਾ ਲਾਹਾ ਕੌਣ ਕੌਣ ਲਵੇਗਾ?

**ਆਖਰੀ ਗੱਲ:** 2013 ਦਾ ਦਿੱਲੀ ਕਲਾ ਮੇਲਾ ਦੇਖਿਆ ਤਾਂ ਆਹ ਤਸਵੀਰ ਕਲਾ ਕ੍ਰਿਤੀ ਬਹੁਤ ਖਿੱਚ ਪਾ ਰਹੀ ਸੀ, (Installation Artist Chiharu Shiota Casts a Tangled Web of Thread) ਸਾਡਾ ਹਾਲ ਕਿਨਾਰੇ ਖੜ੍ਹੀ ਬੇ-ਮਲਾਹੀ ਕਿਸ਼ਤੀ ਜਿਹਾ ਹੋ ਚੁਕੈ ਕਿ ਸਾਡੇ ਆਲੇ ਦੁਆਲੇ ਲਹੂ ਰੰਗਾ ਜਾਲ ਪਸਰਿਆ ਹੋਇਆ ਹੈ, ਜਿਸ 'ਤੇ ਚਾਬੀਆਂ ਹੀ ਚਾਬੀਆਂ ਹਨ, ਜਿੰਦਾ ਪਤਾ ਨਹੀਂ ਕਿੱਥੇ ਖੋ ਗਿਆ!

# ਕਰੋਨਾ ਵਾਇਰਸ ਬਾਰੇ ਵਾਕਫੀਅਤ

*(ਪਿਛਲੇ ਸਫੇ ਦੀ ਬਾਕੀ)*

and Chloroquine): ਇਹ ਮਲੇਰੀਆ ਦੀਆਂ ਦਵਾਈਆਂ ਹਨ। ਇਹ ਵੀ ਟੈਸਟ ਕੀਤੀਆਂ ਜਾ ਰਹੀਆਂ ਹਨ।

6. ਵਿਨਲਸਲਫੋਨ ਪ੍ਰੋਟੀਏਜ਼ ਇਨਹਿਬਿਟਰਜ਼ (Vinylsulfone protease inhibitors): ਇਹ ਰਸਾਇਣਕ ਤੱਤ ਵੀ ਟੈਸਟ ਕੀਤੇ ਜਾ ਰਹੇ ਹਨ, ਜੋ ਕਰੋਨਾ ਵਾਇਰਸ ਨੂੰ ਇਨਸਾਨ ਦੇ ਕੋਸ਼ ਅੰਦਰ ਦਾਖਲ ਹੋਣ ਤੋਂ ਰੋਕਦੇ ਹਨ।

7. ਫੈਵੀਲਾਵੀਅਰ (Favilavir): ਚੀਨ ਦੀ ਨੈਸ਼ਨਲ ਮੈਡੀਕਲ ਸੰਸਥਾ ਨੇ ਫੈਵੀਲਾਵੀਅਰ ਡਰੱਗ ਨੂੰ ਕਰੋਨਾ ਵਾਇਰਸ ਦੀ ਰੋਕਥਾਮ ਲਈ ਵਰਤਣ ਦੀ ਮਨਜ਼ੂਰੀ ਦਿੱਤੀ ਹੈ। ਇਸ ਡਰਗ ਨੂੰ 70 ਮਰੀਜ਼ਾਂ 'ਤੇ ਵਰਤਿਆ ਗਿਆ ਹੈ ਤੇ ਇਸ ਦਾ ਕੁਝ ਅਸਰ ਹੁੰਦਾ ਲਗਦਾ ਹੈ।

8. ਕਈ ਕੰਪਨੀਆਂ ਕਰੋਨਾ ਵਾਇਰਸ ਦੇ ਟੀਕੇ/ਵੈਕਸੀਨ ਲੱਭ ਰਹੀਆਂ ਹਨ, ਇਨ੍ਹਾਂ ਨੂੰ ਲੱਭਣ ਅਤੇ ਟੈਸਟ ਕਰਨ ਵਿਚ 12 ਤੋਂ 18 ਮਹੀਨੇ ਲੱਗ ਸਕਦੇ ਹਨ।

**ਅਮਰੀਕਾ ਦੇ 'ਬੀਮਾਰੀ ਕੰਟਰੋਲ ਕੇਂਦਰ' (Center for Disease Control) ਦੇ ਸਵਾਲ-ਜਵਾਬ:**

**1. ਕੀ ਕਰੋਨਾ ਵਾਇਰਸ ਗਰਮ ਅਤੇ ਸਿਲ੍ਹੇ ਖੇਤਰਾਂ ਵਿਚ ਫੈਲ ਸਕਦੀ ਹੈ?**

-ਹੁਣ ਤਕ ਦੀ ਜਾਣਕਾਰੀ ਦੇ ਅਨੁਸਾਰ ਇਹ ਸਭ ਥਾਂਵਾਂ 'ਤੇ ਫੈਲ ਸਕਦੀ ਹੈ।

**2. ਕੀ ਸਰਦੀ ਤੇ ਗਰਮੀ ਇਸ ਨੂੰ ਨਸ਼ਟ ਕਰ ਸਕਦੀ ਹੈ?**

-ਆਮ ਜਿਹੀ ਗਰਮੀ-ਸਰਦੀ ਦਾ ਇਸ 'ਤੇ ਕੋਈ ਅਸਰ ਨਹੀਂ ਪੈਂਦਾ। ਸਰੀਰ ਦਾ ਤਾਪਮਾਨ 36.5 ਤੋਂ 37 ਸੈਂਟੀਗਰੇਡ ਹੁੰਦਾ ਹੈ, ਇਸ ਤਾਪਮਾਨ ਵਿਚ ਇਸ ਦਾ ਵਾਧਾ ਹੁੰਦਾ ਹੈ। ਗਰਮੀਆਂ ਦੀ ਰੁੱਤ ਵਿਚ ਇਹ ਘੱਟ ਜ਼ਰੂਰ ਜਾਂਦੀ ਹੈ, ਪਰ ਮਰਦੀ ਨਹੀਂ।

**3. ਕੀ ਗਰਮ ਪਾਣੀ ਨਾਲ ਇਸ਼ਨਾਨ ਕਰਨ ਨਾਲ ਮਰ ਜਾਂਦੀ ਹੈ?**

-ਗਰਮ ਜਾਂ ਠੰਡੇ ਪਾਣੀ ਨਾਲ ਨਹਾਉਣ ਦਾ ਇਸ 'ਤੇ ਕੋਈ ਅਸਰ ਨਹੀਂ ਹੁੰਦਾ।

**4. ਕੀ ਇਹ ਮੱਛਰਾਂ ਰਾਹੀਂ ਫੈਲ ਸਕਦੀ ਹੈ?**

-ਵਿਗਿਆਨੀਆਂ ਨੇ ਇਸ ਦੇ ਮੱਛਰਾਂ ਵਲੋਂ ਫੈਲਾਏ ਜਾਣ ਬਾਰੇ ਕੋਈ ਪੁਸ਼ਟੀ ਨਹੀਂ ਕੀਤੀ।

**5. ਕੀ ਹੱਥ ਸੁਕਾਉਣ ਵਾਲੇ ਯੰਤਰ (Hot air blowers) ਇਸ ਨੂੰ ਮਾਰ ਸਕਦੇ ਹਨ?**


-ਸਹਿੰਦੀ ਜਿਹੀ ਗਰਮ ਹਵਾ ਇਸ ਨੂੰ ਨਹੀਂ ਮਾਰ ਸਕਦੀ। ਲੂਹਣ ਵਾਲੇ ਤਾਪਮਾਨ ਵਿਚ ਮਰ ਜਾਂਦੀ ਹੈ।

**6. ਕੀ ਅਲਟ੍ਰਾਵਾਇਲਿਟ ਸ਼ੁਆਵਾਂ (Ultraviolet waves) ਇਸ ਨੂੰ ਨਸ਼ਟ ਕਰ ਸਕਦੀਆਂ ਹਨ?**

-ਅਲਟ੍ਰਾਵਾਇਲਿਟ ਸ਼ੁਆਵਾਂ ਇਸ ਨੂੰ ਮਾਰ ਤਾਂ ਸਕਦੀਆਂ ਹਨ, ਪਰ ਇਨ੍ਹਾਂ ਦਾ ਸਰੀਰ 'ਤੇ ਹਾਨੀਕਾਰਕ ਅਸਰ ਪੈ ਸਕਦਾ ਹੈ, ਕਿਉਂਕਿ ਇਸ ਨਾਲ ਚਮੜੀ ਸੜ ਸਕਦੀ ਹੈ ਅਤੇ ਸਰੀਰ ਵਿਚ ਕੋਈ ਮਿਊਟੇਸ਼ਨ ਪੈਦਾ ਹੋ ਸਕਦੀ, ਜੋ ਕੈਂਸਰ ਜਿਹੀ ਘਾਤਕ ਬੀਮਾਰੀ ਦਾ ਕਾਰਨ ਬਣ ਸਕਦੀ ਹੈ।

**7. ਕੀ ਥਰਮਾ-ਸਕੈਨਰ (Therma scaner) ਇਸ ਨੂੰ ਪਛਾਣ ਸਕਦੇ ਹਨ?**

-ਸਕੈਨਰ ਉਨ੍ਹਾਂ ਲੋਕਾਂ ਨੂੰ ਪਛਾਣ ਸਕਦੇ ਹਨ, ਜਿਨ੍ਹਾਂ ਨੂੰ ਕਰੋਨਾ ਵਾਇਰਸ ਕਰਕੇ ਬੁਖਾਰ ਵਗੈਰਾ ਹੋ ਗਿਆ ਹੋਵੇ। ਜਿਨ੍ਹਾਂ ਦੇ ਸਰੀਰ ਵਿਚ ਵਾਇਰਸ ਦੇ ਅਧਿਕ ਕਣ ਹੋਣ, ਪਰ ਬੁਖਾਰ ਨਾ ਹੋਇਆ ਹੋਵੇ, ਉਨ੍ਹਾਂ ਨੂੰ ਵੱਖ ਨਹੀਂ ਕੱਢ ਸਕਦੇ।




*ਚਿਤਰ-2: ਤੰਦਰੁਸਤ (ਖੱਬਾ) ਤੇ ਵਾਇਰਸ ਗ੍ਰਸਤ (ਸੱਜਾ) ਫੇਫੜਾ। ਚਿਤਰ ਵਿਚ ਦਿਖਾਇਆ ਗਿਆ ਹੈ ਕਿ ਵਾਇਰਸ ਕਾਰਨ ਸੱਜਾ ਫੇਫੜਾ ਨਕਾਰਾ ਹੋ ਚੁਕਾ ਹੈ ਅਤੇ ਖੱਬਾ ਤੰਦਰੁਸਤ ਹੈ।*

**8. ਕੀ ਸਰੀਰ 'ਤੇ ਅਲਕੋਹਲ ਜਾਂ ਕਲੋਰੀਨ ਛਿੜਕਣ ਨਾਲ ਇਹ ਮਾਰੀ ਜਾ ਸਕਦੀ ਹੈ?**

-ਜੇ ਵਾਇਰਸ ਸਰੀਰ ਵਿਚ ਵੜ ਗਈ ਹੋਵੇ ਤਾਂ ਅਲਕੋਹਲ ਅਤੇ ਕਲੋਰੀਨ ਨਾਲ ਇਸ ਨੂੰ ਮਾਰਿਆ ਨਹੀਂ ਜਾ ਸਕਦਾ। ਦਰਅਸਲ, ਇਨ੍ਹਾਂ ਦਾ ਛਿੜਕਾ ਸਰੀਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

**9. ਕੀ ਨਿਮੋਨੀਆ ਦੇ ਖਿਲਾਫ ਵਰਤੇ ਜਾਣ ਵਾਲੇ ਟੀਕੇ/ਦਵਾਈਆਂ ਇਸ ਨੂੰ ਮਾਰ ਸਕਦੇ ਹਨ?**

-ਸਿਧਾਂਤਕ ਤੌਰ 'ਤੇ ਟੀਕੇ/ਦਵਾਈਆਂ ਵਾਇਰਸ ਨੂੰ ਨਹੀਂ ਮਾਰ ਸਕਦੇ, ਪਰ ਇਨ੍ਹਾਂ ਨੂੰ ਪਰਖਿਆ ਜਾ ਰਿਹਾ ਹੈ।

**10. ਕੀ ਨਮਕੀਨ ਪਾਣੀ ਨਾਲ ਨੱਕ-ਮੂੰਹ ਨੂੰ ਲਗਾਤਾਰ ਸਾਫ ਕਰਨ ਨਾਲ ਇਹ ਨਹੀਂ ਲਗਦੀ?**

-ਲੂਣ ਵਾਲੇ ਪਾਣੀ ਨਾਲ ਆਮ ਜ਼ੁਕਾਮ ਨੂੰ ਤਾਂ ਥੋੜ੍ਹੀ ਬਹੁਤ ਰਾਹਤ ਮਿਲ ਸਕਦੀ ਹੈ, ਪਰ ਇਸ ਵਾਇਰਸ 'ਤੇ ਲੂਣ ਵਾਲੇ ਪਾਣੀ ਦਾ ਬਹੁਤਾ ਅਸਰ ਨਹੀਂ ਹੁੰਦਾ।

**11. ਕੀ ਲਸਣ ਖਾਣ ਨਾਲ ਇਸ ਨੂੰ ਰੋਕਿਆ ਜਾ ਸਕਦਾ ਹੈ?**

-ਲਸਣ ਵਿਚ ਕੁਝ ਕੁ ਕੀਟਾਣੂ-ਨਾਸ਼ਕ ਤੱਤ ਹਨ, ਪਰ ਕਰੋਨਾ ਵਾਇਰਸ ਨੂੰ ਮਾਰਨ ਬਾਰੇ ਕੋਈ ਖੋਜ ਨਹੀਂ ਮਿਲਦੀ।

**12. ਕੀ ਇਹ ਨੌਜਵਾਨ ਲੋਕਾਂ ਨੂੰ ਘੱਟ ਅਤੇ ਬਜ਼ੁਰਗਾਂ ਨੂੰ ਵੱਧ ਚਿੰਬੜਦਾ ਹੈ?**

-ਇਸ ਦਾ ਸ਼ਿਕਾਰ ਹਰ ਉਮਰ ਦੇ ਲੋਕ ਹੋ ਸਕਦੇ ਹਨ, ਪਰ ਵੱਡੀ ਉਮਰ ਦੇ ਲੋਕ, ਖਾਸ ਕਰਕੇ ਜਿਨ੍ਹਾਂ ਨੂੰ ਕੋਈ ਹੋਰ ਦੀਰਘ ਰੋਗ ਹੋਵੇ, ਜਿਵੇਂ ਦਿਲ ਦਾ ਰੋਗ, ਦਮਾ, ਸ਼ੂਗਰ-ਰੋਗ ਆਦਿ ਇਸ ਦੀ ਲਪੇਟ ਵਿਚ ਛੇਤੀ ਆ ਸਕਦੇ ਹਨ।

**13. ਕੀ ਐਂਟੀਬਾਇਓਟਿਕਸ ਵਾਇਰਸ 'ਤੇ ਅਸਰ ਕਰਦੇ ਹਨ?**

-ਇਹ ਬੈਕਟੀਰੀਆ ਲਈ ਤਾਂ ਘਾਤਕ ਹੁੰਦੇ ਹਨ, ਵਾਇਰਸ ਲਈ ਨਹੀਂ।

**14. ਕੀ ਇਹ ਗੱਤੇ ਅਤੇ ਪਲਾਸਟਿਕ ਦੀ ਸਤਹ 'ਤੇ ਜਿਉਂਦਾ ਰਹਿ ਸਕਦਾ ਹੈ?**

-ਗੱਤੇ ਉਤੇ 24 ਘੰਟੇ ਅਤੇ ਪਲਾਸਟਿਕ 'ਤੇ 2-3 ਦਿਨ ਤਕ ਜਿਉਂਦਾ ਰਹਿ ਸਕਦਾ ਹੈ।

**15. ਕੀ ਇਹ ਹਵਾ ਰਾਹੀਂ ਲੱਗ ਸਕਦਾ ਹੈ?**

-ਅਜੇ ਤਕ ਇਸ ਦਾ ਹਵਾ ਰਾਹੀਂ ਲੱਗਣ ਦਾ ਕੋਈ ਪ੍ਰਮਾਣ ਨਹੀਂ ਮਿਲਿਆ। ਇਹ ਛਿੱਕ ਜਾਂ ਖੰਘ ਦੇ ਪ੍ਰਮਾਣੂਆਂ ਰਾਹੀਂ ਫੈਲਦਾ ਹੈ।

### ਅਫਵਾਹਾਂ ਤੋਂ ਸਾਵਧਾਨੀ

ਕਰੋਨਾ ਵਾਇਰਸ ਦਾ ਐਨਾ ਡਰ ਤੇ ਭੈਅ ਫੈਲ ਗਿਆ ਹੈ ਕਿ ਇਸ ਦਾ ਨਾਂ ਸੁਣਦਿਆਂ ਹੀ ਲੋਕਾਂ ਦੀ ਜਾਨ ਮੁੱਠੀ ਵਿਚ ਆ ਜਾਂਦੀ ਹੈ। ਵਾਇਰਸ ਬਾਰੇ ਖੋਜ ਕਰਨਾ ਅਕਾਦਮਿਕ ਲੋਕਾਂ ਦਾ ਕੰਮ ਹੈ, ਜੋ ਵਾਇਰੋਲੋਜੀ, ਮਾਇਕਰੋਬਾਇਓਲੋਜੀ, ਜੈਨੇਟਿਕਸ ਦੇ ਖੇਤਰਾਂ ਦੇ ਮਾਹਰ ਹਨ। ਇਸ ਤਰ੍ਹਾਂ ਦੇ ਗਿਆਨ ਤੋਂ ਵਾਂਝੇ ਲੇਖਕਾਂ ਵਲੋਂ ਲਿਖਣਾ ਆਮ ਲੋਕਾਂ ਦੇ ਮਨਾਂ ਵਿਚ ਖਦਸ਼ੇ ਪੈਦਾ ਕਰਕੇ ਉਨ੍ਹਾਂ ਨੂੰ ਮਾਨਸਿਕ ਰੋਗੀ ਬਣਾ ਸਕਦਾ ਹੈ। ਬਹੁਤ ਸਾਰੇ ਲੋਕ ਕਰੋਨਾ ਵਾਇਰਸ ਤੋਂ ਬਚਾਓ ਲਈ ਕਈ ਕਿਸਮ ਦੇ ਨੁਸਖੇ ਦਸਦੇ ਹਨ, ਉਨ੍ਹਾਂ ਵੱਲ ਬਹੁਤਾ ਧਿਆਨ ਨਹੀਂ ਦੇਣਾ ਚਾਹੀਦਾ।


ਕਰੋਨਾ ਵਾਇਰਸ ਤੋਂ ਪਹਿਲਾਂ ਕਈ ਕਿਸਮ ਦੇ ਵਾਇਰਸ, ਜਿਵੇਂ ਏਡਜ਼, ਈਬੋਲਾ, ਸਾਰਸ, ਮਰਜ਼ ਆਦਿ ਆ ਚੁਕੇ ਹਨ। ਵਿਗਿਆਨੀਆਂ ਨੇ ਇਨ੍ਹਾਂ ਦੇ ਇਲਾਜ ਲੱਭੇ ਹਨ। ਕਰੋਨਾ ਵਾਇਰਸ ਦਾ ਇਲਾਜ ਵੀ ਜ਼ਰੂਰ ਲੱਭ ਲਿਆ ਜਾਵੇਗਾ। ਜੇ ਉਪਰ ਦਿੱਤੇ ਉਪਾਅ ਕਰੋਗੇ ਤਾਂ ਤੁਹਾਨੂੰ ਕੁਝ ਨਹੀਂ ਹੋਣ ਲੱਗਾ। ਜੇ ਕਰੋਨਾ ਵਾਇਰਸ ਲੱਗ ਵੀ ਜਾਵੇ ਤਾਂ ਇਸ ਦਾ ਮਲਤਬ ਇਹ ਨਹੀਂ ਕਿ ਮੌਤ ਤੈਅ ਹੈ! ਖਬਰਾਂ ਤੋਂ ਲਗਦਾ ਹੈ ਕਿ ਇਸ ਵਾਇਰਸ ਕਰਕੇ ਬਹੁਤ ਲੋਕ ਮਰ ਰਹੇ ਹਨ। ਯੇਲ ਯੂਨੀਵਰਸਿਟੀ ਦੇ ਮਾਹਿਰ ਦਾ ਕਹਿਣਾ ਹੈ,

"It can be scary to watch the news and see the death toll rise from the coronavirus overseas. But we now know that most cases of coronavirus in China have been mild and less than 3% of patients have died."

ਅਮੀਰਕਨ ਮੈਡੀਕਲ ਐਸੋਸੀਏਸ਼ਨ ਦੇ ਰਸਾਲੇ ਜਾਮਾ (JAMA) ਵਿਚ ਛਪੇ ਇਕ ਲੇਖ ਵਿਚ ਲਿਖਿਆ ਹੈ ਕਿ ਕਰੋਨਾ ਵਾਇਰਸ ਦੇ ਮਰੀਜ਼ਾਂ ਵਿਚ 80% ਨੂੰ ਮਾੜੀਆਂ ਜਿਹੀਆਂ ਨਿਸ਼ਾਨੀਆਂ ਸਨ, 14% ਵਿਚ ਖਤਰਨਾਕ ਨਿਸ਼ਾਨੀ ਸੀ ਅਤੇ 5% ਵਿਚ ਚਿੰਤਾਜਨਕ ਚਿੰਨ ਸਨ; ਪਰ ਮੌਤ ਸਿਰਫ 2.3% ਲੋਕਾਂ ਦੀ ਹੋਈ। ਆਮ ਜਿਹੇ ਜ਼ੁਕਾਮ ਨਾਲ ਹਰ ਸਾਲ ਹਜ਼ਾਰਾਂ ਲੋਕ ਮਰਦੇ ਹਨ, ਇਸ ਬਾਰੇ ਬਹੁਤੀ ਚਿੰਤਾ ਨਹੀਂ ਹੁੰਦੀ। ਹੁਣ ਵੀ ਬਹੁਤਾ ਨਾ ਡਰੋ, ਵਹਿਮ ਅਤੇ ਡਰ ਕਾਰਨ ਸਰੀਰ ਦਾ ਰੋਗ ਸੁਰੱਖਿਆ ਪ੍ਰਬੰਧ ਕਮਜ਼ੋਰ ਪੈਂਦਾ ਹੈ।

###

# ਸਤੀਸ਼ ਗੁਜਰਾਲ ਦੀ ਸਿਰਜਣਾ



ਸਤੀਸ਼ ਗੁਜਰਾਲ



ਸਤੀਸ਼ ਗੁਜਰਾਲ ਦਾ ਬਣਾਇਆ ਸਵੈ-ਚਿੱਤਰ।

ਸਤੀਸ਼ ਗੁਜਰਾਲ (25 ਦਸੰਬਰ 1925-26 ਮਾਰਚ 2020) ਦੇ ਗੁਜ਼ਰ ਜਾਣ ਨਾਲ ਉਸ ਵਲੋਂ ਅਰੰਭੀ ਕਲਾ ਯਾਤਰਾ ਦਾ ਵੀ ਅੰਤ ਹੋ ਗਿਆ। ਬਿਮਾਰੀ ਨੇ ਉਸ ਦੇ ਸਰੀਰ ਨੂੰ ਕਰੀਬ ਨਕਾਰਾ ਕਰ ਦਿੱਤਾ ਸੀ। ਐਪਰ ਸਰੀਰ ਅੰਦਰ ਵਾਸ ਕਰ ਰਹੀ 'ਜਿਉਣ ਦੀ ਜ਼ਿੱਦ' ਨੇ ਸਰੀਰ ਦਾ ਹਿੱਸਾ ਹੋਣ ਤੋਂ ਇਨਕਾਰ ਕਰ ਦਿੱਤਾ। ਨਤੀਜੇ ਵਜੋਂ ਸਾਡੇ ਸਾਹਮਣੇ ਉਹ ਪੇਂਟਰ, ਮਿਊਰਲ

**ਜਗਤਾਰਜੀਤ ਸਿੰਘ**
ਫੋਨ: +91-98990-91186

ਆਰਟਿਸਟ, ਕੋਲਾਜਕਾਰ, ਬੁੱਤਸਾਜ਼, ਇਮਾਰਤਸਾਜ਼ ਦੇ ਰੂਪ ਵਿਚ ਉਭਰਿਆ। ਉਸ ਨੇ ਜਿਸ ਵੀ ਕਲਾ-ਖੇਤਰ ਨੂੰ ਛੋਹਿਆ, ਉਸ 'ਤੇ ਆਪਣੀ ਛਾਪ ਛੱਡੀ।

ਸਤੀਸ਼ ਗੁਜਰਾਲ ਦਾ ਪਰਿਵਾਰ ਸਮਾਜਕ ਅਤੇ ਸਿਆਸੀ ਪੱਖੋਂ ਜਾਗਰੂਕ ਸੀ। ਦੇਸ਼ ਵਿਚ ਆਜ਼ਾਦੀ ਪ੍ਰਾਪਤੀ ਲਈ ਸੰਘਰਸ਼ ਚੱਲ ਰਿਹਾ ਸੀ। ਇਸੇ ਕਾਰਨ ਪਿਤਾ ਜੇਲ੍ਹ ਵਿਚ ਸੀ। ਸਤੀਸ਼ ਦੀ ਮਾਂ ਆਪਣੇ ਵੱਡੇ ਮੁੰਡੇ (ਮਰਹੂਮ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ) ਅਤੇ ਛੋਟੀ ਬੱਚੀ ਨੂੰ ਲੈ ਕੇ ਜੇਲ੍ਹ ਜਾਂਦੀ ਤਾਂ ਇਹ ਪਿੱਛੇ 'ਕੱਲਾ ਹੀ ਘਰ ਰਹਿ ਜਾਂਦਾ।

ਜਦ ਉਹ ਦੂਜੀ ਜਮਾਤ ਦਾ ਵਿਦਿਆਰਥੀ ਸੀ ਤਾਂ ਸਾਰਾ ਪਰਿਵਾਰ ਸੈਰ ਹਿਤ ਕਸ਼ਮੀਰ ਗਿਆ। ਖੇਡਦਾ-ਖੇਡਦਾ ਸਤੀਸ਼ ਬਰਫ ਦੀ ਨਦੀ ਲਿੱਦੜ ਵਿਚ ਡਿੱਗ ਗਿਆ, ਜਿਸ ਕਾਰਨ ਦੋਵੇਂ ਲੱਤਾਂ ਰਹਿ ਗਈਆਂ। ਕਈ ਅਪਰੇਸ਼ਨਾਂ ਪਿਛੋਂ ਜਦ ਤੁਰਨਯੋਗ ਹੋਇਆ ਤਾਂ ਉਸ ਦੀ ਸੁਣਨ ਸ਼ਕਤੀ ਨੇ ਜਵਾਬ ਦੇ ਦਿੱਤਾ। ਉਸ ਵੇਲੇ ਉਹ ਪੰਜਵੀਂ ਜਮਾਤ ਵਿਚ ਸੀ।

ਇਸ ਪੜਾਅ 'ਤੇ ਉਸ ਦੀ ਸਿਹਤ ਨੂੰ ਲੈ ਕੇ ਮਾਤਾ-ਪਿਤਾ ਦੀ ਚਿੰਤਾ ਵਿਚ ਵਾਧਾ ਹੋ ਗਿਆ। ਸੁਣਨ ਸ਼ਕਤੀ ਚਲੇ ਜਾਣ ਨੇ ਉਸ ਨੂੰ ਹੋਰਾਂ ਤੋਂ ਅਲੱਗ ਕਰ ਦਿੱਤਾ। ਉਦੋਂ ਤੱਕ ਹਾਸਲ ਕੀਤੀ ਉਰਦੂ ਸਿੱਖਿਆ ਨੇ ਉਸ ਦੀ ਬਾਂਹ ਫੜੀ ਅਤੇ ਖਾਲੀ ਸਮਾਂ ਭਰਨ ਵਿਚ ਸਹਾਰਾ ਦਿੱਤਾ। ਉਸ ਨੇ ਉਰਦੂ ਸ਼ਾਇਰਾਂ ਦੀ ਸ਼ਾਇਰੀ ਨਾਲ ਦੋਸਤੀ ਪਾਈ। ਦੂਜੇ ਪੱਧਰ 'ਤੇ ਉਹ ਮੰਜੇ ਉਤੇ ਪਿਆ-ਪਿਆ ਛੱਤ ਵੱਲ ਦੇਖਦਾ ਰਹਿੰਦਾ। ਖੁੱਲ੍ਹੀਆਂ ਅੱਖਾਂ ਸਾਹਮਣੇ ਅਨੇਕਾਂ ਰੰਗਲੇ ਆਕਾਰ ਆਪਣੇ-ਆਪ ਬਣਦੇ ਰਹਿੰਦੇ ਜਾਂ ਖੁਦ ਬਣਾਏ ਜਾਂਦੇ।

ਕਲਾ ਵਲ ਸਤੀਸ਼ ਦੇ ਰੁਝਾਨ ਨੂੰ ਦੇਖ ਕੇ ਪਿਤਾ ਨੇ ਉਸ ਨੂੰ ਲਾਹੌਰ ਦੇ ਮੇਓ ਆਰਟ ਸਕੂਲ ਵਿਚ ਦਾਖਲ ਕਰਵਾਉਣ ਦੀ ਸੋਚੀ, ਪਰ ਇਸ ਵਿਚਾਰ ਅੱਗੇ ਵਿਹਾਰਕ ਅੜਿੱਕੇ ਸਨ। ਸਕੂਲ ਦੇ ਪ੍ਰਿੰਸੀਪਲ ਐਸ. ਐਨ. ਗੁਪਤਾ ਨੇ ਦਾਖਲਾ ਦੇਣ ਤੋਂ ਮਨ੍ਹਾ ਕਰ ਦਿੱਤਾ ਤਾਂ ਗੱਲ ਉਸ ਵੇਲੇ ਪਾਰਲੀਮੈਂਟ ਅਤੇ ਗਵਰਨਰ-ਜਨਰਲ ਤੱਕ ਪਹੁੰਚ ਗਈ। ਇਸ ਭੱਜ-ਨੱਠ ਕਾਰਨ 1939 'ਚ ਆਰਟ ਸਕੂਲ ਵਿਚ ਦਾਖਲਾ ਮਿਲ ਤਾਂ ਗਿਆ, ਪਰ ਦੋ ਸ਼ਰਤਾਂ ਨਾਲ। ਇਕ, ਉਹ ਸਾਲਾਨਾ ਇਮਤਿਹਾਨ ਵਿਚ ਨਹੀਂ ਬੈਠ ਸਕੇਗਾ। ਦੋ, ਡਿਪਲੋਮਾ ਸਮਾਪਤੀ ਪਿਛੋਂ ਉਸ ਨੂੰ ਸਰਟੀਫਿਕੇਟ ਨਹੀਂ ਦਿੱਤਾ ਜਾਵੇਗਾ। ਏਦਾਂ ਬੋਰਡਿੰਗ ਹਾਊਸ ਰਹਿਣ ਲਈ ਉਹ ਜਿਹਲਮ ਤੋਂ ਲਾਹੌਰ ਆ ਗਿਆ। ਲਾਹੌਰ ਰਹਿ ਕੇ ਉਸ ਨੇ ਪੰਜ ਸਾਲ ਤਕ ਗ੍ਰਾਫਿਕ ਕਲਾ ਦੀ ਪੜ੍ਹਾਈ ਕੀਤੀ।

ਇਹ ਸਹਿਜੇ ਹੀ ਸੋਚਿਆ ਜਾ ਸਕਦਾ ਹੈ ਕਿ ਅਜਿਹੇ ਅਸੰਤੁਲਿਤ ਬੱਚੇ ਵਲ ਉਸ ਦੇ ਸਹਿਪਾਠੀਆਂ ਅਤੇ ਦੂਜੇ ਵਿਦਿਆਰਥੀਆਂ ਦਾ ਕਿਹੋ ਜਿਹਾ ਵਿਹਾਰ ਹੁੰਦਾ ਹੋਵੇਗਾ ਤੇ ਉਸ ਅਸਹਿਜ ਆਚਾਰ ਵਿਹਾਰ ਨਾਲ ਸਤੀਸ਼ ਗੁਜਰਾਲ ਕਿਵੇਂ ਜੂਝਦਾ ਹੋਵੇਗਾ, ਇਸ ਸਭ ਕਾਸੇ ਬਾਰੇ ਇਹਦੀ ਪ੍ਰਤੀਕ੍ਰਿਆ ਕੀ ਹੁੰਦੀ ਹੋਵੇਗੀ? ਉਸ ਸਾਰੇ ਘਟਨਾਕ੍ਰਮ ਦਾ ਇਹਦੇ ਮਨ 'ਤੇ ਕਿਹੋ ਜਿਹਾ ਅਸਰ ਹੁੰਦਾ ਹੋਵੇਗਾ?

ਇਸੇ ਸਿੱਖਿਆ ਸਦਕਾ ਉਸ ਨੂੰ ਪੰਜਾਬ ਪਬਲੀਸਿਟੀ ਡਿਪਾਰਟਮੈਂਟ (ਸ਼ਿਮਲਾ) ਦੀ ਨੌਕਰੀ ਮਿਲ ਗਈ। ਇਸ ਨੌਕਰੀ ਬਾਰੇ ਬਾਅਦ ਵਿਚ ਉਹ ਲਿਖਦਾ ਹੈ, "ਉਹ ਨੌਕਰੀ ਮੈਨੂੰ ਕਦੇ ਵੀ ਚੰਗੀ ਨਾ ਲੱਗੀ।"

ਇੱਥੇ ਕੁ ਤਕ ਦਾ ਅਨੁਭਵ ਕਲਾਕਾਰ ਦੇ ਜੀਵਨ ਦਾ ਆਧਾਰ ਬਣਿਆ। ਉਨ੍ਹੀਂ ਦਿਨੀਂ ਹੋਈ ਦੇਸ਼ ਵੰਡ ਨੇ ਉਸ ਦੀ ਸੋਚ ਨੂੰ ਹਲੂਣਿਆ। ਸੋਚ ਨੇ ਪ੍ਰਗਟਾਵੇ ਦੇ ਰਾਹ ਤੋਰਿਆ; ਫਲਸਰੂਪ ਦੇਖੇ ਦ੍ਰਿਸ਼ਾਂ, ਮਾਰੂ ਮਨੁੱਖੀ ਬਿਰਤੀ, ਕੱਟ-ਵੱਢ ਕਾਰਨ ਵੱਖ-ਵੱਖ ਹੋਏ ਪਰਿਵਾਰਕ ਜੀਆਂ ਦੇ ਹਾਲਾਤ ਨੇ ਸਤੀਸ਼ ਗੁਜਰਾਲ ਨੂੰ ਪਸੀਜਿਆ। ਉਸ ਨੇ ਬਿਨਾ ਕਿਸੇ ਲੱਗ-ਲਪੇਟ, ਬਿਨਾ ਸਜਾਵਟੀ ਇਕਾਈਆਂ ਦੇ ਬਲੈਕ ਐਂਡ ਵ੍ਹਾਈਟ ਚਿੱਤਰ ਲੜੀ ਦੀ ਰਚਨਾ ਕੀਤੀ। ਇੱਥੇ ਔਰਤ ਜਾਂ ਮਰਦ ਦੇ ਚਿਹਰੇ, ਸਰੀਰ ਦੇ ਅੰਗਾਂ ਦੀਆਂ ਸੈਨਤਾਂ (ਜੈਸਚਰ) ਦਰਸ਼ਕ ਨੂੰ ਹਿਲਾਉਣ ਦੇ ਸਮਰੱਥ ਹਨ। ਇਹ ਪੜਾਅ 1952 ਤੱਕ ਜਾਰੀ ਰਿਹਾ। ਸਾਰੇ ਕੰਮ ਦੀ ਨੁਮਾਇਸ਼ ਲਾਈ ਗਈ, ਜੋ ਹੀਰਾਨੰਦ ਸਚਿਦਾਨੰਦ ਵਾਤਸਾਇਨ ਅਗੇਯ ਅਤੇ ਡਾ. ਚਾਰਲਸ ਫਾਬਰੀ ਦੀ ਹੱਲਾਸ਼ੇਰੀ ਦਾ ਨਤੀਜਾ ਸੀ। ਡਾ. ਚਾਰਲਸ ਫਾਬਰੀ ਨੇ ਸਤੀਸ਼ ਦੇ 'ਵੰਡ ਵਾਲੇ ਕੰਮ' ਲਈ 'ਜੀਨੀਅਸ' ਸ਼ਬਦ ਦੀ ਵਰਤੋਂ ਕੀਤੀ ਸੀ।



1947 ਦੀ ਵੰਡ ਬਾਰੇ ਬਣਾਇਆ ਸਤੀਸ਼ ਗੁਜਰਾਲ ਦਾ ਇੱਕ ਚਿੱਤਰ

ਇਹ ਕੰਮ ਮੈਕਸੀਕੋ ਦੇ ਕਲਚਰਲ ਕੌਂਸਲਰ ਨੂੰ ਪਸੰਦ ਆਇਆ। ਇਸੇ ਆਧਾਰ 'ਤੇ ਸਤੀਸ਼ ਗੁਜਰਾਲ ਨੂੰ ਵਜ਼ੀਫਾ ਮਿਲਿਆ ਤਾਂ ਉਹ ਮੈਕਸੀਕੋ ਚਲਾ ਗਿਆ। ਮੈਕਸੀਕੋ ਰੂਸ ਦੇ ਕਰੀਬ ਹੋਣ ਦੇ ਬਾਵਜੂਦ ਆਪਣਾ ਵੱਖਰਾਪਣ ਲੈ ਤੁਰ ਰਿਹਾ ਸੀ। ਉਥੋਂ ਦੇ ਕਲਾ ਪ੍ਰਗਟਾਵੇ ਵਿਚ ਲੋਕ ਕਲਾ ਦੇ ਅੰਗਾਂ ਦਾ ਖਾਸਾ ਦਖਲ ਸੀ, ਜਿਸ ਦਾ ਅਸਰ ਸਤੀਸ਼ ਨੇ ਕਬੂਲਿਆ। ਮੈਕਸੀਕੋ ਵਿਚ ਉਹ ਮਕੀਰੋ ਅਤੇ ਰਿਵੀਰਾ ਦੀ ਸ਼ਾਗਿਰਦਗੀ ਵਿਚ ਰਿਹਾ।

ਉਥੋਂ ਸਤੀਸ਼ ਅਮਰੀਕਾ ਚਲਿਆ ਗਿਆ, ਪਰ ਉਥੋਂ ਦਾ ਮਾਹੌਲ ਅਤੇ 'ਮੈਕਾਰਥਿਜ਼ਮ' ਦਾ ਬੋਲਬਾਲਾ ਉਸ ਨੂੰ ਰਾਸ ਨਾ ਆਇਆ। ਨਤੀਜਨ ਉਹ ਵਾਪਸ ਭਾਰਤ ਆ ਗਿਆ। ਇਨ੍ਹੀਂ ਦਿਨੀਂ ਉਸ ਨੇ ਕਿਰਨ ਨਾਂ ਦੀ ਸੁੰਦਰ ਲੜਕੀ ਨਾਲ ਵਿਆਹ ਕਰ ਲਿਆ, ਜੋ ਉਸ ਲਈ ਵਰਦਾਨ ਸਿੱਧ ਹੋਈ।

ਇੱਥੇ ਆ ਕੇ ਉਹ ਮਿਊਰਲ ਕਲਾ ਵਲ ਵਧਿਆ। ਇਸ ਅਨੁਸਾਰ ਰੰਗਦਾਰ ਟਾਈਲਾਂ ਨੂੰ ਖੜ੍ਹੀਆਂ ਕੰਧਾਂ 'ਤੇ ਜੋੜ ਕੇ ਕਲਪੇ ਆਕਾਰ ਤਿਆਰ ਕੀਤੇ ਜਾਂਦੇ ਹਨ। ਸਤੀਸ਼ ਗੁਜ਼ਰਾਲ ਨੇ ਦੇਸ਼-ਵਿਦੇਸ਼ ਵਿਚ ਕਈ ਮਿਊਰਲ ਬਣਾ ਕੇ ਆਪਣੇ ਪ੍ਰਗਟਾਵੇ ਨੂੰ ਪਸਾਰਿਆ-ਪ੍ਰਚਾਰਿਆ।

ਕਲਾਕਾਰ ਦਾ ਅਗਲਾ ਕੰਮ 'ਪੇਪਰ ਕੋਲਾਜ' ਨਾਲ ਸਬੰਧਿਤ ਹੈ। ਉਸ ਵੇਲੇ ਤੱਕ ਸਾਡੇ ਇਹਦਾ ਨਾਂ-ਥਾਂ ਘੱਟ ਹੀ ਸੀ। ਕੀਤਾ ਕੰਮ ਜ਼ਿਆਦਾਤਰ ਅਮੂਰਤ ਸੀ। ਉਸ ਨੇ ਅਨੇਕਾਂ ਡਰਾਇੰਗਾਂ ਵੀ ਬਣਾਈਆਂ। ਦੋਹੀਂ ਥਾਂਈਂ ਲੋਕ ਕਲਾ, ਲੋਕ-ਦਸਤਕਾਰੀ ਦੇ ਅੰਗਾਂ-ਅੰਸ਼ਾਂ ਨੂੰ ਭਰਪੂਰ ਢੰਗ ਨਾਲ ਵਰਤਿਆ।

ਉਸ ਦਾ ਅਹਿਮ, ਪ੍ਰਭਾਵਸ਼ਾਲੀ ਪੜਾਅ 'ਬਰਨਟ ਵੁੱਡ ਸਕਲਪਚਰਸ' ਵਾਲਾ ਹੈ। ਇਹ ਸਕਲਪਚਰ ਆਕਾਰ ਪੱਖੋਂ ਭਿੰਨਤਾ ਵਾਲੇ ਹਨ, ਭਾਵ ਵੱਡੇ ਵੀ, ਛੋਟੇ ਵੀ। ਇਹਦੇ ਲਈ ਪੜਤਲ ਲੱਕੜ ਦੀਆਂ ਫੱਟੀਆਂ ਨੂੰ ਜੋੜਨ ਬਾਅਦ, ਬਣੇ ਆਕਾਰ ਨੂੰ ਛਿੱਲਿਆ ਤਰਾਸ਼ਿਆ ਜਾਂਦਾ ਹੈ। ਤਿੰਨ ਪਸਾਰੀ ਆਕਾਰਾਂ ਨੂੰ 'ਬਰਨਰ ਦੀ ਲਾਟ' ਨਾਲ ਸਾੜਿਆ ਜਾਂਦਾ ਸੀ, ਜਿਸ ਸਦਕਾ ਸਾਰੀ ਬਾਹਰੀ ਪਰਤ ਸਿਆਹ ਹੋ ਜਾਂਦੀ ਸੀ। ਸਜਾਵਟੀ ਰੂਪ ਦੇਣ ਲਈ ਕੌਡੀਆਂ, ਸਿੱਪੀਆਂ, ਚਮੜਾ, ਧਾਤਾਂ ਦੀਆਂ ਕਈ ਵਸਤਾਂ ਨੂੰ ਸ਼ਾਮਲ ਕੀਤਾ ਜਾਂਦਾ ਰਿਹਾ।

ਆਪਣੀ ਸਰੀਰਕ ਅਵਾਜ਼ਾਰੀ, ਬੋਲਣ ਤੋਂ ਅਸਮਰੱਥ ਹੋਣ ਦੇ ਬਾਵਜੂਦ ਸਤੀਸ਼ ਗੁਜਰਾਲ ਦੀ ਸਿਰਜਣਾਤਮਕਤਾ ਦੇ ਨਵੇਂ ਤਲਾਸ਼ੇ ਖੇਤਰਾਂ ਵਿਚੋਂ ਇਕ ਮਕਾਨ ਉਸਾਰੀ ਵੀ ਹੈ। ਬੈਲਜੀਅਮ ਨੇ ਆਪਣੇ ਦੂਤਘਰ ਦੀ ਉਸਾਰੀ ਦਾ ਕੰਮ ਸਤੀਸ਼ ਨੂੰ ਦਿੱਤਾ। ਇਹ ਇਮਾਰਤ ਜ਼ਮੀਨਦੋਜ਼ ਜ਼ਿਆਦਾ ਹੈ, ਜਿਸ ਦੇ ਹਰ ਨਿੱਕੇ-ਨੰਨ੍ਹੇ ਵੇਰਵੇ ਦਾ ਡਿਜ਼ਾਈਨ ਖੁਦ ਤਿਆਰ ਕੀਤਾ। ਇਸ ਪਿਛੋਂ ਹੋਰ ਕਈ ਇਮਾਰਤਾਂ ਦੀ ਉਸਾਰੀ ਵੀ ਕੀਤੀ।

ਜਿਨ੍ਹਾਂ ਆਕਾਰਾਂ ਨੂੰ ਕੈਨਵਸ 'ਤੇ ਉਤਾਰਿਆ, ਉਨ੍ਹਾਂ ਨੂੰ ਮੂਰਤੀ ਰੂਪ ਵੀ ਦਿੱਤਾ। ਮਿਸਾਲ ਵਜੋਂ ਉਸ ਵਲੋਂ ਚਿਤਰਿਤ 'ਕੱਵਾਲ' ਲੈ ਸਕਦੇ ਹਾਂ। ਸ਼ਿਲਪ ਹਿਤ ਉਸ ਨੇ ਗ੍ਰੇਨਾਈਟ ਦਾ ਇਸਤੇਮਾਲ ਕੀਤਾ।

ਇਕ ਗੱਲ ਕਹੀ ਜਾ ਸਕਦੀ ਹੈ ਕਿ ਘਰ ਦੀ ਛੱਤ ਨੂੰ ਦੇਖਦੇ ਸਮੇਂ ਬਣਦੇ-ਮਿਟਦੇ ਅਨੇਕਾਂ ਆਕਾਰਾਂ ਵਿਚੋਂ ਕੁਝ ਕੁ ਨੂੰ ਸਥਾਈ ਰੂਪ ਦੇ ਕੇ ਸਤੀਸ਼ ਗੁਜਰਾਲ ਨੇ ਆਪਣੇ ਹੋਣ 'ਤੇ ਚਿਰ ਤਕ ਟਿਕਣ ਵਾਲੀ ਮੋਹਰ ਲਾ ਦਿੱਤੀ। ਜਿਸ ਤਰ੍ਹਾਂ ਦੇ ਦੌਰ ਵਿਚਦੀ ਉਹ ਮੁੱਢਲੇ ਦੌਰ ਵਿਚੋਂ ਲੰਘਿਆ, ਉਹ ਵੀ ਬੇਮਿਸਾਲ ਹੈ। ਬੇਮਿਸਾਲ ਤਾਂ ਉਹ ਪਰਿਵਾਰਕ ਮੈਂਬਰ ਵੀ ਹਨ, ਜਿਨ੍ਹਾਂ ਨੇ ਸਤੀਸ਼ ਗੁਜਰਾਲ ਨੂੰ 'ਕਲਾਕਾਰ ਸਤੀਸ਼ ਗੁਜਰਾਲ' ਬਣਾਇਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਅਪਰੈਲ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-424



*'ਫੌਜ ਗੁਰੂ ਕੀ' ਕਰੇਗੀ ਮੌਜ ਏਦਾਂ, ਦੇਖੂ ਏਦਾਂ ਹੀ ਕੁੱਲ ਜਹਾਨ ਨਿਤ ਦਿਨ।*
*ਜੋਸ਼ ਮਾਰਦਾ ਠਾਠਾਂ ਸਰੀਰ ਅੰਦਰ, ਜਿਧਰ ਘੁੰਮੇ ਜਿੱਤਿਆ ਮੈਦਾਨ ਨਿਤ ਦਿਨ।*

## ਕੈਪਸ਼ਨ ਮੁਕਾਬਲਾ-422



ਬਚਪਨ ਵਿਚ ਟਿਕ ਬਹਿ ਨਾ ਹੋਵੇ,
ਹੱਸਣ, ਖੇਡਣ ਦਾ ਲੱਭਦੇ ਰਾਹ।
ਘਰ ਦਾ ਰੇਹੜਾ, ਖੇਤ ਦਾ ਗੇੜਾ,
ਦੋਨੋਂ ਤੁਰ ਪਏ ਕਰਕੇ ਸਲਾਹ।
ਮਨ ਦੀ ਮੌਜ, ਡਰ ਨਾ ਭੋਰਾ,
ਕਰਨ ਖਰਮਸਤੀ ਬੇਪਰਵਾਹ।

*-ਦਵਿੰਦਰ ਕੌਰ*

---

ਅਮਰੀਕਨ ਵੱਛਾ ਜੋੜ ਕੇ ਮੂਹਰੇ
ਰੇਹੜਾ ਲੈ ਕੇ ਖੇਤ ਨੂੰ ਜਾਵਣ।
ਛੋਟਾ, ਵੱਡਾ ਇੱਕ ਮਿੱਕ ਹੋ ਕੇ
ਨਾਲ ਖੁਸ਼ੀ ਗਲਵੱਕੜੀ ਪਾਵਣ
ਐਸੀ ਲਈ ਹੈ ਲੱਜ਼ਤ ਜਿਨ੍ਹਾਂ
ਓਹੀ ਇਹਦੀਆਂ ਕਦਰਾਂ ਪਾਵਣ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਖੇਤ ਵਾਹੁਣ ਲਈ ਟਰੈਕਟਰ ਹੈ,
ਅੱਜ ਭਾਪਾ ਲੈ ਗਿਆ ਸ਼ਹਿਰ।
ਪੱਠੇ ਢੋਹਣ ਲਈ ਬੈਲ ਰੇੜ੍ਹਾ ਹੈ,
ਲੈ ਤੁਰੀਏ ਬਾਅਦ ਦੁਪਹਿਰ।
ਮੰਮੀ ਸਾਡੀ ਹੈ ਸੁਘੜ ਸੁਆਣੀ,
ਰੱਖਦੀ ਘਰ ਬਾਰ ਦਾ ਖਿਆਲ।
ਅਸੀਂ ਦੋਵੇਂ ਭਰਾ ਪੱਠੇ ਲਿਆਈਏ,
ਰੱਖੀਏ ਪਸ਼ੂਆਂ ਦਾ ਖਿਆਲ।

*-ਸੇਵਾ ਸਿੰਘ ਨੂਰਪੁਰੀ*

---

ਸਕੂਲੋਂ ਆ ਜੋੜੀ ਭਰਾਵਾਂ ਦੀ ਨੇ
ਸਾਂਢ ਜੋਤਿਆ, ਕਰਿਆ ਤਿਆਰ ਰੇਹੜਾ।
ਮੌਜ ਮਸਤੀਆਂ ਕਰਦੇ ਜਾਵਣ
ਲਾਉਣ ਚੱਲੇ ਪੱਠਿਆਂ ਦਾ ਗੇੜਾ।
ਧੰਨ ਭਾਗ ਉਨ੍ਹਾਂ ਮਾਪਿਆਂ ਦੇ, ਜਿਨ੍ਹਾਂ
ਕੱਚੀ ਉਮਰੇ ਬੱਚਿਆਂ ਨੂੰ ਆਹਰੇ ਲਾਇਆ।
ਨਸ਼ਿਆਂ ਦੇ ਛੇਵੇਂ-ਸੱਤਵੇਂ ਦਰਿਆ 'ਚੋਂ
ਹੀਰਿਆਂ ਨੂੰ ਡੁੱਬਣੋਂ ਬਚਾਇਆ।

*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਬਚਪਨ ਦੀ ਇਹ ਸ਼ਾਹੀ ਸਵਾਰੀ
ਅੱਜ ਤੱਕ ਹੈ ਯਾਦ।
ਇਨ੍ਹਾਂ ਯਾਦਾਂ ਕਰ ਕੇ ਹੀ
ਅੱਜ ਦਿਲ ਨੇ ਸਾਡੇ ਆਬਾਦ।

*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

ਫਸਲ ਆਈ ਜੋਬਨ 'ਤੇ
'ਜੀ ਆਇਆਂ' ਕਹਿੰਦੀ।
ਦੋਵੇਂ ਵੀਰੇ ਬਹਿ ਰੇਹੜੀ 'ਤੇ
ਪਾ ਇੰਜੜੀ ਇਕ ਦੂਜੇ ਨੂੰ
ਮਾਰਦੇ ਗੇੜਾ ਪੈਲੀ ਦੁਆਲੇ।
ਨੱਚਦੇ ਟੱਪਦੇ ਗਦ ਗਦ ਹੁੰਦੇ
ਜਿਵੇਂ ਨਸ਼ਾ ਚੜ੍ਹ ਗਿਆ ਬਿਨ ਪੀਤਿਆਂ
ਹਲਕੀਆਂ ਹਲਕੀਆਂ ਬੋਲੀਆਂ ਪਾਉਂਦੇ
ਦੇਖ ਹਰਿਆਲੀ ਸਾਰੇ ਪਾਸੇ।

*-ਦਰਸ਼ਨਪਾਲ ਦੋਸਾਂਝ*

---

ਨਿਆਈਂ ਵਾਲੇ ਖੇਤ ਬਾਪੂ ਹਾੜ੍ਹੀ ਵੱਢਦਾ
ਪੱਠੇ ਲਿਆਈਏ ਉਥੋਂ, ਜੋੜ ਲੈ ਚਿੱਤਕਬਰਾ।
ਬੇਬੇ ਆਖੇ ਖੇਤਾਂ ਵਿਚ ਉਡਦੀ ਸੋਨ ਚਿੜੀ
ਜਾਓ ਹੱਥ ਵਟਾਓ ਬਾਪੂ ਦਾ।
ਮਿਹਰ ਕਰੀਂ ਮੇਰੇ ਮਾਲਕਾ
ਖੂਨ ਪਸੀਨੇ ਦੇ ਇਹ ਚਾਰ ਦਾਣੇ
ਕੋਠੀ ਪੈ ਜਾਣ, ਬਚਾਈ ਝੱਖੜਾਂ ਤੋਂ!

*-ਸੁਕੰਨਿਆ ਭਾਰਦਵਾਜ ਨਾਭਾ*
*ਫੋਨ: 815-307-3112*

# ਸ਼ਹਾਦਤ ਦੀ ਸੁਰਤਾਲ

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਰੋਨਾ ਵਾਇਰਸ ਨਾਲ ਪੈਦਾ ਹੋਏ ਹਾਲਾਤ 'ਤੇ ਟਿੱਪਣੀ ਕਰਦਿਆਂ ਕਿਹਾ ਸੀ, "ਕਰੋਨਾ ਵਾਇਰਸ ਨੇ ਮਨੁੱਖ ਨੂੰ ਇਹ ਸਮਝਾ ਦਿਤਾ ਕਿ ਮਨੁੱਖ ਕਿੰਨਾ ਵੀ ਵੱਡਾ ਹੋ ਜਾਵੇ, ਕੁਦਰਤੀ ਭਿਆਨਕਤਾ ਸਾਹਵੇਂ ਬਹੁਤ ਹੀ ਨਿਗੂਣਾ ਏ।...ਇਸ ਮਹਾਂਮਾਰੀ ਨੇ ਇਹ ਵੀ ਦਰਸਾ ਦਿਤਾ ਕਿ ਜ਼ਿਆਦਾਤਰ ਵਪਾਰੀ ਲੋਕ ਆਪਣੇ ਮੁਨਾਫੇ ਤੀਕ ਹੀ ਸੀਮਤ ਹੁੰਦੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸ਼ਹਾਦਤ ਦੇ ਅਰਥਾਂ ਨੂੰ ਵਿਸ਼ਾਲਤਾ ਦਿੰਦਿਆਂ ਕਿਹਾ ਹੈ, "ਸ਼ਹਾਦਤ ਨੂੰ ਕਿਸੇ ਧਰਮ, ਕੌਮ, ਸਮਾਜ, ਦੇਸ਼, ਜਾਤ, ਰੰਗ ਜਾਂ ਨਸਲੀ ਵਲਗਣਾਂ ਵਿਚ ਨਹੀਂ ਵਲਿਆ ਜਾ ਸਕਦਾ। ਸ਼ਹਾਦਤ ਸਿਰਫ ਸ਼ਹਾਦਤ।...ਸ਼ਹਾਦਤ, ਸਿਰਫ ਜਿਸਮਾਨੀ ਹੀ ਨਹੀਂ ਹੁੰਦੀ, ਇਹ ਇਖਲਾਕੀ, ਮਾਨਸਿਕ, ਆਰਥਕ, ਸਮਾਜਕ ਤੇ ਰਾਜਨੀਤਕ ਵੀ ਹੁੰਦੀ।" ਉਹ ਕਹਿੰਦੇ ਹਨ, "ਸ਼ਹਾਦਤ ਹਰ ਵਿਅਕਤੀ ਨਹੀਂ ਦੇ ਸਕਦਾ। ਸਿਰਫ ਕੁਝ ਮਰਦ-ਅਗੰਮੜੇ ਹੁੰਦੇ, ਜਿਨ੍ਹਾਂ ਦੇ ਮਨਾਂ ਵਿਚ ਸੁਪਨਿਆਂ ਦੀ ਪ੍ਰਾਪਤੀ ਤੀਕ ਖੁਦ ਨੂੰ ਜਦੋਜਹਿਦ ਦੇ ਨਾਮ ਕਰ, ਖੁਦਦਾਰੀ ਅਤੇ ਅਣਖ ਨੂੰ ਜਿਉਂਦੀ ਰੱਖ, ਸਿਰ ਧੜ ਦੀ ਬਾਜ਼ੀ ਲਾਉਣ ਦਾ ਚਾਅ ਹੁੰਦਾ।" -ਸੰਪਾਦਕ**

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸ਼ਹਾਦਤ, ਸੁਪਨ-ਸੂਰਜ ਨੂੰ ਸਜਦਾ, ਉਗਦੀ ਸਰਘੀ ਨੂੰ ਸਲਾਮ ਅਤੇ ਦੂਰ-ਦਿਸਦਹੱਦਿਆਂ 'ਚ ਪਸਰਦੇ ਚਾਨਣ-ਪਸਾਰ ਦਾ ਸੁਆਗਤ। ਸ਼ਹਾਦਤ, ਅਕੀਦੇ ਪ੍ਰਤੀ ਸਮਰਪਣ, ਫਰਜ਼ਾਂ ਦੀ ਤੰਦੀ 'ਤੇ ਜਾਨ ਟੰਗਣੀ, ਸੱਚ ਦੀ ਸਰਦਲ 'ਤੇ ਸੀਸ ਧਰਨਾ ਅਤੇ ਪੈਰਾਂ ਨੂੰ ਸੂਚੀਆਂ ਪੈੜਾਂ ਵਰਨੀਆਂ।

ਸ਼ਹਾਦਤ, ਸਮਿਆਂ ਦੀ ਬੀਹੀ ਵਿਚ ਸੱਚ ਦਾ ਹੋਕਰਾ, ਜ਼ੁਲਮ ਖਿਲਾਫ ਹਿੱਕ ਡਾਹੁਣ ਦਾ ਜੇਰਾ ਅਤੇ ਜ਼ਿੰਦਗੀ ਦੇ ਸਾਹਾਂ ਨੂੰ ਚੰਗੇਰੇ ਹਿੱਤ ਲਾਉਣ ਦਾ ਹੀਆ।

ਸ਼ਹਾਦਤ, ਸਿਰਫ ਜਿਸਮਾਨੀ ਹੀ ਨਹੀਂ ਹੁੰਦੀ, ਇਹ ਇਖਲਾਕੀ, ਮਾਨਸਿਕ, ਆਰਥਕ, ਸਮਾਜਕ ਤੇ ਰਾਜਨੀਤਕ ਵੀ ਹੁੰਦੀ। ਸ਼ਹਾਦਤ ਨੂੰ ਸੌੜੇ ਦਾਇਰੇ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਇਸ ਦੀ ਵਿਸ਼ਾਲਤਾ ਅਤੇ ਦੂਰ-ਰਸੀ ਸਿੱਟਿਆਂ ਵਿਚ ਬਹੁਤ ਕੁਝ ਛੁਪਿਆ ਹੁੰਦਾ।

ਸ਼ਹਾਦਤ, ਸੱਚ ਨੂੰ ਸੱਚ ਕਹਿਣ ਦਾ ਸਿਦਕ, ਤਲਵਾਰ ਸਾਹਵੇਂ ਸੀਸ ਨੂੰ ਉਚਾ ਰੱਖਣ ਦਾ ਸਿਰੜ ਅਤੇ ਛਵੀਆਂ ਦੀ ਛਾਂਵੇਂ ਅਣਖੀ ਮਟਕ ਦੀ ਨਿਰੰਤਰਤਾ ਨੂੰ ਨਵੀਆਂ ਤਰਜ਼ੀਹਾਂ ਤੇ ਤਦਬੀਰਾਂ ਦੇਣ ਦੀ ਤਮੰਨਾ। ਸ਼ਹਾਦਤ, ਇਤਿਹਾਸ ਦੇ ਪੰਨਿਆਂ 'ਤੇ ਉਗੇ ਸੂਰਜਾਂ ਦਾ ਨਾਮ। ਸੂਰਜ, ਜੋ ਠੁਰ ਠੁਰ ਕਰਦੇ ਜਿਸਮਾਂ ਲਈ ਨਿੱਘ ਅਤੇ ਚਾਨਣ ਲੋਚਦੇ ਰਾਹਾਂ ਵਿਚ ਧੁੱਪ ਦਾ ਛਿੜਕਾ ਕਰਨਾ ਆਪਣਾ ਕਰਮ-ਧਰਮ ਸਮਝਦਾ।

ਸ਼ਹਾਦਤ, ਸੁਪਨਿਆਂ ਦੀ ਛਾਂਵੇਂ ਤੁਰਨ ਵਾਲੇ ਪੈਰਾਂ ਨੂੰ ਪਕਿਆਈ, ਸੇਧ ਅਤੇ ਦਿਸ਼ਾ ਦੇਣ ਦਾ ਪ੍ਰਣ। ਸ਼ਮਸ਼ੀਰ ਵਿਚੋਂ ਚੋਂਦੇ ਰੱਤ ਨੂੰ ਅੰਤਰੀਵ ਵਿਚ ਵਗਦਾ ਖਿਆਲ ਕੇ ਲਲਕਾਰ ਬਣ ਜਾਣਾ। ਲਲਕਾਰ, ਜੋ ਗਿੱਦੜ ਭਬਕੀਆਂ ਨੂੰ ਲਿਤਾੜਦੀ।

ਸ਼ਹਾਦਤ ਨੂੰ ਕਿਸੇ ਧਰਮ, ਕੌਮ, ਸਮਾਜ, ਦੇਸ਼, ਜਾਤ, ਰੰਗ ਜਾਂ ਨਸਲੀ ਵਲਗਣਾਂ ਵਿਚ ਨਹੀਂ ਵਲਿਆ ਜਾ ਸਕਦਾ। ਸ਼ਹਾਦਤ ਸਿਰਫ ਸ਼ਹਾਦਤ। ਇਸ ਦੇ ਅਰਥਾਂ ਵਿਚ ਹੀ ਇਸ ਦੀ ਰੁਸ਼ਨਾਈ। ਅਜਿਹੀ ਚਾਨਣ-ਜੋਤ ਨੂੰ ਸਮਝਣ ਅਤੇ ਆਪਣੀ ਚੇਤਨਾ ਦਾ ਹਿੱਸਾ ਬਣਾਉਣ ਦੀ ਲੋੜ।

ਸ਼ਹਾਦਤ, ਨਿੱਕੀ ਜਾਂ ਵੱਡੀ, ਨਿਗੂਣੀ ਜਾਂ ਕੀਮਤੀ, ਅਨੋਖੀ ਜਾਂ ਸਧਾਰਨ, ਆਮ ਜਾਂ ਖਾਸ, ਵਿਕੋਲਿਤਰੀ ਜਾਂ ਹੀਣੀ ਨਹੀਂ ਹੁੰਦੀ। ਇਹ ਵੰਡੀਆਂ ਸਿਰਫ ਸ਼ਹਾਦਤ ਨੂੰ ਉਸ ਦੇ ਅਰਥਾਂ ਵਿਚ ਸਮਝਣ ਤੋਂ ਆਕੀ ਲੋਕ ਹੀ ਪਾਉਂਦੇ ਕਿਉਂਕਿ ਉਨ੍ਹਾਂ ਦੀ ਸੋਚ ਵਿਚ ਸ਼ਹਾਦਤ ਸਿਰਫ ਇਕ ਕਬੀਲੇ ਜਾਂ ਕੌਮ ਤੀਕ ਹੀ ਸੀਮਤ।

ਸ਼ਹਾਦਤ, ਸਾਂਝੀ-ਭਾਵਨਾ ਵਿਚੋਂ ਪੈਦਾ ਹੁੰਦੀ। ਇਸ ਦਾ ਜ਼ਾਮ ਪੀਣ ਲੱਗਿਆਂ ਸਰਬ-ਸੁਖਨ ਨੂੰ ਹੀ ਮਨ ਵਿਚ ਧਿਆਇਆ ਜਾਂਦਾ।

ਸ਼ਹਾਦਤ ਦਾ ਜਦ ਨਿਜੀ ਮੁਫਾਦ, ਆਰਥਕ ਲਾਭ ਜਾਂ ਰਾਜਨੀਤਕ ਫਾਇਦਿਆਂ ਦੇ ਨਾਮ 'ਤੇ ਵਪਾਰੀਕਰਨ ਹੁੰਦਾ ਤਾਂ ਇਹ ਸ਼ਹਾਦਤ ਨਹੀਂ, ਸੌਦਾ ਹੁੰਦੀ। ਸ਼ਹੀਦ ਕਦੇ ਵੀ ਸੌਦਾ ਨਹੀਂ ਕਰਦਾ। ਉਨ੍ਹਾਂ ਲਈ ਆਪਣੇ ਅਸੂਲਾਂ 'ਤੇ ਪਹਿਰੇਦਾਰੀ, ਅਸੂਲਾਂ ਪ੍ਰਤੀ ਸਮਰਪਣ ਅਤੇ ਜੀਵਨ ਦਾਅ 'ਤੇ ਲਾਉਣਾ ਸ਼ਹਾਦਤ ਦਾ ਸਿਰਲੇਖ।

ਸ਼ਹਾਦਤ ਦੀ ਸੁਰ ਤਾਲ 'ਤੇ ਨੱਚਣ ਵਾਲੇ ਪੱਬ, ਸੰਦਲੀ ਬਹਾਰਾਂ ਦਾ ਸੱਦਾ, ਜਿਨ੍ਹਾਂ ਭਵਿੱਖ ਦਾ ਦਰ ਖੜਕਾਉਣਾ ਹੁੰਦਾ। ਕਾਲੀਆਂ ਰਾਤਾਂ ਨੂੰ ਚਿਤਾਵਨੀ। ਹਨੇਰਿਆਂ ਦੀ ਕੁੱਖ ਵਿਚ ਜੁਗਨੂੰ ਬੀਜਣ ਦਾ ਕਰਮ। ਮਜ਼ਲੂਮਾਂ ਦੀ ਬਾਂਹ ਫੜੀ ਜਾਂਦੀ, ਨਿਤਾਣਿਆਂ ਦੀ ਲਿਲਕੜੀ ਦੀ ਸਾਰ ਲਈ ਜਾਂਦੀ ਤੇ ਨਿਥਾਵਿਆਂ ਲਈ ਘਰ ਦਾ ਸਿਰਜਣਾ ਅਹਿਮ ਹੁੰਦਾ। ਸ਼ਹਾਦਤ ਕਦੇ ਵੀ ਜਿਸਮਾਨੀ ਲੋੜਾਂ, ਜੀਵਨੀ ਸੱਧਰਾਂ, ਨਿਗੂਣੀਆਂ ਤਰਜ਼ੀਹਾਂ ਜਾਂ ਸੌੜੇ ਕਾਰਨਾਂ ਵਿਚੋਂ ਪੈਦਾ ਨਹੀਂ ਹੁੰਦੀ। ਇਹ ਤਾਂ ਚਿੰਤਾ ਤੋਂ ਚੇਤਨਾ ਦਾ ਸਫਰ, ਜੋ ਆਖਰ ਚਿੰਤਨ ਦਾ ਜਾਗ ਲਾਉਂਦਾ। ਇਹ ਤਾਂ ਦੀਵਾ ਜਗਾ ਕੇ ਨਵੀਆਂ ਪਗਡੰਡੀਆਂ ਦੀ ਤਲਾਸ਼, ਜਿਨ੍ਹਾਂ ਨੇ ਪੈੜਾਂ ਬਣਨਾ ਹੁੰਦਾ।

ਇਕ ਹੀ ਸੱਚੀ-ਸੁੱਚੀ ਸ਼ਹਾਦਤ ਵਿਚੋਂ ਸ਼ਹਾਦਤਾਂ ਦਾ ਕਾਫਲਾ ਬਣਦਾ, ਜੋ ਜਾਬਰ ਅਤੇ ਹੰਕਾਰੀ ਦੀ ਹੈਂਕੜ ਭੰਨਦਾ, ਉਸ ਨੂੰ ਸ਼ਹਾਦਤੀ ਭਾਵਨਾਵਾਂ ਸਾਹਵੇਂ ਝੁਕਣ ਅਤੇ ਮਨੁੱਖੀ ਅਹਿਸਾਸਾਂ ਦਾ ਸਤਿਕਾਰ ਕਰਨ ਲਈ ਮਜਬੂਰ ਕਰਦਾ। ਇਕ ਹੀ ਸ਼ਹਾਦਤ ਕਾਫੀ ਹੁੰਦੀ ਜੋਸ਼, ਜਨੂਨ, ਜਜ਼ਬਾਤਾਂ ਤੇ ਜਦੋਜਹਿਦ ਨੂੰ ਸੂਹੀ ਰੰਗਤ ਦੇਣ ਲਈ, ਜੋ ਸ਼ਾਸ਼ਕਾਂ ਨੂੰ ਕੰਬਣੀ ਛੇੜ, ਇਤਿਹਾਸ ਨੂੰ ਨਵਾਂ ਮੋੜ ਦੇਣ ਅਤੇ ਨਰੋਇਆ ਉਗਮਣ ਦਾ ਕਾਰਨ ਬਣਦੀ।

ਸ਼ਹਾਦਤ ਹਰ ਵਿਅਕਤੀ ਨਹੀਂ ਦੇ ਸਕਦਾ। ਸਿਰਫ ਕੁਝ ਮਰਦ-ਅਗੰਮੜੇ ਹੁੰਦੇ, ਜਿਨ੍ਹਾਂ ਦੇ ਮਨਾਂ ਵਿਚ ਸੁਪਨਿਆਂ ਦੀ ਪ੍ਰਾਪਤੀ ਤੀਕ ਖੁਦ ਨੂੰ ਜਦੋਜਹਿਦ ਦੇ ਨਾਮ ਕਰ, ਖੁਦਦਾਰੀ ਅਤੇ ਅਣਖ ਨੂੰ ਜਿਉਂਦੀ ਰੱਖ, ਸਿਰ ਧੜ ਦੀ ਬਾਜ਼ੀ ਲਾਉਣ ਦਾ ਚਾਅ ਹੁੰਦਾ।

ਸ਼ਹਾਦਤ ਦੇ ਕਈ ਰੂਪ। ਕੁਝ ਲੋਕ ਮਰ ਕੇ ਸ਼ਹੀਦ ਅਖਵਾਉਂਦੇ, ਜਦ ਕਿ ਕੁਝ ਲੋਕ ਜਿਉਂਦੇ ਜੀਅ ਹੀ ਸ਼ਹਾਦਤ-ਪਦਵੀ ਪਾਉਂਦੇ। ਇਸ 'ਤੇ ਨਿਰਭਰ ਕਰਦਾ ਕਿ ਸ਼ਹਾਦਤ ਨੂੰ ਕਿਹੜੇ ਅਰਥਾਂ, ਕਿਹੜੇ ਕਾਰਨਾਂ ਅਤੇ ਕਿਸ ਮਕਸਦ-ਪੂਰਤੀ ਲਈ ਸ਼ਹਾਦਤ ਦੇ ਹਰਫਾਂ ਰਾਹੀਂ ਮਨ-ਮਸਤਕ 'ਤੇ ਉਕਰਿਆ ਗਿਆ।

ਸ਼ਹਾਦਤ ਸਦਾ ਜਿਉਂਦੀ, ਕਦੇ ਨਹੀਂ ਮਰਦੀ। ਲੋਕ-ਚੇਤਿਆਂ ਵਿਚ ਸਦਾ ਚਿਰੰਜੀਵ। ਇਸ ਦੀ ਸਦੀਵਤਾ, ਸਾਰਥਕਤਾ ਤੇ ਸੰਭਾਵੀ ਸਿੱਟਿਆਂ ਨੂੰ ਸਮੇਂ ਦੀ ਸੋਚ ਦੇ ਨਾਮ ਕਰ, ਇਤਿਹਾਸ ਨੂੰ ਮੁੜ ਦੁਹਰਾਉਣ ਤੋਂ ਟਾਲਾ ਵੱਟਣ ਵਿਚ ਮਦਦ ਮਿਲਦੀ।

ਸ਼ਹਾਦਤ ਅਜ਼ਾਦੀ ਲਈ, ਜ਼ਬਰ ਤੋਂ ਨਿਜ਼ਾਤ ਪਾਉਣ ਲਈ ਜਾਂ ਚੁੱਕੀ ਅੱਤ ਨੂੰ ਮਿਟਾਉਣ ਲਈ ਵੀ; ਪਰ ਸਭ ਤੋਂ ਖੂਬਸੂਰਤ ਉਹ ਸ਼ਹਾਦਤ, ਜੋ ਜੀਵਨ ਦੀ ਖੂਬਸੂਰਤੀ ਦਾ ਦਮ ਭਰੇ, ਜਿਸ ਵਿਚੋਂ ਮਾਨਵਤਾ ਦੀ ਖੁਸ਼ਬੂ ਆਵੇ ਅਤੇ ਸਰਬ-ਸੁਖਨ ਦਾ ਨਗਮਾ ਗੁਣਗੁਣਾਵੇ। ਬਚਪਨੀ ਚਿਹਰਿਆਂ ਦੇ ਮਲਾਲ, ਬਚਪਨੀ ਸ਼ਰਾਰਤਾਂ ਅਤੇ ਖੇਡਾਂ ਵਿਚ ਵਿਗਨ ਪਾਉਣ ਵਾਲੀਆਂ ਸ਼ਕਤੀਆਂ ਨੂੰ ਆਪਣੀ ਬਰਬਾਦੀ ਦਾ ਖਿਆਲ ਸਤਾਵੇ।

ਸ਼ਹਾਦਤ ਉਸ ਮਾਂ ਦੀ ਘੱਟ ਨਹੀਂ, ਜੋ ਆਪਣੇ ਬੱਚਿਆਂ ਦੀ ਸੁਪਨ-ਪੂਰਤੀ ਲਈ ਆਪਣੇ ਸੁਪਨਿਆਂ ਨੂੰ ਡੂੰਘੀ ਨੀਂਦਰ ਸੁਆਵੇ। ਉਸ ਬਾਪ ਦੀ, ਜੋ ਸਿਰ 'ਤੇ ਬੱਧੀ ਲੀਰਾਂ ਰੂਪੀ ਪੱਗ ਵਿਚੋਂ, ਪੁੱਤਰ ਦੇ ਸਿਰ ਸਜਣ ਵਾਲੇ ਤਾਜ ਨੂੰ ਕਿਆਸਦਾ, ਰਾਤਾਂ ਦੀ ਨੀਂਦਰ ਹੰਗਾਲੇ। ਉਸ ਪੁੱਤ ਦੀ, ਜੋ ਆਪਣੇ ਕੈਰੀਅਰ ਨੂੰ ਨਿਗੂਣਾ ਸਮਝ, ਬਿਮਾਰ ਮਾਪਿਆਂ ਦੀ ਤਾਮੀਰਦਾਰੀ ਵਿਚ ਸੰਤੁਸ਼ਟੀ ਅਤੇ ਸਬਰ ਨਾਲ ਜੀਣਾ ਸਿੱਖਦਾ। ਜੋ ਦੁਨਿਆਵੀ ਦੌੜ ਤੋਂ ਨਿਰਲੇਪ ਰਹਿ ਕੇ ਬੇਅਰਾਮ ਨੈਣਾਂ ਵਿਚ ਸੁਪਨੇ ਸਜਾਉਣ ਦਾ ਸਬੱਬ ਹੁੰਦਾ। ਜੋ ਬਹੁਲਾਤ ਵਿਚੋਂ ਹੀ ਤੁੱਛ ਨੂੰ ਕਿਆਸਦਾ, ਮਿਲੀਆਂ ਨਿਆਮਤਾਂ ਵਿਚ ਥੁੜ੍ਹਿਆਂ ਨੂੰ ਹਿੱਸੇਦਾਰ ਬਣਾਉਂਦਾ। ਜੋ ਆਪਣੀ ਰੋਟੀ ਦੀਆਂ ਬੁਰਕੀਆਂ ਬਣਾ, ਭੁੱਖਿਆਂ ਨਾਲ ਸਾਂਝੀਆਂ ਕਰਦਾ। ਜੋ ਕਿਸੇ ਦੂਸਰੇ ਦੇ ਜੀਵਨ ਵਿਚੋਂ ਆਪਣੇ ਸਾਹਾਂ ਦੀ ਸੁੱਖ ਮੰਗਦਾ, ਜਿਸ ਦੀ ਸੁਪਨ-ਸਾਜ਼ੀ ਵਿਚ ਸਭ ਦੀ ਭਲਾਈ ਦੀ ਲੋਚਾ। ਹਰੇਕ ਵਿਚ ਆਪਣਾ ਹੀ ਬਿੰਬ ਦੇਖਦਾ।

ਸ਼ਹਾਦਤ ਨੂੰ ਹੱਦਾਂ-ਸਰਹੱਦਾਂ ਵਿਚ ਕਿਵੇਂ ਸੀਮਤ ਕਰੋਗੇ? ਇਸ ਦੀ ਮਹਿਕ ਨੇ ਚੌਗਿਰਦੇ ਨੂੰ ਲਪੇਟ ਵਿਚ ਲੈਣਾ। ਇਸ ਦੇ ਸੁਗਮ-ਸੁਨੇਹਿਆਂ ਨੇ ਪਾਕਿ ਸੋਚਾਂ ਵਿਚ ਖਲਬਲੀ ਪੈਦਾ ਕਰਨੀ। ਉਨ੍ਹਾਂ ਨੂੰ ਆਪਣੀਆਂ ਜਿੰਮੇਵਾਰੀਆਂ, ਫਰਜ਼ਾਂ ਅਤੇ ਦੇਣਦਾਰੀਆਂ ਪ੍ਰਤੀ ਸੁਚੇਤ ਕਰਨਾ। ਇਸ ਸੁਚੇਤਨਾ ਨੇ ਹੀ ਆਖਰ ਪੋਲੇ ਪੋਲੇ ਕਦਮੀਂ ਸ਼ਹਾਦਤ ਵੰਨੀਂ ਜਾਣ ਦਾ ਮਾਰਗ ਬਣਨਾ।

ਸ਼ਹਾਦਤ ਦਾ ਰੁਤਬਾ ਕੁਝ ਵਿਰਲਿਆਂ ਨੂੰ ਮਿਲਦਾ, ਭਾਵੇਂ ਹਰ ਕੋਈ ਹੀ ਮਰਨ ਵਾਲੇ ਨੂੰ ਸ਼ਹੀਦ ਕਹਿਣ ਦੀ ਹਿੰਡ ਕਰੇ। ਸ਼ਹਾਦਤ ਦੇ ਵੱਖਰੇ ਤੇ ਨਿਆਰੇ ਮਾਪਦੰਡ। ਇਨ੍ਹਾਂ 'ਤੇ ਪੂਰਾ ਉਤਰਨਾ ਹੀ ਕਿਸੇ ਨੂੰ ਸ਼ਹੀਦ ਹੋਣ ਦਾ ਮਾਣ ਦਿੰਦਾ।

ਸ਼ਹਾਦਤ, ਸੰਜੀਦਗੀ, ਸੂਝ, ਸਮਰਪਣ ਅਤੇ ਸਮ-ਦ੍ਰਿਸ਼ਟੀ ਵਿਚੋਂ ਹੀ ਪੈਦਾ ਹੁੰਦੀ। ਮਨ ਵਿਚ ਆਇਆ ਵਿਚਾਰ, ਸੋਚ ਵਿਚ ਉਧੇੜ ਬੁਣ ਕਰਦਾ ਅਤੇ ਉਹ ਖੁਦ ਨੂੰ ਉਸ ਥਾਂ 'ਤੇ ਦੇਖ ਕੇ ਵਿਚਾਰ ਕਰਦਾ। ਫਿਰ ਇਸ ਵਿਚਾਰਧਾਰਾ ਵਿਚੋਂ ਇਕ ਨਵੀਂ ਰੌਸ਼ਨ ਕਾਤਰ ਲਿਸ਼ਕਦੀ, ਜੋ ਸ਼ਹਾਦਤ ਨੂੰ ਮੀਰੀ ਗੁਣ ਅਤੇ ਗਨੀਮਤ ਸਮਝ ਕੇ ਸਮਾਜਕ ਦੁੱਖਾਂ ਤੋਂ ਨਿਜ਼ਾਤ ਪਾਉਣ ਦਾ ਜ਼ਰੀਆ ਸਮਝਦੀ।

ਸ਼ਹਾਦਤ ਕਈ ਵਾਰ ਤਾਂ ਖ਼ੁਦ 'ਤੇ ਹੋਏ ਜ਼ੁਲਮਾਂ, ਤਸ਼ੱਦਦ, ਪੀੜ ਜਾਂ ਤ੍ਰਾਸਦੀ ਵਿਚੋਂ ਜਨਮ ਲੈਂਦੀ, ਪਰ ਕਈ ਵਾਰ ਲੋਕਾਈ ਦੇ ਮੁੱਖ 'ਤੇ ਛਾਈ ਉਦਾਸੀ, ਸਿਰ ਜੋਗੀ ਥਾਂ ਲੋਚਦੇ ਲੋਕਾਂ ਦੀ ਗੁਰਬਤ-ਗੋਸ਼ਟ ਜਾਂ ਸਹੂਲਤਾਂ ਤੋਂ ਵਿਰਵੇ ਲੋਕਾਂ ਦੀਆਂ ਅਰਦਾਸਾਂ, ਹੂਕਾਂ, ਲੇਰਾਂ ਅਤੇ ਚੀਕ-ਚਿਹਾੜੇ ਵਿਚੋਂ ਵੀ ਪੈਦਾ ਹੁੰਦੀ। ਇਹ ਇਸ 'ਤੇ ਨਿਰਭਰ ਕਰਦਾ ਕਿ ਮਨੁੱਖੀ ਮਨ ਕਿਸ ਦਾ ਪ੍ਰਭਾਵ, ਕਿੰਨੀ ਸ਼ਿੱਦਤ ਤੇ ਸੂਖਮਤਾ ਨਾਲ ਕਬੂਲ ਕਰਦਾ ਅਤੇ ਸ਼ਹਾਦਤ ਵਿਚੋਂ ਕਿਹੋ ਜਿਹੇ ਸਿੱਟਿਆਂ ਤੇ ਅਸਰਾਂ ਨੂੰ ਕਿਆਸਦਾ, ਸ਼ਹਾਦਤ ਦੀ ਸੂਲੀ 'ਤੇ ਲਟਕਣ ਨੂੰ ਪਹਿਲ ਦਿੰਦਾ।

ਸ਼ਹਾਦਤ, ਹਾਕਮਾਂ ਲਈ ਚਿਤਾਵਨੀ। ਤਾਕਤ ਦੇ ਨਸ਼ੇ ਵਿਚ ਖੁਦ ਨੂੰ ਖੁਦਾ ਸਮਝਣ ਵਾਲੇ ਐਖੜਾਂ ਲਈ ਮੂਕ ਵੰਗਾਰ। ਧੌਂਸ ਨਾਲ ਧਰਮ-ਕਰਮ ਨੂੰ ਪੈਰਾਂ ਵਿਚ ਲਿਤਾੜਨ ਅਤੇ ਖੁਦ ਨੂੰ ਸਰਬ-ਸ਼ਕਤੀਮਾਨ ਸਮਝਣ ਵਾਲਿਆਂ ਦੇ ਮੱਥੇ 'ਤੇ ਮੌਤ ਦਾ ਉਕਰਿਆ ਫੁਰਮਾਨ।

ਸ਼ਹਾਦਤ ਕਦੇ ਅਜਾਈਂ ਨਹੀਂ ਜਾਂਦੀ। ਬਹੁਤ ਕੀਮਤੀ। ਤਖਤਾਂ ਅਤੇ ਤਾਜਾਂ ਨੂੰ ਪੈਰਾਂ ਵਿਚ ਰੋਲਦੀ। ਪਾਤਸ਼ਾਹ, ਬਾਦਸ਼ਾਹਾਂ ਨੂੰ ਕਦਮਾਂ 'ਚ ਝੁਕਾਉਂਦੇ। ਦਰਵੇਸ਼ ਦੀਆਂ ਬਰੂਹਾਂ 'ਤੇ ਦਾਤਿਆਂ ਨੂੰ ਝੋਲੀ ਅੱਡ ਕੇ ਮੰਗਣ ਲਈ ਮਜਬੂਰ ਹੋਣਾ ਪੈਂਦਾ। ਰਾਜ ਕਰਨ ਵਾਲੇ ਗਲੀਆਂ ਵਿਚ ਭੀਖ ਮੰਗਣ ਲਈ ਮਜਬੂਰ ਹੁੰਦੇ।

ਸ਼ਹਾਦਤ ਸਮਾਜ, ਕੌਮ, ਦੇਸ਼ ਜਾਂ ਸਮੁੱਚੀ ਮਾਨਵਤਾ ਲਈ ਹੁੰਦੀ। ਸ਼ਹਾਦਤ ਦੀਆਂ ਮਹੀਨ ਤੰਦਾਂ ਅਤੇ ਪੈਦਾ ਹੋਣ ਵਾਲੇ ਸੁਖਨ ਨੇ ਨਿਰਧਾਰਤ ਕਰਨਾ ਕਿ ਸ਼ਹਾਦਤ ਦਾ ਕੀ ਰੂਪ ਹੈ?

ਸਭ ਤੋਂ ਵੱਡੀ ਸ਼ਹਾਦਤ ਆਪਣੀਆਂ ਖੁਸ਼ੀਆਂ ਨੂੰ ਕਿਸੇ ਉਦਾਸ, ਬੇਆਸ, ਨਿਰਾਸ਼ ਅਤੇ ਹਤਾਸ਼ ਵਿਅਕਤੀ ਲਈ ਕੁਰਬਾਨ ਕਰਨਾ, ਜਿਸ ਦੇ ਪੈਰ ਖੁਦਕੁਸ਼ੀਆਂ ਵੱਲ ਨੂੰ ਅਹੁਲਦੇ ਹੋਣ। ਉਸ ਖੇਤ ਨੂੰ ਕਲਾਵੇ ਵਿਚ ਲੈ ਕੇ ਸਹਿਲਾਉਣਾ ਅਤੇ ਵਰਾਉਣਾ, ਜਿਸ ਵਿਚ ਖੁਦਕੁਸ਼ੀਆਂ ਦੀ ਫਸਲ ਲਹਿਰਾਉਂਦੀ ਹੋਵੇ।

ਸ਼ਹਾਦਤ ਵਿਚੋਂ ਪਨਪਦੀਆਂ ਨੇ ਅਹਿਮ ਪ੍ਰਾਪਤੀਆਂ, ਮਾਰੀਆਂ ਮੱਲਾਂ, ਮੰਗਾਂ ਦੀ ਪੂਰਤੀ, ਆਜ਼ਾਦ ਫਿਜ਼ਾ ਵਿਚ ਸਾਹ ਲੈਣ ਦਾ ਫਖਰ, ਸੰਦਲੀ ਸੁਪਨੇ ਲੈਣ, ਪੂਰੇ ਕਰਨ ਅਤੇ ਸਵੈ-ਜਿਉਣ ਦਾ ਹੱਕ। ਅਣਸੁਖਾਵੇਂ, ਅਣਚਾਹੇ ਅਤੇ ਔਖੇ ਸਮਿਆਂ ਵਿਚ ਸ਼ਹਾਦਤ ਲਈ ਤਿਆਰ ਰਹੋ। ਕਦੇ ਵੀ ਆਪਣਾ ਪਰਿਵਾਰ, ਹਿਰਦਾ ਜਾਂ ਮਾਣ-ਸਨਮਾਨ ਨੂੰ ਦਾਅ 'ਤੇ ਲਾ ਕੇ ਖੁਦ ਨੂੰ ਨਾ ਬਚਾਓ।

ਸ਼ਹਾਦਤ, ਸਿਰਫ ਇਕ ਵਿਅਕਤੀ ਦੀ ਹੁੰਦੀ, ਪਰ ਉਸ ਅਜ਼ੀਮ ਸ਼ਹਾਦਤ ਨੂੰ ਕਿਹੜੇ ਅਰਥਾਂ ਵਿਚ ਬਿਆਨ ਕਰੋਗੇ, ਜੋ ਚਾਰ ਪੀੜ੍ਹੀਆਂ ਤੀਕ ਸ਼ਹਾਦਤ ਵਿਚੋਂ ਜੀਵਨ ਭਾਲਦੀ, 'ਤੇਰਾ ਕੀਆ ਮੀਠਾ ਲਾਗੈ' ਦੀ ਭਾਵਨਾ ਨੂੰ ਅੰਤਰੀਵ ਵਿਚ ਵਸਾਉਂਦੀ ਰਹੀ।

ਸ਼ਹਾਦਤ ਦੀਆਂ ਨੀਂਹਾਂ 'ਤੇ ਉਸਰੀਆਂ ਕੌਮਾਂ ਵਿਰਸੇ ਦਾ ਪ੍ਰਤੀਕ ਰਹਿਣ ਤਾਂ ਕੌਮਾਂ ਨੂੰ ਕੋਈ ਨਹੀਂ ਹਰਾ ਸਕਦਾ, ਕਿਉਂਕਿ ਉਨ੍ਹਾਂ ਦੇ ਅੰਗ ਸੰਗ ਰਹਿੰਦਾ ਹੈ, ਉਨ੍ਹਾਂ ਦਾ ਬੀਤਿਆ ਕੱਲ, ਜਿਸ ਵਿਚੋਂ ਹੀ ਉਨ੍ਹਾਂ ਨੇ ਭਵਿੱਖ ਦੀ ਸਿਰਜਣਾ ਕਰਨੀ ਹੁੰਦੀ; ਪਰ ਜਦ ਨਵੀਆਂ ਨਸਲਾਂ ਵਿਰਾਸਤ ਨੂੰ ਭੁਲਾ ਦਿੰਦੀਆਂ ਤਾਂ ਉਨ੍ਹਾਂ ਦੇ ਭਵਿੱਖ ਵਿਚ ਹਨੇਰ-ਬਸਤੀਆਂ ਹੀ ਉਗਦੀਆਂ।

ਸ਼ਹਾਦਤ, ਸਿਰਫ ਉਨ੍ਹਾਂ ਦੇ ਹਿੱਸੇ ਆਉਂਦੀ, ਜੋ ਉਚੇ ਚਰਿੱਤਰ-ਚਬੂਤਰੇ। ਕੋਈ ਨਹੀਂ ਡੁਲਾ ਸਕਦਾ, ਡਰਾ ਸਕਦਾ, ਧਮਕਾ ਸਕਦਾ ਜਾਂ ਮੌਤ ਦੇ ਡਰਾਵੇ ਨਾਲ ਉਨ੍ਹਾਂ ਦੀ ਖੁਦੀ ਨੂੰ ਨਸ਼ਟ ਕਰ ਸਕਦਾ। ਉਹ ਜਿਉਂਦੀ ਜਾਗਦੀ ਆਤਮਾ ਵਾਲੇ ਹੁੰਦੇ, ਜਿਨ੍ਹਾਂ ਨੂੰ ਅਣਖ ਨਾਲ ਜਿਉਣ ਅਤੇ ਆਪਣੀਆਂ ਰਾਹਾਂ ਖੁਦ ਨਿਰਧਾਰਤ ਕਰਨ ਦੀ ਗੁੜਤੀ ਮਿਲੀ ਹੁੰਦੀ।

ਸ਼ਹਾਦਤ ਦੀ ਤਹਿਜ਼ੀਬ, ਸ਼ਹੀਦਾਂ ਦੀਆਂ ਯਾਦਗਾਰਾਂ ਜਾਂ ਤਹਿਰੀਕ ਵਿਚਲੀਆਂ ਜੀਵਨ-ਕਥਾਵਾਂ ਰਾਹੀਂ ਨਵੀਂ ਪੀੜ੍ਹੀ ਨੂੰ ਵਿਰਾਸਤ ਵਿਚ ਮਿਲਦੀ। ਨਵੀਂ ਪੀੜ੍ਹੀ ਨੂੰ ਕਿਸ ਰੂਪ ਵਿਚ ਇਹ ਵਿਰਾਸਤ ਮਿਲੀ ਅਤੇ ਅਗਲੀ ਪੀੜ੍ਹੀ ਨੇ ਕਿਸ ਸੰਦਰਭ ਵਿਚ ਸ਼ਹਾਦਤ ਵਿਚਲੇ ਸੂਖਮ ਅਤੇ ਸੁਗਮ ਸੰਦੇਸ਼ ਨੂੰ ਆਪਣੀ ਆਤਮਿਕਤਾ ਤੇ ਚੇਤਨਾ ਦਾ ਹਿੱਸਾ ਬਣਾਇਆ, ਇਸ ਨੇ ਹੀ ਆਉਣ ਵਾਲੀਆਂ ਨਸਲਾਂ ਦਾ ਭਵਿੱਖ ਤੈਅ ਕਰਨਾ ਹੁੰਦਾ। ਬਜ਼ੁਰਗਾਂ ਦੀ ਸ਼ਹੀਦੀਆਂ ਨੂੰ ਭੁੱਲਣ ਵਾਲੇ, ਸ਼ਹਾਦਤੀ ਯਾਦਗਾਰਾਂ ਨੂੰ ਮਲੀਆਮੇਟ ਕਰਨ ਵਾਲੇ ਸਭ ਤੋਂ ਵੱਡਾ ਅਕ੍ਰਿਤਘਣ, ਤੇ ਇਸ ਨਾਲ ਹੀ ਕਿਸੇ ਕੌਮ ਦੀ ਸਰਬਨਾਸ਼ਤਾ ਦਾ ਪੰਧ ਅਰੰਭ ਹੁੰਦਾ। ਸਿੱਖ ਇਤਿਹਾਸ ਦੇ ਹਰ ਵਰਕੇ ਨੂੰ ਸ਼ਹਾਦਤਾਂ ਨਾਲ ਭਰੇ ਹੋਣ ਦਾ ਮਾਣ, ਪਰ ਇਸ ਦੇ ਵਾਰਸਾਂ ਨੂੰ ਆਪਣੇ ਮਾਣਮੱਤੇ ਇਤਿਹਾਸ ਦੀ ਜਾਣਕਾਰੀ ਹੀ ਨਹੀਂ। ਅਸੀਂ ਤਾਂ ਸ਼ਹਾਦਤ ਨਾਲ ਸਬੰਧਤ ਸਥਾਨਾਂ ਨੂੰ ਮਲੀਆਮੇਟ ਕਰਕੇ ਇਨ੍ਹਾਂ ਦੇ ਨਾਮੋ-ਨਿਸ਼ਾਨ ਮਿਟਾਉਣ ਵਿਚ ਵੀ ਮੋਹਰੀ।

ਸੰਗਮਰਮਰ ਹੇਠ ਦਫਨ ਹੋ ਚੁਕੀ ਸਰਹਿੰਦ ਦੀ ਦੀਵਾਰ, ਚਮਕੌਰ ਦੀ ਕੱਚੀ ਗੜ੍ਹੀ ਅਤੇ ਮਾਛੀਵਾੜੇ ਵਿਚ ਖੂਹ ਦੀ ਮੌਣ, ਸ਼ਹਾਦਤ ਦੀ ਵਿਥਿਆ ਦਾ ਬਿਰਤਾਂਤ ਕਿਵੇਂ ਬਣਨਗੀਆਂ? ਦੀਵਾਰ, ਗੜ੍ਹੀ ਅਤੇ ਮੌਣ ਆਪਣਿਆਂ ਹੱਥੋਂ ਹੋਈ ਬੇਕਦਰੀ ਦਾ ਰੋਣਾ ਕਿਸ ਕੋਲ ਰੋਣ? ਕਿਸ ਸਾਹਵੇਂ ਹਾਵਿਆਂ ਦੇ ਤੰਦ ਪਰੋਣ? ਪਾਟੇ ਸੀਨਿਆਂ 'ਤੇ ਕਿਸ ਧਰਵਾਸ ਦੇ ਤਰੋਪੇ ਲਾਉਣ ਤਾਂ ਕਿ ਤੜਫਦੇ ਹਿਰਦਿਆਂ ਨੂੰ ਸਕੂਨ ਆਵੇ? ਕਿੰਜ ਆਉਣ ਵਾਲੀਆਂ ਨਸਲਾਂ ਨੂੰ ਯਕੀਨ ਆਵੇਗਾ ਕਿ ਦੀਵਾਰ, ਗੜ੍ਹੀ ਅਤੇ ਮੌਣ ਨੂੰ ਸ਼ਹਾਦਤੀ ਇਤਿਹਾਸ ਦਾ ਚਸ਼ਮਦੀਦ ਗਵਾਹ ਹੋਣ ਦਾ ਮਾਣ ਪ੍ਰਾਪਤ ਸੀ। ਉਸ ਮਾਣ ਨੇ ਹੀ ਆਉਣ ਵਾਲੀਆਂ ਨਸਲਾਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਸੀ ਅਤੇ ਰੋਹੀਲੀ ਵਿਰਾਸਤ ਨੂੰ ਉਨ੍ਹਾਂ ਦੇ ਦੀਦਿਆਂ ਵਿਚ ਧਰਨਾ ਸੀ। ਨਵੀਂ ਪੀੜ੍ਹੀ ਨੇ ਜ਼ੁਲਮ ਤੇ ਸਿਤਮ ਦੀਆਂ ਤਹਿਆਂ ਫੋਲਦਿਆਂ ਨਵੀਂ ਸੋਚ ਤੇ ਨਵੀਂ ਤਰਕੀਬ ਨੂੰ ਸਮਿਆਂ ਦੇ ਨਾਮ ਕਰਨਾ ਸੀ ਤਾਂ ਕਿ ਅਜਿਹੀ ਅਣਹੋਣੀ ਫਿਰ ਕਦੇ ਨਾ ਵਾਪਰੇ। ਜਦ ਅਚੇਤ ਜਾਂ ਸੁਚੇਤ ਰੂਪ ਵਿਚ ਮਾਣਮੱਤੀਆਂ ਨਿਸ਼ਾਨੀਆਂ ਨੂੰ ਮਲੀਆਮੇਟ ਕਰਨ ਦਾ ਅਹਿਦ ਆਪਣੇ ਹੀ ਕਰ ਲੈਣ ਅਤੇ ਇਨ੍ਹਾਂ ਨੂੰ ਸੰਗਮਰਮਰੀ ਲਿਬਾਸ ਵਿਚ ਸਾਹ ਲੈਣ ਤੋਂ ਵੀ ਆਤੁਰ ਕਰ ਦੇਣ ਤਾਂ ਸੰਵੇਦਨਸ਼ੀਲ ਮਨ 'ਚੋਂ ਬੜਾ ਕੁਝ ਲਾਵਾ ਬਣ ਕੇ ਬਾਹਰ ਨਿਕਲਦਾ। ਕੀ ਇਹ ਸੋਚੀ ਸਮਝੀ ਸਾਜਿਸ਼ ਸੀ? ਜਾਣ ਬੁੱਝ ਕੇ ਵਿਰਸੇ ਤੋਂ ਵਿਰਵਾ ਕਰਨਾ ਸੀ? ਜਾਂ ਕਿਸੇ ਦੂਰ-ਰਸੀ ਭਵਿੱਖੀ ਯੋਜਨਾ ਦਾ ਹਿੱਸਾ ਸੀ ਕਿ ਕਾਰ ਸੇਵਾ ਦੇ ਨਾਮ 'ਤੇ ਸਿੱਖੀ ਦੀਆਂ ਫਖਰਯੋਗ ਨਿਸ਼ਾਨੀਆਂ ਨੂੰ ਸਦੀਵੀ ਸਮੇਟਿਆ ਜਾਵੇ ਅਤੇ ਇਨ੍ਹਾਂ ਨੂੰ ਲੋਕ-ਚੇਤਿਆਂ ਵਿਚੋਂ ਸਦਾ ਲਈ ਮਿਟਾਇਆ ਜਾਵੇ। ਕੇਹੀ ਤ੍ਰਾਸਦੀ ਹੈ ਕਿ ਸਿੱਖ ਕੌਮ ਆਪਣਾ 300 ਸਾਲ ਦਾ ਮਾਣਮੱਤਾ ਇਤਿਹਾਸ ਹੀ ਨਹੀਂ ਸੰਭਾਲ ਸਕੀ। ਹੋਰ ਕੀ ਆਸ ਰੱਖੀ ਜਾ ਸਕਦੀ ਏ?

ਦੀਵਾਰ, ਗੜ੍ਹੀ ਤੇ ਮੌਣ ਦੀ ਦੱਬ ਦਿਤੀ ਗਈ ਦਰਦੀਲੀ ਦਾਸਤਾਨ, ਬਹਿਰੇ ਤੇ ਗੁੰਗਿਆਂ ਨੇ ਤਾਂ ਸੁਣਨੀ ਨਹੀਂ। ਹਾਂ! ਜੇ ਇਤਿਹਾਸ ਦੇ ਵਰਕੇ 'ਤੇ ਉਗੇ ਕਲਮ ਦੇ ਹਾਵੇ, ਹਾੜੇ, ਹੇਰਵੇ ਅਤੇ ਹਉਕੇ, ਸਿੱਖ-ਦੀਦਿਆਂ ਨੂੰ ਸਿੱਲੇ ਕਰ ਗਏ ਤਾਂ ਉਨ੍ਹਾਂ ਦੇ ਅੰਤਰੀਵ 'ਚ ਉਗੀ ਸੰਵੇਦਨਾ ਹੀ ਕਿਸੇ ਦਿਨ ਦੀਵਾਰ, ਗੜ੍ਹੀ ਤੇ ਮੌਣ ਦਾ ਹੁੰਗਾਰਾ ਜ਼ਰੂਰ ਬਣੇਗੀ।

ਸ਼ਹਾਦਤ, ਪੈਗੰਬਰੀ ਅਹਿਸਾਸ, ਪਾਕੀਜ਼ਗੀ ਭਰਪੂਰ ਕਾਰਜ, ਇਲਹਾਮੀ ਪੈਗਾਮ ਅਤੇ ਪੀਰ-ਪਾਹੁਲ ਵਿਚੋਂ ਪੀੜ-ਨਿਰਵਾਣ ਦੀ ਪ੍ਰਕ੍ਰਿਆ।

ਸ਼ਹਾਦਤ ਨੂੰ ਮਿਲਖਾਂ, ਜਗੀਰਾਂ, ਰੁਤਬਿਆਂ, ਸਨਮਾਨਾਂ ਨਾਲ ਕਦੇ ਨਹੀਂ ਤੋਲਿਆ ਜਾ ਸਕਦਾ। ਇਹ ਅਤੋਲਵੀਂ, ਅਮੁੱਲ, ਇਲਾਹੀ ਅਤੇ ਅਰਘ-ਅਰਾਧਨਾ। ਇਸ ਦੀਆਂ ਸੋਆਂ ਅਤੇ ਸੂਹਾਂ ਵਿਚ ਚੰਨ-ਤਾਰਿਆਂ ਦੀ ਬਾਰਸ਼। ਰਿਸ਼ਮਾਂ ਦੀ ਨਗਰੀ ਵਿਚ ਵਾਸਾ। ਚਾਨਣ ਦਾ ਮੁੱਲ ਕੋਈ ਕਿੰਜ ਪਾਵੇਗਾ?

ਸ਼ਹਾਦਤਾਂ ਨੂੰ ਭੁੱਲ ਜਾਣ ਵਾਲੀਆਂ ਕੌਮਾਂ ਅਕ੍ਰਿਤਘਣ, ਬੇਗੈਰਤ, ਬੇਜਾਨ ਅਤੇ ਆਪਣੀ ਬਰਬਾਦੀ ਦਾ ਲਿਖਿਆ ਸਿਰਨਾਵਾਂ। ਆਪਣੀ ਅਰਥੀ ਨੂੰ ਆਪਣੇ ਮੋਢਿਆ 'ਤੇ ਢੋਂਦੇ ਲੋਕ। ਉਨ੍ਹਾਂ ਦੇ ਹੋਠਾਂ 'ਤੇ ਖੁਦ ਦਾ ਮਰਸੀਆ। ਰਸਾਤਲ ਵੰਨੀਂ ਜਾਂਦੇ ਉਨ੍ਹਾਂ ਕਦਮਾਂ ਨੂੰ ਕਿੰਜ ਰੋਕੋਗੇ, ਜੋ ਤਬਾਹੀ ਦੇ ਰਾਹੀ ਹੋਣ? ਜਿਨ੍ਹਾਂ ਦੀ ਤਮੰਨਾ ਹੀ ਖੁਦ ਦੀ ਜ਼ਰਜਰੀ ਹੋਂਦ ਨੂੰ ਕਿਆਸਣਾ ਹੁੰਦਾ।

ਸ਼ਹਾਦਤਾਂ ਨੂੰ ਯਾਦ ਰੱਖੋ। ਇਸ ਦੀਆਂ ਕਦਰਾਂ-ਕੀਮਤਾਂ ਅਤੇ ਸੰਦੇਸ਼ਾਂ ਨੂੰ ਅਜੋਕੇ ਸਮਿਆਂ ਵਿਚ ਸਾਰਥਕਤਾ ਤੇ ਤਰਜ਼ੀਹਾਂ ਨੂੰ ਤਦਬੀਰਾਂ ਬਣਾਉਗੇ ਤਾਂ ਸ਼ਹਾਦਤਾਂ ਕਦੇ ਅਜਾਈਂ ਨਹੀਂ ਜਾਣਗੀਆਂ।

ਸ਼ਹਾਦਤ, ਸੂਰਜ ਦਾ ਸਿਰਨਾਵਾਂ। ਸਰਘੀ ਦੀ ਫੁੱਟਦੀ ਲੋਅ ਜਿਸ ਦੀ ਚਾਨਣ-ਰੁਸ਼ਨਾਈ ਨੇ ਜੀਵਨ-ਬਾਗ ਨੂੰ ਰੁਸ਼ਨਾਉਣਾ, ਖਿੜਾਉਣਾ, ਮਹਿਕਾਉਣਾ ਅਤੇ ਰੰਗ-ਲਬਰੇਜ਼ਤਾ ਨੂੰ ਜੀਵਨ ਦੇ ਨਾਮ ਲਾਉਣਾ। ਸੂਰਜ ਕਦੇ ਡੁੱਬਦੇ ਨਹੀਂ, ਸਿਰਫ ਕੁਝ ਸਮੇਂ ਲਈ ਛੁਪਦੇ। ਸੂਰਜ ਤੋਂ ਮੁੱਖ ਮੋੜਨ ਵਾਲੇ ਲੋਕਾਂ ਨੂੰ ਆਪਣਾ ਪ੍ਰਛਾਵਾਂ ਹੀ ਖਾ ਜਾਂਦਾ। ਫਿਰ ਉਹ ਬਿਨ ਸਿਰਨਾਵੇਂ ਅਤੇ ਹੋਂਦਹੀਣ ਹੋ ਕੇ, ਸਿਰ ਜੋਗੀ ਛਾਂ ਤੋਂ ਵੀ ਵਿਰਵੇ ਹੋ ਜਾਂਦੇ।

ਸ਼ਹਾਦਤ ਦੇ ਚੰਨ ਨੂੰ ਅਰਘ ਚੜਾਉਣਾ, ਇਸ ਦੀ ਲੋਅ 'ਚ ਘੁੱਪ-ਹਨੇਰੀਆਂ ਜੂਹਾਂ ਰੁਸ਼ਨਾਉਣਾ, ਰੋਸ਼ਨੀ ਵਿਚ ਖੁਦ ਨਾਲ ਸੰਵਾਦ ਰਚਾਉਣਾ, ਜਿਉਣ ਢੰਗ ਨੂੰ ਵਿਉਂਤਣ ਦਾ ਵੱਲ ਜ਼ਰੂਰ ਆ ਜਾਵੇਗਾ।

ਸ਼ਹਾਦਤ, ਹਮੇਸ਼ਾ ਦਗਦੇ ਅੰਗਿਆਰਾਂ ਦੀ, ਚਮਕਦੇ ਤਾਰਿਆਂ ਦੀ, ਸੰਘਣੇ ਬਿਰਖਾਂ ਦੀ ਜਾਂ ਆਤਮ-ਸੂਝ ਨੂੰ ਪਛਾਨਣ ਵਾਲਿਆਂ ਦੀ ਹੀ ਰੰਗ ਲਿਆਉਂਦੀ, ਕਿਉਂਕਿ ਹਾਕਮਾਂ ਨੂੰ ਸਭ ਤੋਂ ਵੱਡਾ ਖਤਰਾ ਅਜਿਹੇ ਵਿਅਕਤੀਆਂ ਤੋਂ ਹੀ ਹੁੰਦਾ। ਬੁਝੇ ਦੀਵੇ, ਧੁਖਦੀਆਂ ਧੂਣੀਆਂ ਜਾਂ ਉਜੜੇ ਘਰਾਂ ਦੀਆਂ ਸਿਸਕੀਆਂ ਨੂੰ ਸਮਝਣ ਤੋਂ ਆਕੀ ਲੋਕ, ਆਪਣੇ ਪੈਰਾਂ ਵਿਚ ਸ਼ਹਾਦਤ-ਸਫਰ ਉਗਾਉਣ ਤੋਂ ਬਹੁਤ ਦੂਰ ਹੁੰਦੇ। ਬਿਨ-ਸਿਰਨਾਵੇਂ ਰਾਹ ਤੁਰਦਿਆਂ ਕਦੇ ਮੰਜ਼ਿਲਾਂ ਨਹੀਂ ਮਿਲਦੀਆਂ। ਪੈਰਾਂ ਵਿਚ ਸਫਰ ਤਾਂ ਹੀ ਉਗਦਾ, ਜਦ ਦੀਦਿਆਂ ਵਿਚ ਸੁਪਨੇ ਹੋਣ, ਕਦਮਾਂ ਨੂੰ ਤੁਰਨ ਦਾ ਚਾਅ ਹੋਵੇ ਅਤੇ ਰਾਹ ਦੀਆਂ ਮੁਸ਼ਕਿਲਾਂ ਵਿਚੋਂ ਉਭਰਨ ਦਾ ਵੱਲ ਆਉਂਦਾ ਹੋਵੇ। ਅਜਿਹੇ ਵਿਅਕਤੀ ਸ਼ਹਾਦਤ ਨੂੰ ਜਾਂਦੀਆਂ ਰਾਹਾਂ ਦੀ ਘੋਖ ਕਰਦੇ ਅਤੇ ਇਸ ਨੂੰ ਸੋਚ ਦਾ ਹਾਣੀ ਬਣਾਉਣ ਲਈ ਜਿੰਦ-ਜਾਨ ਹੂਲਦੇ।

ਸਦਾ ਜਿਉਂਦੀਆਂ ਰਹਿਣ ਵਾਲੀਆਂ ਕੌਮਾਂ ਆਪਣੇ ਪੁਰਖਿਆਂ ਦੇ ਸ਼ਹਾਦਤੀ ਖਰੜਿਆਂ, ਸ਼ਹੀਦੀ ਸਮਾਰਕਾਂ, ਨਿਸ਼ਾਨੀਆਂ ਅਤੇ ਉਨ੍ਹਾਂ ਨਾਲ ਸਬੰਧਤ ਯਾਦਗਾਰੀ ਅਸਥਾਨਾਂ ਨੂੰ ਮੁਢਲੇ ਰੂਪ ਵਿਚ ਰੱਖਦੀਆਂ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਬੀਤੇ ਸਮੇਂ ਨੂੰ ਮਨ ਵਿਚ ਹੂਬਹੂ ਚਿਤਵ ਸਕਣ। ਉਨ੍ਹਾਂ ਦੇ ਹਿਰਦਿਆਂ ਵਿਚ ਬੀਤੇ ਦਾ ਹਰ ਵਰਕਾ ਅਤੇ ਹਰ ਹਰਫ ਉਕਰਿਆ ਜਾਵੇ। ਸ਼ਹਾਦਤਾਂ ਨਾਲ ਲਬਰੇਜ਼ ਤਹਿਜ਼ੀਬੀ ਵਰਕਾ ਹੀ ਆਉਣ ਵਾਲੀਆਂ ਨਸਲਾਂ ਦੇ ਮਨ ਨੂੰ ਇਹ ਦ੍ਰਿੜ ਕਰਵਾਉਂਦਾ ਕਿ ਉਹ ਇਤਿਹਾਸਕ ਰਹਿਬਰੀ ਵਿਚੋਂ ਆਪਣੀ ਪਛਾਣ, ਪਰੰਪਰਾਵਾਂ, ਮਾਨਤਾਵਾਂ ਅਤੇ ਮਰਿਆਦਾਵਾਂ ਨੂੰ ਸਦੀਵੀ ਜਿਉਂਦਾ ਰੱਖ ਸਕਣ।

ਗੁਰਬਾਣੀ ਗਿਆਨ

# ਸੁਣਿਐ ਈਸਰੁ ਬਰਮਾ ਇੰਦੁ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਜੋ ਲੋਕ ਕਹਿੰਦੇ ਹਨ ਕਿ ਸਿੱਖ ਹਿੰਦੂ ਹਨ, ਉਹ ਅੱਜ ਤੋਂ ਨਹੀਂ, ਸਦੀਆਂ ਤੋਂ ਅਜਿਹਾ ਕਹਿੰਦੇ ਆ ਰਹੇ ਹਨ। ਸਿੱਖ ਵਿਦਵਾਨ ਉਨ੍ਹਾਂ ਦਾ ਕੋਈ ਤਸੱਲੀਬਖਸ਼ ਉਤਰ ਨਹੀਂ ਦੇ ਸਕੇ ਤੇ ਨਾ ਹੀ ਇਸ ਦੀ ਅੱਗੋਂ ਕੋਈ ਸੰਭਾਵਨਾ ਹੈ। ਕਾਰਨ ਇਹ ਹੈ ਕਿ ਅਜੋਕੇ ਸਿੱਖ ਪੰਥ ਵਿਚ ਤਰ੍ਹਾਂ ਤਰ੍ਹਾਂ ਦੇ ਸਿੱਖ ਹਨ। ਦੇਖਣ ਨੂੰ ਤਾਂ ਭਾਵੇਂ ਸਾਰੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ, ਪਰ ਮੰਨਦੇ ਆਪੋ ਆਪਣੀ ਮਰਜੀ ਮੁਤਾਬਕ ਹਨ। ਬਹੁਤੇ ਤਾਂ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾਲ ਕਈ ਹੋਰ ਗ੍ਰੰਥਾਂ ਅਤੇ ਪਰੰਪਰਾਵਾਂ ਨੂੰ ਵੀ ਮੰਨਦੇ ਹਨ।

ਇਨ੍ਹਾਂ ਵਿਚ ਬਹੁਤੇ ਉਹ ਹਨ, ਜੋ ਗੁਰੂ ਗ੍ਰੰਥ ਸਾਹਿਬ ਨੂੰ 'ਪ੍ਰਗਟ ਗੁਰਾਂ ਕੀ ਦੇਹ' ਮੰਨਦੇ ਹਨ। ਉਹ ਇਸ ਵਾਕ ਵਿਚਲੇ ਅਲੰਕਾਰ ਨੂੰ ਨਾ ਸਮਝ ਕੇ ਗੁਰੂ ਗ੍ਰੰਥ ਸਾਹਿਬ ਨੂੰ ਸੱਚੀ ਮੁੱਚੀ ਦਾ ਭਾਵ ਜਿਉਂਦਾ ਜਾਗਦਾ ਗੁਰੂ ਪਾਤਸ਼ਾਹ ਮੰਨਦੇ ਹਨ। ਉਹ ਇਸ ਨਾਲ ਸਭ ਵਿਹਾਰ ਅਸਲ ਅਰਥਾਤ ਜੀਵਿਤ ਗੁਰੂ ਵਾਲੇ ਕਰਦੇ ਹਨ। ਉਹ ਇਸ ਦੇ ਸਫਿਆਂ ਨੂੰ ਅੰਗ ਆਖਦੇ ਹਨ, ਇਸ ਅੱਗੇ ਸੀਸ ਨਿਵਾ ਕੇ ਮੱਥਾ ਟੇਕਦੇ ਹਨ, ਪਲੰਘ-ਨੁਮਾ ਪੀਹੜੀ 'ਤੇ ਪਾ ਕੇ ਰੱਖਦੇ ਹਨ, ਸੁੰਦਰ ਰੁਮਾਲਿਆਂ ਨਾਲ ਕੱਜ ਕੇ ਰੱਖਦੇ ਹਨ, ਉਤੇ ਚਾਨਣੀ ਤਾਣਦੇ ਹਨ, ਚੌਰ ਝੱਲਦੇ ਹਨ, ਪੀਹੜੀ ਦੇ ਪਾਵੇ ਘੁੱਟਦੇ ਹਨ, ਗਰਮੀ ਵਿਚ ਪੱਖੇ ਤੇ ਸਰਦੀ ਵਿਚ ਹੀਟਰ ਲਾਉਂਦੇ ਹਨ, ਸਵੇਰੇ ਪ੍ਰਕਾਸ਼ ਕਰਦੇ ਹਨ, ਭੋਗ ਲਾਉਂਦੇ ਹਨ, ਵਾਕ ਪੜ੍ਹ ਕੇ ਸਾਰੇ ਦਿਨ ਲਈ ਹੁਕਮ ਲੈਂਦੇ ਹਨ, ਰਾਤ ਨੂੰ ਸੁਖ-ਆਸਣ ਵਿਚ ਸੰਤੋਖਦੇ ਹਨ ਤੇ ਅਜਿਹਾ ਹੋਰ ਬਹੁਤ ਕੁਝ ਕਰਦੇ ਹਨ।

ਜੇ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਕਿਤੇ ਲੈ ਜਾਣਾ ਹੋਵੇ ਤਾਂ ਪਹਿਲਾਂ ਪੰਜ-ਚਾਰ ਨੰਗੇ ਪੈਰ ਸਿੱਖ ਸ਼ਰਧਾਲੂ ਇਸ ਨੂੰ ਸਿਰ 'ਤੇ ਜਾਂ ਪਾਲਕੀ ਵਿਚ ਰੱਖਦੇ ਹਨ ਤੇ ਫਿਰ ਬਾਦਸਾਹਾਂ ਦੇ ਸਨਮਾਨ ਵਾਂਗ ਘੜਿਆਲ ਵਜਾਉਂਦੇ, ਪਾਣੀ ਤ੍ਰੌਂਕਦੇ, ਚੌਰ ਝੱਲਦੇ ਤੇ ਸਤਿ ਨਾਮ ਦਾ ਜਾਪ ਕਰਦੇ ਇਕ ਜਲੂਸ ਦੀ ਸ਼ਕਲ ਵਿਚ ਲੈ ਕੇ ਜਾਂਦੇ ਹਨ। ਇਸ ਨੂੰ ਕਿਸੇ ਹੋਰ ਢੰਗ ਨਾਲ ਲਿਆਉਣਾ-ਲੈਜਾਣਾ ਮਨ੍ਹਾ ਹੈ, ਕਿਉਂਕਿ ਉਹ ਇਸ ਨੂੰ ਗ੍ਰੰਥ ਸਾਹਿਬ ਦੀ ਬੇਅਦਬੀ ਮੰਨਦੇ ਹਨ। ਭਾਵੇਂ ਉਹ ਗ੍ਰੰਥ ਸਾਹਿਬ ਨੂੰ ਪੜ੍ਹਦੇ ਤੇ ਸੁਣਦੇ ਵੀ ਹਨ, ਪਰ ਅਜਿਹਾ ਆਮ ਤੌਰ 'ਤੇ ਅਖੰਡ ਪਾਠਾਂ ਤੇ ਸਹਿਜ ਪਾਠਾਂ ਦੀ ਗਿਣੀ ਮਿੱਥੀ ਵਿਧੀ ਰਾਹੀਂ ਕਰਦੇ ਹਨ। ਇਹ ਉਨ੍ਹਾਂ ਦਾ ਆਪਣੇ ਗ੍ਰੰਥ ਸਾਹਿਬ ਦਾ ਸਤਿਕਾਰ ਕਰਨ ਦਾ ਢੰਗ-ਤਰੀਕਾ ਹੈ।

ਕੁਝ ਕੁ ਸਿੱਖ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਆਪ ਪੜ੍ਹ ਕੇ ਅਧਿਐਨ ਕਰਦੇ ਹਨ ਤੇ ਇਸ ਨੂੰ ਤਨੋਂ ਮਨੋਂ ਸਮਝਣ ਦਾ ਉਦਮ ਕਰਦੇ ਰਹਿੰਦੇ ਹਨ। ਉਹ ਇਸ ਦੀਆਂ ਸੈਂਚੀ-ਪੋਥੀਆਂ ਤੇ ਗੁਟਕੇ ਪੜ੍ਹਦੇ ਹਨ, ਕਿਉਂਕਿ ਸਮੁੱਚੇ ਗ੍ਰੰਥ ਸਾਹਿਬ ਨੂੰ ਉਚੇ ਸਨਮਾਨ ਕਾਰਨ ਇਸ ਕੰਮ ਲਈ ਨਹੀਂ ਵਰਤਿਆ ਜਾ ਸਕਦਾ, ਪਰ ਸਦੀਆਂ ਪੁਰਾਣੀ ਕਾਵਿ-ਰੂਪ ਗੁਰਬਾਣੀ ਨੂੰ ਵਿਚਾਰਨ ਦੀ ਉਨ੍ਹਾਂ ਕੋਲ ਕੋਈ ਸੁਤੰਤਰ ਪਿਰਤ ਨਹੀਂ ਹੈ। ਜੇ ਹੋਵੇ ਵੀ ਤਾਂ ਇਹ ਸਨਮਾਨ ਭਾਵਨਾ ਹੇਠ ਦਬੀ ਹੋਣ ਕਰਕੇ ਵਿਚੋਂ ਬਾਹਰ ਉਭਰ ਕੇ ਨਹੀਂ ਆਉਂਦੀ। ਇਸ ਲਈ ਉਹ ਬਹੁਤਾ ਕਰ ਕੇ ਸਿੱਖ ਵਿਦਵਾਨਾਂ ਦੇ ਟੀਕਿਆਂ, ਸਿੱਖ ਪੁਜਾਰੀਆਂ, ਪ੍ਰਚਾਰਕਾਂ ਤੇ ਕਥਾਕਾਰਾਂ ਦੀ ਵਿਆਖਿਆ ਦੇ ਸੰਗ ਸਹਾਰੇ ਹੀ ਚਲਦੇ ਹਨ। ਇਸ ਲਈ ਉਨ੍ਹਾਂ ਦੇ ਅਧਿਐਨ 'ਤੇ ਵਿਚਾਰ ਦੇ ਭਾਵ ਨਾਲੋਂ ਸਨਮਾਨ ਦਾ ਭਾਵ ਵਧੇਰੇ ਭਾਰੂ ਬਣਿਆ ਰਹਿੰਦਾ ਹੈ।

ਇਨ੍ਹਾਂ ਸਭ ਗੱਲਾਂ ਨਾਲ ਕਿਸੇ ਨੂੰ ਕੋਈ ਤਕਲੀਫ ਨਹੀਂ ਹੋਣੀ ਚਾਹੀਦੀ, ਕਿਉਂਕਿ ਹਰ ਇਕ ਨੂੰ ਆਪਣੇ ਧਾਰਮਿਕ ਅਕੀਦੇ ਦਾ ਪੂਰਾ ਪੂਰਾ ਹੱਕ ਹੈ। ਸਿੱਖ ਆਪਣੇ ਆਪ ਵਿਚ ਤਾਂ ਆਪਣੇ ਧਰਮ ਤੇ ਧਾਰਮਿਕ ਪਰੰਪਰਾਵਾਂ ਪ੍ਰਤੀ ਸਤਿਕਾਰ ਤੇ ਸਮਰਪਣ ਦਾ ਪ੍ਰਗਟਾਵਾ ਕਰਦੇ ਹਨ, ਪਰ ਬਾਹਰ ਖੜ੍ਹੇ ਹਿੰਦੂਆਂ ਨੂੰ ਉਹ ਆਪਣੇ ਜਿਹੇ ਕਰਮ-ਕਾਂਡ ਕਰਦੇ ਹੀ ਦਿਖਾਈ ਦਿੰਦੇ ਹਨ, ਜਿਨ੍ਹਾਂ ਦੀ ਗੁਰੂ ਸਾਹਿਬ ਨੇ ਨਿਖੇਧੀ ਕੀਤੀ ਸੀ। ਉਨ੍ਹਾਂ ਨੂੰ ਦੋਹਾਂ ਦੇ ਪੂਜਾ ਪਾਤਰਾਂ ਵਿਚ ਵੀ ਇੰਨਾ ਕੁ ਹੀ ਫਰਕ ਦਿਸਦਾ ਹੈ, ਜਿੰਨਾ ਪੱਥਰ ਤੇ ਕਾਗਜ਼ ਵਿਚ। ਕਈ ਸਿੱਖ ਵਿਦਵਾਨ ਤੇ ਪ੍ਰਚਾਰਕ ਅੰਦਰੋਂ ਸਮਝਦੇ ਵੀ ਹਨ ਕਿ ਉਹ ਸਾਰਾ ਕੁਝ ਗੁਰੂ ਸਿਖਿਆ ਅਨੁਸਾਰ ਨਹੀਂ ਕਰ ਰਹੇ, ਪਰ ਪੱਕ ਚੁਕੀਆਂ ਪਰੰਪਰਾਵਾਂ 'ਤੇ ਚਲਦੇ ਵੀ ਰਹਿੰਦੇ ਹਨ। ਇਸ ਲਈ ਜਦੋਂ ਕੋਈ ਹਿੰਦੂ ਕਹਿੰਦਾ ਹੈ ਕਿ 'ਸਿੱਖ ਵੀ ਹਿੰਦੂ ਹਨ' ਤਾਂ ਸਿੱਖ ਵਿਦਵਾਨ ਉਸ ਦੀ ਦਲੀਲ ਨੂੰ ਸਹਿਜੇ ਕੱਟ ਨਹੀਂ ਸਕਦੇ। ਦੋਵੇਂ ਧਿਰਾਂ ਆਪੋ ਆਪਣੇ ਪੱਧਰ 'ਤੇ ਬਹਿਸਦੀਆਂ ਰਹਿੰਦੀਆਂ ਹਨ। ਹਿੰਦੂਤਵੀਏ ਬਾਣੀ ਦੀ ਡੂੰਘਾਈ 'ਚ ਨਹੀਂ ਜਾਂਦੇ, ਕਿਉਂਕਿ ਅਜਿਹਾ ਕਰਨਾ ਉਨ੍ਹਾਂ ਦੇ ਹਿੱਤ ਵਿਚ ਨਹੀਂ ਤੇ ਸਿੱਖ ਇਸ ਵਿਚ ਡੂੰਘਾ ਜਾ ਨਹੀਂ ਸਕਦੇ, ਕਿਉਂਕਿ ਉਨ੍ਹਾਂ ਦੀ ਸਿਖਲਾਈ ਅਜਿਹੀ ਨਹੀਂ। ਸਿੱਟੇ ਵਜੋਂ ਸਿੱਖਾਂ ਵਿਚ ਡਰ, ਤਣਾਓ ਤੇ ਵਿਵਾਦ ਬਣੇ ਰਹਿੰਦੇ ਹਨ। ਉਹ ਆਪਣੇ ਆਪ ਨੂੰ ਘੱਟ-ਗਿਣਤੀ ਕਹਿੰਦਿਆਂ ਬਹੁ-ਗਿਣਤੀ ਹਿੰਦੂਵਾਦ ਵਲੋਂ ਨਿਗਲੇ ਜਾਣ ਦਾ ਖਦਸ਼ਾ ਪਾਲਦੇ ਹਨ।

ਇਸ ਦਾ ਸਹੀ ਉਤਰ ਜੇ ਕੋਈ ਹੈ, ਉਹ ਹੈ ਕਿ ਸਿੱਖ ਵਿਦਵਾਨ, ਪ੍ਰਚਾਰਕ ਤੇ ਪੁਜਾਰੀ ਖੁਲ੍ਹ ਕੇ ਆਪਣੇ ਕਰਮ-ਕਾਂਡਾਂ ਤੇ ਪਰੰਪਰਾਵਾਂ 'ਤੇ ਝਾਤ ਮਾਰਨ ਅਤੇ ਗੁਰੂ ਸਾਹਿਬ ਦੀ ਸਿਖਿਆ ਨੂੰ ਮੰਨਦਿਆਂ ਇਸ ਦੀ ਤਹਿ ਵਿਚ ਜਾਣ। ਜਦੋਂ ਉਹ ਕਹਿੰਦੇ ਹਨ ਕਿ ਗੁਰੂ ਨਾਨਕ ਬ੍ਰਾਹਮਣਵਾਦ ਦੇ ਖਿਲਾਫ ਸਨ, ਉਹ ਅੰਦਾਜ਼ਾ ਲਾਉਣ ਕਿ ਉਹ ਇਸਲਾਮ, ਨਾਥ-ਪੰਥ ਤੇ ਡੇਰੇਵਾਦ ਦੇ ਵੀ ਓਨੇ ਹੀ ਆਲੋਚਕ ਸਨ, ਜਿੰਨੇ ਬ੍ਰਾਹਮਣਵਾਦ ਦੇ। ਉਹ ਸਭ ਦੀਆਂ ਕੁਰੀਤੀਆਂ ਦਾ ਖੰਡਨ ਕਰਦੇ ਸਨ। ਜੇ ਅਜੋਕੀਆਂ ਰਹੁ ਰੀਤਾਂ ਵਾਲਾ ਸਿੱਖ ਸਮਾਜ ਉਦੋਂ ਹੁੰਦਾ ਤਾਂ ਉਹ ਇਸ ਦੀਆਂ ਤਰਕਹੀਣ ਪਰੰਪਰਾਵਾਂ ਤੇ ਬ੍ਰਾਹਮਣਵਾਦੀ ਰੁਝਾਨਾਂ ਦਾ ਵੀ ਉਨਾ ਹੀ ਵਿਰੋਧ ਕਰਦੇ, ਜਿੰਨਾ ਦੂਜਿਆਂ ਦਾ। ਜਿੱਥੇ ਜਿੱਥੇ ਯਥਾਰਥਕ ਸੋਚ ਦੀ ਅਵਹੇਲਣਾ ਹੋਈ ਹੈ, ਉਹ ਜਰੂਰ ਉਸ ਦੀ ਨਿਖੇਧੀ ਕਰਦੇ। ਇਸ ਲਈ ਗੁਰੂ ਸਾਹਿਬ ਦੇ ਸਿਧਾਂਤ ਨੂੰ ਸਮਝ ਕੇ ਇਸ ਅਨੁਸਾਰ ਚਲਣ। ਜੇ ਕੋਈ ਉਨ੍ਹਾਂ ਬਾਰੇ ਬੇਸਮਝੀ ਵਾਲਾ ਕਿੰਤੂ ਪ੍ਰੰਤੂ ਕਰਦਾ ਹੈ ਤਾਂ ਉਹ ਉਸ ਨੂੰ ਨਿਰੋਲ ਗੁਰਬਾਣੀ ਦੇ ਆਧਾਰ 'ਤੇ ਜਵਾਬ ਦੇਣ, ਨਾ ਕਿ ਪੰਥ ਦੀ ਸਭਿਆਚਾਰਕ ਦਿੱਖ ਦੇ ਆਧਾਰ 'ਤੇ।

ਕਿਉਂਕਿ ਗੁਰਬਾਣੀ ਵਿਗਿਆਨ ਦੀ ਸਮਰਥਕ ਹੈ ਤੇ ਖੁਦ ਵਿਗਿਆਨ ਵੀ ਹੈ, ਇਸ ਲਈ ਕੋਈ ਦੂਜਾ ਧਰਮ ਜਾਂ ਵਿਵਸਥਾ ਇਸ ਦੇ ਨੇੜੇ ਤੇੜੇ ਵੀ ਨਹੀਂ ਆ ਸਕਦਾ। ਸਭ ਕਰਮ-ਕਾਂਡੀ ਧਰਮ, ਜਿਨ੍ਹਾਂ ਵਿਚ ਹਿੰਦੂਵਾਦ ਵੀ ਸ਼ਾਮਲ ਹੈ, ਵਿਗਿਆਨ ਤੋਂ ਦੂਰ ਭੱਜਦੇ ਹਨ ਕਿਉਂਕਿ ਵਿਗਿਆਨ ਉਨ੍ਹਾਂ ਦੇ ਪੱਜ ਉਘਾੜਦਾ ਹੈ। ਇਸ ਲਈ ਉਹ ਸਿੱਖ ਮੱਤ ਨੂੰ ਵਿਗਿਆਨਕ ਜਾਣ ਕੇ ਫਿਰ ਕਦੇ ਨਹੀਂ ਕਹਿਣਗੇ ਕਿ ਸਿੱਖ ਹਿੰਦੂ ਹਨ।

ਮਸਲਾ ਇੱਥੇ ਹਿੰਦੂਆਂ ਤੇ ਸਿੱਖਾਂ ਦੀਆਂ ਆਪਸੀ ਬਹਿਸਾਂ ਦਾ ਨਹੀਂ, ਸਗੋਂ ਸਿੱਖੀ ਦੇ ਵਿਗਿਆਨਕ ਵਿਰਸੇ ਨੂੰ ਪਛਾਣਨ ਦਾ ਹੈ। ਇਸ ਉਦਮ ਵਿਚ ਜਪੁਜੀ ਦੀ ਨੌਵੀਂ ਪਉੜੀ ਦੀ ਵਿਸ਼ੇਸ਼ ਭੂਮਿਕਾ ਬਣਦੀ ਹੈ। ਸਿੱਖੀ ਦੀ ਅਧਿਆਤਮਵਾਦ ਤੋਂ ਦੂਰੀ ਤੇ ਵਿਗਿਆਨ ਪ੍ਰਤੀ ਨੇੜਤਾ ਇਸ ਪਉੜੀ ਤੋਂ ਸਾਫ ਸਮਝ ਆਉਂਦੀ ਹੈ,

> ਸੁਣਿਐ ਈਸਰੁ ਬਰਮਾ ਇੰਦੁ॥
> ਸੁਣਿਐ ਮੁਖਿ ਸਾਲਾਹਣ ਮੰਦੁ॥
> ਸੁਣਿਐ ਜੋਗ ਜੁਗਤਿ ਤਨਿ ਭੇਦ॥
> ਸੁਣਿਐ ਸਾਸਤ ਸਿਮ੍ਰਿਤਿ ਵੇਦ॥
> ਨਾਨਕ ਭਗਤਾ ਸਦਾ ਵਿਗਾਸੁ॥
> ਸੁਣਿਐ ਦੂਖ ਪਾਪ ਕਾ ਨਾਸੁ॥੯॥

ਇਸ ਪਉੜੀ ਵਿਚ ਗੁਰੂ ਸਾਹਿਬ ਸੁਣੀ-ਸੁਣਾਈ ਗੱਲ ਦਾ ਮੁਲਾਂਕਣ ਸੱਚ ਦੀ ਖੋਜ ਦੇ ਸਬੰਧ ਵਿਚ ਕਰਦਿਆਂ ਹਿੰਦੂ ਦੇਵੀ-ਦੇਵਤਿਆਂ, ਉਨ੍ਹਾਂ ਦੀਆਂ ਮੂਰਤੀਆਂ, ਹਿੰਦੂ ਗ੍ਰੰਥਾਂ ਤੇ ਉਨ੍ਹਾਂ ਦੀਆਂ ਗਿਆਨ ਵਿਧੀਆਂ ਦੀ ਗੱਲ ਕਰਦੇ ਹਨ। ਉਹ ਇਨ੍ਹਾਂ ਦਾ ਉਹ ਪੱਖ ਲੈਂਦੇ ਹਨ, ਜੋ ਕਹਿਣ ਸੁਣਨ ਵਿਚ ਆਉਂਦਾ ਹੈ। ਇੱਥੇ ਉਹ ਸੂਰਜ, ਚੰਦਰਮਾ, ਹਵਾ, ਪਾਣੀ ਤੇ ਅਗਨੀ ਦੀ ਗੱਲ ਨਹੀਂ ਕਰਦੇ, ਜੋ ਯਥਾਰਥਕ ਹਨ ਅਤੇ ਜਿਨ੍ਹਾਂ ਦੇ ਅਸਤਿਤਵ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ। ਇਨ੍ਹਾਂ ਨੂੰ ਕੋਈ ਸੁਣੀਆਂ ਸੁਣਾਈਆਂ ਚੀਜ਼ਾਂ ਨਹੀਂ ਕਹਿੰਦਾ, ਕਿਉਂਕਿ ਇਹ ਸਿਰ ਚੜ੍ਹ ਬੋਲਦੀਆਂ ਹਨ। ਉਹ ਇੱਥੇ ਉਨ੍ਹਾਂ ਹੀ ਅਧਿਆਤਮਕ ਸੰਕਲਪਾਂ ਤੇ ਕਲਪਿਤ ਕਿਰਦਾਰਾਂ ਦਾ ਜ਼ਿਕਰ ਕਰਦੇ ਹਨ, ਜਿਨ੍ਹਾਂ ਬਾਰੇ ਤਰਕਾਂ, ਸਬੂਤਾਂ ਦੀ ਅਣਹੋਂਦ ਵਿਚ ਬਹੁਤ ਕੁਝ ਕਿਹਾ ਤੇ ਸੁਣਿਆਂ ਜਾਂਦਾ ਹੈ। ਕਿਉਂਕਿ ਕਿਸੇ ਗੱਲ ਨੂੰ ਸਿਰਫ ਕਹਿਣ-ਸੁਣਨ ਲਈ ਕਿਸੇ ਪ੍ਰਮਾਣ ਦੀ ਲੋੜ ਨਹੀਂ ਪੈਂਦੀ, ਇਸ ਲਈ ਕੋਈ ਕੁਝ ਵੀ ਬੋਲ ਤੇ ਸੁਣ ਸਕਦਾ ਹੈ, ਪਰ ਇਹ ਜਰੂਰੀ ਨਹੀਂ ਕਿ ਜੋ ਉਹ ਸੁਣਦਾ ਹੈ ਜਾਂ ਕੋਈ ਦੂਜਾ, ਜੋ ਕੁਝ ਉਸ ਨੂੰ ਦੱਸਦਾ ਹੈ, ਉਹ ਸੱਚ ਹੋਵੇ। ਸੁਣੀ-ਸੁਣਾਈ ਗੱਲ ਜੇ ਪ੍ਰਮਾਣਾਂ ਨਾਲ ਸੱਚ ਸਿੱਧ ਨਾ ਹੋਵੇ ਤਾਂ ਉਹ ਝੂਠੀ ਜਾਂ ਗਲਤ ਹੁੰਦੀ ਹੈ। ਇਸ ਲਈ ਲੋਕਾਂ ਨੂੰ ਇਸ ਗੱਲ ਦੀ ਸਿੱਖਿਆ ਦੇਣੀ ਬਣਦੀ ਹੈ ਤਾਂ ਜੋ ਅਗਿਆਨ ਨਾ ਫੈਲੇ।

ਮੱਧ ਕਾਲ ਦੇ ਹਿੰਦੂ ਅਧਿਆਤਮਵਾਦੀਆਂ ਦੇ ਸੰਕਲਪਾਂ ਤੇ ਸੰਕੇਤਾਂ 'ਤੇ ਟਿੱਪਣੀ ਕਰਦੀ ਇਸ ਪਉੜੀ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਈਸਰ (ਸ਼ਿਵ), ਬਰਮਾ ਤੇ ਇੰਦਰ ਆਦਿਕ ਸਭ ਦੇਵਤੇ ਸੁਣੇ-ਸੁਣਾਏ ਹਨ ਭਾਵ ਇਨ੍ਹਾਂ ਨੂੰ ਕਿਸੇ ਨੇ ਦੇਖਿਆ ਨਹੀਂ ਤੇ ਨਾ ਹੀ ਇਨ੍ਹਾਂ ਦੀ ਹੋਂਦ ਨੂੰ ਕਿਸੇ ਨੇ ਸਿੱਧ ਕੀਤਾ ਹੈ। ਉਨ੍ਹਾਂ ਬਾਰੇ ਇਹ ਵੀ ਸੁਣਿਆ ਜਾਂਦਾ ਹੈ ਕਿ ਉਨ੍ਹਾਂ ਦੇ ਚਿਹਰੇ ਸਲਾਹੁਣਯੋਗ ਭਾਵ ਦੇਖਣ ਯੋਗ ਹਨ। ਇਸ ਦਾ ਭਾਵ ਇਹ ਵੀ ਹੈ ਕਿ ਉਨ੍ਹਾਂ ਦੀਆਂ ਮੂਰਤੀਆਂ ਬੜੇ ਸੁੰਦਰ ਚਿਹਰੇ ਵਾਲੀਆਂ ਬਣਾਈਆਂ ਹੁੰਦੀਆਂ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਵੀ ਸੁਣੀਂਦਾ ਹੈ ਕਿ ਨਾਥ ਜੋਗੀ, ਬ੍ਰਾਹਮਣ ਤੇ ਪੰਡਿਤ ਆਦਿ ਜੋਗ ਕ੍ਰਿਆਵਾਂ ਦੀ ਜੁਗਤ ਨਾਲ ਸਰੀਰ ਦੇ ਅੰਦਰੂਨੀ ਰਾਜ਼ ਪਤਾ ਕਰ ਲੈਂਦੇ ਹਨ ਭਾਵ ਮਨ ਨੂੰ ਕਿਸੇ ਉਚੀ ਅਵਸਥਾ ਵਿਚ ਲਿਜਾ ਕੇ ਕੁਦਰਤ ਦੇ ਭੇਤ ਜਾਣ ਲੈਂਦੇ ਹਨ। ਕਈਆਂ ਨੂੰ ਹਿੰਦੂਆਂ ਦੇ ਸ਼ਾਸਤਰਾਂ, ਸਿਮਰਤੀਆਂ (ਸੁਣ ਕੇ ਯਾਦ ਕੀਤੇ ਧਾਰਮਿਕ ਉਪਦੇਸ਼) ਤੇ ਵੇਦ-ਮੰਤਰਾਂ ਨੂੰ ਉਚਾਰਦੇ ਵੀ ਸੁਣਿਆ ਜਾਂਦਾ ਹੈ। ਇਨ੍ਹਾਂ ਦੇ ਸੁਣਨ ਨੂੰ ਵੀ ਗਿਆਨ ਧਿਆਨ ਲਈ ਅਤਿ ਗੁਣਕਾਰੀ ਸਮਝਿਆ ਜਾਂਦਾ ਹੈ। ਗੁਰੂ ਨਾਨਕ ਵਿਅੰਗ ਕਰਦੇ ਹਨ ਕਿ ਨਾਥ ਜੋਗੀਆਂ ਤੇ ਹਿੰਦੂ ਪੰਡਿਤਾਂ ਕੋਲੋਂ ਵੇਦਾਂ, ਸਮ੍ਰਿਤੀਆਂ ਤੇ ਹੋਰ ਸ਼ਾਸਤਰਾਂ ਵਿਚੋਂ ਅਜਿਹੀ ਸਿੱਖਿਆ ਸੁਣ ਕੇ ਭਗਤ ਜਨ ਖੁਸ਼ੀ ਨਾਲ ਝੂਮ ਉਠਦੇ ਹਨ। ਉਹ ਸਮਝਦੇ ਹਨ ਕਿ ਬੱਸ ਹੁਣ ਉਨ੍ਹਾਂ ਦੇ ਦੁਖ ਤੇ ਪਾਪ ਕੱਟੇ ਜਾਣਗੇ!

> ***ਸਿੱਖੀ ਸਿਧਾਂਤ ਮੰਗ ਕਰਦਾ ਹੈ ਕਿ ਜੋ ਵਿਦਵਾਨ ਸੁਣਨ ਨਾਲ ਦੁੱਖ ਦਲਿੱਦਰ ਦੂਰ ਹੋਣ ਵਾਲੀ ਗੱਲ ਦਾ ਦਾਅਵਾ ਕਰਦੇ ਹਨ ਤਾਂ ਉਹ ਸਾਬਤ ਕਰਨ ਕਿ ਇਹ ਢੰਗ ਸਹੀ ਤੇ ਕਾਰਆਮਦ ਹੈ। ਉਹ ਵੇਦਾਂ ਸ਼ਾਸਤਰਾਂ ਤੋਂ ਦੇਵੀ-ਦੇਵਤਿਆਂ ਦੀਆਂ ਕਹਾਣੀਆਂ ਸੁਣਾ ਕੇ ਪੰਜਾਬ ਦੇ ਲੋਕਾਂ ਨੂੰ ਨਸ਼ਾ ਮੁਕਤ ਕਰ ਕੇ ਦਿਖਾਉਣ। ਉਹ ਇਹ ਗੱਲਾਂ ਮਾਲਵੇ ਦੇ ਵਾਸੀਆਂ ਨੂੰ ਜਾ ਕੇ ਸੁਣਾਉਣ, ਜੋ ਕੈਂਸਰ ਦੀ ਮਹਾਂਮਾਰੀ ਨਾਲ ਮਰ ਰਹੇ ਹਨ। ਉਹ ਇਨ੍ਹਾਂ ਨੂੰ ਪਿੰਡਾਂ ਦੇ ਕਿਸਾਨਾਂ ਨੂੰ ਜਾ ਕੇ ਸੁਣਾਉਣ ਜੋ ਖੁਦਕੁਸ਼ੀਆਂ ਦਾ ਸ਼ਿਕਾਰ ਹੋ ਰਹੇ ਹਨ।***

ਇਹ ਵਿਆਖਿਆ ਬ੍ਰਾਹਮਣਵਾਦੀਆਂ ਨੂੰ ਨਹੀਂ ਭਾਉਂਦੀ। ਉਹ ਦੇਵੀ-ਦੇਵਤਿਆਂ ਨੂੰ ਅਸਲ ਮੰਨ ਕੇ ਪੂਜਦੇ ਹਨ, ਜਦੋਂ ਕਿ ਗੁਰੂ ਨਾਨਕ ਇਨ੍ਹਾਂ ਨੂੰ ਸੁਣੇ-ਸੁਣਾਏ ਭਾਵ ਕਲਪਿਤ ਮੰਨਦੇ ਹਨ। ਗੁਰੂ ਸਾਹਿਬ ਦਾ ਸਿੱਖੀ ਸਿਧਾਂਤ ਇਨ੍ਹਾਂ ਨੂੰ ਉਦੋਂ ਤੀਕ ਕਲਪਨਾ ਦੇ ਪਾਤਰ ਗਰਦਾਨਦਾ ਰਹੇਗਾ, ਜਦੋਂ ਤੀਕ ਇਨ੍ਹਾਂ ਦੇ ਸੱਚ ਹੋਣ ਦਾ ਪ੍ਰਮਾਣ ਨਹੀਂ ਮਿਲਦਾ। ਗੁਰੂ ਸਾਹਿਬ ਅਨੁਸਾਰ 'ਸੁਣੀਐ' ਦਾ ਭਾਵ ਇਹ ਨਹੀਂ ਕਿ ਜੇ ਕਿਸੇ ਚੀਜ਼ ਬਾਰੇ ਸੁਣ ਲਿਆ ਤਾਂ ਉਹ ਸੱਚ ਹੈ ਤੇ ਉਸ ਨੂੰ ਸੱਚ ਮੰਨ ਕੇ ਅਮਲ ਕੀਤਾ ਜਾਵੇ, ਸਗੋਂ ਇਸ ਦਾ ਅਰਥ ਇਹ ਹੈ ਕਿ ਸੁਣੀ ਹੋਈ ਗੱਲ ਸੱਚ ਜਾਂ ਝੂਠ ਦੋਹਾਂ ਤਰ੍ਹਾਂ ਦੀ ਹੋ ਸਕਦੀ ਹੈ, ਇਸ ਲਈ ਇਸ ਨੂੰ ਸਿਰਫ ਸੱਚ ਮੰਨਣਾ ਗਲਤ ਹੈ। ਸੱਚ ਮੰਨਣ ਤੋਂ ਪਹਿਲਾਂ ਇਸ ਦੇ ਸੱਚ ਤੇ ਝੂਠ ਦਾ ਤਰਕਾਂ ਸਬੂਤਾਂ ਨਾਲ ਨਿਰਣਾ ਕਰਨਾ ਜਰੂਰੀ ਹੈ, ਪਰ ਦੇਵੀ ਦੇਵਤਿਆਂ ਬਾਰੇ ਅਜਿਹਾ ਕੋਈ ਸਬੂਤ ਨਹੀਂ ਹੈ।

ਸਿੱਖੀ ਸਿਧਾਂਤ ਵਿਗਿਆਨਕ ਵਿਧੀ ਹੈ, ਜੋ ਕਿਸੇ ਸੁਣੀ-ਸੁਣਾਈ ਗੱਲ 'ਤੇ ਅੰਨ੍ਹਾ ਵਿਸ਼ਵਾਸ ਨਹੀਂ ਕਰਦਾ। ਇਹੀ ਇਕ ਬੁਨਿਆਦੀ ਨੁਕਤਾ ਹੈ, ਜੋ ਸੋਚ ਦੇ ਪੱਧਰ 'ਤੇ ਸਿੱਖਾਂ ਨੂੰ ਹਿੰਦੂਆਂ ਨਾਲੋਂ ਵੱਖ ਕਰਦਾ ਹੈ। ਜਦੋਂ ਸਿੱਖੀ ਸਿਧਾਂਤ ਹਿੰਦੂਆਂ ਦੇ ਪਵਿਤਰ ਦੱਸੇ ਜਾਂਦੇ ਦੇਵੀ-ਦੇਵਤਿਆਂ ਦੀ ਹੋਂਦ ਨੂੰ ਮੰਨਦਾ ਹੀ ਨਹੀਂ ਤਾਂ ਫਿਰ ਕੋਈ ਕਿਵੇਂ ਕਹਿ ਸਕਦਾ ਹੈ ਕਿ ਸਿੱਖ ਹਿੰਦੂ ਹਨ?

ਪਰ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਇਸ ਮੁੱਦੇ ਤੋਂ ਖੁੰਝ ਗਏ ਹਨ। ਉਹ ਕਦੇ ਵੀ ਇਹ ਕਿਆਸ ਹੀ ਨਹੀਂ ਕਰ ਸਕਦੇ ਕਿ ਗੁਰੂ ਸਾਹਿਬ ਨੇ ਇੱਦਾਂ ਕਿਹਾ ਹੈ। ਉਹ ਹਮੇਸ਼ਾ ਇਹੀ ਸਮਝਦੇ ਆਏ ਹਨ ਕਿ ਗੁਰੂ ਸਾਹਿਬ ਨੇ ਸੁਣਨ ਨੂੰ ਪ੍ਰਭੂ ਪ੍ਰਾਪਤੀ ਦਾ ਇਕ ਅਹਿਮ ਪੜਾਅ ਮੰਨਿਆ ਹੈ। ਇਸ ਕਰਕੇ ਸਿੱਖਾਂ ਨੂੰ ਸੁਣਨਾ ਚਾਹੀਦਾ ਹੈ ਤੇ ਸੁਣ ਕੇ ਵਿਸ਼ਵਾਸ ਕਰਨਾ ਚਾਹੀਦਾ ਹੈ। ਉਹ ਸਦਾ ਤੋਂ ਹੀ ਬ੍ਰਾਹਮਣਵਾਦੀ ਵਿਆਖਿਆ ਦੇ ਪੱਖ ਵਿਚ ਰਹਿ ਕੇ ਕਹਿੰਦੇ ਆਏ ਹਨ ਕਿ ਗੁਰੂ ਸਾਹਿਬ ਜਾਣੀ ਜਾਣ ਤੇ ਮਹਾਨ ਸਨ। ਉਨ੍ਹਾਂ ਅਨੁਸਾਰ ਉਨ੍ਹਾਂ ਨੇ ਸਾਰੇ ਹਿੰਦੂ ਦੇਵਤਿਆਂ ਬਾਰੇ ਸੁਣਿਆ ਹੋਇਆ ਸੀ ਤੇ ਉਹ ਸਮਝਦੇ ਹਨ ਕਿ ਕਿਸੇ ਚੀਜ਼ ਬਾਰੇ ਤਦੇ ਹੀ ਸੁਣ ਸਕੀਦਾ ਹੈ, ਜੇ ਉਹ ਸੱਚ ਹੋਵੇ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਮੰਨਦੇ ਸਨ ਕਿ ਹਿੰਦੂ ਦੇਵਤੇ ਮਹਾਨ ਹਨ, ਕਿਉਂਕਿ ਉਨ੍ਹਾਂ ਨੇ ਅਸੀਮ ਬ੍ਰਹਿਮੰਡੀ ਸ਼ਕਤੀਆਂ ਪਾ ਕੇ ਉਚੇ ਪਦ ਪ੍ਰਾਪਤ ਕੀਤੇ ਹੋਏ ਹਨ। ਉਹ ਇਹ ਵੀ ਆਖਦੇ ਹਨ ਕਿ ਗੁਰੂ ਸਾਹਿਬ ਵੱਖ ਵੱਖ ਹਿੰਦੂ ਧਾਰਮਿਕ ਗ੍ਰੰਥਾਂ ਤੇ ਉਨ੍ਹਾਂ ਵਿਚਲੀਆਂ ਕਥਾਵਾਂ ਨੂੰ ਸੱਚ ਤੇ ਸਰਾਹੁਣਯੋਗ ਮੰਨਦੇ ਸਨ, ਕਿਉਂਕਿ ਉਨ੍ਹਾਂ ਵਿਚ ਦੇਵਤਿਆਂ ਦਾ ਪ੍ਰਸ਼ੰਸਾਯੋਗ ਜ਼ਿਕਰ ਹੈ।

ਅਜੋਕੇ ਸਿੱਖ ਵਿਦਵਾਨਾਂ ਦੇ ਸਟੀਕ ਅਜਿਹੀਆਂ ਮਾਨਤਾਵਾਂ ਨਾਲ ਭਰੇ ਪਏ ਹਨ। ਇਸ ਦੀ ਮਿਸਾਲ ਉਨ੍ਹਾਂ ਦੇ ਕਿਸੇ ਵੀ ਇਕ ਸਟੀਕ ਵਿਚੋਂ ਦਿੱਤੀ ਜਾ ਸਕਦੀ ਹੈ। ਪ੍ਰਸਿੱਧ ਸਿੱਖ ਵਿਦਵਾਨ ਡਾ. ਕੁਲਵੰਤ ਸਿੰਘ ਦਾ ਇਸ ਪਉੜੀ ਦਾ ਉਲਥਾ ਇੱਥੇ ਪੇਸ਼ ਹੈ, "ਵਾਹਿਗੁਰੂ ਦਾ ਨਾਮ ਸੁਣ ਕੇ ਹੀ (ਵਾਹਿਗੁਰੂ ਦੀ ਕਿਰਪਾ ਦੇ ਨਾਲ) ਈਸ਼ਰ (ਸ਼ਿਵ-ਮੌਤ ਦਾ ਦੇਵਤਾ), ਬ੍ਰਹਮਾ (ਪੈਦਾ ਕਰਨ ਦਾ ਦੇਵਤਾ) ਅਤੇ ਇੰਦਰ (ਮੀਂਹ ਦਾ ਦੇਵਤਾ) ਹੋਏ। ਨਾਮ ਸੁਣ ਕੇ ਸ਼ਿਵ, ਬ੍ਰਹਮਾ ਅਤੇ ਇੰਦਰ ਜਿਹੇ ਬਣ ਜਾਈਦਾ ਹੈ, ਇਨ੍ਹਾਂ ਦੇ ਗੁਣ ਆ ਜਾਂਦੇ ਹਨ, ਇਨ੍ਹਾਂ ਜਿਹਾ ਗਿਆਨ ਹੋ ਜਾਂਦਾ ਹੈ। ਰੱਬ ਦਾ ਨਾਮ ਸੁਣਨ ਵਾਲੇ ਦੀ ਤਾਰੀਫ ਬੁਰੇ (ਮੰਦੇ) ਲੋਕ ਵੀ ਆਪਣੇ ਮੂੰਹ ਨਾਲ ਕਰਨ ਲੱਗ ਜਾਂਦੇ ਹਨ। ਨਾਮ ਸੁਣਨ ਦੇ ਨਾਲ ਜੋਗ ਦੀ ਜੁਗਤ (ਜੋਗ, ਰੱਬ ਨੂੰ ਮਿਲਣ ਦਾ ਇਕ ਢੰਗ) ਅਤੇ ਸਰੀਰ ਦੇ ਭੇਦ (ਕਿ ਇਹ ਰੱਬ ਦਾ ਘਰ ਹੈ, ਉਹ ਹੀ ਇਹਨੂੰ ਬਣਾਉਂਦਾ-ਚਲਾਉਂਦਾ ਹੈ, ਮਨ ਨੂੰ ਵੱਸ ਕਿੱਦਾਂ ਕਰਨਾ ਹੈ) ਜਾਣ ਲਈਦੇ ਹਨ। ਮਾਲਕ ਦਾ ਨਾਮ ਸੁਣਨ ਦੇ ਨਾਲ ਸ਼ਾਸਤਰ, ਸਿਮ੍ਰਿਤੀਆਂ ਅਤੇ ਵੇਦ ਬਣੇ। ਨਾਮ ਸੁਣਨ ਦੇ ਨਾਲ ਧਰਮ-ਗ੍ਰੰਥਾਂ, ਮਾਇਆ-ਸਰੀਰ, ਆਤਮਾ ਅਤੇ ਪਰਮਾਤਮਾ ਦਾ ਗਿਆਨ ਹੋ ਜਾਂਦਾ ਹੈ। ਨਾਨਕ, ਰੱਬ ਦੇ ਇਹ ਗੁਣ ਜਾਣ ਕੇ, ਭਗਤ ਸਦਾ ਖੁਸ਼ੀ ਵਿਚ ਰਹਿੰਦੇ ਹਨ। ਵਾਹਿਗੁਰੂ ਦਾ ਨਾਮ ਸੁਣਨ ਨਾਲ ਦੁੱਖ ਅਤੇ ਪਾਪ ਦੂਰ ਹੋ ਜਾਂਦੇ ਹਨ। ਭਗਤਾਂ ਦੇ ਮਨਾਂ ਉਤੇ ਦੁਖਾਂ ਤੇ ਪਾਪਾਂ ਦਾ ਅਸਰ ਨਹੀਂ ਹੁੰਦਾ।" ਸ਼ਬਦਾਂ ਦੇ ਫੇਰਬਦਲ ਨਾਲ ਇਹੋ ਕੁਝ ਭਾਈ ਵੀਰ ਸਿੰਘ, ਡਾ. ਸੰਤ ਸਿੰਘ, ਗਿਆਨੀ ਹਰਿਬੰਸ ਸਿੰਘ, ਪ੍ਰੋ. ਸਾਹਿਬ ਸਿੰਘ ਆਦਿ ਵਿਦਵਾਨਾਂ ਦੇ ਸਟੀਕਾਂ ਵਿਚ ਲਿਖਿਆ ਮਿਲਦਾ ਹੈ।

ਅਜੋਕੇ ਸਿੱਖ ਵਿਦਵਾਨਾਂ ਦੀਆਂ ਇਨ੍ਹਾਂ ਵਿਆਖਿਆਵਾਂ ਨੂੰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਉਹ 'ਸੁਣਿਐ' ਨੂੰ ਪਰਮਾਤਮਾ ਦਾ ਨਾਮ ਸੁਣਨਾ ਦੱਸ ਕੇ ਇਸ ਨੂੰ ਅਧਿਆਤਮਕ ਮੋੜਾ ਦਿੰਦੇ ਹਨ। ਪਤਾ ਨਹੀਂ ਉਹ ਗੁਰੂ ਸਾਹਿਬ ਦੀਆਂ ਸਪਸ਼ਟ ਤੇ ਮੁੱਲ-ਮੁਕਤ (ਵਅਲੁਏ ਾਰੲਏ) ਤੁਕਾਂ ਵਿਚ ਰੱਬ ਜਾਂ ਪਰਮਾਤਮਾ ਦਾ ਜ਼ਿਕਰ ਅਕਾਰਣ ਕਿਥੋਂ ਲੈ ਆਉਂਦੇ ਹਨ? ਗੁਰੂ ਸਾਹਿਬ ਨੇ ਜਿਸ ਤਰ੍ਹਾਂ ਲਿਖਿਆ ਹੈ, ਉਹ ਉਵੇਂ ਸਵੀਕਾਰ ਕਿਉਂ ਨਹੀਂ ਕਰਦੇ? ਆਪਣੇ ਆਪ ਨੂੰ ਗੁਰੂ ਤੋਂ ਵੀ ਉਪਰ ਸਮਝ ਕੇ ਉਹ ਉਨ੍ਹਾਂ ਦੀ ਬਾਣੀ ਵਿਚ ਆਪਣੇ ਅਨੁਸਾਰ ਸੋਧ ਕਰਨ ਦੀ ਕੋਸਿਸ਼ ਕਰਦੇ ਹਨ। ਉਨ੍ਹਾਂ ਦੀ ਇਹ ਰਲਾ ਪਾਉਣ ਦੀ ਰੁਚੀ ਹਉਮੈ, ਅਗਿਆਨ ਤੇ ਨਿਜੀ ਹਿੱਤਾਂ ਤੋਂ ਪ੍ਰੇਰਿਤ ਭਾਸਦੀ ਹੈ। ਅਗਿਆਨ ਤੋਂ ਇਸ ਲਈ ਕਿ ਉਨ੍ਹਾਂ ਨੂੰ ਗੁਰੂ ਦੇ ਸਿਧਾਂਤ ਅਨੁਸਾਰ ਵਿਆਖਿਆ ਦਾ ਅਭਿਆਸ ਨਹੀਂ ਹੈ। ਇਸ ਲਈ ਉਹ ਰੱਬ ਦਾ ਜ਼ਿਕਰ ਕਰ ਕੇ ਕੰਮ ਚਲਾਉਂਦੇ ਹਨ। ਹਉਮੈ ਤੋਂ ਇਸ ਲਈ ਕਿ ਰੱਬ ਦੇ ਸੰਦਰਭ ਵਿਚ ਕੀਤੀ ਵਿਆਖਿਆ ਵਿਚ ਉਹ ਆਪਣੀ ਕੋਈ ਨਿਜੀ ਧਾਰਨਾ ਜੋੜ ਦਿੰਦੇ ਹਨ। ਉਹ ਨਹੀਂ ਸਮਝਦੇ ਕਿ ਜਿਵੇਂ ਬਾਣੀ ਵਿਚ ਲਿਖਿਆ ਹੈ, ਉਵੇਂ ਲਿਖਣ ਵਿਚ ਵੀ ਗੁਰੂ ਸਾਹਿਬ ਦਾ ਕੋਈ ਉਦੇਸ਼ ਹੋ ਸਕਦਾ ਹੈ। ਨਿਜੀ ਹਿੱਤਾਂ ਤੋਂ ਪ੍ਰੇਰਿਤ ਇਸ ਲਈ ਕਿ ਪੁਜਾਰੀ ਜਮਾਤ ਦੇ ਵੱਖਰੇ ਵਿਸ਼ੇਸ਼ ਹਿੱਤ ਤਦੇ ਸੁਰਖਿਅਤ ਰਹਿ ਸਕਦੇ ਹਨ, ਜੇ ਉਹ ਗੁਰੂ ਸਾਹਿਬ ਦੀ ਸੱਚ ਪ੍ਰਾਪਤੀ ਵਾਲੀ ਵਿਆਖਿਆ ਨਾ ਅਪਨਾਉਣ ਤੇ ਸੁਣੀ-ਸੁਣਾਈ ਗੱਲ ਨੂੰ ਮਾਨਤਾ ਦਾ ਸਮਰਥਨ ਕਰਨ। ਇਸ ਲਈ ਉਹ ਇਸ ਗੱਲ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ ਕਿ ਗੁਰੂ ਸਾਹਿਬ 'ਸੁਣਿਐ' ਦੀ ਗੱਲ ਸਤਿ ਪ੍ਰਾਪਤੀ ਦੀ ਵਿਧੀ ਦੇ ਸਬੰਧ ਵਿਚ ਕਰ ਰਹੇ ਹਨ, ਨਾ ਕਿ ਪੂਜਾ ਪਾਠ ਦੀ ਮਹਿਮਾ ਬਾਰੇ। ਪਰ ਕੀ ਸੱਚ ਪ੍ਰਾਪਤੀ ਦੇ ਕਿਸੇ ਵੀ ਮਸਲੇ ਵਿਚ ਕਦੇ ਕੋਈ ਸੁਣੀ-ਸੁਣਾਈ ਗੱਲ ਵਿਚ ਵਿਸਵਾਸ਼ ਕਰਦਾ ਹੈ? ਜੀ ਨਹੀਂ, ਬੱਚੇ ਵੀ ਨਹੀਂ ਕਰਦੇ। ਫਿਰ ਅਜੋਕੇ ਵਿਦਵਾਨ ਗੁਰੂ ਸਾਹਿਬ ਨੂੰ ਲਾਈਲੱਗ ਬਣਾਉਣ ਤੇ ਅਗਿਆਨ ਫੈਲਾਉਣ ਵਾਲੀ ਸਿੱਖਿਆ ਦਾ ਮੋਢੀ ਕਿਉਂ ਸਮਝਦੇ ਹਨ?

ਇਹੀ ਨਹੀਂ, ਇਨ੍ਹਾਂ ਵਿਦਵਾਨਾਂ ਅਨੁਸਾਰ ਗੁਰੂ ਨਾਨਕ ਹਿੰਦੂ ਦੇਵਤਿਆਂ ਨੂੰ ਸੱਚ-ਮੁੱਚ ਦੇ ਕਿਰਦਾਰ ਮੰਨ ਕੇ ਉਨ੍ਹਾਂ ਜਿਹੇ ਗੁਣਾਂ ਨੂੰ ਧਾਰਨ ਕਰਨ ਦਾ ਸੰਦੇਸ਼ ਦਿੰਦੇ ਹਨ। ਉਹ ਸਿੱਧ ਕਰਨਾ ਚਾਹੁੰਦੇ ਹਨ ਕਿ ਉਹ ਲੋਕਾਂ ਨੂੰ ਭਾਵ ਆਪਣੇ ਸਿੱਖਾਂ ਨੂੰ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੇ ਪ੍ਰਸ਼ੰਸਕ ਬਣਨ ਦੀ ਸਿੱਖਿਆ ਦਿੰਦੇ ਹਨ। ਉਹ ਇਕ ਸਿੱਟਾ ਇਹ ਵੀ ਕੱਢਦੇ ਹਨ ਕਿ ਗੁਰੂ ਸਾਹਿਬ ਹਿੰਦੂ ਗ੍ਰੰਥਾਂ ਦੇ ਗਿਆਨ ਨੂੰ ਉਤਮ ਮੰਨਦੇ ਹਨ ਤੇ ਸਿੱਖਾਂ ਨੂੰ ਇਸ ਨੂੰ ਗ੍ਰਹਿਣ ਕਰਨ ਦੀ ਸਲਾਹ ਦਿੰਦੇ ਹਨ। ਸਭ ਤੋਂ ਵੱਡੀ ਅਤਿਕਥਨੀ, ਜੋ ਉਹ ਗੁਰੂ ਸਾਹਿਬ ਦੇ ਨਾਂ ਮੜ੍ਹਦੇ ਹਨ, ਉਹ ਇਹ ਹੈ ਕਿ ਉਪਰੋਕਤ ਸਭ ਕੁਝ ਨੂੰ ਸੁਣਨ ਵਾਲੇ ਭਗਤਾਂ ਦੇ ਪਾਪ ਕੱਟੇ ਜਾਂਦੇ ਹਨ ਤੇ ਉਨ੍ਹਾਂ ਦੇ ਦੁੱਖ ਦਲਿੱਦਰ ਦੂਰ ਹੋ ਜਾਂਦੇ ਹਨ। ਇਸ ਅਗਿਆਨ ਭਰਪੂਰ ਵਿਆਖਿਆ ਦਾ ਲਾਭ ਉਠਾ ਕੇ ਕਈ ਸ਼ਾਤਰ ਸਿੱਖ ਮਹਾਂਪੁਰਸ਼ਾਂ ਨੇ ਤਾਂ ਨਾਮ ਜਪਾ ਕੇ ਬੀਮਾਰੀਆਂ ਦਾ ਇਲਾਜ ਕਰਨ ਵਾਲੇ ਹਸਪਤਾਲ ਵੀ ਖੋਲ੍ਹ ਲਏ ਹਨ!


ਸਿੱਖੀ ਸਿਧਾਂਤ ਮੰਗ ਕਰਦਾ ਹੈ ਕਿ ਜੋ ਵਿਦਵਾਨ ਸੁਣਨ ਨਾਲ ਦੁੱਖ ਦਲਿੱਦਰ ਦੂਰ ਹੋਣ ਵਾਲੀ ਗੱਲ ਦਾ ਦਾਅਵਾ ਕਰਦੇ ਹਨ ਤਾਂ ਉਹ ਸਾਬਤ ਕਰਨ ਕਿ ਇਹ ਢੰਗ ਸਹੀ ਤੇ ਕਾਰਆਮਦ ਹੈ। ਉਹ ਵੇਦਾਂ ਸ਼ਾਸਤਰਾਂ ਤੋਂ ਦੇਵੀ-ਦੇਵਤਿਆਂ ਦੀਆਂ ਕਹਾਣੀਆਂ ਸੁਣਾ ਕੇ ਪੰਜਾਬ ਦੇ ਲੋਕਾਂ ਨੂੰ ਨਸ਼ਾ ਮੁਕਤ ਕਰ ਕੇ ਦਿਖਾਉਣ। ਉਹ ਇਹ ਗੱਲਾਂ ਮਾਲਵੇ ਦੇ ਵਾਸੀਆਂ ਨੂੰ ਜਾ ਕੇ ਸੁਣਾਉਣ, ਜੋ ਕੈਂਸਰ ਦੀ ਮਹਾਂਮਾਰੀ ਨਾਲ ਮਰ ਰਹੇ ਹਨ। ਉਹ ਇਨ੍ਹਾਂ ਨੂੰ ਪਿੰਡਾਂ ਦੇ ਕਿਸਾਨਾਂ ਨੂੰ ਜਾ ਕੇ ਸੁਣਾਉਣ ਜੋ ਖੁਦਕੁਸ਼ੀਆਂ ਦਾ ਸ਼ਿਕਾਰ ਹੋ ਰਹੇ ਹਨ। ਹੋਰ ਨਹੀਂ ਤਾਂ ਉਹ ਆਪਣੀਆਂ ਵਿਸ਼ਵਾਸ ਕਹਾਣੀਆਂ ਰਾਹੀਂ ਕਰੋਨਾ ਵਾਇਰਸ ਨੂੰ ਹੀ ਬੇਅਸਰ ਕਰ ਕੇ ਦਿਖਾਉਣ, ਜਿਸ ਨੇ ਨਾ ਸਿਰਫ ਭਗਤਾਂ ਦੇ ਸਾਹ ਸੂਤ ਰੱਖੇ ਹਨ, ਸਗੋਂ ਉਨ੍ਹਾਂ ਲਈ ਮੰਦਿਰਾਂ, ਗੁਰਦੁਆਰਿਆਂ ਦੇ ਦਰਵਾਜੇ ਹੀ ਬੰਦ ਦਰਵਾ ਦਿੱਤੇ ਹਨ। ਗੁਰੂ ਸਾਹਿਬ ਤੋਂ ਲੈ ਕੇ ਅੱਜ ਤੀਕ ਅਣਗਿਣਤ ਲੋਕਾਂ ਨੇ ਅਜਿਹੀਆਂ ਦੰਦ ਕਥਾਵਾਂ ਸੁਣੀਆਂ ਤੇ ਅਣਗਿਣਤ ਨੇ ਮੰਨਿਆ, ਪਰ ਫਿਰ ਵੀ ਬੇਅੰਤ ਲੋਕ ਲੜਾਈਆਂ, ਮਹਾਂਮਾਰੀਆਂ, ਕੁਦਰਤੀ ਆਫਤਾਂ, ਘਰੇਲੂ ਸੰਕਟਾਂ ਤੇ ਦੁਰਘਟਨਾਵਾਂ ਵਿਚ ਮਾਰੇ ਗਏ। ਉਨ੍ਹਾਂ ਦੇ ਦੁੱਖ ਤੇ ਪਾਪ ਕਦੇ ਨਹੀਂ ਕੱਟੇ ਗਏ। ਅੱਜ ਵੱਡੇ ਤੋਂ ਵੱਡਾ ਸਿੱਖ ਵਿਦਵਾਨ ਵੀ ਨਿਰਪੱਖ ਤੌਰ 'ਤੇ ਇਹ ਨਹੀਂ ਦੇਖ ਸਕਿਆ ਕਿ ਕਿਸ ਤਰ੍ਹਾਂ ਸਮੇਂ ਦੀ ਚਲਦੀ ਫਿਰਦੀ ਪ੍ਰਯੋਗਸ਼ਾਲਾ ਨੇ ਹਿੰਦੂਵਾਦੀਆਂ ਤੇ ਸਿੱਖੀ ਭੇਸ ਵਾਲੇ ਬ੍ਰਾਹਮਣਵਾਦੀਆਂ ਦੇ ਸਭ ਦਾਅਵੇ ਝੂਠੇ ਸਾਬਤ ਕਰ ਕੇ ਗੁਰੂ ਸਾਹਿਬ ਦੇ ਸਿੱਖੀ ਸਿਧਾਂਤ ਦੀ ਝੰਡੀ ਬੁਲੰਦ ਕੀਤੀ ਹੈ।

ਕਿੱਡੀ ਵਿਡੰਬਨਾ ਹੈ ਕਿ ਇਕ ਪਾਸੇ ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਸਾਵਧਾਨ ਕਰਦੇ ਸਨ ਕਿ ਉਹ ਸੁਣੀਆਂ ਸੁਣਾਈਆਂ ਗੱਲਾਂ ਉਤੇ ਅੰਨਾ ਭਰੋਸਾ ਕਰ ਕੇ ਕਿਸੇ ਭਰਮ-ਜਾਲ ਵਿਚ ਨਾ ਫਸਣ, ਤੇ ਦੂਜੇ ਪਾਸੇ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਰਲ ਕੇ ਆਪਣੀ ਅਣਉਚਿਤ ਵਿਆਖਿਆ ਰਾਹੀਂ ਉਨ੍ਹਾਂ ਨੂੰ ਅਗਿਆਨ ਦਾ ਪਾਠ ਪੜ੍ਹਾਉਂਦੇ ਹਨ। ਗੁਰੂ ਸਾਹਿਬ ਲੋਕਾਂ ਨੂੰ ਗਿਆਨ ਵੰਡ ਕੇ ਉਨ੍ਹਾਂ ਦੀਆਂ ਅੱਖਾਂ ਖੋਲ੍ਹਦੇ ਸਨ, ਪਰ ਅਜੋਕੇ ਵਿਦਵਾਨ ਲੋਕਾਂ ਨੂੰ ਅੰਧ-ਵਿਸ਼ਵਾਸ ਦੇ ਰਾਹ ਪਾ ਕੇ ਉਨ੍ਹਾਂ ਦੀ ਕੀਤੀ 'ਤੇ ਪਾਣੀ ਫੇਰਦੇ ਹਨ। ਜਿਸ ਬਾਣੀ ਨੇ ਲੋਕਾਂ ਨੂੰ ਗਿਆਨ ਦੀ ਸੇਧ ਦੇਣੀ ਸੀ, ਉਸੇ ਦੀ ਗਲਤ ਵਿਆਖਿਆ ਉਨ੍ਹਾਂ ਨੂੰ ਹਨੇਰੇ ਵਲ ਲੈ ਜਾ ਰਹੀ ਹੈ। ਗੁਰੂ ਸਾਹਿਬ ਨੇ ਨਿਸਵਾਰਥ ਹੋ ਕੇ ਸੱਚ ਦਾ ਪਾਠ ਪੜ੍ਹਾਇਆ ਸੀ, ਪਰ ਅਜੋਕੇ ਸਿੱਖ ਵਿਦਵਾਨ ਅਗਿਆਨ, ਸਵਾਰਥ ਤੇ ਹਉਮੈ ਕਾਰਨ ਇਸ ਪਾਠ ਨੂੰ ਉਲਟਾ ਰਹੇ ਹਨ। ਇੱਦਾਂ ਕਰਦਿਆਂ ਉਹ ਇਹ ਵੀ ਖਿਆਲ ਨਹੀਂ ਕਰਦੇ ਕਿ ਗੁਰੂ ਨਾਨਕ ਦੀ ਸਿੱਖੀ ਬਾਰੇ ਉਹ ਬਾਹਰ ਕੀ ਸੰਕੇਤ ਭੇਜ ਰਹੇ ਹਨ।

# ਸ਼੍ਰੋਮਣੀ ਕਮੇਟੀ ਬਨਾਮ ਸਿੱਖ ਸਿਆਸਤ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਧਾਨਕ ਤਰੀਕੇ ਨਾਲ ਚੁਣੀ ਹੋਈ ਇਕੋ ਇਕ ਧਾਰਮਿਕ ਸੰਸਥਾ ਹੋਣ ਕਰਕੇ ਆਪਣੇ ਜਿਹੀ ਆਪ ਹੋ ਗਈ ਹੈ। ਇਸੇ ਕਰਕੇ ਇਸ ਦੀਆਂ ਸਮੱਸਿਆਵਾਂ ਨੂੰ ਵੀ ਸਿੱਖੀ ਦੇ ਹਵਾਲੇ ਨਾਲ ਹੀ ਸਮਝਿਆ ਜਾ ਸਕਦਾ ਹੈ। ਦੇਸ਼ ਦੀ ਅਜ਼ਾਦੀ ਵਾਸਤੇ ਲੜੀ ਗਈ ਲੜਾਈ ਵਿਚ ਸਿੱਖਾਂ ਦੀ ਅਹਿਮ ਭੂਮਿਕਾ ਤੋਂ ਕੋਈ ਇਨਕਾਰੀ ਨਹੀਂ ਹੈ। ਇਸ ਸਥਿਤੀ ਵਿਚ ਵੀ ਗੁਰਦੁਆਰਾ ਸੁਧਾਰ ਲਹਿਰ ਜਿਸ ਤਰ੍ਹਾਂ ਸਿਦਕ, ਸਿਰੜ ਅਤੇ ਸਹਿਜ ਨਾਲ ਚਲਾਈ ਗਈ ਸੀ, ਉਸ ਦੇ ਵਿਸਥਾਰ ਵਿਚ ਜਾਏ ਬਿਨਾ ਇਹ ਕਹਿਣਾ ਚਾਹੁੰਦਾ ਹਾਂ ਕਿ ਸਮੇਂ ਦੀ ਕਾਲੋਂਨੀਅਲ ਸਰਕਾਰ ਨੇ ਸਿੱਖਾਂ ਵੱਲੋਂ ਗੁਰਦੁਆਰਿਆਂ ਦੇ ਪ੍ਰਬੰਧ ਦੀ ਮੰਗ ਨੂੰ 1925 ਦੇ ਗੁਰਦੁਆਰਾ ਐਕਟ ਰਾਹੀਂ ਮੰਨ ਲਿਆ ਸੀ।

ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1920 ਵਿਚ ਕਿਸੇ ਸਰਕਾਰੀ ਦਖਲ ਤੋਂ ਬਿਨਾ ਬਣ ਚੁਕੀ ਸੀ। ਇਸੇ ਕਮੇਟੀ ਨੇ ਅਕਾਲ ਤਖਤ ਦੀ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਅਗਵਾਈ ਵਿਚ ਸ਼੍ਰੋਮਣੀ ਕਮੇਟੀ ਨਾਲੋਂ ਵੱਖਰਾ ਸਿੱਖ ਹਿਤਾਂ ਦੀ ਸਿਆਸੀ ਪਹਿਰੇਦਾਰੀ ਵਾਸਤੇ ਸ਼੍ਰੋਮਣੀ ਅਕਾਲੀ ਦਲ ਬਣਾ ਲਿਆ ਸੀ। ਅਕਾਲ ਤਖਤ ਦੀ ਅਗਵਾਈ ਵਿਚ ਇਹ ਦੋਵੇਂ ਸੰਸਥਾਵਾਂ ਇਕ ਦੂਜੇ ਦੀ ਪੂਰਕਤਾ ਵਿਚ ਕੰਮ ਕਰਦੀਆਂ ਰਹੀਆਂ ਸਨ ਅਤੇ 1925 ਦੇ ਐਕਟ ਰਾਹੀਂ ਸਿਰਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੰਵਿਧਾਨਕ ਮਾਨਤਾ ਦਿੱਤੀ ਗਈ ਸੀ ਅਤੇ ਇਸ ਵਿਚ ਕਿਸੇ ਕਿਸਮ ਦੇ ਸਿਆਸੀ ਦਖਲ ਦੀਆਂ ਸੰਭਾਵਨਾਵਾਂ ਦੇ ਰਾਹ ਬੰਦ ਕਰ ਦਿੱਤੇ ਗਏ ਸਨ।

1947 ਤੱਕ ਅਕਾਲੀ ਦਲ ਨੂੰ ਸ਼੍ਰੋਮਣੀ ਕਮੇਟੀ ਦੇ ਹੱਕ ਵਿਚ ਵਰਤਣ ਦੀਆਂ ਮਿਸਾਲਾਂ ਤਾਂ ਮਿਲਦੀਆਂ ਹਨ, ਪਰ ਸ਼੍ਰੋਮਣੀ ਕਮੇਟੀ ਨੂੰ ਅਕਾਲੀ ਦਲ ਵਾਸਤੇ ਵਰਤਣ ਦੀਆਂ ਬਹੁਤੀਆਂ ਮਿਸਾਲਾਂ ਨਹੀਂ ਮਿਲਦੀਆਂ। ਮਾਸਟਰ ਤਾਰਾ ਸਿੰਘ ਤੱਕ ਬਹੁਤੀਆਂ ਸਮੱਸਿਆਵਾਂ ਪੈਦਾ ਵੀ ਨਹੀਂ ਹੋਈਆਂ ਸਨ, ਕਿਉਂਕਿ ਉਹ ਮੰਨਦੇ ਸਨ ਕਿ ਜੋ ਪੰਥਕ ਨਹੀਂ, ਉਹ ਉਸ ਦੀ ਸਿਆਸਤ ਹੈ। ਇਸੇ ਕਰਕੇ ਜਦੋਂ ਗਿਆਨੀ ਕਰਤਾਰ ਸਿੰਘ ਦੀ ਅਗਵਾਈ ਵਿਚ ਸਾਰਾ ਅਕਾਲੀ ਦਲ ਕਾਂਗਰਸ ਵਿਚ ਚਲਾ ਗਿਆ ਸੀ, ਉਸ ਵੇਲੇ ਵੀ ਮਾਸਟਰ ਤਾਰਾ ਸਿੰਘ ਕਾਂਗਰਸ ਵਿਚ ਨਹੀਂ ਸਨ ਗਏ। ਅਕਾਲੀ ਦਲ ਦਾ ਸ਼੍ਰੋਮਣੀ ਕਮੇਟੀ ਵਿਚ ਸਿੱਧਾ ਦਖਲ ਸੰਤ ਫਤਿਹ ਸਿੰਘ ਨਾਲ ਸ਼ੁਰੂ ਹੋਇਆ ਸੀ ਅਤੇ ਇਸ ਵੇਲੇ ਸਿਖਰ 'ਤੇ ਪਹੁੰਚ ਗਿਆ ਹੈ। ਇਸੇ ਦੀ ਚਰਚਾ ਕੀਤੀ ਜਾ ਰਹੀ ਹੈ।

ਸਿੱਖ ਸਿਆਸਤ ਜਿਥੇ ਇਸ ਵੇਲੇ ਪਹੁੰਚ ਗਈ ਹੈ, ਉਸ ਨੇ ਸਿੱਖ ਭਾਈਚਾਰੇ ਨੂੰ ਫੈਸਲੇ ਲੈਣ ਦੀਆਂ ਵਿਰਾਸਤੀ ਵਿਧੀਆਂ ਨਾਲੋਂ ਦੂਰ ਕਰ ਲਿਆ ਹੈ। ਇਸ ਨਾਲ ਸਿੱਖ-ਸੁਰ ਵਿਚ ਫੈਸਲੇ ਲੈ ਸਕਣ ਦੀਆਂ ਮੁਸ਼ਕਿਲਾਂ ਨੂੰ ਸਿਆਸੀ ਢੰਗ ਨਾਲ ਨਿਪਟਾਉਣ ਵਾਲੇ ਰਾਹ ਪਏ ਹੋਏ ਸਿੱਖ ਸਿਆਸਤਦਾਨ ਉਲਝਣਾਂ ਪੈਦਾ ਕਰੀ ਜਾ ਰਹੇ ਹਨ। ਅਕਾਲੀ ਸਰਕਾਰ ਦੇ ਦਸ ਸਾਲਾਂ ਪਿਛੋਂ ਕੈਪਟਨ ਸਰਕਾਰ ਦੇ ਆ ਜਾਣ ਨਾਲ ਵਿਹਲੇ ਹੋ ਗਏ ਸਿੱਖ ਸਿਆਸਤਦਾਨਾਂ ਨੇ ਜਿਸ ਤਰ੍ਹਾਂ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਅਖਾੜਾ ਬਣਾ ਲਿਆ ਹੈ, ਇਹ ਸਿਆਸੀ ਕਸਰਤ ਤੋਂ ਅੱਗੇ ਤੁਰਦਾ ਨਜ਼ਰ ਨਹੀਂ ਆਉਂਦਾ। ਜਿਨ੍ਹਾਂ ਸਿੱਖ ਸਿਆਸਤਦਾਨਾਂ ਦੇ ਕਮਜ਼ੋਰ ਸਿਆਸੀ ਧੜਿਆਂ ਕਰਕੇ ਬਾਦਲਕੇ ਲਗਾਤਾਰ ਤਾਕਤ ਵਿਚ ਰਹੇ ਹਨ, ਉਹ ਇਕ ਵਾਰ ਫਿਰ ਬਾਦਲਕਿਆਂ ਕੋਲੋਂ ਸ਼੍ਰੋਮਣੀ ਕਮੇਟੀ ਖੋਹਣ ਦੀ ਸਿਆਸਤ ਕਰਨ ਲੱਗ ਪਏ ਹਨ। ਇਨ੍ਹਾਂ ਧਿਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸਿਆਸੀ ਫੱਟਿਆਂ ਨੇ ਉਨ੍ਹਾਂ ਦੀ ਸਿਆਸੀ-ਸਾਖ ਨੂੰ ਲਗਾਤਾਰ ਕਮਜ਼ੋਰ ਕੀਤਾ ਹੈ ਅਤੇ ਇਸ ਕਮਜ਼ੋਰੀ ਦਾ ਬਾਦਲਕਿਆਂ ਨੇ ਲਗਾਤਾਰ ਸਿਆਸੀ ਲਾਹਾ ਲਿਆ ਹੈ।

ਬਾਦਲਕਿਆਂ ਦੇ ਵਿਰੋਧੀਆਂ ਦੀ ਇਹੀ ਕਮਜ਼ੋਰੀ ਬਾਦਲਕਿਆਂ ਦੇ ਕੰਮ ਆਉਂਦੀ ਰਹੀ ਹੈ। ਹੁਣ ਵੀ ਹੋ ਰਹੀਆਂ ਸਿਆਸੀ ਕੋਸ਼ਿਸ਼ਾਂ ਦੀ ਸੇਧ ਜਿੰਨੀ ਬਾਦਲਕਿਆਂ ਦੇ ਖਿਲਾਫ ਹੈ, ਉਸ ਨਾਲੋਂ ਵੱਧ ਇਕ ਦੂਜੇ ਦੇ ਖਿਲਾਫ ਹੈ। ਇਹ ਠੀਕ ਹੈ ਕਿ ਬਾਦਲਕਿਆਂ ਦੀ ਸਿੱਖ-ਸਾਖ ਅਤੇ ਸਿਆਸੀ-ਸਾਖ ਨੂੰ ਬਹੁਤ ਧੱਕਾ ਲੱਗਾ ਹੈ ਅਤੇ ਇਸ ਨਾਲ ਬਾਦਲਕਿਆਂ ਦੇ ਬਦਲ ਲਈ ਸਿਆਸੀ ਸਪੇਸ ਪੈਦਾ ਹੋ ਗਈ ਹੈ। ਇਹ ਵੀ ਠੀਕ ਹੈ ਕਿ ਇਸ ਸਪੇਸ ਦਾ ਲਾਹਾ ਸ਼੍ਰੋਮਣੀ ਕਮੇਟੀ ਦੇ ਹਵਾਲੇ ਨਾਲ ਲਿਆ ਜਾ ਸਕਦਾ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਪੈਦਾ ਹੋਈ ਸਪੇਸ, ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤ ਤੋਂ ਮੁਕਤ ਕਰਾਉਣ ਨਾਲ ਜੁੜੀ ਹੋਈ ਹੈ। ਇਸ ਹਾਲਤ ਵਿਚ ਸ਼੍ਰੋਮਣੀ ਕਮੇਟੀ ਦੇ ਹਵਾਲੇ ਨਾਲ ਸਿਆਸੀ ਬਦਲ ਸਾਹਮਣੇ ਆ ਸਕਣ ਦੀਆਂ ਸੰਭਾਵਨਾਵਾਂ ਬਹੁਤ ਮੱਧਮ ਹਨ।

ਪਿਛਲੀ ਕੈਪਟਨ ਸਰਕਾਰ ਵੇਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਵਿਚ ਸਿਆਸੀ ਬਦਲ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਸਨ, ਪਰ ਉਸ ਨੂੰ ਦਿੱਲੀ ਦੇ ਸਿਆਸੀ ਦਖਲ ਨੇ ਸਿਰੇ ਨਹੀਂ ਸੀ ਚੜ੍ਹਨ ਦਿੱਤਾ। ਇਸ ਦਾ ਅਰਥ ਇਹ ਹੈ ਕਿ ਸ਼੍ਰੋਮਣੀ ਕਮੇਟੀ ਵਿਚ ਪ੍ਰਬੰਧਕੀ ਬਦਲਾਓ ਸਿਆਸੀ ਸੁਰ ਵਿਚ ਨਹੀਂ ਲਿਆਂਦਾ ਜਾ ਸਕਦਾ। ਸਾਧ ਸੰਗਤ ਬੋਰਡ ਇਸੇ ਕਰਕੇ ਹਾਰਿਆ ਸੀ। ਅਕਾਲੀਆਂ ਦੇ ਸ਼੍ਰੋਮਣੀ ਕਮੇਟੀ ਉਤੇ ਕਬਜ਼ੇ ਦਾ ਭੇਦ ਵੀ ਇਸੇ ਵਿਚ ਲੁਕਿਆ ਹੋਇਆ ਹੈ। ਇਸ ਵਿਚ ਜੋ ਸਫਲਤਾ ਬਾਦਲਕਿਆਂ ਨੂੰ ਮਿਲ ਗਈ ਹੈ, ਉਹ ਆਪਣੀ ਕਿਸਮ ਦੀ ਪਹਿਲੀ ਹੀ ਕਹਿਣੀ ਚਾਹੀਦੀ ਹੈ, ਕਿਉਂਕਿ ਸ਼੍ਰੋਮਣੀ ਕਮੇਟੀ, ਅਕਾਲੀ ਦਲ ਅਤੇ ਸਰਕਾਰ ਉਤੇ ਕਬਜ਼ਾ ਜਿਸ ਤਰ੍ਹਾਂ ਇੱਕਲੇ ਪ੍ਰਕਾਸ਼ ਸਿੰਘ ਬਾਦਲ ਦਾ ਹੋ ਗਿਆ ਸੀ, ਉਸ ਤਰ੍ਹਾਂ ਹੋਰ ਕਿਸੇ ਸਿੱਖ ਸਿਆਸਤਦਾਨ ਦਾ ਨਾ ਹੋਇਆ ਹੈ



ਮਰਹੂਮ ਮਾਸਟਰ ਤਾਰਾ ਸਿੰਘ

ਅਤੇ ਨਾ ਹੋ ਸਕਣਾ ਹੈ। ਇਸ ਦਾ ਕਾਰਨ ਨਿਰਸੰਦੇਹ ਧਾਰਮਿਕ ਨਹੀਂ, ਸਿਆਸੀ ਹੈ।

ਸ਼੍ਰੋਮਣੀ ਕਮੇਟੀ ਦਾ ਵੋਟਰ ਅਕਾਲੀ ਕਾਡਰ ਸੀ ਅਤੇ ਹੈ। ਸਹਿਜਧਾਰੀਆਂ ਬਾਰੇ ਫੈਸਲੇ ਨਾਲ ਇਹ ਹੋਰ ਵੀ ਪੱਕਾ ਹੋ ਗਿਆ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਕਾਡਰ, ਅਕਾਲੀਆਂ ਨਾਲੋ ਟੁੱਟਾ ਨਹੀਂ ਸੀ, ਪਰ ਆਮ ਸਿੱਖ ਨੂੰ ਅਕਾਲੀਆਂ ਦੇ ਹੱਕ ਵਿਚ ਭੁਗਤਾ ਨਹੀਂ ਸੀ ਸਕਿਆ। ਚੋਣ ਨਤੀਜਿਆਂ ਵਿਚ ਬਾਦਲਕਿਆਂ ਦੇ ਵਿਰੋਧੀਆਂ ਦਾ ਕੋਈ ਹੱਥ ਨਹੀਂ ਸੀ, ਕਿਉਂਕਿ ਉਹ ਪ੍ਰਗਟ ਅਤੇ ਅਪ੍ਰਗਟ ਰੂਪ ਵਿਚ 'ਆਪ' ਦੇ ਹੀ ਹਮਾਇਤੀ ਸਨ। ਇਸ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਬਾਦਲਕਿਆਂ ਕੋਲੋਂ ਸ਼੍ਰੋਮਣੀ ਕਮੇਟੀ ਖੋਹਣੀ ਓਨੀ ਸੌਖੀ ਨਹੀਂ ਹੈ, ਜਿੰਨੀ ਅਪ੍ਰਸੰਗਕ ਹੋ ਚੁਕੇ ਸਿੱਖ ਸਿਆਸਤਦਾਨਾਂ ਨੂੰ ਲੱਗਣ ਲੱਗ ਪਈ ਹੈ।

ਸ਼੍ਰੋਮਣੀ ਕਮੇਟੀ ਦੀ ਲੜਾਈ ਸਿਆਸੀ-ਸੁਰ ਵਿਚ ਨਹੀਂ, ਧਾਰਮਿਕ-ਸੁਰ ਵਿਚ ਹੀ ਲੜੀ ਜਾ ਸਕਦੀ ਹੈ। ਇਸ ਲੜਾਈ ਦਾ ਅਰੰਭ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਢਾਂਚੇ ਤੋਂ ਹੋਣਾ ਚਾਹੀਦਾ ਹੈ ਕਿਉਂਕਿ ਬਾਦਲਕਿਆਂ ਦਾ ਸ਼੍ਰੋਮਣੀ ਕਮੇਟੀ 'ਤੇ ਕਬਜਾ ਪ੍ਰਬੰਧਕੀ ਢਾਂਚੇ ਰਾਹੀਂ ਹੀ ਹੈ। ਇਸ ਵਾਸਤੇ ਪਹਿਲਾ ਕਦਮ ਇਹ ਹੋ ਸਕਦਾ ਹੈ ਕਿ ਪ੍ਰਬੰਧਕੀ ਢਾਂਚਾ, ਜਿਸ ਦਾ ਆਧਾਰ 1925 ਦਾ ਐਕਟ ਹੈ, ਆਪਣੇ ਸਿਆਸੀ ਪ੍ਰਭੂਆਂ ਨੂੰ ਬਚਾਉਣ ਲਈ ਕਿਸੇ ਵੀ ਹੱਦ ਤੱਕ ਜਾ ਰਿਹਾ ਹੈ? ਇਹ ਕਿਸ ਨੂੰ ਨਹੀਂ ਪਤਾ ਕਿ ਬਾਦਲਕਿਆਂ ਦੀ ਮਰਜ਼ੀ ਬਿਨਾ ਸ਼੍ਰੋਮਣੀ ਕਮੇਟੀ ਵਿਚ ਕੁਝ ਨਹੀਂ ਹੋ ਸਕਦਾ? ਇਹ ਕਿਉਂ ਨਹੀਂ ਪੁੱਛਿਆ ਜਾ ਰਿਹਾ ਕਿ ਚੁਣੇ ਹੋਏ ਅਤੇ ਪਰਖੇ ਹੋਏ ਮੈਂਬਰਾਂ ਨੂੰ ਛੱਡ ਕੇ ਪ੍ਰਧਾਨ ਕਿਉਂ ਬਣਦੇ ਰਹੇ ਹਨ? ਇਹ ਕਿਸ ਨੂੰ ਨਹੀਂ



(ਖੱਬਿਓਂ) ਸੁਖਬੀਰ ਸਿੰਘ ਬਾਦਲ, ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ, ਮਰਹੂਮ ਕੈਪਟਨ ਕੰਵਲਜੀਤ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ

ਪਤਾ ਕਿ ਬਾਦਲਕਿਆਂ ਦੇ ਲਿਫਾਫੇ ਵਿਚੋਂ ਪ੍ਰਧਾਨ ਨਿਕਲਦੇ ਰਹੇ ਹਨ? ਇਸ ਵੇਲੇ ਸ਼੍ਰੋਮਣੀ ਕਮੇਟੀ ਦੀ ਰੀੜ੍ਹ ਦੀ ਹੱਡੀ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਅਕਾਲ ਤਖਤ ਸਾਹਿਬ ਹਨ।

ਇਨ੍ਹਾਂ ਦੋਹਾਂ ਸੰਸਥਾਵਾਂ ਦੇ ਮੁਖੀਆਂ ਦੀ ਕਾਰਗੁਜ਼ਾਰੀ ਬਾਰੇ ਹੋ ਚੁਕੇ ਖੁਲਾਸੇ ਆਮ ਸਿੱਖ ਤੱਕ ਪਹੁੰਚ ਚੁਕੇ ਹਨ। ਇਸ ਦੇ ਬਾਵਜੂਦ ਸੰਸਥਾ ਮੁਖੀਆਂ ਨੂੰ ਕੋਈ ਖਤਰਾ ਨਹੀਂ ਹੈ, ਕਿਉਂਕਿ ਬਾਦਲਕੇ ਉਨ੍ਹਾਂ ਦੇ ਨਾਲ ਹਨ ਅਤੇ ਬਾਦਲਕਿਆਂ ਕਰਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਰਾਸਤਾ ਅੰਤ੍ਰਿੰਗ ਕਮੇਟੀ ਉਨ੍ਹਾਂ ਦੇ ਨਾਲ ਹਨ। ਸ਼੍ਰੋਮਣੀ ਕਮੇਟੀ 'ਤੇ ਕਬਜ਼ੇ ਨੂੰ ਲੈ ਕੇ ਸਿੱਖ ਸਿਆਸਤਦਾਨਾਂ ਦੇ ਝਗੜੇ ਨੂੰ ਪੰਥਕ ਮੁੱਦਾ ਨਹੀਂ ਬਣਾਇਆ ਜਾ ਸਕਦਾ। ਇਸੇ ਕਰਕੇ ਕਥਿਤ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਨੂੰ ਵੀ ਕੋਈ ਜਥੇਦਾਰ ਨਹੀਂ ਮੰਨਦਾ। ਹੋਇਆ ਇਹ ਹੈ ਕਿ ਜਥੇਦਾਰ ਥਾਪੇ ਜਾਣ ਤੋਂ ਪਹਿਲਾਂ ਜਿਸ ਦੀ ਜਿੰਨੀ ਕੁ ਵੀ ਪੰਥਕ ਸਾਖ ਸੀ, ਉਹ ਵੀ ਖੁਰਦੀ ਜਾ ਰਹੀ ਹੈ। ਮੁਸ਼ਕਿਲ ਇਹ ਹੈ ਕਿ ਫੱਟੇਬਾਜ਼ੀ ਦੀ ਸਿੱਖ ਸਿਆਸਤ ਨੇ ਸਾਂਝੀ ਸਮਝ 'ਤੇ ਪਹੁੰਚਣ ਲਈ ਲੋੜੀਂਦੇ ਸਿੱਖ ਸੰਵਾਦ ਦਾ ਰਾਹ ਹੀ ਰੋਕ ਦਿੱਤਾ ਹੈ। ਨਤੀਜਾ ਇਹ ਨਿਕਲ ਆਇਆ ਹੈ ਕਿ ਜਿਸ ਨੂੰ ਜਿੰਨਾ ਘੱਟ ਪਤਾ ਹੈ, ਉਹ ਓਨਾ ਹੀ ਉਚਾ ਤੇ ਵੱਧ ਬੋਲਣ ਦੀ ਕੋਸ਼ਿਸ਼ ਕਰਦਾ ਹੈ। ਸਿਆਸੀ ਕਾਂਵਾਂ ਰੌਲੀ ਵਿਚ ਅਸਲ ਮੁੱਦੇ ਗੁਆਚਦੇ ਜਾ ਰਹੇ ਹਨ। ਜੋ ਇਸੇ ਨੂੰ ਸਿਆਸਤ ਸਮਝ ਕੇ ਤੁਰੇ ਜਾ ਰਹੇ ਹਨ, ਉਨ੍ਹਾਂ ਤੋਂ ਬਹੁਤੀ ਆਸ ਨਹੀਂ ਰੱਖਣੀ ਚਾਹੀਦੀ।

ਇਸ ਪਿਛੋਕੜ ਵਿਚ ਇਹ ਸੋਚੇ ਜਾਣ ਦੀ ਲੋੜ ਹੈ ਕਿ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ? ਇਸ ਦੇ ਜਵਾਬ ਨਾਲ ਜੁੜੀਆਂ ਧਿਰਾਂ ਵਿਚ ਸਿੱਖ, ਸਿੱਖ ਪਰਿਵਾਰ, ਸਿੱਖ ਸਮਾਜ ਅਤੇ ਸਿੱਖ ਸਿਆਸਤ ਸ਼ਾਮਲ ਹਨ। ਪਹਿਲੀਆਂ ਤਿੰਨ ਧਿਰਾਂ ਦਾ ਚੌਥੀ ਨੇ ਅਪਹਰਣ ਕਰ ਲਿਆ ਹੈ। 1925 ਦੇ ਗੁਰਦੁਆਰਾ ਐਕਟ ਵਿਚ ਨਿਯਮ, ਉਪਨਿਯਮ ਬਣਾ ਕੇ ਅਜਿਹੀਆਂ ਸੰਭਾਵਨਾਵਾਂ ਪੈਦਾ ਕਰ ਲਈਆਂ ਹਨ ਅਤੇ ਜੋ ਹੋ ਰਿਹਾ ਹੈ, ਉਸ ਮੁਤਾਬਕ ਹੀ ਹੋ ਰਿਹਾ ਹੈ। ਇਸੇ ਨੂੰ ਬਾਦਲਕੇ ਦਖਲ ਨਾ ਦੇਣਾ ਕਹਿ ਰਹੇ ਹਨ। ਸਿੱਖ ਦਾ ਸਿੱਖ ਵੋਟਰ ਹੋ ਜਾਣ ਦਾ ਸਿਆਸੀ ਅਮਲ, ਜਿੱਥੇ ਪਹੁੰਚ ਗਿਆ ਹੈ, ਇਸ ਤਰ੍ਹਾਂ ਪਹਿਲਾਂ ਕਦੇ ਵੀ ਨਹੀਂ ਸੀ।

ਸੋਚਿਆ ਜਾਣਾ ਚਾਹੀਦਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਾਂਗਰਸੀ ਨਾਗੋਕੇ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਕਾਂਗਰਸੀ ਗੁਰਮੁਖ ਸਿੰਘ ਮੁਸਾਫਰ ਵੇਲੇ ਜੋ ਨੁਕਸਾਨ ਨਹੀਂ ਹੋਏ



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ

ਸਨ, ਉਹ ਬਾਦਲਕਿਆਂ ਵੇਲੇ ਕਿਵੇਂ ਅਤੇ ਕਿਉਂ ਹੋਣ ਲੱਗ ਪਏ ਹਨ? ਇਹੋ ਜਿਹੇ ਸਵਾਲਾਂ ਬਾਰੇ ਕਦੇ ਕਦੇ ਜਥੇਦਾਰ ਟੌਹੜਾ ਬੇਬਾਕ ਟਿੱਪਣੀਆਂ ਕਰ ਜਾਂਦੇ ਸਨ। ਉਨ੍ਹਾਂ ਦਾ ਮੱਤ ਸੀ, ਬਾਦਲਕਿਆਂ ਤੋਂ ਸ਼੍ਰੋਮਣੀ ਕਮੇਟੀ ਨਹੀਂ ਖੋਹੀ ਜਾ ਸਕਦੀ, ਕਿਉਂਕਿ ਸ਼੍ਰੋਮਣੀ ਕਮੇਟੀ ਚੋਣਾਂ, ਗਰੀਬ ਸਿੱਖ ਦੇ ਵੱਸ ਵਿਚ ਨਹੀਂ ਰਹੀਆਂ। ਦੱਸਦੇ ਹੁੰਦੇ ਸਨ ਕਿ ਮੈਂਬਰਾਂ ਲਈ ਫੈਸਲਾ 60 ਤੇ 40 ਦਾ ਹੁੰਦਾ ਸੀ ਅਤੇ ਸੱਚ 70 ਤੇ 30 ਵਿਚ ਉਘੜਦਾ ਸੀ, ਕਿਉਂਕਿ ਬਾਦਲ ਸਾਹਿਬ ਦੇ ਬੰਦਿਆਂ ਨੂੰ ਜਿਸ ਤਰ੍ਹਾਂ ਮੈਨੂੰ ਟਿਕਟਾਂ ਦੇਣੀਆਂ ਪੈਂਦੀਆਂ ਹਨ, ਉਸ ਤਰ੍ਹਾਂ ਮੈਂ ਆਪਣੇ ਬੰਦਿਆਂ ਨੂੰ ਟਿਕਟਾਂ ਬਾਦਲ ਸਾਹਿਬ ਤੋਂ ਨਹੀਂ ਸੀ ਦਿਵਾ ਸਕਦਾ।


ਜੇ ਜਥੇਦਾਰ ਟੌਹੜਾ ਵੇਲੇ ਇਹ ਹਾਲ ਸੀ ਤਾਂ ਹੁਣ ਤੇ ਮੈਦਾਨ ਹੀ ਖਾਲੀ ਹੈ। ਖਾਲੀ ਮੈਦਾਨ ਵਿਚ ਇੱਛਾਵਾਂ ਦੇ ਘੋੜੇ 'ਤੇ ਚੜ੍ਹੇ ਸਿੱਖ ਸਿਆਸਤਦਾਨਾਂ ਨੂੰ ਕੌਣ ਸਮਝਾਵੇ ਕਿ ਪੈਰਾਂ ਦਾ ਧਿਆਨ ਰੱਖ ਕੇ ਕਦਮ ਚੁੱਕੋ? ਅਸਲ ਵਿਚ ਸਿਆਸਤ ਵਿਹਲਿਆਂ ਦਾ ਧੰਦਾ ਹੋ ਗਈ ਹੈ ਅਤੇ ਸਿਆਸਤ ਉਹੀ ਕਰ ਸਕਦਾ ਹੈ, ਜੋ ਧੰਦਾ ਕਰ ਸਕਣ ਦੀ ਸਿਆਸਤ ਕਰ ਸਕਦਾ ਹੈ। ਸਿਆਸੀ ਪ੍ਰਭੂਆਂ ਦੇ ਕਬਜ਼ਿਆਂ ਦੀ ਲੜਾਈ ਨੂੰ ਹੀ ਸਿਆਸਤ ਸਮਝਿਆ ਜਾਣ ਲੱਗ ਪਿਆ ਹੈ। ਸਿਆਸੀ ਪਾਰਟੀਆਂ ਦੇ ਨਿਸ਼ਾਨ 'ਤੇ ਲੜੀਆਂ ਜਾਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਨਾਲ ਸਿਆਸਤ, ਸਿੱਖ ਸੁਭਾਅ ਦਾ ਹਿੱਸਾ ਹੋ ਗਈ ਹੈ। ਇਸੇ ਕਰਕੇ ਜੋ ਚੋਣ ਨਹੀਂ ਜਿੱਤ ਸਕਦਾ, ਉਹ ਵੀ ਪ੍ਰਧਾਨ ਬਣ ਸਕਦਾ ਹੈ ਅਤੇ ਜੋ ਪ੍ਰਧਾਨ ਬਣ ਜਾਂਦਾ ਹੈ, ਉਹ ਅਕਾਲੀ ਦਲ ਦਾ ਕਾਮਾ ਹੋ ਜਾਂਦਾ ਹੈ। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ, ਸਿੱਖ ਸਿਆਸਤ ਵਿਚ ਨਿਓਟਿਆਂ ਦੀ ਓਟ ਹੁੰਦੀ ਜਾ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਹਵਾਲੇ ਨਾਲ ਅਸਲ ਮੁੱਦਾ ਪੰਥਨੁਮਾ ਸਿਆਸਤ ਅਤੇ ਸਿਆਸਤਨੁਮਾ ਪੰਥਕਤਾ ਦਾ ਭੇੜ ਹੋ ਗਿਆ ਹੈ। ਇਸ ਨਾਲ ਸਿੱਖ ਪਛਾਣ ਨੂੰ ਸਿੱਖ ਨੈਤਿਕਤਾ ਉਤੇ ਪਹਿਲ ਪ੍ਰਾਪਤ ਹੋ ਗਈ ਹੈ; ਪਰਿਵਾਰਕ ਭਲਾਈ, ਕੌਮੀ ਭਲਾਈ ਉਤੇ ਭਾਰੂ ਹੋ ਗਈ ਹੈ ਅਤੇ ਸਿੱਖ ਸਭਿਆਚਾਰ ਤੇ ਸਿਆਸੀ ਸਭਿਆਚਾਰ ਰਲਗੱਡ ਹੋ ਗਏ ਹਨ। ਸਿੱਖ ਸਿਆਸਤਦਾਨਾਂ ਲਈ ਸੱਤਾ ਵਿਚ ਰਹਿਣਾ ਹੀ ਮੰਜ਼ਿਲ ਹੋ ਗਿਆ ਹੈ ਅਤੇ ਇਸ ਵਾਸਤੇ ਕੁਝ ਵੀ ਕੀਤੇ ਜਾ ਸਕਣ ਨੂੰ ਸਿਆਸੀ ਨੈਤਿਕਤਾ ਸਮਝਿਆ ਜਾਣ ਲੱਗ ਪਿਆ ਹੈ। ਸਿਆਸਤ, ਮਾਨਸਿਕਤਾ ਦਾ ਵਰਤਾਰੇ ਮੁਤਾਬਕ ਢਲ ਜਾਣ ਦੀ ਕਲਾ ਹੈ ਅਤੇ ਧਰਮ ਤੇ ਸਿਆਸਤ ਨੂੰ ਧਰਮ ਦੀ ਕੀਮਤ 'ਤੇ ਹੀ ਇਕੱਠਿਆਂ ਤੋਰਿਆ ਜਾ ਸਕਦਾ ਹੈ। ਵਿਸ਼ਵਾਸ ਅਤੇ ਵਿਧਾਨਕਤਾ ਵਿਚਾਲੇ ਉਲਝੀ ਸ਼੍ਰੋਮਣੀ ਕਮੇਟੀ ਕਸੂਤੀ ਫਸੀ ਹੋਈ ਹੈ।

ਸਿੱਖ ਸਿਆਸਤਦਾਨ, ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਸਾਹਿਬ ਇਕ ਦੂਜੇ ਦੀ ਇਕਸੁਰਤਾ ਵਿਚੋਂ ਨਿਕਲ ਕੇ ਆਪ ਸਹੇੜੀ ਸਿਆਸਤ ਦਾ ਸ਼ਿਕਾਰ ਹੋ ਗਏ ਹਨ। ਤਿੰਨੇ ਇਕ ਦੂਜੇ ਨੂੰ ਵਰਤਣ ਦੀ ਕੋਸ਼ਿਸ਼ ਵਿਚ ਇਕ ਦੂਜੇ ਵੱਲੋਂ ਵਰਤੇ ਜਾ ਰਹੇ ਹਨ। ਇਸ ਹਾਲਤ ਵਿਚ ਨਵੀਂ ਧਿਰ ਦੀ ਗੁੰਜਾਇਸ਼ ਪੈਦਾ ਹੋ ਗਈ ਹੈ। ਇਸੇ ਨੂੰ ਲੈ ਕੇ ਹਾਸ਼ੀਏ 'ਤੇ ਧੱਕੇ ਹੋਏ ਸਿੱਖ ਸਿਆਸਤਦਾਨਾਂ ਨੇ ਆਪਾ-ਧਾਪੀ ਮਚਾ ਦਿੱਤੀ ਹੈ। ਇਸ ਆਪਾ-ਧਾਪੀ ਦੇ ਮਾਹੌਲ ਵਿਚ ਜੋ ਸਿੱਖ ਧਿਰਾਂ ਚੁੱਪ ਬੈਠੀਆਂ ਹਨ, ਉਨ੍ਹਾਂ ਨਾਲ ਸੰਵਾਦ ਰਚਾਏ ਜਾਣ ਦੀ ਲੋੜ ਹੈ। ਸਿਰ ਜੋੜ ਕੇ ਬੈਠਣ ਨਾਲ ਰਾਹ ਨਿਕਲਦੇ ਰਹੇ ਹਨ ਅਤੇ ਨਿਕਲ ਸਕਦੇ ਹਨ। ਸਮੱਸਿਆ ਇਹ ਹੈ ਕਿ ਜਿਸ ਕਿਸੇ ਦੀ ਸਿੱਖ ਸਾਖ ਬਣਨ ਲੱਗਦੀ ਹੈ, ਸਿੱਖ ਸਿਆਸਤਦਾਨ ਉਸ ਨੂੰ ਨਾਲ ਲੈ ਕੇ ਆਪਣੇ ਜਿਹਾ ਕਰ ਲੈਂਦੇ ਹਨ। ਜੋ ਸਿਆਸਤਦਾਨ ਨੂੰ ਠੀਕ ਨਹੀਂ ਬੈਠਦਾ, ਉਸ ਨੂੰ ਸਬਕ ਸਿਖਾਉਣ ਦੇ ਰਾਹ ਪਾ ਲਿਆ ਜਾਂਦਾ ਹੈ।

ਇਸ ਹਾਲਤ ਵਿਚ ਇਹੀ ਸਲਾਹ ਦਿੱਤੀ ਜਾ ਸਕਦੀ ਹੈ ਕਿ ਕਰ ਕੇ ਸੋਚਣ ਦੀ ਥਾਂ ਸੋਚ ਕੇ ਕਰਨ ਵਾਲੇ ਰਾਹ ਤੁਰਨਾ ਚਾਹੀਦਾ ਹੈ। ਅਜਿਹਾ ਬਾਣੀ ਦੀ ਅਗਵਾਈ ਵਿਚ ਸੌਖਿਆਂ ਹੋ ਸਕਦਾ ਹੈ, ਕਿਉਂਕਿ ਸਿੱਖ ਵਿਸ਼ਵਾਸ ਦੀ ਇਹ ਧਰੋਹਰ ਸਿੱਖ ਸਿਆਸਤਦਾਨਾਂ ਤੋਂ ਇਸ ਕਰਕੇ ਬਚੀ ਹੋਈ ਹੈ ਕਿ ਉਨ੍ਹਾਂ ਅੰਦਰ ਵੀ ਗੁਰੂ ਦਾ ਨਿਰਮਲ ਭਉ ਅਜੇ ਮਰਿਆ ਨਹੀਂ ਹੈ।

***ਸੋਚਿਆ ਜਾਣਾ ਚਾਹੀਦਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਾਂਗਰਸੀ ਨਾਗੋਕੇ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਕਾਂਗਰਸੀ ਗੁਰਮੁਖ ਸਿੰਘ ਮੁਸਾਫਰ ਵੇਲੇ ਜੋ ਨੁਕਸਾਨ ਨਹੀਂ ਹੋਏ ਸਨ, ਉਹ ਬਾਦਲਕਿਆਂ ਵੇਲੇ ਕਿਵੇਂ ਅਤੇ ਕਿਉਂ ਹੋਣ ਲੱਗ ਪਏ ਹਨ? ਇਹੋ ਜਿਹੇ ਸਵਾਲਾਂ ਬਾਰੇ ਕਦੇ ਕਦੇ ਜਥੇਦਾਰ ਟੌਹੜਾ ਬੇਬਾਕ ਟਿੱਪਣੀਆਂ ਕਰ ਜਾਂਦੇ ਸਨ। ਉਨ੍ਹਾਂ ਦਾ ਮੱਤ ਸੀ, ਬਾਦਲਕਿਆਂ ਤੋਂ ਸ਼੍ਰੋਮਣੀ ਕਮੇਟੀ ਨਹੀਂ ਖੋਹੀ ਜਾ ਸਕਦੀ, ਕਿਉਂਕਿ ਸ਼੍ਰੋਮਣੀ ਕਮੇਟੀ ਚੋਣਾਂ, ਗਰੀਬ ਸਿੱਖ ਦੇ ਵੱਸ ਵਿਚ ਨਹੀਂ ਰਹੀਆਂ। ਦੱਸਦੇ ਹੁੰਦੇ ਸਨ ਕਿ ਮੈਂਬਰਾਂ ਲਈ ਫੈਸਲਾ 60 ਤੇ 40 ਦਾ ਹੁੰਦਾ ਸੀ ਅਤੇ ਸੱਚ 70 ਤੇ 30 ਵਿਚ ਉਘੜਦਾ ਸੀ, ਕਿਉਂਕਿ ਬਾਦਲ ਸਾਹਿਬ ਦੇ ਬੰਦਿਆਂ ਨੂੰ ਜਿਸ ਤਰ੍ਹਾਂ ਮੈਨੂੰ ਟਿਕਟਾਂ ਦੇਣੀਆਂ ਪੈਂਦੀਆਂ ਹਨ, ਉਸ ਤਰ੍ਹਾਂ ਮੈਂ ਆਪਣੇ ਬੰਦਿਆਂ ਨੂੰ ਟਿਕਟਾਂ ਬਾਦਲ ਸਾਹਿਬ ਤੋਂ ਨਹੀਂ ਸੀ ਦਿਵਾ ਸਕਦਾ।***



ਮਰਹੂਮ ਗੁਰਮੁਖ ਸਿੰਘ ਮੁਸਾਫਰ

# ਅਫਗਾਨ ਸਿੱਖਾਂ ਦਾ ਦੁਖਾਂਤ

*ਕਾਬੁਲ ਵਿਚ ਸਿੱਖਾਂ ਦੇ ਕਤਲੇਆਮ ਨੇ ਕਈ ਸਵਾਲ ਸਾਹਮਣੇ ਲਿਆਂਦੇ ਹਨ। ਅਮਰੀਕਾ ਅਤੇ ਤਾਲਿਬਾਨ ਵਿਚਾਲੇ ਹੁਣੇ-ਹੁਣੇ ਇਕ ਸਮਝੌਤਾ ਹੋਇਆ ਹੈ, ਜਿਸ ਤਹਿਤ ਅਮਰੀਕਾ ਨੇ ਆਪਣੀਆਂ ਫੌਜਾਂ ਅਫਗਾਨਿਸਤਾਨ ਵਿਚੋਂ ਕੱਢਣੀਆਂ ਹਨ ਅਤੇ ਤਾਲਿਬਾਨ ਦੇ ਕਰੀਬ ਛੇ ਹਜ਼ਾਰ ਲੜਾਕਿਆਂ ਨੂੰ ਅਫਗਾਨ ਸਰਕਾਰ ਨੇ ਰਿਹਾ ਕਰਨਾ ਹੈ। ਕੋਈ ਚਾਰ ਦਹਾਕਿਆਂ ਤੋਂ ਖਾਨਾਜੰਗੀ ਦੀ ਮਾਰ ਝੱਲ ਰਹੇ ਇਸ ਮੁਲਕ ਵਿਚ ਕਈ ਲੜਾਕੂ ਧਿਰਾਂ ਹਨ, ਜਿਨ੍ਹਾਂ ਦੇ ਆਪੋ-ਆਪਣੇ ਮੁਫਾਦ ਹਨ। ਇਹ ਕਤਲੇਆਮ ਇਸੇ ਸਿਆਸੀ ਸਾਜ਼ਿਸ਼ ਦਾ ਹਿੱਸਾ ਜਾਪਦਾ ਹੈ। ਕਾਬੁਲ ਵਿਚ ਚਾਰ ਸਾਲ ਰਹਿ ਕੇ ਆਏ ਆਈ. ਪੀ. ਐਸ. ਅਫਸਰ ਅਤੇ ਲਿਖਾਰੀ ਮਨਮੋਹਨ ਨੇ ਅਫਗਾਨਿਸਤਾਨ ਵਿਚ ਸਿੱਖਾਂ ਦੀ ਹੋਣੀ ਬਾਰੇ ਕੁਝ ਵਿਚਾਰ ਰੱਖੇ ਹਨ, ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ*

ਪੰਜੀ ਮਾਰਚ ਨੂੰ ਟੀ. ਵੀ. 'ਤੇ ਖਬਰ ਚੱਲਣ ਲੱਗੀ ਕਿ ਕਰੀਬ ਸਵੇਰੇ ਪੌਣੇ ਅੱਠ ਵਜੇ ਕਾਬੁਲ ਦੇ ਗੁਰਦੁਆਰਾ ਖਾਲਸਾ, ਸ਼ੋਰ ਬਾਜ਼ਾਰ ਉਤੇ ਹਥਿਆਰਬੰਦ ਹਮਲਾ ਹੋਇਆ, ਜਿਸ 'ਚ ਕਈ ਅਫਗਾਨ ਸਿੱਖ ਔਰਤਾਂ, ਮਰਦ ਤੇ ਬੱਚੇ ਮਾਰੇ ਗਏ ਅਤੇ ਵੱਡੀ ਤਾਦਾਦ 'ਚ ਲੋਕ ਜ਼ਖਮੀ ਹੋਏ। ਹਮਲੇ ਤੋਂ ਕੁਝ ਦੇਰ ਪਿਛੋਂ ਹੀ ਆਈ. ਐਸ. ਆਈ. ਐਲ. (ਇਸਲਾਮਿਕ ਸਟੇਟ ਆਫ ਇਰਾਕ ਐਂਡ ਲੇਵਾਂਤ) ਨੇ ਇਸ ਦੀ ਜਿੰਮੇਵਾਰੀ ਲੈ ਲਈ।

ਇਹ ਖਬਰ ਦੇਖ ਕੇ ਮੈਨੂੰ ਆਪਣੇ ਉਹ ਦਿਨ ਯਾਦ ਆ ਗਏ, ਜਦੋਂ ਮੈਂ ਸਾਲ 2009 ਤੋਂ ਲੈ ਕੇ 2013 ਤੱਕ ਕਾਬੁਲ ਦੇ ਭਾਰਤੀ ਸਫਾਰਤਖਾਨੇ 'ਚ ਕੌਂਸਲਰ, ਪਬਲਿਕ ਅਫੇਅਰਜ਼ ਵਜੋਂ ਨਿਯੁਕਤ ਸਾਂ। ਗੁਰਦੁਆਰਾ ਸ਼ੋਰ ਬਾਜ਼ਾਰ ਅਤੇ ਕਾਬੁਲ ਦੇ ਇਲਾਕੇ ਕਾਰਤੇ ਪਰਵਾਨ ਵਿਖੇ ਸਥਿਤ ਮੁੱਖ ਗੁਰਦੁਆਰੇ ਦੇ ਹਰ ਗੁਰਪੁਰਬ ਅਤੇ



**ਮਨਮੋਹਨ**
ਫੋਨ: +91-82839-48811

ਵਿਸਾਖੀ ਸਮਾਗਮਾਂ 'ਚ ਸ਼ਾਮਿਲ ਹੁੰਦਾ। ਅਫਗਾਨ ਮੂਲ ਦੇ ਸਿੱਖਾਂ ਨਾਲ ਸੰਪਰਕ 'ਚ ਰਹਿਣਾ ਅਤੇ ਉਨ੍ਹਾਂ ਦੀਆਂ ਸਮਾਜਕ, ਧਾਰਮਿਕ, ਰਾਜਨੀਤਕ, ਆਰਥਕ ਤੇ ਸਭਿਆਚਾਰਕ ਮੁਸ਼ਕਿਲਾਂ ਅਤੇ ਮਸਲਿਆਂ ਨੂੰ ਸਥਾਨਕ ਸਰਕਾਰ ਤੇ ਭਾਰਤੀ ਵਿਦੇਸ਼ ਮੰਤਰਾਲੇ ਦੇ ਧਿਆਨ 'ਚ ਲਿਆ ਕੇ ਸੰਭਵ ਹੱਲ ਕੱਢਣਾ ਮੇਰੀ ਜਿੰਮੇਵਾਰੀ ਸੀ। ਕਿਸੇ ਵੀ ਧਰਮ ਆਧਾਰਤ ਸਟੇਟ 'ਚ ਘੱਟਗਿਣਤੀ ਦੇ ਵਜੂਦ ਨਾਲ ਜੁੜੀਆਂ ਦੁਸ਼ਵਾਰੀਆਂ ਬੜੀਆਂ ਪੇਚੀਦਾ ਤੇ ਬੇਅੰਤ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਹੱਲ ਵੀ ਬੜੇ ਅਨੋਖੇ ਹੁੰਦੇ ਹਨ।

ਮੈਨੂੰ ਯਾਦ ਹੈ, ਕਾਬੁਲ 'ਚ ਸਿੱਖਾਂ ਤੇ ਹਿੰਦੂਆਂ ਦਾ ਇਕ ਹੀ ਸ਼ਮਸ਼ਾਨਘਾਟ ਹੈ। ਬਹੁਤ ਵਰ੍ਹੇ ਪਹਿਲਾਂ ਤਾਂ ਇਹ ਸ਼ਹਿਰ ਤੋਂ ਬਾਹਰ ਸੀ, ਪਰ ਹੁਣ ਇਸ ਦੇ ਇਰਦ-ਗਿਰਦ ਬੜੀ ਸੰਘਣੀ ਵਸੋਂ ਹੋ ਗਈ ਹੈ। ਸਸਕਾਰ 'ਚੋਂ ਪੈਦਾ ਹੋਏ ਪ੍ਰਦੂਸ਼ਣ ਨੂੰ ਸਥਾਨਕ ਲੋਕ ਆਪਣੇ ਧਾਰਮਿਕ ਅਕੀਦੇ ਤੇ ਸਭਿਆਚਾਰ ਦੇ ਅਨੁਕੂਲ ਨਹੀਂ ਮੰਨਦੇ। ਜਦੋਂ ਵੀ ਕਿਸੇ ਹਿੰਦੂ ਸਿੱਖ ਦੀ ਮੌਤ ਹੁੰਦੀ ਤਾਂ ਮੈਨੂੰ ਸਥਾਨਕ ਪੁਲਿਸ ਨਾਲ ਸੰਪਰਕ ਕਰ ਕੇ ਮੁਨਾਸਬ ਸੁਰੱਖਿਆ ਦਾ ਪ੍ਰਬੰਧ ਕਰਨਾ ਪੈਂਦਾ ਤਾਂ ਕਿ ਕੋਈ ਰੱਫੜ ਪੈਦਾ ਨਾ ਹੋਵੇ। ਪੰਜੀ ਤਾਰੀਖ ਨੂੰ ਵਾਪਰੇ ਹਾਦਸੇ ਦੇ ਮ੍ਰਿਤਕਾਂ ਦਾ ਜਦੋਂ ਸਸਕਾਰ ਕੀਤਾ ਜਾ ਰਿਹਾ ਸੀ ਤਾਂ ਸ਼ਮਸ਼ਾਨਘਾਟ 'ਤੇ ਮਿਜ਼ਾਈਲ ਨਾਲ ਹਮਲਾ ਹੋਣ ਅਤੇ ਲਾਗੇ ਹੀ ਜ਼ਮੀਨਦੋਜ਼ ਵਿਸਫੋਟਕ ਸੁਰੰਗਾਂ ਮਿਲਣ ਦੀ ਖਬਰ ਵੀ ਆਈ।

ਅਫਗਾਨ ਸਿੱਖਾਂ ਦੇ ਅਜਿਹੇ ਕਈ ਮਸਲਿਆਂ ਨੂੰ ਨਿਬੇੜਨ ਲਈ ਮੇਰੇ ਨਾਲ ਅਫਗਾਨਿਸਤਾਨ ਦੀ ਪਾਰਲੀਮੈਂਟ ਦੀ 'ਮਿਸ਼ਰਾਨੋ ਜਿਰਗਾ' ਦੇ ਮੈਂਬਰ ਅਵਤਾਰ ਸਿੰਘ ਖਾਲਸਾ ਅਤੇ ਗੁਰਦੁਆਰਾ ਕਾਰਤੇ ਪਰਵਾਨ ਦੇ ਪ੍ਰਧਾਨ ਰਵੇਲ ਸਿੰਘ ਵੀ ਆਪਣੇ ਸਾਥੀਆਂ ਨਾਲ ਸ਼ਾਮਿਲ ਹੁੰਦੇ। ਇਹ ਦੋਵੇਂ ਅਫਗਾਨ ਸਿੱਖਾਂ ਦੇ ਮੁਹਤਬਰ ਜਲਾਲਾਬਾਦ ਵਿਚ 2 ਜੁਲਾਈ 2018 ਨੂੰ ਪਾਰਲੀਮੈਂਟ ਦੀ ਵੋਲੇਸੀ ਜਿਰਗਾ ਦੀਆਂ ਚੋਣਾਂ ਦਾ ਪ੍ਰਚਾਰ ਕਰ ਰਹੇ ਸਨ ਤਾਂ ਆਤਮਘਾਤੀ ਬੰਬ ਧਮਾਕੇ 'ਚ ਸਿੱਖਾਂ-ਹਿੰਦੂਆਂ ਸਮੇਤ ਉਨੀ ਲੋਕ ਮਾਰੇ ਗਏ ਅਤੇ ਇਸ ਘਟਨਾ ਵਿਚ ਵੀਹ ਤੋਂ ਵੱਧ ਵਿਅਕਤੀ ਜ਼ਖਮੀ ਵੀ ਹੋਏ। ਉਦੋਂ ਇਸ ਧਮਾਕੇ ਦੀ ਜਿੰਮੇਵਾਰੀ ਵੀ ਆਈ. ਐਸ. ਆਈ. ਐਲ. ਨੇ ਲਈ ਸੀ।

ਸ਼ੋਰ ਬਾਜ਼ਾਰ ਵਾਲੇ ਗੁਰਦੁਆਰੇ ਦੇ ਨਾਲ ਇਕ ਹੋਰ ਗੁਰਦੁਆਰਾ ਗੁਰੂ ਹਰਿਰਾਏ ਵੀ ਹੈ, ਪਰ ਇਹ ਇਤਿਹਾਸਕ ਨਹੀਂ ਸਗੋਂ ਭਾਈਚਾਰਕ ਹੈ। ਸ਼ੋਰ ਬਾਜ਼ਾਰ ਵਾਲੇ ਗੁਰਦੁਆਰੇ 'ਚ ਕੁਝ ਘਰ ਅਤੇ ਸਰਾਂ ਵੀ ਹਨ, ਜਿੱਥੇ ਬਹੁਤ ਸਾਰੇ ਸਿੱਖ ਹਿੰਦੂ ਪਰਿਵਾਰਾਂ ਨੇ ਪਿਛਲੇ ਸਮਿਆਂ 'ਚ ਲਾਗਲੇ ਪ੍ਰਦੇਸ਼ਾਂ ਜਿਵੇਂ ਨੰਗਰਹਾਰ, ਲੋਗਾਨ, ਹੈਰਾਤ, ਜਲਾਲਾਬਾਦ, ਕੰਧਾਰ, ਪਕਤੀਆ, ਪਕਤਿਕਾ ਤੇ ਮਜ਼ਾਰ-ਏ-ਸ਼ਰੀਫ ਆਦਿ ਤੋਂ ਉਜੜਨ ਪਿਛੋਂ ਸ਼ਰਨ ਲਈ ਹੈ। ਇਸ ਕੰਪਲੈਕਸ ਦੇ ਨਾਲ ਹੀ ਸਕੂਲੀ ਇਮਾਰਤ ਹੈ, ਜਿਸ 'ਚ ਸਿੱਖ ਹਿੰਦੂ ਬੱਚੇ ਪੜ੍ਹਦੇ ਹਨ। ਇਹ ਬੱਚੇ ਕਾਬੁਲ ਦੇ ਸਰਕਾਰੀ ਸਕੂਲਾਂ 'ਚ ਨਹੀਂ ਜਾਂਦੇ ਕਿਉਂਕਿ ਇਨ੍ਹਾਂ ਨਾਲ ਉਥੋਂ ਦੇ ਬਹੁਗਿਣਤੀ ਧਰਮ ਅਤੇ ਫਿਰਕਿਆਂ ਦੇ ਬੱਚੇ ਧੱਕੇਸ਼ਾਹੀ ਤੇ ਧੌਂਸਬਾਜ਼ੀ ਕਰਦੇ ਹਨ।

ਕਿਸੇ ਜ਼ਮਾਨੇ 'ਚ ਪੂਰੇ ਅਫਗਾਨਿਸਤਾਨ ਦੇ ਵੱਖ ਵੱਖ ਪ੍ਰਦੇਸ਼ਾਂ 'ਚ ਕੁਲ ਮਿਲਾ ਕੇ ਸੱਤਰ ਗੁਰਦੁਆਰੇ ਸਨ, ਜਿਨ੍ਹਾਂ 'ਚੋਂ ਕੁਝ ਕੁ ਇਤਿਹਾਸਕ ਅਤੇ ਬਾਕੀ ਭਾਈਚਾਰਕ ਸਨ। ਮੈਨੂੰ ਆਪਣੀ ਚਾਰ ਸਾਲ ਦੀ ਠਾਹਰ ਦੌਰਾਨ ਕੁਝ ਕੁ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਇਨ੍ਹਾਂ ਗੁਰਦੁਆਰਿਆਂ 'ਚੋਂ ਕੁਝ ਕੁ ਗੁਰੂ ਨਾਨਕ ਨਾਲ ਸਬੰਧਿਤ ਮੰਨੇ ਜਾਂਦੇ ਹਨ; ਜਦੋਂ ਗੁਰੂ ਸਾਹਿਬ 1520 'ਚ ਮੱਕੇ ਤੋਂ ਪਰਤਣ ਪਿਛੋਂ ਬਰਾਸਤਾ ਇਰਾਨ, ਹੈਰਾਤ, ਕਾਬੁਲ ਅਤੇ ਜਲਾਲਾਬਾਦ ਹੁੰਦਿਆਂ ਨਨਕਾਣੇ ਪਰਤੇ। ਇਹ ਗੁਰਦੁਆਰੇ ਹਨ-ਗੁਰਦੁਆਰਾ ਬਾਬਾ ਨਾਨਕ, ਜਾਦੇ ਮੇਵਾਨ, ਕਾਬੁਲ; ਜਲਾਲਾਬਾਦ ਦੇ ਦੋ ਗੁਰਦੁਆਰੇ ਛੋਟਾ ਸਾਹਿਬ ਪਾਤਸ਼ਾਹੀ ਅਤੇ ਸੁਲਤਾਨਪੁਰ ਦਾ ਗੁਰਦੁਆਰਾ ਚਸ਼ਮਾ ਸਾਹਿਬ। ਕਾਬੁਲ 'ਚ ਗੁਰੂ ਨਾਨਕ ਸਾਹਿਬ ਦੇ ਪੁੱਤਰ ਬਾਬਾ ਸ੍ਰੀਚੰਦ ਦਾ ਗੁਰਦੁਆਰਾ ਵੀ ਹੈ। ਮਨੌਤ ਹੈ ਕਿ ਬਾਬਾ ਸ੍ਰੀਚੰਦ ਜੀ ਤਕਸ਼ਿਲਾ ਤੋਂ ਪਿਸ਼ਾਵਰ ਹੁੰਦਿਆਂ ਕਾਬੁਲ ਪੁੱਜੇ ਸਨ। ਇਸ ਤੋਂ ਇਲਾਵਾ ਗਜ਼ਨੀ 'ਚ ਗੁਰੂਘਰ ਦੇ ਮਹਾਨ ਕਵੀ ਭਾਈ ਨੰਦ ਲਾਲ ਗੋਆ ਨਾਲ ਸਬੰਧਿਤ ਗੁਰਦੁਆਰਾ ਅਤੇ ਗੁਰਦੁਆਰਾ ਕੋਠਾ ਸਾਹਿਬ ਵੀ ਹੈ। ਗਜ਼ਨੀ 'ਚ ਭਾਈ ਸਾਹਿਬ ਵੱਡੇ ਗਜ਼ਲਗੋ ਹੋਣ ਦੇ ਨਾਲ-ਨਾਲ ਗੁਰੂ ਘਰ ਦੇ ਵੱਡੇ ਪ੍ਰੇਮੀ ਅਤੇ ਸ਼ਰਧਾਵਾਨ ਵੀ ਸਨ।

ਇੰਜ ਅਫਗਾਨਿਸਤਾਨ 'ਚ ਹਿੰਦੂ ਸਿੱਖਾਂ ਦੀ ਹੋਂਦ ਪਿਛਲੇ ਪੰਜ ਸੌ ਸਾਲ ਤੋਂ ਬਣੀ ਹੋਈ ਹੈ। ਅੱਜ ਦੇ ਅਨੁਮਾਨ ਤੇ ਅੰਕੜਿਆਂ ਮੁਤਾਬਕ ਸਿੱਖਾਂ-ਹਿੰਦੂਆਂ ਦੇ ਤਿੰਨ ਸੌ ਪਰਿਵਾਰ ਹਨ। ਇਕ ਦਹਾਕਾ ਪਹਿਲਾਂ ਇਹ ਗਿਣਤੀ ਤਿੰਨ ਹਜ਼ਾਰ ਦੇ ਲਾਗੇ ਸੀ। ਨੱਬੇਵਿਆਂ ਦੇ ਮੱਧ ਦੌਰਾਨ ਤਾਲਿਬਾਨ ਦੀ ਚੜ੍ਹਤ ਸਮਿਆਂ 'ਚ ਇਹ ਗਿਣਤੀ ਪੰਜਾਹ ਹਜ਼ਾਰ ਦੇ ਆਸ-ਪਾਸ ਸੀ। ਪ੍ਰੋ. ਹਰਜੀਤ ਸਿੰਘ ਉਬਰਾਏ ਵਲੋਂ ਬ੍ਰਿਟਿਸ਼ ਕੋਲੰਬੀਆ ਦੀ ਯੂਨੀਵਰਸਿਟੀ 'ਚ ਦੇਖੇ ਕੁਝ ਦਸਤਾਵੇਜ਼ਾਂ ਅਨੁਸਾਰ 1940 ਦੌਰਾਨ ਇਹ ਗਿਣਤੀ ਦੋ-ਢਾਈ ਲੱਖ ਦੇ ਲਾਗੇ ਸੀ। ਅਫਗਾਨਿਸਤਾਨ 'ਚ ਸਿੱਖ ਤਿੰਨ ਧਾਰਾਵਾਂ 'ਚੋਂ ਪੈਦਾ ਹੋਏ ਮੰਨੇ ਜਾਂਦੇ ਹਨ। ਪਹਿਲੇ ਉਹ ਲੋਕ ਸਨ, ਜੋ ਗੁਰੂ ਨਾਨਕ ਸਾਹਿਬ ਦੀ ਯਾਤਰਾ ਦੌਰਾਨ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਫਲਸਫੇ ਤੋਂ ਪ੍ਰਭਾਵਿਤ ਹੋਏ। ਇਹ ਪਸ਼ਤੋ ਤੇ ਦਰੀ (ਸਥਾਨਕ ਫਾਰਸੀ) ਭਾਸ਼ਾਵਾਂ ਬੋਲਣ ਵਾਲੇ ਉਹ ਲੋਕ ਸਨ, ਜਿਨ੍ਹਾਂ ਇਸਲਾਮ ਧਾਰਨ ਕਰਨ ਦੀ ਥਾਂ ਗੁਰੂ ਦੇ ਸਿੱਖ ਹੋਣਾ ਚੁਣਿਆ।

ਦੂਜੀ ਧਾਰਾ ਉਹ ਸੀ, ਜੋ ਥੋੜ੍ਹ ਚਿਰੇ ਸਿੱਖ ਰਾਜ (1799-1849) ਕਾਰਨ ਖੈਬਰ ਪਖਤੂਨਖਵਾ ਖੇਤਰਾਂ ਭਾਵ ਪਿਸ਼ਾਵਰ ਤੋਂ ਖੈਬਰ ਦੱਰਾ ਪਾਰ ਕਰ ਅਤੇ ਕਾਬੁਲ, ਕੰਧਾਰ ਦੇ ਪੱਛਮ ਵੱਲ ਖੁੱਲ੍ਹਦੇ ਵਪਾਰ ਮਾਰਗ ਤੇ ਰੇਸ਼ਮ ਮਾਰਗ 'ਤੇ ਪੈਂਦੇ ਵਪਾਰਕ-ਸਭਿਆਚਾਰਕ ਨਗਰਾਂ/ਕੇਂਦਰਾਂ 'ਚ ਵਸ ਗਏ। ਇਨ੍ਹਾਂ ਦਾ ਮੂਲ ਧੰਦਾ ਕਈ ਕੀਮਤੀ ਵਸਤਾਂ ਜਿਵੇਂ ਰੇਸ਼ਮ, ਜਵਾਹਰਾਤ, ਮੋਤੀ, ਮਸਾਲੇ, ਨਮਕ ਅਤੇ ਸ਼ੋਰੇ ਦਾ ਵਪਾਰ ਸੀ। ਇਹ ਪੰਜਾਬੀ ਦੀ ਉਪ-ਬੋਲੀ ਹਿੰਦਕੋ ਤੇ ਪਸ਼ਤੋ ਅਤੇ ਦੱਰੀ ਬੋਲਣ ਵਾਲੇ ਲੋਕ ਸਨ।

ਤੀਜੀ ਧਾਰਾ ਉਨ੍ਹਾਂ ਸਿੱਖਾਂ-ਹਿੰਦੂਆਂ ਦੀ ਹੈ, ਜੋ ਭਾਰਤ-ਪਾਕਿ ਵੰਡ ਪਿਛੋਂ ਪਿਸ਼ਾਵਰ, ਬਲੋਚਿਸਤਾਨ ਦੇ ਆਲੇ-ਦੁਆਲੇ ਦੇ ਏਜੰਸੀ ਇਲਾਕਿਆਂ 'ਚੋਂ ਨਿਕਲ, ਡੂਰੰਡ ਰੇਖਾ ਪਾਰ ਕਰ ਪੂਰਬੀ, ਉਤਰੀ ਅਤੇ ਦੱਖਣੀ ਅਫਗਾਨਿਸਤਾਨ ਦੇ ਸ਼ਹਿਰੀ ਤੇ ਮੁਫਸਿਲ ਇਲਾਕਿਆਂ 'ਚ ਫੈਲ ਗਏ ਅਤੇ ਜ਼ਿਆਦਾਤਰ ਵਪਾਰਕ ਧੰਦਿਆਂ (ਟਰਾਂਸਪੋਰਟ, ਸਪੇਅਰ ਪਾਰਟਸ, ਚਾਹ ਅਤੇ ਸੁੱਕੇ ਫਲਾਂ), ਸ਼ਾਹੂਕਾਰੇ ਅਤੇ ਲਘੂ ਉਦਯੋਗਾਂ (ਬੇਕਰੀ, ਕਨਫੈਕਸ਼ਨਰੀਜ਼, ਕੈਂਡੀ ਇੰਡਸਟਰੀ) 'ਚ ਮੁਨੱਸਿਬ ਹੋ ਗਏ। ਇਨ੍ਹਾਂ ਇਲਾਕਿਆਂ 'ਚ ਆਉਣ ਦਾ ਕਾਰਨ ਸੀ ਕਿ ਅਫਗਾਨਿਸਤਾਨ ਦੇ ਤਤਕਾਲੀ ਬਾਦਸ਼ਾਹ ਜ਼ਹੀਰ ਸ਼ਾਹ ਦਾ ਰਾਜ ਅਤੇ ਸਾਸ਼ਨ ਬੜਾ ਆਧੁਨਿਕ, ਪੜ੍ਹਿਆ-ਲਿਖਿਆ, ਖੁਸ਼ਹਾਲ, ਧਾਰਮਿਕ ਸਹਿਹੋਂਦ ਤੇ ਸਦਭਾਵ ਅਤੇ ਪੱਛਮੀ (ਫਰਾਂਸੀਸੀ) ਸਭਿਆਚਾਰ ਤੇ ਜੀਵਨ ਸ਼ੈਲੀ ਵਾਲਾ ਸੀ। ਮੈਂ ਇਕ ਵਾਰ ਕਾਬੁਲ ਦੇ ਸ਼ਾਹੀ ਪਰਿਵਾਰ ਨਾਲ ਸਬੰਧਿਤ ਮੇਰੇ ਦੋਸਤ ਡਾ. ਐਮਲ ਦੇ ਘਰ ਗਿਆ ਤਾਂ ਉਸ ਦੇ ਦੀਵਾਨਖਾਨੇ 'ਚ ਇਕ ਤਸਵੀਰ ਦੇਖ ਕੇ ਮੈਂ ਪੁੱਛਿਆ, "ਇਹ ਸਵਿਟਜ਼ਰਲੈਂਡ ਦੇ ਦਰਿਆ ਕੰਢੇ ਵਸਿਆ ਕੋਈ ਨਗਰ ਹੈ?" ਤਾਂ ਉਸ ਨੇ ਯਕਲਖਤ ਕਿਹਾ, "ਨਹੀਂ, ਇਹ ਨਜ਼ਾਰਾ ਦਰਿਆ-ਏ-ਕਾਬੁਲ ਕੰਢੇ ਉਸਰੀਆਂ ਸਰਦ ਰੁੱਤੇ ਬਰਫ ਢੱਕੀਆਂ ਇਮਾਰਤਾਂ ਦਾ ਹੈ।"

ਪਿਛਲੇ ਚਾਲੀ ਸਾਲਾਂ ਤੋਂ ਅਫਗਾਨਿਸਤਾਨ 'ਚ ਲਗਾਤਾਰ ਰਾਜਨੀਤਕ ਅਤੇ ਅੰਦਰੂਨੀ ਸੁਰੱਖਿਆ ਨਾਲ ਜੁੜੀ ਉਥਲ-ਪੁਥਲ ਖਾਸ ਕਰ ਕੇ 1980 'ਚ ਸੋਵੀਅਤ ਰੂਸ ਵਲੋਂ ਅਫਗਾਨਿਸਤਾਨ 'ਤੇ ਕਬਜ਼ੇ, ਅਮਰੀਕਾ ਤੇ ਪਾਕਿਸਤਾਨ ਦੀ ਮਦਦ ਨਾਲ ਤਾਜਿਕ, ਉਜ਼ਬੇਕ, ਪਠਾਣ ਅਤੇ ਹਜ਼ਾਰਾ ਕਬਾਇਲੀ ਮੁਜਾਹਿਦਾਂ ਵਲੋਂ 1992 'ਚ ਅਫਗਾਨਿਸਤਾਨ ਦੇ ਤਤਕਾਲੀ ਸਦਰ ਨਜੀਬਉਲਾ ਦੀ ਸਰਕਾਰ ਅਤੇ ਸੋਵੀਅਤ ਕਮਿਊਨਿਸਟ ਵਿਚਾਰਧਾਰਕ ਸੱਤਾ ਵਿਰੁਧ ਵਿੱਢੇ ਜਹਾਦ ਦੌਰਾਨ ਬਹੁਤ ਸਾਰੇ ਅਮੀਰ ਵਪਾਰੀ ਅਤੇ ਸਥਾਨਕ ਰਾਜ ਸੱਤਾ 'ਚ ਅਸਰ ਰਸੂਖ ਰੱਖਣ ਵਾਲੇ ਸਿੱਖ-ਹਿੰਦੂ ਪੱਛਮੀ ਮੁਲਕਾਂ ਜਿਵੇਂ ਅਮਰੀਕਾ, ਕੈਨੇਡਾ, ਜਰਮਨੀ, ਇੰਗਲੈਂਡ ਪਲਾਇਨ ਕਰ ਗਏ। ਮੈਂ ਭਾਰਤੀ ਸਫਾਰਤਖਾਨੇ ਵਲੋਂ ਕਿਰਾਏ 'ਤੇ ਲਏ ਜਿਸ ਨਿੱਜੀ ਘਰ 'ਚ ਰਹਿੰਦਾ ਸਾਂ, ਉਹ ਕਿਸੇ ਸਿੱਖ ਅਮੀਰ ਵਪਾਰੀ ਦਾ ਹੀ ਸੀ, ਜਿਸ ਨੂੰ ਤਾਜਿਕ ਨੇਤਾ ਅਹਿਮਦ ਸ਼ਾਹ ਮਸੂਦ ਦੇ ਉਤਰੀ ਗਠਬੰਧਨ ਨਾਲ ਜੁੜੇ ਫੌਜੀ ਜਰਨੈਲਾਂ ਨੇ ਧੱਕੇਸ਼ਾਹੀ ਕਰ ਬੜੇ ਥੋੜ੍ਹੇ ਪੈਸਿਆਂ 'ਚ ਆਪਣੇ ਨਾਮ ਇੰਤਕਾਲ ਕਰਾ ਲਿਆ। ਬਾਕੀ ਬਚੀ ਕੁਝ ਹੋਰ ਮੱਧਵਰਗੀ ਹਿੰਦੂ ਸਿੱਖ ਬਰਾਦਰੀ ਦੇ ਲੋਕ ਤਾਲਿਬਾਨ ਅਤੇ ਮੁਜਾਹਿਦਾਂ ਦੇ ਆਪਸੀ ਸੰਘਰਸ਼ ਤੇ ਕਸ਼ਮਕਸ਼ ਤੋਂ ਤੰਗ ਆ ਕੇ ਮੱਧ ਪੂਰਬੀ, ਦੱਖਣ ਪੂਰਬੀ ਦੇਸ਼ਾਂ ਜਾਂ ਭਾਰਤ 'ਚ ਆਰਜ਼ੀ ਤੌਰ 'ਤੇ ਲੰਮੀਆਂ ਵੀਜ਼ਾ ਸਹੂਲਤਾਂ ਅਧੀਨ ਵਸ ਗਏ। ਅੱਜ ਉਥੇ ਰਹਿੰਦੇ ਤਿੰਨ ਸੌ ਦੇ ਕਰੀਬ ਪਰਿਵਾਰਾਂ ਦੀ ਆਰਥਕ, ਸਮਾਜਕ, ਸਭਿਆਚਾਰਕ ਹਾਲਤ ਬੜੀ ਨਾਜ਼ੁਕ ਹੈ। ਜ਼ਿਆਦਾਤਰ ਇਹ ਲੋਕ ਜੜ੍ਹੀਆਂ ਬੂਟੀਆਂ, ਦਵਾਈਆਂ, ਜੋਤਿਸ਼, ਮੇਵਿਆਂ ਅਤੇ ਕੱਪੜੇ ਦੇ ਖੁਦਰਾ ਵਪਾਰ ਨਾਲ ਰੋਜ਼ੀ ਰੋਟੀ ਕਮਾ ਰਹੇ ਹਨ। ਇਹ ਆਪਣੀਆਂ ਸਾਰੀਆਂ ਵਜੂਦੀ ਮੁਸ਼ਕਿਲਾਂ ਅਤੇ ਦੁਸ਼ਵਾਰੀਆਂ ਦੇ ਬਾਵਜੂਦ ਅਫਗਾਨਿਸਤਾਨ ਛੱਡਣ ਨੂੰ ਤਿਆਰ ਨਹੀਂ। ਇਨ੍ਹਾਂ ਦੀ ਆਮ ਰਾਇ ਹੈ ਕਿ ਅਸੀਂ ਮੂਲ ਰੂਪ 'ਚ ਅਫਗਾਨ ਵਤਨਪ੍ਰਸਤ ਹਾਂ, ਅਸਾਂ ਇੱਥੋਂ ਦਾ ਪਾਣੀ ਪੀਤਾ, ਨਮਕ ਖਾਧਾ ਅਤੇ ਆਬੋ-ਹਵਾ 'ਚ ਸਾਹ ਲਿਆ। ਅਸੀਂ ਇਹ ਥਾਂ ਛੱਡ ਕੇ ਕਿਤੇ ਨਹੀਂ ਜਾਵਾਂਗੇ। ਇੱਥੇ ਹੀ ਜੀਵਾਂਗੇ, ਇੱਥੇ ਹੀ ਮਰਾਂਗੇ। ਸਾਨੂੰ ਅਫਗਾਨ ਸ਼ਾਸਕਾਂ ਦੀ ਧਾਰਮਿਕ ਸਹਿਹੋਂਦ ਭਾਵਨਾ 'ਤੇ ਕੋਈ ਸ਼ੱਕ ਅਤੇ ਬੇਯਕੀਨੀ ਨਹੀਂ, ਪਰ ਪਹਿਲਾਂ ਪਾਕਿਸਤਾਨੀ ਸ਼ਹਿ ਪ੍ਰਾਪਤ ਤਾਲਿਬਾਨ ਅਤੇ ਹੁਣ ਆਈ. ਐਸ. ਆਈ. ਐਲ. ਦੀ ਹਿੰਸਕ ਰਾਜਨੀਤੀ ਕਾਰਨ ਅਸੀਂ ਮਾਰੇ ਜਾ ਰਹੇ ਹਾਂ। ਅਫਗਾਨਿਸਤਾਨ ਸਾਡਾ ਵਤਨ ਹੈ ਅਤੇ ਕੱਟੜਪੰਥੀ ਇਸਲਾਮੀ ਦਾਬੇ ਹੇਠ ਕਦੇ ਨਹੀਂ ਝੁਕਾਂਗੇ। ਅਸੀਂ ਸਿੱਖੀ ਤੇ ਹਿੰਦੂ ਧਰਮ ਨੂੰ ਮੰਨਣ ਦੇ ਨਾਲ-ਨਾਲ ਇਸਲਾਮ ਦਾ ਵੀ ਇਹਤਰਾਮ ਕਰਦੇ ਹਾਂ। ਸਾਡੇ ਗੁਰੂਆਂ ਬਾਬਾ ਨਾਨਕ, ਗੁਰੂ ਰਾਮਦਾਸ, ਗੁਰੂ ਅਰਜਨ ਅਤੇ ਗੁਰੂ ਗੋਬਿੰਦ ਸਿੰਘ ਨੇ ਇਹੋ ਹੀ ਸਿੱਖਿਆ ਅਤੇ ਬਾਣੀ ਦੀ ਵਿਰਾਸਤ ਦਿੱਤੀ ਹੈ।

ਮੈਂ ਅਕਸਰ ਜਦ ਪੰਜਾਬ ਦੇ ਬਹੁਗਿਣਤੀ ਸਿੱਖਾਂ ਨਾਲ ਇਨ੍ਹਾਂ ਅਫਗਾਨ ਘੱਟਗਿਣਤੀ ਸਿੱਖਾਂ ਦੀ ਤੁਲਨਾ ਕਰਦਾ ਹਾਂ ਤਾਂ ਦੇਖਦਾ ਹਾਂ ਕਿ ਇਹ ਸਾਰੇ ਸਿੱਖ ਰਹਿਤ ਮਰਿਆਦਾ ਨੂੰ ਪੂਰੀ ਤਰ੍ਹਾਂ ਮੰਨਣ ਵਾਲੇ ਸਾਬਤ ਸੂਰਤ ਸਿੱਖ ਹਨ।


ਇਸ ਦੌਰਾਨ ਇਹ ਵੀ ਖਬਰ ਹੈ, ਕਾਬੁਲ ਦੇ ਸ਼ੋਰ ਬਾਜ਼ਾਰ ਦੇ ਗੁਰਦੁਆਰੇ ਅਤੇ ਸ਼ਰਨਗ੍ਰਹਿ 'ਤੇ ਹਮਲਾ ਇਸ ਲਈ ਹੋਇਆ ਕਿ ਇਕ ਦਿਨ ਪਹਿਲਾਂ ਅਮਰੀਕਾ ਨੇ ਐਲਾਨ ਕੀਤਾ ਸੀ ਕਿ ਉਹ ਅਫਗਾਨ ਸਰਕਾਰ ਨੂੰ ਇਕ ਬਿਲੀਅਨ ਡਾਲਰ ਦੀ ਇਮਦਾਦ ਰੋਕ ਲਵੇਗਾ, ਜੇ ਤਾਲਿਬਾਨ ਨਾਲ ਗੱਲਬਾਤ ਅਤੇ ਮੁਜ਼ਾਕਰਾਤ ਕਰਨ ਲਈ ਭਿੰਨ-ਭਿੰਨ ਅਫਗਾਨ ਰਾਜਨੀਤਕ ਨੇਤਾ ਕਿਸੇ ਸਾਂਝੇ ਸਮਝੌਤੇ 'ਤੇ ਨਹੀਂ ਅਪੜਦੇ।

ਇਸ ਸਾਰੇ ਘਟਨਾਕ੍ਰਮ 'ਚੋਂ ਲੰਘਦਿਆਂ ਅਤੇ ਇਸ ਨੂੰ ਮੈਂ ਆਪਣੀ ਵਿਸ਼ਵੀ, ਕੌਮਾਂਤਰੀ, ਰਾਜਨੀਤਕ ਤੇ ਕੂਟਨੀਤਕ ਸਿਧਾਂਤਕ ਅਤੇ ਸ਼ਾਸਤਰੀ ਸੂਝ ਅਨੁਸਾਰ ਸਮਝਣ ਦੀ ਕੋਸ਼ਿਸ਼ ਕਰਦਾਂ ਹਾਂ ਕਿ ਜਾਣ ਸਕਾਂ ਇਸ ਹਮਲੇ 'ਚ ਆਈ. ਐਸ. ਆਈ. ਐਲ. ਵਲੋਂ ਇਨ੍ਹਾਂ ਬੇਗੁਨਾਹ ਅਫਗਾਨ ਸਿੱਖਾਂ ਨੂੰ ਕਿਉਂ ਇਸ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ? ਇਸ ਵਿਚਾਰ ਦੇ ਨਾਲ ਹੀ ਮੇਰੇ ਸਾਹਮਣੇ ਵਿਸ਼ਵ ਪੱਧਰ 'ਤੇ ਕਾਰਗਰ ਬਹੁਤ ਸਾਰੀਆਂ ਅਮੂਰਤ ਗੁੰਝਲਾਂ ਅਤੇ ਅਬਸਟ੍ਰੈਕਟ ਘੁੰਡੀਆਂ ਖੁੱਲ੍ਹਣੀਆਂ ਸ਼ੁਰੂ ਹੋ ਜਾਂਦੀਆਂ ਹਨ। ਵੱਡੀਆਂ ਸੱਤਾਵਾਂ ਦੀ ਆਪਸੀ ਖਹਿਬਾਜ਼ੀ ਦਾ ਇਤਿਹਾਸ ਬੜਾ ਲੰਮਾ ਚੌੜਾ ਤੇ ਗੁੰਝਲਦਾਰ ਹੈ।

18ਵੀਂ-19ਵੀਂ ਸਦੀ 'ਚ ਅਫਗਾਨਿਸਤਾਨ ਰੂਸ ਦੀ ਜ਼ਾਰਸ਼ਾਹੀ ਅਤੇ ਬਰਤਾਨਵੀ ਬਸਤੀਵਾਦ ਤੇ ਸਾਮਰਾਜਵਾਦ ਦੀ ਮਹਾਨ ਖੇਡ ਦਾ ਸ਼ਿਕਾਰ ਕਿਵੇਂ ਹੋਇਆ, ਭਾਰਤੀ ਉਪ-ਮਹਾਂਦੀਪ ਦੇ ਸਿਆਸੀ ਇਤਿਹਾਸ ਦਾ ਇਹ ਬੜਾ ਘਟਨਾ ਭਰਪੂਰ ਦੌਰ ਸੀ, ਜਿਸ ਨੂੰ ਪੀਟਰ ਹੌਪਕਿਰਕ ਦੀ ਕਿਤਾਬ 'ਦਿ ਗ੍ਰੇਟ ਗੇਮ' ਨੂੰ ਪੜ੍ਹ ਸਮਝਿਆ ਜਾ ਸਕਦਾ ਹੈ। ਦੂਜਾ ਬਹੁਗਿਣਤੀ ਧਾਰਮਿਕ ਨੇਸ਼ਨ-ਸਟੇਟ 'ਚ ਘੱਟਗਿਣਤੀਆਂ ਨੂੰ ਹਮੇਸ਼ਾ ਹੀ ਹਿੰਸਾ ਤੇ ਜ਼ੁਲਮ ਝੱਲਣ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਇਹ ਸਮਝ ਮੈਨੂੰ ਏ. ਪੀ. ਚੈਟਰਜੀ, ਟੀ. ਬੀ. ਹੈਨਸਨ ਅਤੇ ਕ੍ਰਿਸਟੋਫੇ ਜੈਫਰਲੋਟ ਦੀ ਸੰਪਾਦਿਤ ਕੀਤੀ ਕਿਤਾਬ 'ਮਜੌਰੀਟੇਰੀਅਨ ਸਟੇਟ' ਪੜ੍ਹ ਕੇ ਸਮਝ ਆਈ।

ਅੰਤ ਮੈਂ ਕਾਬੁਲ ਦੇ ਸ਼ੋਰ ਬਾਜ਼ਾਰ ਦੇ ਗੁਰਦੁਆਰੇ 'ਚ ਇਸ ਹਮਲੇ 'ਚ ਘੱਟਗਿਣਤੀ ਸਿੱਖਾਂ ਦੇ ਮਾਰੇ ਜਾਣ ਦਾ ਅਜੇ ਤੱਕ ਕੋਈ ਸੰਭਵ ਤਰਕ ਨਹੀਂ ਲੱਭ ਸਕਿਆ ਕਿ ਇਨ੍ਹਾਂ ਬੇਗਾਨਹਾਂ ਦਾ ਕਸੂਰ ਕੀ ਹੈ? ਇਨ੍ਹਾਂ ਦੀਆਂ ਮੌਤਾਂ ਲਈ ਕੀ ਆਈ. ਐਸ. ਆਈ. ਐਲ. ਹੀ ਜਿੰਮੇਵਾਰ ਹੈ ਜਾਂ ਕੋਈ ਹੋਰ ਵੱਡੀਆਂ ਸਾਜ਼ਿਸ਼ੀ ਸ਼ਕਤੀਆਂ ਹਨ, ਜੋ ਇਸ ਸਾਰੇ ਘਟਨਾਕ੍ਰਮ ਪਿੱਛੇ ਕੰਮ ਕਰ ਰਹੀਆਂ ਹਨ ਜਾਂ ਕਿਤੇ ਪਿਛਲੇ ਦਿਨੀਂ ਭਾਰਤ 'ਚ ਘੱਟਗਿਣਤੀਆਂ 'ਤੇ ਹੋਈ ਹਿੰਸਾ ਦਾ ਪ੍ਰਤੀਕਰਮ ਤਾਂ ਨਹੀਂ ਜਾਂ ਇਨ੍ਹਾਂ ਸਿੱਖਾਂ ਦੀ ਸੰਭਵ ਹੋਣੀ ਸੀ ਕਿ ਇਨ੍ਹਾਂ ਨੇ ਇਸ ਅਨਿਆਈ ਬਰਬਰੀ ਅਤੇ ਨਾਵਾਜਬ ਹਿੰਸਾ ਦਾ ਸ਼ਿਕਾਰ ਹੋਣਾ ਸੀ। ਫਿਰ ਵੀ ਅੰਤ ਤੱਕ ਇਹ ਸਵਾਲ ਮੇਰੇ ਦਿਮਾਗ 'ਚੋਂ ਨਿਕਲਿਆ ਨਹੀਂ ਕਿ ਇਨ੍ਹਾਂ ਅਫਗਾਨ ਸਿੱਖਾਂ ਨੇ ਕਿਸੇ ਦਾ ਕੀ ਵਿਗਾੜਿਆ ਸੀ?





*ਕਾਬੁਲ ਗੁਰਦੁਆਰੇ ਵਿਚ ਹਮਲੇ ਪਿਛੋਂ ਵਿਰਲਾਪ ਕਰ ਰਹੀਆਂ ਔਰਤਾਂ ਅਤੇ ਰੋ ਰਿਹਾ ਇਕ ਸਿੱਖ ਬਾਲਕ*



*ਗੁਰਦੁਆਰੇ ਵਿਚੋਂ ਬਾਹਰ ਆ ਰਹੇ ਸਿੱਖ ਪਰਿਵਾਰ।*



*ਗੁਰਦੁਆਰੇ ਵਿਚ ਡਿਊਟੀ ਦੇ ਰਹੇ ਸੁਰੱਖਿਆ ਮੁਲਾਜ਼ਮ।*

# ਅਫਵਾਹਾਂ

ਅਫਵਾਹ ਇਕ ਅਜਿਹਾ ਵਰਤਾਰਾ ਹੈ, ਜਿਸ ਨੂੰ ਸੁਣਦਿਆਂ ਹੀ ਆਮ ਬੰਦੇ ਦੇ ਮਨ 'ਚੋਂ ਘ੍ਰਿਣਾ ਉਠਦੀ ਹੈ। ਜੋ ਲੋਕ ਅਫਵਾਹਾਂ ਫੈਲਾਉਂਦੇ ਹਨ, ਉਨ੍ਹਾਂ ਦੀ ਮਾਨਸਿਕਤਾ ਸ਼ਾਤਰ ਕਿਸਮ ਦੀ ਹੁੰਦੀ ਹੈ। ਜੋ ਘਟਨਾ ਕਿਧਰੇ ਘਟੀ ਹੀ ਨਹੀਂ, ਉਸ ਨੂੰ ਵਾਪਰੀ ਦਰਸਾ ਕੇ ਇਨ੍ਹਾਂ ਲੋਕਾਂ ਨੂੰ ਸੰਤੁਸ਼ਟੀ ਮਿਲਦੀ ਹੈ। ਇਹ ਇਨ੍ਹਾਂ ਲੋਕਾਂ ਦੀ ਖੁਰਾਕ ਹੁੰਦੀ ਹੈ। ਜਦੋਂ ਜਨਤਾ ਨੂੰ ਪਤਾ ਲੱਗਦਾ ਹੈ ਕਿ ਜੋ ਕੁਝ ਸੁਣ ਰਹੇ ਸੀ, ਅਜਿਹਾ ਕੁਝ ਨਹੀਂ ਹੋਇਆ ਤਾਂ ਲੋਕ ਮੱਥੇ ਵਟ ਪਾਉਂਦੇ ਹਨ, ਖਿਝਦੇ ਹਨ, ਅਫਵਾਹਾਂ ਫੈਲਾਉਣ ਵਾਲਿਆਂ ਨੂੰ ਕੋਸਦੇ ਹਨ।

ਉਧਰ, ਲੋਕਾਂ ਦੀ ਇਸ ਖਿਝ ਵਿਚੋਂ ਹੀ ਅਫਵਾਹਾਂ ਫੈਲਾਉਣ ਵਾਲੇ ਸੁਆਦ ਲੈਂਦੇ ਹਨ ਜਾਂ ਜਦੋਂ ਅਫਵਾਹਾਂ ਫੈਲਣ ਨਾਲ ਵੱਡੇ ਵੱਡੇ ਨੁਕਸਾਨ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਕੋਈ ਅਜੀਬ ਸੰਤੁਸ਼ਟੀ ਮਿਲਦੀ ਹੈ। ਅਫਵਾਹਾਂ ਫੈਲਾਉਣ ਵਾਲੇ ਇਕ ਆਮ ਮੁਜਰਿਮ ਨਾਲੋਂ ਵੱਧ ਨੁਕਸਾਨਦੇਹ ਹੁੰਦੇ ਹਨ, ਕਿਉਂਕਿ ਆਮ ਮੁਜਰਿਮ ਸਾਹਮਣੇ ਦਿਸਦਾ ਹੈ, ਜਦੋਂ ਕਿ ਅਫਵਾਹਾਂ ਫੈਲਾਉਣ ਵਾਲਿਆਂ ਦਾ ਕਦੇ ਥਹੁ ਪਤਾ ਨਹੀਂ ਲੱਗਦਾ। ਉਨ੍ਹਾਂ ਦੀ ਕਦੇ ਪਛਾਣ ਨਹੀਂ ਹੋ ਸਕਦੀ, ਕਿਉਂਕਿ ਉਹ ਸਮਾਜ ਵਿਚ ਲੁਕੇ ਹੋਏ ਹੁੰਦੇ ਹਨ। ਜੇ ਕੋਈ ਕਿਸੇ ਤੱਕ ਪਹੁੰਚ ਵੀ ਜਾਂਦਾ ਹੈ ਤਾਂ ਉਹ ਅਗਾਂਹ ਉਂਗਲ ਕਰ ਦਿੰਦਾ ਹੈ ਕਿ ਮੈਨੂੰ ਤਾਂ ਫਲਾਣੇ ਨੇ ਇਹ ਗੱਲ ਦੱਸੀ



ਹਰਮਹਿੰਦਰ ਚਹਿਲ
ਫੋਨ: 703-362-3239
chahals57@yahoo.com

ਸੀ। ਉਂਜ ਤਾਂ ਅਫਵਾਹਾਂ ਫੈਲਾਉਣ ਵਾਲੇ ਹਰ ਸਮਾਜ ਵਿਚ ਹੁੰਦੇ ਹਨ, ਪਰ ਜੇ ਭਾਰਤ ਦੀ ਗੱਲ ਕਰੀਏ ਤਾਂ ਉਥੇ ਕੁਝ ਲੋਕਾਂ ਦਾ ਇਹ ਇਕ ਸ਼ੁਗਲ ਹੈ। ਇਸ ਨਾਲ ਜਿੰਨਾ ਮਰਜ਼ੀ ਨੁਕਸਾਨ ਹੋ ਜਾਵੇ, ਪਰ ਉਨ੍ਹਾਂ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ।

ਇਸੇ ਸਬੰਧੀ ਇਕ ਚੁਟਕਲਾ ਹੈ। ਇਕ ਪੰਡਿਤ ਕਿਸੇ ਗੁਆਂਢੀ ਪਿੰਡੋਂ ਆ ਰਿਹਾ ਸੀ। ਰਸਤੇ ਵਿਚ ਉਸ ਨੂੰ ਖੰਘ ਆਈ ਤੇ ਨਾਲ ਖੰਘਾਰ ਆ ਗਿਆ। ਖੰਘਾਰ ਪਾਸੇ ਸੁਟਦਿਆਂ ਉਸ ਨੇ ਜ਼ਰਾ ਕੁ ਘਾਬਰ ਕੇ ਵੇਖਿਆ ਕਿ ਇਹ ਚਿੱਟੇ ਜਿਹੇ ਰੰਗ ਦਾ ਅੰਦਰੋਂ ਕੀ ਨਿਕਲਿਆ ਹੈ! ਘਰੇ ਜਾ ਕੇ ਉਸ ਨੇ ਘਰ ਵਾਲੀ ਨੂੰ ਦੱਸ ਦਿੱਤਾ ਕਿ ਪਿੰਡ ਨੂੰ ਮੁੜਦਿਆਂ ਰਸਤੇ 'ਚ ਉਸ ਦੇ ਅੰਦਰੋਂ ਖੰਘਾਰ ਨਿਕਲਿਆ ਸੀ। ਘਰ ਵਾਲੀ ਨੇ ਪੁੱਛਿਆ ਕਿਹੋ ਜਿਹਾ ਸੀ ਤਾਂ ਪੰਡਿਤ ਨੇ ਦੱਸ ਦਿੱਤਾ ਕਿ ਬਗਲੇ ਦੇ ਖੰਭ ਜਿਹਾ ਚਿੱਟਾ ਸੀ। ਨਾਲ ਹੀ ਪੰਡਿਤ ਨੇ ਘਰ ਵਾਲੀ ਨੂੰ ਹਦਾਇਤ ਕਰ ਦਿੱਤੀ ਕਿ ਇਹ ਗੱਲ ਕਿਸੇ ਹੋਰ ਨੂੰ ਨਾ ਦੱਸੇ।

ਘਰ ਵਾਲੀ ਤੋਂ ਰਹਿ ਨਾ ਹੋਇਆ। ਅਗਲੇ ਦਿਨ ਉਸ ਨੇ ਗੁਆਂਢਣ ਸਹੇਲੀ ਨੂੰ ਇਹ ਗੱਲ ਦੱਸਦਿਆਂ ਕਿਹਾ ਕਿ ਸਾਡੇ ਪੰਡਿਤ ਦੇ ਅੰਦਰੋਂ ਬਗਲੇ ਦੇ ਖੰਭ ਜਿਹਾ ਚਿੱਟਾ ਕੁਝ ਨਿਕਲਿਆ ਸੀ। ਨਾਲ ਹੀ ਉਸ ਨੇ ਬੇਨਤੀ ਕੀਤੀ ਕਿ ਉਹ ਗੱਲ ਅਗਾਂਹ ਨਾ ਦੱਸੇ, ਪਰ ਗੁਆਂਢਣ ਨੇ ਗੱਲ ਅੱਗੇ ਕਿਸੇ ਹੋਰ ਨੂੰ ਦਸਦਿਆਂ ਕਿਹਾ ਕਿ ਪੰਡਿਤ ਦੇ ਅੰਦਰੋਂ ਬਗਲੇ ਦਾ ਖੰਭ ਨਿਕਲਿਆ ਹੈ। ਉਸ ਨੇ ਵੀ ਕਹਿ ਦਿੱਤਾ ਕਿ ਗੱਲ ਅੱਗੇ ਨਾ ਕਰੇ। ਇਸ ਤਰ੍ਹਾਂ ਗੱਲ ਇਕ ਤੋਂ ਦੂਜੇ ਤੇ ਦੂਜੇ ਤੋਂ ਤੀਜੇ ਤੱਕ ਘੁੰਮਦੀ ਅਗਾਂਹ ਵਧਦੀ ਗਈ। ਇਕ ਨੇ ਕਿਹਾ ਕਿ ਪੰਡਿਤ ਦੇ ਅੰਦਰੋਂ ਬਗਲੇ ਦੇ ਖੰਭ ਜਿਹਾ ਕੁਝ ਨਿਕਲਿਆ ਹੈ। ਅੱਗੇ ਗੱਲ ਪਹੁੰਚ ਗਈ ਕਿ ਪੰਡਿਤ ਦੇ ਅੰਦਰੋਂ ਖੰਭ ਨਿਕਲਿਆ ਹੈ। ਅਗਾਂਹ ਇਸ ਨੇ ਕਈ ਖੰਭਾਂ ਦਾ ਰੂਪ ਲੈ ਲਿਆ। ਉਸ ਤੋਂ ਅੱਗੇ ਕਿਸੇ ਨੇ ਇਸ ਨੂੰ ਪੂਰਾ ਬਗਲਾ ਹੀ ਬਣਾ ਧਰਿਆ। ਸ਼ਾਮ ਹੁੰਦੇ ਤੱਕ ਪਿੰਡ 'ਚ ਗੱਲ ਘੁੰਮ ਗਈ ਕਿ ਪੰਡਿਤ ਦੇ ਅੰਦਰੋਂ ਬਗਲਿਆਂ ਦੀਆਂ ਡਾਰਾਂ ਨਿਕਲ ਰਹੀਆਂ ਹਨ। ਇੰਜ ਅਫਵਾਹਾਂ ਅਗਾਂਹ ਤੁਰਦੀਆਂ ਵੱਡੀਆਂ ਹੁੰਦੀਆਂ ਜਾਂਦੀਆਂ ਹਨ।

ਭਾਰਤ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਜਦੋਂ ਵੀ ਕੁਝ ਅਣਸੁਖਾਵਾਂ ਘਟਿਆ ਤਾਂ ਇਸ ਪਿੱਛੇ ਅਫਵਾਹਾਂ ਦਾ ਵੱਡਾ ਹੱਥ ਰਿਹਾ। ਬਹੁਤੀ ਦੂਰ ਨਾ ਜਾਈਏ ਤੇ ਗੱਲ ਭਾਰਤ ਵੰਡ ਵੇਲੇ ਦੀ ਕਰੀਏ ਤਾਂ ਬੜਾ ਕੁਝ ਅਫਵਾਹਾਂ ਕਾਰਨ ਘਟਿਆ। ਲਾਹੌਰ ਵਿਚ ਪੰਜਾਬ ਦੀ ਵੰਡ ਨੂੰ ਲੈ ਕੇ ਕਈ ਪਾਰਟੀਆਂ ਦੀ ਮੀਟਿੰਗ ਹੋ ਰਹੀ ਸੀ। ਗੱਲ ਕਿਸੇ ਨਤੀਜੇ 'ਤੇ ਨਾ ਪਹੁੰਚੀ ਅਤੇ ਸਭ ਧਿਰਾਂ ਹਾਲ 'ਚੋਂ ਬਾਹਰ ਆ ਗਈਆਂ। ਕਹਿੰਦੇ, ਮਾਸਟਰ ਤਾਰਾ ਸਿੰਘ ਨੇ ਕਿਰਪਾਨ ਮਿਆਨੋਂ ਕੱਢ ਕੇ ਹਵਾ 'ਚ ਲਹਿਰਾਉਂਦਿਆਂ ਕਿਹਾ, ਉਹ ਪਾਕਿਸਤਾਨ ਨਹੀਂ ਬਣਨ ਦੇਵੇਗਾ; ਪਰ ਇਸ ਗੱਲ ਨੂੰ ਹੋਰ ਢੰਗ ਨਾਲ ਪ੍ਰਚਾਰਿਆ ਗਿਆ। ਅਫਵਾਹ ਇਹ ਫੈਲਾ ਦਿੱਤੀ ਗਈ ਕਿ ਮਾਸਟਰ ਤਾਰਾ ਸਿੰਘ ਨੇ ਕਿਰਪਾਨ ਨਾਲ ਪਾਕਿਸਤਾਨ ਦਾ ਝੰਡਾ ਪਾੜ ਸੁੱਟਿਆ ਹੈ। ਇਸ ਗੱਲ ਨੇ ਪਹਿਲਾਂ ਹੀ ਗੁੱਸੇ ਨਾਲ ਭਰੇ ਲੋਕਾਂ ਨੂੰ ਤੀਲੀ ਲਾਉਣ ਜਿਹਾ ਕੰਮ ਕੀਤਾ ਤੇ ਲਾਹੌਰ ਵਿਚ ਮਾਰ ਮਰਾਈ ਸ਼ੁਰੂ ਹੋ ਗਈ, ਜੋ ਅਗਲੇ ਦਿਨਾਂ ਵਿਚ ਭਿਆਨਕ ਦੰਗੇ ਬਣ ਗਏ।

ਉਸ ਵੇਲੇ ਹਰ ਫਿਰਕੇ ਦੇ ਲੋਕਾਂ ਵਿਚ ਦੂਜੇ ਪ੍ਰਤੀ ਗੁੱਸਾ ਸੀ, ਪਰ ਇਸ ਗੁੱਸੇ ਨੂੰ ਅੱਗ ਦੀ ਚੰਗਿਆੜੀ ਅਫਵਾਹਾਂ ਬਣਾਉਂਦੀਆਂ ਸਨ। ਮਿਸਾਲ ਵਜੋਂ ਉਧਰਲੇ ਪਾਸੇ ਦੇ ਲੋਕਾਂ ਨੂੰ ਉਸਕਾਉਣ ਲਈ ਇਹ ਅਫਵਾਹ ਫੈਲਾਈ ਗਈ ਕਿ ਹਿੰਦੁਸਤਾਨ ਵੱਲੋਂ ਮੁਸਲਮਾਨਾਂ ਦੀਆਂ ਲਾਸ਼ਾਂ ਦੀ ਭਰੀ ਗੱਡੀ ਆਈ ਹੈ। ਬਸ ਫਿਰ ਕੀ ਸੀ! ਲੱਗ ਗਈ ਚੁਆਤੀ। ਥਾਂ ਥਾਂ ਹਿੰਦੂਆਂ-ਸਿੱਖਾਂ ਦਾ ਕਤਲੇਆਮ ਸ਼ੁਰੂ ਹੋ ਗਿਆ। ਇਵੇਂ ਹੀ ਇੱਧਰਲੇ ਪਾਸੇ ਇਹ ਅਫਵਾਹ ਫੈਲਾਈ ਗਈ ਕਿ ਲਾਹੌਰ ਵੱਲੋਂ ਇਕ ਗੱਡੀ ਲਾਸ਼ਾਂ ਦੀ ਭਰੀ ਆਈ ਹੈ, ਜਿਸ ਵਿਚ ਹਿੰਦੂ-ਸਿੱਖ ਬੀਬੀਆਂ ਦੀਆਂ ਛਾਤੀਆਂ ਕੱਟੀਆਂ ਹੋਈਆਂ ਹਨ। ਸੁਣਦਿਆਂ ਹੀ ਇੱਧਰ ਦੇ ਹਿੰਦੂਆਂ ਤੇ ਸਿੱਖਾਂ ਨੇ ਮੁਸਲਮਾਨਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ; ਪਰ ਇਹ ਗੱਡੀ ਨਾ ਉਧਰ, ਨਾ ਇੱਧਰ-ਕਿਸੇ ਨੇ ਨਹੀਂ ਵੇਖੀ ਸੀ। ਉਂਜ ਭਾਵੇਂ ਅੱਗ ਭੜਕਣ ਪਿੱਛੋਂ ਲਾਸ਼ਾਂ ਦੀਆਂ ਭਰੀਆਂ ਬਥੇਰੀਆਂ ਗੱਡੀਆਂ ਦੋਨੋਂ ਪਾਸੇ ਪਹੁੰਚੀਆਂ, ਪਰ ਸ਼ੁਰੂਆਤ ਅਫਵਾਹਾਂ ਨਾਲ ਹੋਈ ਸੀ।

ਕਈ ਤਾਂ ਇਸ ਤੋਂ ਵੀ ਅੱਗੇ ਗਏ। ਥਾਂ ਥਾਂ ਭੀੜਾਂ ਭੜਕਾਉਣ ਲਈ ਕੁਝ ਅਨਸਰ ਮਨੁੱਖੀ ਖੋਪੜੀਆਂ ਲੈ ਕੇ ਘੁੰਮਦੇ ਸਨ। ਭੀੜਾਂ ਸਾਹਮਣੇ ਉਹ ਖੋਪੜੀਆਂ ਵਿਖਾਉਂਦੇ ਭਾਸ਼ਣ ਦਿੰਦੇ ਸਨ ਕਿ ਇਹ ਖੋਪੜੀਆਂ ਸਾਡੇ ਲੋਕਾਂ ਦੀਆਂ ਹਨ ਅਤੇ ਦੂਜੇ ਪਾਸੇ ਵਾਲਿਆਂ ਨੇ ਸਾਨੂੰ ਭੇਜਦਿਆਂ ਕਿਹਾ ਹੈ, 'ਆਹ ਲਓ ਤੁਹਾਡਾ ਵੱਖਰਾ ਮੁਲਕ!' ਬਸ ਇੰਨਾ ਸੁਣਦਿਆਂ ਹੀ ਲੋਕ ਭੜਕ ਜਾਂਦੇ ਸਨ ਤੇ ਵੱਢ ਟੁੱਕੀ ਸ਼ੁਰੂ ਹੋ ਜਾਂਦੀ ਸੀ। ਇਸ ਤਰ੍ਹਾਂ ਵੰਡ ਵੇਲੇ ਇਨ੍ਹਾਂ ਅਫਵਾਹਾਂ ਨੇ ਬਹੁਤ ਨੁਕਸਾਨ ਕੀਤਾ।

ਪਿੱਛੋਂ ਜਾ ਕੇ ਜਦੋਂ ਪਾਕਿਸਤਾਨ ਤੇ ਭਾਰਤ ਦੀਆਂ ਜੰਗਾਂ ਹੋਈਆਂ, ਉਦੋਂ ਵੀ ਬੜੀਆਂ ਅਫਵਾਹਾਂ ਫੈਲੀਆਂ। 1971 ਦੀ ਜੰਗ ਵੇਲੇ ਮੇਰੇ ਪਿੰਡ ਦੀ ਇਕ ਘਟਨਾ ਹੈ। ਉਦੋਂ ਇਹ ਅਫਵਾਹਾਂ ਜ਼ੋਰਾਂ 'ਤੇ ਸਨ ਕਿ ਪਾਕਿਸਤਾਨ ਵਾਲੇ ਛਾਤਿਆਂ ਨਾਲ ਰਾਤ ਵੇਲੇ ਜਸੂਸ ਉਤਾਰ ਜਾਂਦੇ ਹਨ। ਪਿੰਡ ਵਾਲੇ ਰਾਤਾਂ ਨੂੰ ਪਹਿਰਾ ਦਿੰਦੇ, ਪਰ ਕਦੇ ਕੋਈ ਜਸੂਸ ਨਹੀਂ ਵੇਖਿਆ ਸੀ। ਫਿਰ ਇਕ ਮੰਗਤਾ ਪਿੰਡ ਵਿਚ ਆਇਆ। ਉਸ ਨੇ ਸਾਧਾਂ ਜਿਹੇ ਭਗਵੇਂ ਕੱਪੜੇ ਪਾਏ ਹੋਏ ਸਨ। ਜਦੋਂ ਉਹ ਸੱਥ ਵਿਚੋਂ ਲੰਘਿਆ ਤਾਂ ਕਿਸੇ ਨੇ ਕਿਹਾ ਕਿ ਕਿਧਰੇ ਇਹ ਜਸੂਸ ਹੀ ਨਾ ਹੋਵੇ!

ਕਹਿਣ ਵਾਲਾ ਇੰਨੀ ਗੱਲ ਕਹਿ ਕੇ ਤਾਸ਼ ਖੇਡਣ ਵਿਚ ਰੁੱਝ ਗਿਆ, ਪਰ ਪਤਾ ਨਹੀਂ ਕਿਸ ਨੇ ਅਫਵਾਹ ਫੈਲਾ ਦਿੱਤੀ ਕਿ ਮੰਗਤੇ ਦੇ ਭੇਸ ਵਿਚ ਇਕ ਜਸੂਸ ਪਿੰਡ ਵਿਚ ਘੁੰਮ ਰਿਹਾ ਹੈ। ਫਿਰ ਕੀ ਸੀ, ਹੋ ਗਈ ਉਸ ਜਸੂਸ ਦੀ ਭਾਲ ਸ਼ੁਰੂ। ਉਹ ਵਿਚਾਰਾ ਮੰਗਤਾ ਆਪਣਾ ਕੰਮ ਮੁਕਾ ਕੇ ਨੇੜਲੇ ਕਸਬੇ ਬੋਹਾ ਦੇ ਰਾਹ ਪੈ ਗਿਆ ਸੀ ਕਿ ਕੁਝ ਲੋਕ ਉਸ ਨੂੰ ਧੂਹ ਕੇ ਵਾਪਸ ਸੱਥ 'ਚ ਲੈ ਆਏ। ਦੋ ਜਣੇ ਸਾਈਕਲਾਂ 'ਤੇ ਕਸਬੇ ਵੱਲ ਪੁਲਿਸ ਲੈਣ ਚਲੇ ਗਏ ਤੇ ਬਾਕੀ ਲੋਕਾਂ ਨੇ ਆਪ ਹੀ ਉਸ ਦੀ ਤਫਤੀਸ਼ ਸ਼ੁਰੂ ਕਰ ਦਿੱਤੀ।

ਮੰਗਤਾ ਬਥੇਰਾ ਕਹੇ ਕਿ ਮੈਂ ਤਾਂ ਸਾਰੀ ਉਮਰ ਦਾ ਬੋਹਾ ਰਹਿੰਦਾ ਹਾਂ। ਕਸਬੇ ਦੇ ਬਾਹਰ ਸਾਡੀਆਂ ਝੁੱਗੀਆਂ ਹਨ, ਪਰ ਲੋਕਾਂ ਨੇ ਉਸ ਦੀ ਕੋਈ ਗੱਲ ਨਾ ਸੁਣੀ। ਉਸ ਦੀ ਕੁੱਟ ਮਾਰ ਵੀ ਸ਼ੁਰੂ ਹੋ ਗਈ, ਪਰ ਉਦੋਂ ਨੂੰ ਪਿੰਡ ਦਾ ਨੰਬਰਦਾਰ ਆ ਗਿਆ। ਉਹ ਸਿਆਣਾ ਬੰਦਾ ਸੀ ਤੇ ਉਸ ਨੇ ਲੋਕਾਂ ਨੂੰ ਰੋਕਦਿਆਂ ਉਸ ਮੰਗਤੇ ਨੂੰ ਲਿਜਾ ਕੇ ਆਪਣੇ ਘਰ ਦੀ ਬੈਠਕ ਵਿਚ ਬੰਦ ਕਰ ਦਿੱਤਾ। ਸਾਰਾ ਪਿੰਡ ਇਕੱਠਾ ਹੋ ਚੁਕਾ ਸੀ। ਲੋਕਾਂ ਨੇ ਨੰਬਰਦਾਰ ਦਾ ਘਰ ਘੇਰ ਲਿਆ। ਉਨ੍ਹਾਂ ਦੀ ਮਨਸ਼ਾ ਮੰਗਤੇ ਨੂੰ ਕੁੱਟਣ ਮਾਰਨ ਦੀ ਸੀ, ਪਰ ਨੰਬਰਦਾਰ ਨੇ ਲੋਕਾਂ ਨੂੰ ਠੰਢੇ ਕਰਦਿਆਂ ਰੋਕੀ ਰੱਖਿਆ। ਉਦੋਂ ਨੂੰ ਪੁਲਿਸ ਆ ਗਈ, ਜੋ ਮੰਗਤੇ ਨੂੰ ਨਾਲ ਲੈ ਗਈ। ਸ਼ਹਿਰ ਲਿਜਾ ਕੇ ਉਸ ਨੂੰ ਉਸ ਦੀ ਝੁੱਗੀ ਵਿਚ ਛੱਡ ਦਿੱਤਾ।

ਜਦੋਂ ਦਿੱਲੀ ਵਿਚ ਸਿੱਖ ਕਤਲੇਆਮ ਹੋਇਆ ਤਾਂ ਇਸ ਦੀ ਸ਼ੁਰੂਆਤ ਵੀ ਅਫਵਾਹਾਂ ਨਾਲ ਹੀ ਹੋਈ ਸੀ। ਭਾਵੇਂ ਗੁੰਡਾ ਅਨਸਰ ਇਸ ਕੰਮ ਲਈ ਪਹਿਲਾਂ ਹੀ ਤਿਆਰ ਸੀ, ਪਰ ਤੀਲੀ ਸ਼ਰਾਰਤੀਆਂ ਨੇ ਹੀ ਲਾਈ। ਅਫਵਾਹ ਫੈਲਾਈ ਗਈ ਕਿ ਪੰਜਾਬ ਵੱਲੋਂ ਹਿੰਦੂਆਂ ਦੀਆਂ ਲਾਸ਼ਾਂ ਦੀ ਭਰੀ ਗੱਡੀ ਆਈ ਹੈ। ਕੁਝ ਨੇ ਕਿਹਾ ਕਿ ਸਿੱਖਾਂ ਨੇ ਦਿੱਲੀ ਦੇ ਪਾਣੀ ਵਿਚ ਜ਼ਹਿਰ ਮਿਲਾ ਦਿੱਤਾ ਹੈ। ਕਿਸੇ ਨੇ ਕਿਹਾ ਕਿ ਫਲਾਣੇ ਮੁਹੱਲੇ ਵਿਚ ਸਿੱਖ ਇੰਦਰਾ ਗਾਂਧੀ ਦੇ ਕਤਲ ਦੀਆਂ ਖੁਸ਼ੀਆਂ ਮਨਾਉਂਦੇ ਲੱਡੂ ਵੰਡ ਰਹੇ ਹਨ। ਇਸ ਸਭ ਨੇ ਬਹੁਤੇ ਲੋਕਾਂ ਦੇ ਮਨਾਂ ਵਿਚ ਗੁੱਸਾ ਭਰ ਦਿੱਤਾ। ਇਸੇ ਦਾ ਹੀ ਫਾਇਦਾ ਉਠਾਉਂਦਿਆਂ ਗੁੰਡਾ ਅਨਸਰ ਨੇ ਸਿੱਖਾਂ ਦਾ ਕਤਲੇਆਮ ਸ਼ੁਰੂ ਕੀਤਾ। ਫਿਰ ਅਗਲੇ ਤਿੰਨ ਦਿਨ ਮੌਤ ਦਾ ਜੋ ਤਾਂਡਵ ਦਿੱਲੀ ਵਿਚ ਹੋਇਆ, ਕਿਸੇ ਨੂੰ ਭੁੱਲਿਆ ਨਹੀਂ।

ਉਸ ਵੇਲੇ ਪੰਜਾਬ 'ਚ ਕਾਲੇ ਦਿਨ ਚੱਲ ਰਹੇ ਸਨ। ਅਫਵਾਹਾਂ ਵੀ ਜ਼ੋਰਾਂ 'ਤੇ ਰਹਿੰਦੀਆਂ ਸਨ। ਇਕ ਸਮੇਂ ਕਾਲੇ ਕੱਛਿਆਂ ਵਾਲਿਆਂ ਦਾ ਦੌਰ ਸ਼ੁਰੂ ਹੋਇਆ। ਇਕ ਪਾਸਿਉਂ ਗੱਲ ਚੱਲੀ ਤੇ ਦਿਨਾਂ 'ਚ ਹੀ ਸਾਰੇ ਪੰਜਾਬ 'ਚ ਘੁੰਮ ਗਈ। ਪਿੰਡਾਂ ਦੇ ਲੋਕ ਡਰ ਦੇ ਸਾਏ ਹੇਠ ਰਹਿਣ ਲੱਗੇ। ਲੋਕਾਂ ਨੇ ਮੁਸਤੈਦੀ ਸ਼ੁਰੂ ਕਰ ਦਿੱਤੀ। ਥਾਂ ਥਾਂ ਰਾਤ ਵੇਲੇ ਠੀਕਰੀ ਪਹਿਰੇ ਸ਼ੁਰੂ ਹੋ ਗਏ। ਇਸ ਵੇਲੇ ਅਫਵਾਹਾਂ ਨੇ ਜ਼ੋਰ ਫੜ੍ਹ ਲਿਆ। ਕਦੇ ਕਿਸੇ ਇੱਕ ਪਿੰਡ ਤੋਂ ਕਾਲੇ ਕੱਛਿਆਂ ਵਾਲਿਆਂ ਦੀ ਖਬਰ ਆਉਂਦੀ, ਕਦੇ ਕਿਸੇ ਦੂਜੇ ਪਿੰਡ ਵੱਲੋਂ। ਇਨ੍ਹਾਂ ਕਾਲੇ ਕੱਛਿਆਂ ਵਾਲਿਆਂ ਦੀ ਦਹਿਸ਼ਤ ਨੇ ਕਈ ਥਾਂਈਂ ਮਾਸੂਮਾਂ ਦੀਆਂ ਜਾਨਾਂ ਵੀ ਲੈ ਲਈਆਂ ਸਨ। ਪਿੰਡਾਂ ਵਾਲੇ ਜਦੋਂ ਵੀ ਕਿਸੇ ਗੈਰ ਨੂੰ ਪਿੰਡ 'ਚ ਘੁੰਮਦਾ ਵੇਖਦੇ ਤਾਂ ਕਾਲੇ ਕੱਛੇ ਵਾਲਿਆਂ ਦਾ ਲੇਬਲ ਉਦੋਂ ਹੀ ਚਿਪਕਾ ਦਿੰਦੇ।

ਬਰਨਾਲੇ ਨੇੜਲੇ ਇਕ ਪਿੰਡ ਵਿਚ ਕੋਈ ਬੰਦਾ ਪਿੰਡ ਵੱਲ ਆ ਰਿਹਾ ਸੀ। ਉਸ ਦੇ ਭਰਾ ਦੇ ਸਹੁਰੇ ਉਥੇ ਸਨ। ਉਪਰਾ ਜਿਹਾ ਬੰਦਾ ਵੇਖ ਕੇ ਕਈਆਂ ਨੇ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ। ਆਥਣ ਦਾ ਵੇਲਾ ਸੀ ਤੇ ਕਿਸੇ ਨੇ ਪਿੰਡ 'ਚ ਗੱਲ ਘੁਮਾ ਦਿੱਤੀ ਕਿ ਕਾਲੇ ਕੱਛੇ ਵਾਲਿਆਂ ਦਾ ਇਕ ਬੰਦਾ ਪਿੰਡ 'ਚ ਘੁੰਮ ਰਿਹਾ ਹੈ। ਫਿਰ ਕੀ ਸੀ, ਲੋਕਾਂ ਨੇ ਚੱਕ'ਤੀ ਧਰਤੀ। ਜਿਸ ਕੋਲ ਜੋ ਹਥਿਆਰ ਸੀ, ਲੈ ਕੇ ਉਧਰ ਨੂੰ ਭੱਜਿਆ। ਕੋਈ ਸਾਈਕਲ, ਕੋਈ ਕਾਰ ਤੇ ਕੋਈ ਟਰੈਕਟਰ ਭਜਾਈ ਉਧਰ ਨੂੰ ਆ ਗਿਆ। ਲੋਕਾਂ ਨੇ ਉਸ ਬੰਦੇ ਦੀ ਕੋਈ ਗੱਲ ਨਾ ਸੁਣੀ ਤੇ ਕੁੱਟ ਮਾਰ ਕਰਨ ਲੱਗੇ। ਫਿਰ ਟਰੈਕਟਰ ਪਿੱਛੇ ਬੰਨ ਕੇ ਸਿਵਿਆਂ 'ਚ ਲੈ ਗਏ ਤੇ ਉਥੇ ਉਸ ਨੂੰ ਅੱਗ ਲਾ ਦਿੱਤੀ। ਅਗਲੇ ਦਿਨ ਪਤਾ ਲੱਗਾ ਕਿ ਇਹ ਤਾਂ ਫਲਾਣਿਆਂ ਦਾ ਰਿਸ਼ਤੇਦਾਰ ਸੀ।

ਇਸ ਤਰ੍ਹਾਂ ਹੋਰ ਬਹੁਤ ਥਾਂਈਂ ਮਾੜੇ ਭਾਣੇ ਵਾਪਰੇ। ਇਕ ਦੋਸਤ ਉਨ੍ਹਾਂ ਦਿਨਾਂ ਦੀ ਗੱਲ ਕਰਦਾ ਆਪਣੇ ਪਿੰਡ ਦੀ ਕਹਾਣੀ ਦੱਸਦਾ ਹੈ। ਉਸ ਵੇਲੇ ਉਹ ਪਿੰਡ ਦਾ ਸਰਪੰਚ ਸੀ ਤੇ ਆਲੇ ਦੁਆਲੇ ਕਾਲੇ ਕੱਛੇ ਵਾਲੇ ਗਰੋਹਾਂ ਦੀਆਂ ਅਫਵਾਹਾਂ ਖੂਬ ਘੁੰਮ ਰਹੀਆਂ ਸਨ। ਹੋਇਆ ਇਹ ਕਿ ਇਕ ਦਿਨ ਉਸ ਦੇ ਪਿੰਡ ਦੇ ਬਾਹਰ ਦੋ ਬੰਦੇ ਆ ਗਏ। ਇਕ ਤਾਂ ਵਡੇਰੀ ਉਮਰ ਦਾ ਸੀ, ਜੋ ਅੱਖਾਂ ਤੋਂ ਵੇਖ ਨਹੀਂ ਸੀ ਸਕਦਾ, ਭਾਵ ਅੰਨ੍ਹਾ ਸੀ ਤੇ ਦੂਜਾ ਜੁਆਨ ਉਮਰ ਦਾ ਮੁੰਡਾ, ਸਿੱਧਰਾ ਜਿਹਾ ਸੀ। ਪਿੱਛੋਂ ਮਿਲੀ ਜਾਣਕਾਰੀ ਮੁਤਾਬਕ ਅੰਨ੍ਹਾ ਤਾਂ ਰੇਲ ਗੱਡੀਆਂ 'ਚ ਭੀਖ ਮੰਗਦਾ ਸੀ ਤੇ ਜੁਆਨ ਮੁੰਡਾ ਕਿਸੇ ਰੇਲਵੇ ਮੁਲਾਜ਼ਮ ਦਾ ਮੁੰਡਾ ਸੀ, ਜੋ ਦਿਮਾਗੋਂ ਸਹੀ ਨਹੀਂ ਸੀ। ਉਹ ਬਿਨ ਮਤਲਬੋਂ ਰੇਲ ਗੱਡੀਆਂ 'ਚ ਹੀ ਇੱਧਰ ਉਧਰ ਘੁੰਮਦਾ ਰਹਿੰਦਾ। ਉਸ ਦਿਨ, ਉਹ ਸਰਪੰਚ ਦੇ ਨੇੜਲੇ ਕਸਬੇ ਦੇ ਰੇਲਵੇ ਸਟੇਸ਼ਨ 'ਤੇ ਉਤਰਿਆ। ਉਥੋਂ ਉਸ ਨਾਲ ਅੰਨ੍ਹਾ ਬੰਦਾ ਰਲ ਗਿਆ। ਅੱਗੇ ਉਹ ਸਰਪੰਚ ਦੇ ਪਿੰਡ ਵੱਲ ਜਾਂਦੇ ਕਿਸੇ ਟਰੱਕ 'ਤੇ ਚੜ੍ਹ ਗਏ। ਟਰੱਕ ਤਾਂ ਮੁੜ ਆਇਆ, ਪਰ ਉਹ ਉਥੇ ਹੀ ਉਤਰ ਕੇ ਪਿੰਡ 'ਚ ਘੁੰਮਣ ਲੱਗੇ।

ਉਦੋਂ ਹੀ ਕਿਸੇ ਨੇ ਅਫਵਾਹ ਫੈਲਾ ਦਿੱਤੀ ਕਿ ਇਹ ਕਾਲੇ ਕੱਛਿਆਂ ਵਾਲੇ ਹਨ। ਬਸ ਇੰਨਾ ਕਹਿਣ ਦੀ ਦੇਰ ਸੀ ਕਿ ਪਿੰਡ 'ਚ ਰੌਲਾ ਫੈਲ ਗਿਆ। ਹਰ ਕੋਈ ਗੰਡਾਸੇ, ਬਰਛੇ ਲੈ ਕੇ ਉਧਰ ਨੂੰ ਆ ਗਿਆ। ਉਨ੍ਹਾਂ ਦੋਨਾਂ ਨੂੰ ਘੇਰ ਲਿਆ ਗਿਆ, ਪਰ ਉਹ ਤਾਂ ਵਿਚਾਰੇ ਗਰੀਬ ਸਨ। ਇਕ ਨੂੰ ਕੁਝ ਦਿਸਦਾ ਨਹੀਂ ਸੀ ਤੇ ਦੂਜਾ ਸਿੱਧਰਾ ਹੋਣ ਕਰਕੇ ਕਿਸੇ ਗੱਲ ਦਾ ਸਹੀ ਉਤਰ ਨਹੀਂ ਦੇ ਸਕਦਾ ਸੀ। ਲੋਕਾਂ ਨੂੰ ਉਨ੍ਹਾਂ ਦੀਆਂ ਗੱਲਾਂ ਤੋਂ ਸ਼ੱਕ ਹੋਰ ਵੀ ਵਧ ਗਿਆ ਤੇ ਉਨ੍ਹਾਂ ਦੀ ਮਾਰ ਕੁੱਟ ਸ਼ੁਰੂ ਹੋ ਗਈ। ਕਿਵੇਂ ਨਾ ਕਿਵੇਂ ਸਰਪੰਚ ਨੇ ਉਨ੍ਹਾਂ ਦਾ ਬਚਾਓ ਕਰਦਿਆਂ ਲਿਜਾ ਕੇ ਆਪਣੇ ਘਰ ਦੇ ਇਕ ਕਮਰੇ 'ਚ ਬੰਦ ਕਰ ਦਿੱਤਾ। ਨਾਲ ਹੀ ਲੋਕਾਂ ਨੂੰ ਸ਼ਾਂਤ ਕੀਤਾ ਕਿ ਸਵੇਰ ਵੇਲੇ ਇਨ੍ਹਾਂ ਨੂੰ ਪੁਲਿਸ ਕੋਲ ਲੈ ਕੇ ਚੱਲਾਂਗੇ। ਉਧਰ ਨਾਲ ਦੇ ਪਿੰਡਾਂ 'ਚ ਗੱਲ ਘੁੰਮ ਗਈ ਕਿ ਕਾਲੇ ਕੱਛੇ ਵਾਲਿਆਂ ਦਾ ਗਰੋਹ ਕਾਬੂ ਕਰ ਲਿਆ ਹੈ। ਦਿਨ ਚੜ੍ਹਦੇ ਨੂੰ ਆਲੇ ਦੁਆਲੇ ਦੇ ਹਜ਼ਾਰਾਂ ਲੋਕ ਇਕੱਠੇ ਹੋ ਗਏ। ਲੋਕ ਉਨ੍ਹਾਂ ਦੋਹਾਂ ਦੀ ਹਵਾਲਗੀ ਦੀ ਮੰਗ ਕਰ ਰਹੇ ਸਨ ਤਾਂ ਕਿ ਹੱਥੀਂ ਉਨ੍ਹਾਂ ਨੂੰ ਸਜ਼ਾ ਦੇ ਸਕਣ।

ਉਦੋਂ ਹੀ ਪਿੰਡ ਦਾ ਇਕ ਬੰਦਾ ਆਇਆ, ਜੋ ਰੇਲਵੇ ਮੁਲਾਜ਼ਮ ਸੀ। ਉਸ ਨੇ ਜਦੋਂ ਸਰਪੰਚ ਦੇ ਘਰ ਜਾ ਕੇ ਫੜ੍ਹੇ ਬੰਦਿਆਂ ਨੂੰ ਦੇਖਿਆ ਤਾਂ ਉਸ ਨੇ ਮੁੰਡੇ ਨੂੰ ਪਛਾਣ ਲਿਆ। ਉਹ ਲੋਕਾਂ ਨੂੰ ਦੱਸਣ ਲੱਗਾ ਕਿ ਇਹ ਤਾਂ ਸਾਡੇ ਮਹਿਕਮੇ ਦੇ ਇਕ ਮੁਲਾਜ਼ਮ ਦਾ ਮੁੰਡਾ ਹੈ, ਇਸ ਦੀ ਦਿਮਾਗੀ ਹਾਲਤ ਠੀਕ ਨਹੀਂ। ਇਹ ਸਾਰਾ ਦਿਨ ਇੱਧਰ ਉਧਰ ਐਵੇਂ ਹੀ ਘੁੰਮਦਾ ਰਹਿੰਦਾ ਹੈ, ਪਰ ਲੋਕਾਂ ਨੇ ਉਸ ਦੀ ਗੱਲ ਮੰਨਣ ਦੀ ਥਾਂ ਉਸੇ ਨੂੰ ਕੁੱਟ ਧਰਿਆ ਕਿ ਉਹ ਕਾਲੇ ਕੱਛੇ ਵਾਲਿਆਂ ਦਾ ਪੱਖ ਲੈਂਦਾ ਹੈ।

ਵਾਹਵਾ ਦਿਨ ਚੜ੍ਹੇ ਪੁਲਿਸ ਆ ਗਈ। ਲੋਕਾਂ ਦੇ ਇਕੱਠ ਨੂੰ ਵੇਖ ਕੇ ਪੁਲਿਸ ਨੂੰ ਸਥਿਤੀ ਦਾ ਅਹਿਸਾਸ ਹੋਇਆ। ਲੋਕਾਂ ਨੇ ਪੁਲਿਸ ਨੂੰ ਅਗਾਂਹ ਜਾਣ ਤੋਂ ਰੋਕਿਆ ਤਾਂ ਉਨ੍ਹਾਂ ਪਿੱਛਿਓਂ ਹੋਰ ਨਫਰੀ ਸੱਦ ਲਈ। ਪੁਲਿਸ ਨੇ ਉਨ੍ਹਾਂ ਦੋਹਾਂ ਨੂੰ ਤਾਂ ਆਪਣੇ ਕਬਜ਼ੇ 'ਚ ਲੈ ਲਿਆ, ਪਰ ਲੋਕ ਪੁਲਿਸ ਦੇ ਵਿਰੁਧ ਹੋ ਖਲੋਤੇ। ਉਨ੍ਹਾਂ ਨੂੰ ਘੇਰ ਲਿਆ। ਮੁਕਦੀ ਗੱਲ, ਉਥੇ ਤਿੰਨ ਜ਼ਿਲਿਆਂ ਦੀ ਪੁਲਿਸ ਇਕੱਠੀ ਹੋ ਗਈ। ਲੋਕਾਂ ਨੇ ਪੁਲਿਸ ਨਾਲ ਕਲੇਸ਼ ਪਾ ਲਿਆ। ਉਨ੍ਹਾਂ ਕੁਝ ਦੁਕਾਨਾਂ ਅਤੇ ਵਾਹਨ ਸਾੜ ਦਿੱਤੇ। ਪੁਲਿਸ ਨੇ ਸੌ ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ। ਅਗਲੇ ਦਿਨ ਸਥਿਤੀ 'ਪੁਲਿਸ ਬਨਾਮ ਲੋਕ' ਬਣ ਗਈ। ਆਲੇ ਦੁਆਲੇ ਦੇ ਪਿੰਡਾਂ 'ਚੋਂ ਹੋਰ ਵੀ ਲੋਕ ਇਕੱਠੇ ਹੋ ਗਏ।

ਇਸ ਤਣਾਓ ਨੂੰ ਸਿਆਣੇ ਬੰਦਿਆਂ ਨੇ ਸੰਭਾਲਿਆ। ਇਕ ਕਮੇਟੀ ਬਣਾ ਕੇ ਅੱਗੇ ਦੀ ਗੱਲਬਾਤ ਚਲਾਉਂਦਿਆਂ ਹੌਲੀ ਹੌਲੀ ਲੋਕਾਂ ਨੂੰ ਠੰਢੇ ਕਰਦਿਆਂ ਘਰਾਂ ਨੂੰ ਤੋਰਿਆ, ਪਰ ਬਹੁਤ ਸਾਰੇ ਲੋਕਾਂ 'ਤੇ ਦੰਗੇ ਫੈਲਾਉਣ ਜਾਂ ਪੁਲਿਸ ਦੇ ਕੰਮ 'ਚ ਦਖਲ ਦੇਣ ਦੇ ਕੇਸ ਬਣ ਚੁਕੇ ਸਨ। ਸਾਲ ਬਾਅਦ ਜਾ ਕੇ ਕਿਧਰੇ ਕਿਸੇ ਚੰਗੇ ਪੁਲਿਸ ਅਫਸਰ ਦੇ ਦਖਲ ਪਿੱਛੋਂ ਫੜ੍ਹੇ ਗਏ ਸਾਰੇ ਲੋਕ ਛੁਡਵਾਏ ਗਏ। ਇਕ ਅਫਵਾਹ ਤੋਂ ਗੱਲ ਕਿੱਥੇ ਤੱਕ ਪਹੁੰਚ ਗਈ, ਜਦੋਂ ਕਿ ਨਾ ਕਿਧਰੇ ਕੋਈ ਕਾਲੇ ਕੱਛੇ ਵਾਲਾ ਸੀ ਤੇ ਨਾ ਕੋਈ ਗਲਤ ਅਨਸਰ ਸੀ। ਪੰਜਾਬ 'ਚ ਕਾਲੇ ਕੱਛੇ ਵਾਲਿਆਂ ਦੀਆਂ ਅਫਵਾਹਾਂ ਉਦੋਂ ਤੱਕ ਘੁੰਮਦੀਆਂ ਰਹੀਆਂ ਜਦੋਂ ਤੱਕ ਕਿਸੇ ਹੋਰ ਤਰ੍ਹਾਂ ਦੀ ਅਫਵਾਹ ਨਾ ਆ ਗਈ।

ਅਫਵਾਹਾਂ ਵੀ ਵਕਤ ਅਨੁਸਾਰ ਚਲਦੀਆਂ ਹਨ, ਭਾਵ ਜਿਹੋ ਜਿਹੇ ਆਲੇ ਦੁਆਲੇ ਹਾਲਾਤ ਹੁੰਦੇ ਹਨ, ਉਹੋ ਜਿਹੀਆਂ ਅਫਵਾਹਾਂ ਫੈਲਦੀਆਂ ਹਨ। ਇਕ ਵੇਲੇ ਭਾਰਤ ਦੇ ਸੂਬੇ ਮੱਧ ਪ੍ਰਦੇਸ਼ ਵਿਚ ਜੁਆਕਾਂ ਨੂੰ ਚੁੱਕਣ ਵਾਲੇ ਗਰੋਹ ਦੀਆਂ ਅਫਵਾਹਾਂ ਗਰਮ ਹੋ ਗਈਆਂ। ਉਨ੍ਹੀਂ ਦਿਨੀਂ ਇਕ ਬਜ਼ੁਰਗ ਆਪਣੇ ਦਸ-ਬਾਰਾਂ ਸਾਲ ਦੇ ਪੋਤੇ ਨਾਲ ਰਿਸ਼ਤੇਦਾਰੀ 'ਚ ਜਾ ਰਿਹਾ ਸੀ। ਸ਼ਹਿਰ 'ਚ ਉਹ ਕਿਸੇ ਢਾਬੇ 'ਤੇ ਕੁਝ ਖਾਣ ਪੀਣ ਲੱਗੇ। ਉਨ੍ਹਾਂ ਵੱਲ ਵੇਖਦਿਆਂ ਕਿਸੇ ਨੇ ਅਫਵਾਹ ਫੈਲਾ ਦਿੱਤੀ ਕਿ ਜੁਆਕ ਚੁੱਕਣ ਵਾਲੇ ਗਰੋਹ ਦਾ ਇਕ ਬੁੱਢਾ, ਕਿਸੇ ਜੁਆਕ ਨੂੰ ਚੁੱਕ ਲਿਆਇਆ ਹੈ ਤੇ ਇਸ ਵੇਲੇ ਫਲਾਣੀ ਦੁਕਾਨ 'ਚ ਬੈਠਾ ਚਾਹ ਪੀ ਰਿਹਾ ਹੈ। ਫਿਰ ਕੀ ਸੀ, ਕੁਝ ਹੀ ਮਿੰਟਾਂ ਵਿਚ ਉਥੇ ਲੋਕਾਂ ਦਾ ਬੇਸ਼ੁਮਾਰ ਇਕੱਠ ਹੋ ਗਿਆ। ਉਨ੍ਹਾਂ ਬਜ਼ੁਰਗ ਨੂੰ ਘੇਰ ਲਿਆ ਤੇ ਲੱਗੇ ਸੁਆਲ ਪੁੱਛਣ। ਉਸ ਨੇ ਬਥੇਰਾ ਕਿਹਾ ਕਿ ਉਹ ਨੇੜਲੇ ਪਿੰਡ ਤੋਂ ਹੈ ਤੇ ਇਹ ਉਸ ਦਾ ਪੋਤਾ ਹੈ, ਪਰ ਭੀੜ ਨੇ ਇਕ ਨਾ ਸੁਣੀ। ਜਦੋਂ ਬਜ਼ੁਰਗ ਨੂੰ ਕੁੱਟਣ ਲੱਗੇ ਤਾਂ ਪੋਤਾ ਚੀਕਾਂ ਮਾਰਦਾ ਬਾਬੇ ਦਾ ਬਚਾਅ ਕਰਨ ਲੱਗਾ, ਪਰ ਭੀੜ ਨੇ ਕਿਸੇ ਦੀ ਪ੍ਰਵਾਹ ਨਾ ਕੀਤੀ ਤੇ ਮਾਰ ਕੁਟਾਈ ਚੱਲਦੀ ਰਹੀ। ਜਦੋਂ ਨੂੰ ਪੁਲਿਸ ਪਹੁੰਚੀ ਤਾਂ ਲੋਕਾਂ ਨੇ ਕੁੱਟ ਕੁੱਟ ਕੇ ਬਾਬੇ ਤੇ ਪੋਤੇ-ਦੋਹਾਂ ਨੂੰ ਮਾਰ ਮੁਕਾਇਆ ਸੀ। ਅਫਵਾਹ ਨੇ ਦੋ ਮਾਸੂਮਾਂ ਦੀ ਜਾਨ ਲੈ ਲਈ।

ਪਿਛਲੇ ਸਮੇਂ ਭਾਰਤ 'ਚ ਗਊ ਭਗਤਾਂ ਵੱਲੋਂ ਬਹੁਤ ਅਫਵਾਹਾਂ ਫੈਲਾਈਆਂ ਗਈਆਂ। ਹਰਿਆਣੇ ਵਿਚ ਪਹਿਲੂ ਖਾਂ ਦੇ ਕੇਸ ਦਾ ਸਭ ਨੂੰ ਪਤਾ ਹੈ। ਉਹ ਕਿਸੇ ਮੰਡੀ 'ਚੋਂ ਗਾਂ ਖਰੀਦ ਕੇ ਲਿਆਇਆ ਸੀ। ਉਸ ਕੋਲ ਖਰੀਦਦਾਰੀ ਦੀ ਰਸੀਦ ਵੀ ਸੀ। ਗਾਂ ਉਸ ਨੇ ਘਰ ਵਿਚ ਰੱਖਣ ਲਈ ਲਿਆਂਦੀ ਸੀ। ਜਦੋਂ ਉਹ ਘਰ ਨੂੰ ਜਾ ਰਿਹਾ ਸੀ ਤਾਂ ਕਿਸੇ ਨੇ ਅਫਵਾਹ ਫੈਲਾ ਦਿੱਤੀ ਕਿ ਉਹ ਗਾਂ ਨੂੰ ਮਾਰਨ ਵਾਸਤੇ ਲਿਜਾ ਰਿਹਾ ਹੈ। ਫਿਰ ਭੀੜ ਇਕੱਠੀ ਹੋ ਗਈ ਤੇ ਬਿਨਾ ਕਿਸੇ ਦੀ ਗੱਲ ਸੁਣਿਆਂ ਉਸ ਨੂੰ ਮਾਰ ਮੁਕਾਇਆ।

ਇਸੇ ਤਰ੍ਹਾਂ ਇਕ ਹੋਰ ਥਾਂ ਅਫਵਾਹ ਫੈਲਾ ਦਿੱਤੀ ਗਈ ਕਿ ਫਲਾਣੇ ਮੁਸਲਮਾਨ ਦੇ ਘਰ ਫਰਿੱਜ ਵਿਚ ਗਾਂ ਦਾ ਮਾਸ ਪਿਆ ਹੈ। ਬਸ ਭੀੜ ਇਕੱਠੀ ਹੋ ਗਈ ਤੇ ਘਰ ਦੇ ਮਾਲਕ ਨੂੰ ਮਾਰ ਮੁਕਾਇਆ। ਪਿੱਛੋਂ ਜਦੋਂ ਲੈਬਾਰਟਰੀ ਤੋਂ ਮੀਟ ਚੈਕ ਹੋ ਕੇ ਆਇਆ ਤਾਂ ਪਤਾ ਲੱਗਾ ਕਿ ਇਹ ਗਾਂ ਦਾ ਮਾਸ ਨਹੀਂ ਸੀ। ਅਫਵਾਹ ਫੈਲਾਉਣ ਦਾ ਕੰਮ ਮੰਦਿਰ ਦੇ ਪੁਜਾਰੀ ਵੱਲੋਂ ਸਪੀਕਰ 'ਤੇ ਕੀਤਾ ਗਿਆ ਸੀ, ਪਰ ਸਿਤਮਜ਼ਰੀਫੀ ਇਹ ਰਹੀ ਕਿ ਸਭ ਕੁਝ ਸਾਫ ਦਿਸਦਾ ਹੋਣ ਦੇ ਬਾਵਜੂਦ ਪ੍ਰਸ਼ਾਸਨ ਨੇ ਕੁਝ ਨਾ ਕੀਤਾ।

ਗੁਜਰਾਤ 'ਚ ਪਸ਼ੂਆਂ ਦੀਆਂ ਖੱਲਾਂ ਲਾਹ ਰਹੇ ਕਾਮੇ ਮਰੀਆਂ ਗਊਆਂ ਤੋਂ ਖੱਲਾਂ ਲਾਹ ਰਹੇ ਸਨ। ਅਫਵਾਹ ਉਡਾ ਦਿੱਤੀ ਗਈ ਕਿ ਇਨ੍ਹਾਂ ਨੇ ਗਊਆਂ ਮਾਰੀਆਂ ਹਨ। ਇਸ ਪਿੱਛੋਂ ਭੀੜ ਨੇ ਜੋ ਕੁਝ ਉਨ੍ਹਾਂ ਕਾਮਿਆਂ ਨਾਲ ਕੀਤਾ, ਉਹ ਸਭ ਨੂੰ ਪਤਾ ਹੈ। ਇਨ੍ਹਾਂ ਗੱਲਾਂ ਦੇ ਚੱਲਦਿਆਂ ਹਾਲਤ ਇਹ ਹੋ ਗਏ ਹਨ ਕਿ ਲੋਕਾਂ ਨੇ ਗਊਆਂ ਰੱਖਣੀਆਂ ਛੱਡ ਦਿੱਤੀਆਂ। ਡੇਅਰੀ ਵਪਾਰ ਨੂੰ ਵੱਡਾ ਘਾਟਾ ਪਿਆ ਹੈ।

ਅੱਜ ਕੱਲ੍ਹ ਕਰੋਨਾ ਵਾਇਰਸ ਦੀ ਮਹਾਮਾਰੀ ਦੁਨੀਆਂ ਭਰ ਵਿਚ ਫੈਲੀ ਹੋਈ ਹੈ। ਹਰ ਪਾਸੇ ਖੌਫ ਹੈ। ਸਰਕਾਰਾਂ ਆਪੋ ਆਪਣੇ ਤੌਰ 'ਤੇ ਇਸ ਦਾ ਸਾਹਮਣਾ ਕਰਨ ਦੀਆਂ ਹਦਾਇਤਾਂ ਕਰ ਰਹੀਆਂ ਹਨ। ਦੁਨੀਆਂ ਭਰ ਦੇ ਡਾਕਟਰ, ਖੋਜੀ ਅਤੇ ਹੋਰ ਸਿਆਣੇ ਇਸ ਵੇਲੇ ਸਿਰ ਜੋੜ ਕੇ ਬੈਠੇ ਹਨ ਤਾਂ ਕਿ ਇਸ ਨਾਮੁਰਾਦ ਵਾਇਰਸ ਦਾ ਤੋੜ ਲੱਭਿਆ ਜਾਵੇ, ਪਰ ਸਾਡੇ ਮਹਾਨ ਭਾਰਤ ਵਿਚ ਇਸ ਵੇਲੇ ਵੀ ਕੁਝ ਲੋਕਾਂ ਨੇ ਇਸ ਦਾ ਸ਼ੁਗਲ ਬਣਾਇਆ ਹੋਇਆ ਹੈ ਤੇ ਅਫਵਾਹਾਂ ਫੈਲਾਉਣ ਵਿਚ ਸਰਗਰਮ ਹਨ। ਉਹ ਵਕਤ ਦੀ ਨਜ਼ਾਕਤ ਨੂੰ ਨਹੀਂ ਸਮਝ ਰਹੇ। ਕਦੇ ਅਫਵਾਹ ਆ ਜਾਂਦੀ ਹੈ ਕਿ ਫਲਾਣੇ ਸ਼ਹਿਰ ਵਿਚ ਇੰਨੇ ਲੋਕ ਵਾਇਰਸ ਨਾਲ ਮਰ ਚੁਕੇ ਹਨ। ਇਸ ਨਾਲ ਉਸ ਸ਼ਹਿਰ ਦੇ ਲੋਕ ਭੈਭੀਤ ਹੋ ਉਠਦੇ ਹਨ।

ਕਦੇ ਅਫਵਾਹ ਆ ਜਾਂਦੀ ਹੈ ਕਿ ਪਿੰਡਾਂ 'ਤੇ ਰਾਤ ਨੂੰ ਹੈਲੀਕਾਪਟਰ ਦਵਾਈ ਦਾ ਛਿੜਕਾ ਕਰਨਗੇ। ਇਸ ਨਾਲ ਪਿੰਡਾਂ ਦੇ ਲੋਕ ਪ੍ਰੇਸ਼ਾਨੀ 'ਚ ਸਾਰੀ ਸਾਰੀ ਰਾਤ ਜਾਗਦੇ ਰਹਿੰਦੇ ਹਨ। ਕਦੇ ਇਹ ਅਫਵਾਹ ਫੈਲ ਜਾਂਦੀ ਕਿ ਫਲਾਣੀ ਥਾਂ ਅਣਜਾਣ ਲੋਕ ਘੁੰਮ ਰਹੇ ਹਨ, ਜਿਨ੍ਹਾਂ ਨੂੰ ਕਰੋਨਾ ਵਾਇਰਸ ਚੰਬੜਿਆ ਹੋਇਆ ਹੈ। ਲੋਕ ਉਨ੍ਹਾਂ ਨੂੰ ਲੱਭਦੇ ਫਿਰਦੇ ਹਨ। ਇਕ ਬੰਦਾ ਪਿਛਲੀਆਂ ਚੋਣਾਂ ਵਿਚ ਖੜ੍ਹਾ ਹੋਇਆ ਸੀ। ਉਸ ਨੂੰ ਵੋਟਾਂ ਬਸ ਗਿਣਤੀ ਦੀਆਂ ਹੀ ਪਈਆਂ ਸਨ। ਉਸ ਨੂੰ ਟੀ. ਵੀ. ਰਿਪੋਰਟਰ ਮੂਹਰੇ ਰੋਂਦਿਆਂ ਸਭ ਨੇ ਵੇਖਿਆ ਸੀ। ਉਸ ਭਲੇਮਾਣਸ ਨੇ ਅਫਵਾਹ ਫੈਲਾ ਦਿੱਤੀ ਕਿ ਉਸ ਕੋਲ ਕਰੋਨਾ ਵਾਇਰਸ ਦੀ ਦਵਾਈ ਹੈ, ਜੋ ਕੋਈ ਲੋੜਵੰਦ ਹੈ, ਉਸ ਨਾਲ ਰਾਬਤਾ ਕਰੇ। ਉਸ ਦਾ ਪਤਾ ਲੱਗ ਗਿਆ ਤੇ ਅੱਜ ਕੱਲ੍ਹ ਉਹ ਹਵਾਲਾਤ 'ਚ ਬੰਦ ਹੈ।

ਅੱਜ ਇਨ੍ਹਾਂ ਗੱਲਾਂ ਨੂੰ ਸਮਝਣ ਦੀ ਲੋੜ ਹੈ ਕਿ ਮੌਜੂਦਾ ਸੰਕਟ ਯਾਨਿ ਕਰੋਨਾ ਵਾਇਰਸ ਬਾਰੇ ਕੋਈ ਅਫਵਾਹ ਨਾ ਫੈਲਾਈ ਜਾਵੇ। ਇਹ ਮਜ਼ਾਕ ਦਾ ਵਕਤ ਨਹੀਂ ਹੈ। ਲੋਕਾਂ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਉਹ ਸਰਕਾਰ ਵੱਲੋਂ ਆਈਆਂ ਹਦਾਇਤਾਂ ਹੀ ਮੰਨਣ, ਨਾ ਕਿ ਅਫਵਾਹਾਂ ਦੀ ਗੱਲਾਂ 'ਤੇ ਧਿਆਨ ਦੇਣ। ਇਸ ਵੇਲੇ ਸਾਰੀ ਦੁਨੀਆਂ ਦੇ ਲੋਕ ਇਕੱਠੇ ਹੋ ਕੇ ਇਸ ਮਹਾਮਾਰੀ ਦਾ ਮੁਕਾਬਲਾ ਕਰ ਰਹੇ ਹਨ। ਡਾਕਟਰ, ਨਰਸਾਂ ਅਤੇ ਸਿਹਤ ਨਾਲ ਜੁੜੇ ਹੋਰ ਕਾਮੇ ਜਾਨ ਦੀ ਪ੍ਰਵਾਹ ਨਾ ਕਰਦਿਆਂ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ। ਪੁਲਿਸ ਅਤੇ ਹੋਰ ਪ੍ਰਬੰਧਕੀ ਅਦਾਰੇ ਦਿਨ ਰਾਤ ਆਪਣੀ ਡਿਊਟੀ ਨਿਭਾ ਰਹੇ ਹਨ। ਸ਼ਰਾਰਤੀਆਂ ਨੂੰ ਅਫਵਾਹਾਂ ਛੱਡ ਕੇ, ਇਨ੍ਹਾਂ ਕਾਮਿਆਂ ਦੀ ਪਿੱਠ 'ਤੇ ਖੜ੍ਹੋਣਾ ਚਾਹੀਦਾ ਹੈ। ਆਓ, ਇਸ ਤਰ੍ਹਾਂ ਦੇ ਭੰਬਲਭੂਸੇ ਤੋਂ ਬਚੀਏ ਅਤੇ ਵਕਤ ਦੀ ਨਜ਼ਾਕਤ ਨੂੰ ਸਮਝ ਕੇ ਦੁਨੀਆਂ ਦੇ ਨਾਲ ਚੱਲਦਿਆਂ ਇਸ ਮਹਾਮਾਰੀ ਦਾ ਮੁਕਾਬਲਾ ਕਰੀਏ।

# ਸਾਂਝੇ ਚੁੱਲ੍ਹੇ ਵਾਲਾ ਗਾਰਗੀ

***ਮਾਲਵੇ ਦੀ ਮਿੱਟੀ ਵਿਚ ਜੰਮੇ-ਪਲੇ ਬਲਵੰਤ ਗਾਰਗੀ ਨੇ ਲਿਖਾਰੀ ਵਜੋਂ ਸੰਸਾਰ ਭਰ ਵਿਚ ਪਛਾਣ ਬਣਾਈ। ਜਿਵੇਂ ਉਰਦੂ ਵਿਚ ਲੇਖਕਾਂ-ਕਲਾਕਾਰਾਂ ਦੇ ਸ਼ਬਦ ਚਿੱਤਰ ਲਿਖਣ ਦਾ ਮਾਣ ਉਰਦੂ ਲਿਖਾਰੀ ਸਆਦਤ ਹਸਨ ਮੰਟੋ ਨੂੰ ਮਿਲਦਾ ਹੈ, ਪੰਜਾਬੀ ਵਿਚ ਇਹ ਰੁਤਬਾ ਬਲਵੰਤ ਗਾਰਗੀ ਨੂੰ ਮਿਲਿਆ ਹੈ। ਉਹ ਆਪਣੀ ਹਰ ਰਚਨਾ 'ਚ ਨਿਆਰਾ ਤੇ ਨਿਵੇਕਲਾ ਰੰਗ ਬੰਨਣ ਵਿਚ ਪੂਰੀ ਤਰ੍ਹਾਂ ਕਾਮਯਾਬ ਰਿਹਾ ਹੈ। ਐਸ. ਬਲਵੰਤ ਨੇ ਇਸ ਲੇਖ ਵਿਚ ਗਾਰਗੀ ਦੇ ਸਾਹਿਤ ਅਤੇ ਜੀਵਨ ਦੇ ਕੁਝ ਪੱਖਾਂ ਬਾਰੇ ਚਰਚਾ ਕੀਤੀ ਹੈ। -ਸੰਪਾਦਕ***

ਬਲਵੰਤ ਗਾਰਗੀ ਜੰਮਿਆਂ ਤਾਂ ਬਾਣੀਆਂ ਦੇ ਘਰ, ਪਰ ਰਹਿੰਦਾ ਉਹ ਜੱਟਾਂ ਵਾਂਗ ਸੀ ਤੇ ਸੋਚਦਾ ਅਮਰੀਕਨਾਂ ਵਾਂਗ ਸੀ। ਦਿੱਲੀ ਵਿਚ ਕਨਾਟ ਪਲੇਸ ਵਿਖੇ ਛੋਟੇ ਜਿਹੇ ਘਰ ਵਿਚ ਵਾਸਾ ਸੀ ਉਸ ਦਾ, ਜਿਸ ਨੂੰ ਲੋਕੀਂ 'ਗਾਰਗੀ ਡੈਨ' ਵੀ ਕਹਿੰਦੇ ਸਨ। ਬਹੁਤ ਹੀ ਖੂਬਸੂਰਤੀ ਨਾਲ ਸਜਾਇਆ ਉਸ ਘਰ ਦਾ ਵੱਡਾ ਕਮਰਾ, ਕੰਧਾਂ 'ਤੇ ਕਾਲਾ ਪੇਂਟ, ਵਿਚੋਂ ਆਉਂਦੀ ਸ਼ਾਰਪ ਲਾਈਟ, ਦੀਵਾਰਾਂ 'ਤੇ ਟੰਗੀਆਂ ਖੂਬਸੂਰਤ ਪੇਂਟਿੰਗਾਂ, ਜ਼ਮੀਨ 'ਤੇ ਵਿਛਿਆ ਗੁਦਗੁਦਾ ਗੱਦਾ, ਉਸ 'ਤੇ ਛੋਟੀਆਂ-ਛੋਟੀਆਂ ਗੱਦੀਆਂ, ਕਾਨਿਆਂ ਦੇ ਕੁਝ ਕੁ ਮੂੜ੍ਹੇ ਅਤੇ ਉਸੇ ਕਮਰੇ 'ਚ ਦੂਜੇ ਪਾਸੇ ਇਕ ਹੋਰ ਜਣੇ ਦੇ ਸੌਣ ਲਈ ਬਿਸਤਰਾ। ਉਸੇ ਕਮਰੇ ਵਿਚ ਗੱਦੇ 'ਤੇ ਜਾਂ ਮੂੜ੍ਹਿਆਂ 'ਤੇ ਬੈਠ ਮਹਿਫਿਲਾਂ ਸਜਦੀਆਂ। ਜੇ ਲੋਕ ਹੋਰ ਵੱਧ ਹੋ ਜਾਣ ਤਾਂ ਆਪਣੇ ਆਪ ਇਧਰ-ਉਧਰ ਐਡਜਸਟ ਹੋ ਜਾਂਦੇ। ਬਾਹਰ ਚੌੜਾ ਵਿਹੜਾ, ਤੇ ਨਾਲ ਹੀ ਇਕ ਰਸੋਈ। ਗਰਮੀਆਂ ਵੇਲੇ ਵਿਹੜੇ 'ਚ ਬੈਠ ਚੰਦਰਮਾ ਦੀ ਚਾਂਦਨੀ ਦਾ ਅਨੰਦ। ਕਦੇ ਸੰਗੀਤ ਦੀਆਂ ਧੁਨਾਂ, ਕਦੇ ਕਵਿਤਾ ਦੀਆਂ ਸਤਰਾਂ ਤੇ



**ਐਸ. ਬਲਵੰਤ**


ਕਦੇ ਲਤੀਫਿਆਂ 'ਤੇ ਠਹਾਕੇ। ਤੇ ਕਦੇ-ਕਦੇ ਸੰਜੀਦਾ ਬੌਧਿਕ ਬਹਿਸ। ਗਾਰਗੀ ਦਾ ਆਪਣਾ ਹੀ ਸਟਾਈਲ ਸੀ ਬੋਲਣ ਦਾ, ਸੋਚਣ ਦਾ, ਗ੍ਰਹਿਣ ਕਰਨ ਦਾ। ਵਿਹੜੇ ਤੋਂ ਅੱਗੇ ਬਾਹਰ ਨੂੰ ਨਿਕਲਦੇ ਦਰਵਾਜੇ ਦੇ ਸੱਜੇ ਪਾਸੇ ਘਰ ਦੇ ਕਾਮੇ ਲਈ ਵੱਖਰਾ ਕਮਰਾ।


ਗਾਰਗੀ ਦੀ ਤੋਰ ਦਾ ਨਿਆਰਾਪਣ ਵੀ ਕਮਾਲ ਦਾ ਸੀ। ਜਦ ਉਹ ਤੁਰਦਾ ਤਾਂ ਜ਼ਮੀਨ 'ਤੇ ਪੂਰੇ ਪੈਰ ਦੀ ਥਾਂ ਪੰਜੇ 'ਤੇ ਜ਼ੋਰ ਵਧੇਰੇ ਪਾਉਂਦਾ, ਅੱਡੀਆਂ ਉਪਰ ਚੁੱਕ ਕਦਮ ਪੁੱਟਦਾ, ਤੁਰਦਿਆਂ ਬਾਹਾਂ ਖਿਲਾਰ ਕੇ ਅਗਾਂਹ ਨੂੰ ਵਧਾਉਂਦਾ ਤੇ ਮੋਢਿਆਂ ਦੇ ਖੁੰਜੇ ਵਾਰ-ਵਾਰ ਉਪਰ-ਥੱਲੇ ਕਰਦਾ ਰਹਿੰਦਾ। ਜਿਵੇਂ ਕੋਈ ਹੌਲੀ-ਹੌਲੀ ਇਸ ਤਰ੍ਹਾਂ ਕਦਮ ਪੁੱਟਦਾ ਹੋਵੇ ਤਾਂ ਕਿ ਕਿਸੇ ਨੂੰ ਬਿੜਕ ਨਾ ਪੈ ਜਾਵੇ। ਇਸੇ ਤੋਰ ਨੂੰ ਲੈ ਕੇ ਹੀ 'ਟਾਈਮਜ਼ ਆਫ ਇੰਡੀਆ' ਦੇ ਸੀਨੀਅਰ ਨਾਮਾਨਿਗਾਰ ਸਤਿੰਦਰਾ ਸਿੰਘ ਨੇ ਇਕ ਵਾਰੀ ਆਪਣੇ ਪੰਡਾਰਾ ਰੋਡ ਵਾਲੇ ਘਰ ਬੈਠਿਆਂ ਗਾਰਗੀ ਬਾਰੇ ਲਿਖਿਆ ਸਕੈੱਚ ਸੁਣਾਇਆ ਸੀ, 'ਲਿੱਪੇ ਹੋਏ ਵਿਹੜੇ ਵਿਚ ਤੁਰਦਾ ਕੁੱਕੜ!'

ਗਾਰਗੀ ਅਜਿਹਾ ਸ਼ਖਸ ਸੀ, ਜਿਸ ਨੂੰ ਜਦੋਂ ਵੀ ਕੋਈ ਆਸ ਹੋਣੀ ਕਿ ਫਲਾਣੀ ਥਾਂ ਤੋਂ ਇੰਨੇ ਪੈਸੇ ਆਉਣੇ ਹਨ ਤਾਂ ਉਹ ਉਸ ਦੇ ਖਰਚੇ ਦੀ ਲਿਸਟ ਪਹਿਲਾਂ ਹੀ ਬਣਾ ਕੇ ਰੱਖਦਾ ਕਿ ਇਹ ਖਰਚ ਕਿਥੇ ਕਰਨੇ ਹਨ! ਕਦੇ ਉਹ ਨੋਟਾਂ ਨਾਲ ਲੱਦਿਆ ਹੁੰਦਾ ਤੇ ਕਦੇ ਮੁਫਲਿਸੀ ਦੀ ਹਾਲਤ ਵਿਚ ਜੇਬ੍ਹ 'ਚ ਖੋਟੀ ਚੁਆਨੀ ਵੀ ਨਾ ਹੁੰਦੀ। ਗਾਰਗੀ ਦੀ ਦਲੇਰੀ ਤੇ ਫਕੀਰੀ ਵੀ ਮਿਸਾਲ ਸੀ। ਜਦੋਂ ਉਸ ਨੇ ਆਪਣੇ ਪੁੱਤਰ ਮਨੂ ਨੂੰ ਉਚੇਰੀ ਪੜ੍ਹਾਈ ਲਈ ਦਾਖਲ ਕਰਾਉਣਾ ਸੀ ਤਾਂ ਉਦੋਂ ਮੁਫਲਿਸੀ ਦਾ ਮਾਹੌਲ ਸੀ। ਪੈਸੇ ਕੋਲ ਨਹੀਂ ਸਨ, ਪਰ ਪੁੱਤਰ ਦੇ ਭਵਿਖ ਦਾ ਸੁਆਲ ਸੀ। ਅਖੀਰ ਉਸ ਨੇ ਆਪਣਾ ਫਰਿਜ ਵੇਚ ਦਿੱਤਾ ਤੇ ਉਨ੍ਹਾਂ ਪੈਸਿਆਂ ਨਾਲ ਮੁੰਡਾ ਦਾਖਲ ਕਰਾ ਫਖਰ ਮਹਿਸੂਸ ਕਰਦਿਆਂ ਕਹਿੰਦਾ, "ਜੇ ਜੱਟ ਆਪਣਾ ਮੁੰਡਾ ਪੜ੍ਹਾਉਣ ਲਈ ਜ਼ਮੀਨ ਵੇਚ ਸਕਦਾ ਤਾਂ ਕੀ ਬਾਣੀਆਂ ਆਪਣਾ ਫਰਿਜ ਨਹੀਂ ਵੇਚ ਸਕਦਾ?"

ਗਾਰਗੀ ਆਪਣੇ ਦੋਸਤਾਂ ਤੋਂ ਉਧਾਰ ਮੰਗਣ ਵਿਚ ਰਤਾ ਵੀ ਸੰਗ ਨਹੀਂ ਸੀ ਕਰਦਾ ਤੇ ਪੂਰੀ ਇਮਾਨਦਾਰੀ ਨਾਲ ਪੈਸੇ ਮੋੜਦਾ ਵੀ ਸੀ। ਇਸ ਉਧਾਰੀ ਵਿਚ ਹੋਰ ਲੋਕਾਂ ਤੋਂ ਬਿਨਾ ਗਾਰਗੀ ਖੁਸ਼ਵੰਤ ਸਿੰਘ ਦਾ ਨਾਂ ਇਸ ਲਿਸਟ ਵਿਚ ਸਭ ਤੋਂ ਉਪਰ ਲਿਖਦਾ ਸੀ, ਪਰ ਪਤਾ ਨਹੀਂ ਕਿਸ ਕਾਰਨ ਮਨੂ ਨੂੰ ਦਾਖਲ ਕਰਾਉਣ ਲਈ ਉਸ ਨੇ ਉਧਾਰੀ ਕਿਉਂ ਨਾ ਲਈ? ਖੈਰ! ਜਦੋਂ ਗਾਰਗੀ ਨੇ ਫਰਿਜ ਵੇਚਿਆ, ਉਦੋਂ ਤੀਕ ਅਮਰੀਕ ਗਿੱਲ, ਗਾਰਗੀ ਕੋਲ ਰਹਿਣ ਲੱਗ ਪਿਆ ਸੀ।

ਮੁਫਲਿਸੀ ਦਾ ਤਾਂ ਇਹ ਹਾਲ ਸੀ ਕਿ ਇਕ ਦਿਨ ਮੈਂ ਤੇ ਪ੍ਰੋ. ਸੁਤਿੰਦਰ ਨੂਰ ਉਸ ਪਾਸੇ ਗਏ ਹੋਏ ਸਾਂ। ਸੋਚਿਆ, ਗਾਰਗੀ ਨੂੰ ਹੈਲੋ ਕਰਦੇ ਚੱਲੀਏ। ਅਸੀਂ ਪਹੁੰਚੇ ਤਾਂ ਗਾਰਗੀ ਘਰ ਨਹੀਂ ਸੀ। ਅਮਰੀਕ ਨੇ ਸਾਨੂੰ ਬਿਠਾਇਆ, ਪੱਖਾ ਚਲਾਇਆ। ਅਮਰੀਕ ਨੇ ਗਾਰਗੀ ਦੇ ਘਰੇਲੂ ਕਾਮੇ ਕਿਸ਼ੋਰੀ ਲਾਲ ਨੂੰ 'ਵਾਜ ਮਾਰੀ, "ਕਿਸ਼ੋਰੀ ਲਾਲ...ਸਾਹਬ ਆਏ ਹੈਂ...ਬੜ੍ਹੀਆ ਸਾ ਪਾਨੀ ਲਾਓ!" ਮੇਰਾ ਹਾਸਾ ਨਿਕਲ ਗਿਆ। ਪਾਣੀ ਤਾਂ ਪਾਣੀ ਹੀ ਹੋਣਾ ਸੀ, 'ਬੜ੍ਹੀਆ ਸਾ' ਕੀ ਹੋਇਆ? ਪਰ ਪਿਛੋਂ ਅਹਿਸਾਸ ਹੋਇਆ ਕਿ ਗਰਮੀਆਂ ਦੇ ਦਿਨ, ਘਰ 'ਚ ਫਰਿਜ ਹੈ ਨਹੀਂ! ਇਸ ਤਰ੍ਹਾਂ ਉਹ ਪਾਣੀ 'ਚ ਠੰਢਾਸ ਪਾ ਰਿਹਾ ਸੀ। ਉਸ ਦਿਨ





*'ਸਾਂਝਾ ਚੁੱਲ੍ਹਾ' ਦੇ ਕਲਾਕਾਰਾਂ ਨੂੰ ਨਿਰਦੇਸ਼ਤ ਕਰ ਰਿਹਾ ਬਲਵੰਤ ਗਾਰਗੀ।*

ਅਮਰੀਕ ਵੀ ਜੇਬੋਂ ਤੰਗ ਸੀ। ਫਿਰ ਉਸ ਨੇ ਕਿਸ਼ੋਰੀ ਲਾਲ ਨੂੰ ਕਿਹਾ, "ਜ਼ਰਾ ਬੜ੍ਹੀਆ ਸੀ ਚਾਏ ਬਨਾਓ।" ਅਮਰੀਕ ਇਹ ਕਹਿ ਤਾਂ ਬੈਠਾ ਪਰ ਇਧਰ-ਉਧਰ ਮੂੰਹ ਹੇਠਾਂ ਨੂੰ ਕਰ ਮੁਸਕਰਾਉਣ ਲੱਗ ਪਿਆ ਪਰ ਕਿਸ਼ੋਰੀ ਲਾਲ ਬੁੱਤ ਬਣ ਕੇ ਖੜ੍ਹਾ ਰਿਹਾ। ਮੈਨੂੰ ਅੰਦਾਜ਼ਾ ਹੋ ਗਿਆ ਤੇ ਮੈਂ ਕਿਸ਼ੋਰੀ ਲਾਲ ਨੂੰ ਬਾਹਰ ਬੁਲਾ ਕੇ ਕੁਝ ਪੈਸੇ ਦਿੱਤੇ ਕਿ ਉਹ ਦੁੱਧ-ਖੰਡ-ਪੱਤੀ ਲੈ ਆਵੇ; ਤਾਂ ਕਿਤੇ ਜਾ ਕੇ ਚਾਹ ਬਣੀ ਤੇ ਅਸੀਂ ਚਾਹ ਪੀਂਦਿਆਂ ਬਹੁਤ ਹੱਸੇ।

ਗਾਰਗੀ ਦੇ ਜੀਭੀ ਸੁਆਦ ਵੀ ਅਵੱਲੇ ਸਨ। ਉਹਨੂੰ ਮੁਰਗ-ਮੁਸੱਲਮ ਦੀ ਥਾਂ ਸ਼ੱਕਰ 'ਚ ਗਰਮ ਦੇਸੀ ਘਿਓ ਪਾ ਕੇ ਰੋਟੀ ਖਾਣ 'ਚ ਹੀ ਵੱਖਰਾ ਅਨੰਦ ਮਿਲਦਾ ਸੀ। ਇਕ ਵਾਰੀ ਉਸ ਨੇ ਦੱਸਿਆ ਕਿ ਲੱਸੀ ਦੀ ਥਾਂ ਉਹ ਕੌਫੀ ਪਸੰਦ ਕਰਦਾ ਹੈ, ਕਿਉਂਕਿ 'ਕੌਫੀ ਇੰਟੈਲੈਕਚੁਅਲ ਡਰਿੰਕ ਹੈ!'

ਇਕ ਵਾਰੀ ਕ੍ਰਿਸ਼ਨਜੀਤ ਨੇ ਲਿਖਿਆ ਵੀ ਸੀ ਕਿ ਗਾਰਗੀ ਦੇ ਘਰ ਚਾਹ ਜਾਂ ਕੌਫੀ ਵਾਲੀ ਕੇਤਲੀ ਹਮੇਸ਼ਾ ਉਬਲਦੀ ਰਹਿੰਦੀ ਹੈ। ਦੋਸਤਾਂ ਦੀ ਆਮਦ ਲਈ ਗਾਰਗੀ ਦੇ ਘਰ ਦੇ ਦਰਵਾਜੇ ਸਦਾ ਖੁੱਲ੍ਹੇ ਰਹਿੰਦੇ। ਚਾਹ/ਕੌਫੀ ਅਟੁੱਟ ਵਰਤਦੀ। ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਗਾਰਗੀ ਨੇ ਸਭ ਤੋਂ ਪਹਿਲਾਂ ਆਪਣੀ ਕਲਮ ਅੰਗਰੇਜ਼ੀ 'ਚ ਚਲਾਈ ਸੀ। ਜਦੋਂ ਉਸ ਨੇ ਰਾਬਿੰਦਰ ਨਾਥ ਟੈਗੋਰ ਨੂੰ ਆਪਣੀਆਂ ਲਿਖਤਾਂ ਦਿਖਾਈਆਂ ਤਾਂ ਉਸ ਠਾਕੁਰ ਨੇ ਗਾਰਗੀ ਨੂੰ ਪਹਿਲਾ ਸੁਆਲ ਇਹ ਕੀਤਾ ਸੀ, "ਤੇਰੀ ਮਾਂ-ਬੋਲੀ ਕਿਹੜੀ ਹੈ?" ਜਦੋਂ ਗਾਰਗੀ ਨੇ ਕਿਹਾ, 'ਪੰਜਾਬੀ', ਤਾਂ ਠਾਕੁਰ ਨੇ ਗਾਰਗੀ ਨੂੰ ਸਲਾਹ ਦਿੱਤੀ, "ਤੇਰੀ ਲਿਖਤ ਪੰਜਾਬੀ 'ਚ ਹੀ ਆਪਣਾ ਲੋਹਾ ਮੰਨਵਾਏਗੀ। ਮਾਂ ਬੋਲੀ 'ਚ ਲਿਖ।"

ਠਾਕੁਰ ਦੇ ਕਹੇ ਨੂੰ ਰੱਬੀ ਹੁਕਮ ਮੰਨ ਗਾਰਗੀ ਨੇ ਪੰਜਾਬੀ 'ਚ ਲਿਖਣ ਵੱਲ ਮੋੜਾ ਤਾਂ ਪਾ ਲਿਆ, ਪਰ ਉਸ ਨੂੰ ਗੁਰਮੁਖੀ ਲਿਖਣੀ ਕਦੇ ਵੀ ਨਹੀਂ ਆਈ। ਉਹ ਆਪਣੇ ਹੱਥ ਨਾਲ ਜੋ ਗੁਰਮੁਖੀ ਲਿਖਦਾ ਸੀ, ਉਹ ਲੰਡਿਆਂ ਜਿਹੀ ਹੁੰਦੀ ਸੀ। ਜਦੋਂ ਗਾਰਗੀ ਦੇ ਪਿਤਾ ਦੀ ਬਦਲੀ ਮੁਲਤਾਨ ਵਲ ਹੋ ਗਈ ਤਾਂ ਗਾਰਗੀ ਨੇ ਉਥੇ ਫਾਰਸੀ ਲਿਪੀ 'ਚ ਪੰਜਾਬੀ ਲਿਖਣੀ ਸ਼ੁਰੂ ਕੀਤੀ। ਗਾਰਗੀ ਭਾਵੇਂ ਖੁਦ ਤਾਂ ਬਠਿੰਡੇ ਦਾ ਠੇਠ ਬਾਣੀਆ ਕਹਾਉਣ 'ਚ ਫਖਰ ਮਹਿਸੂਸ ਕਰਦਾ ਸੀ, ਪਰ ਉਸ ਨੂੰ ਗੁਰਮੁਖੀ ਲਿਖਣੀ ਨਾ ਆਉਣੀ ਉਸ ਦੀ ਵੱਡੀ ਕਮੀ ਸੀ; ਪਰ ਕਈ ਵਾਰ ਆਖਾਂ ਕਹਿੰਨੇ ਹਾਂ, ਹਰ ਗੱਲ 'ਚ ਕੋਈ ਨਾ ਕੋਈ ਭਲਾ ਹੁੰਦਾ ਤੇ ਗਾਰਗੀ ਦੇ ਮਾਮਲੇ ਵਿਚ ਇਹ ਵੀ ਕਹਿ ਸਕਦੇ ਹਾਂ ਕਿ ਜੇ ਉਸ ਨੂੰ ਪੰਜਾਬੀ ਲਿਖਣ ਦਾ ਅਭਿਆਸ ਹੁੰਦਾ ਤਾਂ ਕ੍ਰਿਸ਼ਨਜੀਤ ਤੇ ਅਮਰੀਕ ਗਿੱਲ ਜਿਹੇ ਸ਼ਾਗਿਰਦ ਦੋਸਤਾਂ ਦਾ ਨਿੱਘ ਉਹ ਕਦੇ ਵੀ ਨਾ ਮਾਣ ਸਕਦਾ। ਇਹ ਵੀ ਹੋ ਸਕਦਾ ਹੈ ਕਿ ਜਿੰਨੀ ਵਧੀਆ ਤੇ ਠੇਠ ਪੰਜਾਬੀ 'ਚ ਉਹ ਬੋਲ ਜਾਂ ਸੋਚ ਸਕਦਾ ਸੀ, ਉਸ ਦਾ ਉਹ ਦਿਮਾਗ ਤੇ ਵਕਤ ਕਲਮ ਦੀ ਸਿਆਹੀ ਤੰਦਰੁਸਤ ਕਰਨ 'ਚ ਹੀ ਜ਼ਾਇਆ ਹੋ ਜਾਂਦਾ।

ਉਸ ਨੇ ਦਿੱਲੀ ਆਉਣ ਪਿਛੋਂ ਪਹਿਲਾਂ ਕ੍ਰਿਸ਼ਨਜੀਤ ਤੇ ਫਿਰ ਅਮਰੀਕ ਗਿੱਲ ਨੂੰ ਆਪਣੇ ਘਰ ਰਹਿਣ ਦੀ ਪੇਸ਼ਕਸ਼ ਕਰ ਕੇ ਉਨ੍ਹਾਂ ਤੋਂ ਆਪਣੀ ਬੋਲੀ ਹੋਈ ਪੰਜਾਬੀ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਵਾਉਣ ਦੀ ਸਹੂਲਤ ਪ੍ਰਾਪਤ ਕੀਤੀ। ਕ੍ਰਿਸ਼ਨਜੀਤ ਜਦ ਗਾਰਗੀ ਨਾਲ ਜੁੜ ਗਿਆ ਤੇ ਉਸੇ ਦੇ ਘਰ ਹੀ ਰਹਿਣ ਲੱਗ ਪਿਆ ਤਾਂ ਗਾਰਗੀ ਜਿੰਨੀ ਮਰਜ਼ੀ ਸਪੀਡ 'ਚ ਬੋਲਦਾ, ਉਹ ਗਾਰਗੀ ਦੇ ਲਫਜ਼ਾਂ ਨੂੰ ਹੂਬਹੂ ਆਪਣੇ ਪੈੱਨ ਰਾਹੀਂ ਕਾਗਜ਼ 'ਤੇ ਅਟੇਰ ਲੈਂਦਾ। ਗਾਰਗੀ ਦੀ ਸੋਚ ਜਾਂ ਲਿਖਵਾਉਣ ਦਾ ਕੋਈ ਵੇਲਾ ਵੀ ਨਹੀਂ ਸੀ। ਕਦੇ ਉਹ ਕ੍ਰਿਸ਼ਨਜੀਤ ਨੂੰ ਅੱਧੀ ਰਾਤੇ ਉਠਾ ਲੈਂਦਾ ਤੇ ਕਦੇ ਰੋਟੀ ਖਾਂਦਿਆਂ ਹੀ ਉਸ ਨੂੰ ਕਹਿੰਦਾ, ਆਪਣਾ ਪੈੱਨ ਤੇ ਕਾਗਜ਼ ਲਿਆ। ਗਾਰਗੀ ਰੋਟੀ ਖਾਂਦਾ ਰਹਿੰਦਾ ਤੇ ਨਾਲ-ਨਾਲ ਡਿਕਟੇਟ ਕਰਦਾ ਰਹਿੰਦਾ। ਕ੍ਰਿਸ਼ਨਜੀਤ ਦੀ ਗਾਰਗੀ ਨਾਲ ਸਾਂਝ ਬਣਨ 'ਤੇ ਗਾਰਗੀ ਨੂੰ ਬਹੁਤ ਸਹੂਲਤ ਹੋ ਗਈ ਤੇ ਉਹ ਲਗਾਤਾਰ ਗੁਰਮੁਖੀ ਵਿਚ ਲਿਖਣ ਲੱਗ ਪਿਆ। ਗਾਰਗੀ ਨੇ ਉਦੋਂ ਹੀ ਸਭ ਤੋਂ ਵਧ ਲਿਖਿਆ, ਕਿਉਂਕਿ ਕ੍ਰਿਸ਼ਨਜੀਤ ਗਾਰਗੀ ਦਾ ਸਿਰਫ ਸਟੈਨੋ ਨਹੀਂ ਸੀ, ਸਗੋਂ ਸੱਚਾ ਤੇ ਵਧੀਆ ਦੋਸਤ ਵੀ ਸੀ।

ਜਦੋਂ ਕ੍ਰਿਸ਼ਨਜੀਤ ਕੈਨੇਡਾ ਚਲਾ ਗਿਆ ਤਾਂ ਕੁਝ ਸਮੇਂ ਪਿਛੋਂ ਕ੍ਰਿਸ਼ਨਜੀਤ ਦੀ ਥਾਂ ਅਮਰੀਕ ਗਿੱਲ ਨੇ ਲੈ ਲਈ। ਅਮਰੀਕ ਉਦੋਂ ਨੈਸ਼ਨਲ ਸਕੂਲ ਆਫ ਡਰਾਮਾ ਵਿਚ ਪੜ੍ਹਨ ਦਿੱਲੀ ਆਇਆ ਸੀ। ਹੋਸਟਲ 'ਚ ਰਹਿਣ ਦੀ ਥਾਂ ਅਮਰੀਕ ਨੂੰ ਗਾਰਗੀ ਦਾ ਘਰ ਵੱਧ ਮੁਨਾਸਿਬ ਸੀ। ਗਾਰਗੀ ਥਿਏਟਰ ਦਾ ਵਿਦਵਾਨ ਸੀ ਤੇ ਅਮਰੀਕ ਵਿਦਿਆਰਥੀ। ਅਮਰੀਕ ਨੂੰ ਗਾਰਗੀ ਕੋਲੋਂ ਬਹੁਤ ਕੁਝ ਸਿੱਖਣ ਨੂੰ ਮਿਲ ਸਕਦਾ ਸੀ। ਗਾਰਗੀ ਨੂੰ ਇਸ ਤਰ੍ਹਾਂ ਦੋ ਫਾਇਦੇ ਸਨ। ਉਸ ਨੂੰ ਇੱਕ ਤਾਂ ਗੁਰਮੁਖੀ ਲਿਖਣ ਲਈ ਸਹਾਇਕ ਮਿਲ ਗਿਆ ਤੇ ਦੂਜਾ ਉਸ ਦੇ ਇਕੱਲ 'ਚ ਗੱਲਾਂ ਕਰਨ ਲਈ ਸਾਥ ਵੀ। ਸੋ ਦੋਹਾਂ ਦੀ ਗਿੱਟ-ਮਿਟ ਹੋ ਗਈ।





***ਸਾਲ 2017 ਵਿਚ ਬਲਵੰਤ ਗਾਰਗੀ ਦੀ ਯਾਦ ਵਿਚ ਜਾਰੀ ਡਾਕ ਟਿਕਟ।***

ਮੈਂ ਪਹਿਲੋਂ ਤਾਰਾ ਸਿੰਘ ਦੇ ਨਾਲ ਹੀ ਗਾਰਗੀ ਨੂੰ ਮਿਲਣ ਜਾਂਦਾ ਹੁੰਦਾ ਸੀ। ਫਿਰ ਮੈਂ 1971 ਵਿਚ ਚਾਰ ਸਾਲ ਲਈ ਦਿੱਲੀ ਛੱਡ ਜਲੰਧਰ, ਚੰਡੀਗੜ੍ਹ ਤੇ ਫਿਰ ਬੰਬਈ ਰਹਿਣ ਪਿਛੋਂ ਦਿੱਲੀ ਵਾਪਸ ਆਇਆ ਤਾਂ ਆਪਣੀ ਪ੍ਰਕਾਸ਼ਨ ਕੰਪਨੀ ਸ਼ੁਰੂ ਕਰ ਲਈ। ਜਲਦੀ ਹੀ ਮੇਰੇ ਪੁਰਾਣੇ ਰਿਸ਼ਤੇ ਸੁਰਜੀਤ ਹੋਣ ਲੱਗੇ। ਹੋਰ ਬਹੁਤ ਸਾਰੇ ਨਵੇਂ ਦੋਸਤ ਵੀ ਬਣ ਗਏ, ਜਿਨ੍ਹਾਂ ਵਿਚ ਪੰਜਾਬੀ ਤੋਂ ਬਿਨਾ ਅੰਗਰੇਜ਼ੀ ਤੇ ਹਿੰਦੀ ਦੇ ਲੇਖਕ, ਪੱਤਰਕਾਰ, ਰੰਗਾਂ ਦੇ ਧਨੀ-ਕਲਾਕਾਰ, ਬੁੱਤਘਾੜੇ, ਸਟੇਜੀ ਤੇ ਸੰਗੀਤ ਦੀ ਦੁਨੀਆਂ ਦੇ ਬਾਸ਼ਿੰਦੇ ਸ਼ਾਮਲ ਸਨ। ਇਸ ਲਿਸਟ ਵਿਚ ਪੱਤਰਕਾਰ ਤੇ ਸ਼ਾਇਰ ਸੁਰੇਸ਼ ਕੋਹਲੀ ਵੀ ਸ਼ਾਮਿਲ ਸੀ, ਜਿਸ ਨੇ ਇੱਕ ਵਾਰੀ ਮੇਰੇ ਨਾਲ ਜ਼ਿਕਰ ਵੀ ਕੀਤਾ ਕਿ ਗਾਰਗੀ ਦੇ ਪੁੱਤਰ ਮਨੂ ਨੂੰ ਦੇਵ ਆਨੰਦ ਨਾਲ ਮਿਲਾਉਣ ਵਿਚ ਉਸ ਦਾ ਖਾਸਾ ਹੱਥ ਸੀ, ਪਰ ਇਹ ਸੱਚ ਹੈ ਜਾਂ ਨਹੀਂ, ਇਸ ਬਾਰੇ ਮੈਂ ਯਕੀਨ ਨਾਲ ਨਹੀਂ ਕਹਿ ਸਕਦਾ ਹਾਂ, ਦੇਵ ਆਨੰਦ ਦੀ ਯੰਗ ਹੀਰੋ ਦੀ ਤਲਾਸ਼ ਬਾਰੇ ਸੁਰੇਸ਼ ਮੈਨੂੰ ਪਹਿਲਾਂ ਵੀ ਕਈ ਵਾਰੀ ਕਹਿ ਚੁਕਾ ਸੀ ਅਤੇ ਦੇਵ ਆਨੰਦ ਤੇ ਸੁਰੇਸ਼ ਦੇ ਕਾਫੀ ਗੂੜ੍ਹੇ ਮਿੱਤਰ ਵੀ ਸਨ। ਸੋ ਗਾਰਗੀ ਨਾਲ ਵੀ ਮੇਰਾ ਰਿਸ਼ਤਾ ਥੋੜ੍ਹਾ-ਬਹੁਤ ਹੀ ਸੁਰਜੀਤ ਹੋਇਆ, ਪਰ ਜਦੋਂ ਉਸ ਨੇ 'ਨੇਕਡ ਟਰਾਈਐਂਗਲ' (ਪੰਜਾਬੀ ਵਿਚ 'ਨੰਗੀ ਧੁੱਪ') ਨਾਂ ਦਾ ਅੰਗਰੇਜ਼ੀ 'ਚ ਨਾਵਲ ਲਿਖਿਆ, ਉਦੋਂ ਸਾਡੇ ਰਿਸ਼ਤੇ ਕੁਝ ਵਧੇਰੇ ਹੀ ਨੇੜਲੇ ਹੁੰਦੇ ਗਏ। ਮੇਰੀ ਇੱਛਾ ਸੀ ਕਿ ਇਹ ਨਾਵਲ ਮੈਂ ਪ੍ਰਕਾਸ਼ਿਤ ਕਰਾਂ, ਪਰ ਗਲਪ-ਪ੍ਰਕਾਸ਼ਨ ਮੇਰੀ ਲਾਈਨ ਨਹੀਂ ਸੀ। ਇਸ ਕਰਕੇ ਇਹ ਨਾਵਲ ਮੇਰੇ ਦੋਸਤ ਨਰਿੰਦਰ ਕੁਮਾਰ (ਵਿਕਾਸ ਪਬਲਿਸ਼ਿੰਗ ਹਾਊਸ) ਨੇ ਪ੍ਰਕਾਸ਼ਿਤ ਕੀਤਾ। ਨਰਿੰਦਰ ਦੀ ਖੂਬੀ ਸੀ ਕਿ ਉਹ ਮੁਨਾਸਿਬ ਵਿਵਾਦ ਪੈਦਾ ਕਰ ਲੈਂਦਾ ਸੀ, ਜਿਸ ਨਾਲ ਪਾਠਕ ਦੀ ਦਿਲਚਸਪੀ ਪੜ੍ਹਨ ਵਾਸਤੇ ਵਧਦੀ ਹੈ, ਪਰ ਮੇਰੀ ਲਾਈਨ ਵਿਚ ਸਿਰਫ ਗੰਭੀਰ ਬਹਿਸ ਹੋ ਸਕਦੀ ਸੀ ਤੇ ਹੋਈਆਂ ਵੀ।

ਮੇਰੀ ਇਹ ਧਾਰਨਾ ਵੀ ਰਹੀ ਹੈ ਕਿ ਕੋਈ ਵੀ ਪੁਸਤਕ ਹਮੇਸ਼ਾ ਉਸ ਪ੍ਰਕਾਸ਼ਨ-ਘਰ ਤੋਂ ਹੀ ਪ੍ਰਕਾਸ਼ਿਤ ਹੋਣੀ ਚਾਹੀਦੀ ਹੈ, ਜਿਸ ਵਿਚ ਵਿਸ਼ਾ ਤੇ ਲਾਈਨ ਆਪਸ ਵਿਚ ਮੇਲ ਖਾਂਦੇ ਹੋਣ, ਵਰਨਾ ਕਿਤਾਬ ਨਿਰਜਿੰਦ ਹੋ ਜਾਂਦੀ ਹੈ ਤੇ ਪ੍ਰਕਾਸ਼ਕ ਤੇ ਲੇਖਕ-ਦੋਵੇਂ ਘਾਟੇ ਵਿਚ ਰਹਿੰਦੇ ਹਨ।

ਉਂਜ ਗਾਰਗੀ ਨਾਲ ਅਕਸਰ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ। ਕਦੇ ਕਿਸੇ ਪਾਰਟੀ ਵਿਚ, ਕਦੇ ਕਿਸੇ ਸਾਹਿਤਕ ਇਕੱਠ ਵਿਚ। ਭਾਪਾ ਪ੍ਰੀਤਮ ਸਿੰਘ ਦੇ ਫਾਰਮ ਹਾਉਸ 'ਤੇ ਸਜਦੀ 'ਧੁੱਪ ਦੀ ਮਹਿਫਿਲ' ਵਿਚ। ਜਦੋਂ ਅਮਰੀਕ ਗਿੱਲ ਗਾਰਗੀ ਦੇ ਘਰ ਆ ਚੁਕਾ ਸੀ, ਉਦੋਂ ਫਿਰ ਮੇਰਾ ਗਾਰਗੀ ਦੇ ਘਰ ਆਉਣਾ-ਜਾਣਾ ਵਧ ਗਿਆ। ਚੰਡੀਗੜ੍ਹ ਤੋਂ 'ਪੈਟਰੀਅਟ' ਅਖਬਾਰ ਦਾ ਬਿਓਰੋ ਚੀਫ ਸ਼ੌਕੀਨ ਸਿੰਘ ਜਦੋਂ ਦਿੱਲੀ ਆਉਂਦਾ ਤਾਂ ਸਾਡੀ ਚੌਕੜੀ ਖੂਬ ਜੰਮਦੀ। ਕਦੇ ਅਸੀਂ ਸ਼ੌਕੀਨ ਦੇ ਪੰਜਾਬ ਭਵਨ ਵਾਲੇ ਕਮਰੇ 'ਚ ਬੈਠ ਗੱਪਾਂ ਮਾਰਨੀਆਂ ਤੇ ਕਦੇ ਮੇਰੇ ਘਰ। ਕਦੇ-ਕਦੇ ਅਸੀਂ ਅਮਰੀਕ ਨਾਲ ਗਾਰਗੀ ਦੇ ਘਰ ਇਕੱਠੇ ਹੋ ਜਾਂਦੇ। ਪ੍ਰੋ. ਨੂਰ ਵੀ ਹਮੇਸ਼ਾ ਮੇਰੇ ਨਾਲ-ਨਾਲ ਹੀ ਹੁੰਦਾ।

ਗਾਰਗੀ ਦੇ ਮਨੁੱਖੀ ਦੇਹ ਛੱਡਣ ਤੋਂ ਕਰੀਬ ਦੋ ਕੁ ਸਾਲ ਪਹਿਲਾਂ ਦਿੱਲੀ ਦੀ ਪੰਜਾਬੀ ਸਾਹਿਤ ਸਭਾ ਨੇ ਗਾਰਗੀ ਨੂੰ ਫੈਲੋਸ਼ਿਪ ਦੇਣ ਦਾ ਫੈਸਲਾ ਕੀਤਾ ਤਾਂ ਇਸ ਰਸਮ ਨੂੰ ਨੇਪਰੇ ਚਾੜ੍ਹਨ ਲਈ ਦਿੱਲੀ ਤੋਂ ਭਾਪਾ ਪ੍ਰੀਤਮ ਸਿੰਘ ਅਤੇ ਕਹਾਣੀਕਾਰ ਗੁਲਜ਼ਾਰ ਸੰਧੂ ਮੁੰਬਈ ਗਏ। ਗੁਲਜ਼ਾਰ ਨੇ ਕਿਹਾ ਕਿ ਜੇ ਮੈਂ ਵੀ ਇਸ ਮੌਕੇ ਪਹੁੰਚ ਸਕਾਂ ਤਾਂ ਪਹੁੰਚਾਂ। ਮੁੰਬਈ ਦੇ ਵਰਸੋਵਾ ਇਲਾਕੇ ਵਿਚ ਛੇਵੀਂ ਮੰਜ਼ਿਲ 'ਤੇ ਗਾਰਗੀ ਦੇ ਪੁੱਤਰ ਮਨੂ ਗਾਰਗੀ ਦਾ ਘਰ। ਫਿਲਮਸਾਜ਼ ਤੇ ਸ਼ਾਇਰ ਗੁਲਜ਼ਾਰ ਨੇ ਇਹ ਰਸਮ ਅਦਾ ਕੀਤੀ। ਕਿਸੇ ਜ਼ਮਾਨੇ 'ਚ 'ਚੇਤਨਾ' ਮੈਗਜ਼ੀਨ ਦੀ ਆਮਦ ਨਾਲ ਤੇ ਮਗਰੋਂ ਸਮਾਰਟ ਕਾਰਡ ਤੇ ਹੋਰ ਕਾਢਾਂ 'ਚ ਪਹਿਲ ਕਰਨ ਵਾਲਾ ਮੇਰਾ ਦੋਸਤ ਐਸ. ਸਵਰਨ, ਗਾਰਗੀ ਦੇ ਵਿਦਿਆਰਥੀ ਅਮਰੀਕ ਗਿੱਲ (ਫਿਲਮ-ਲੇਖਕ ਤੇ ਐਕਟਰ), ਗਿਰਿਜਾ ਸ਼ੰਕਰ (ਮਹਾਭਾਰਤ ਦਾ ਧ੍ਰਿਤਰਾਸ਼ਟਰ) ਤੋਂ ਇਲਾਵਾ ਗਾਰਗੀ ਦੇ ਹੋਰ ਵੀ ਕੁਝ ਵਿਦਿਆਰਥੀ ਹਾਜ਼ਰ ਸਨ। ਕੁਝ ਦੋਸਤ ਵੀ ਸਨ, ਜਿਨ੍ਹਾਂ 'ਚ ਬਲਜੀਤ ਵੀ ਸ਼ਾਮਿਲ ਸੀ। ਉਦੋਂ ਗਾਰਗੀ ਤੋਂ ਬੋਲ ਨਹੀਂ ਸੀ ਹੋ ਰਿਹਾ, ਪਰ ਸਾਨੂੰ ਸਾਰੇ ਦੋਸਤਾਂ ਤੇ ਆਪਣੇ ਵਿਦਿਆਰਥੀਆਂ ਨੂੰ ਦੇਖ ਕੇ ਉਹ ਅੰਤਾਂ ਦਾ ਖੁਸ਼ ਸੀ। ਗਾਰਗੀ ਨਾਲ ਉਸ ਦੇ ਜੀਵਤ-ਸਰੀਰ ਹੁੰਦਿਆਂ ਇਹ ਮੇਰੀ ਆਖਰੀ ਮੁਲਾਕਾਤ ਸੀ।

---

ਆਖਰੀ ਮੁਲਾਕਾਤ ਵਾਂਗ ਗਾਰਗੀ ਨਾਲ ਮੇਰੀ ਪਹਿਲੀ ਮੁਲਾਕਾਤ ਵੀ ਦਿਲਚਸਪ ਵਾਕਿਆ ਹੋ ਗੁਜ਼ਰੀ। ਮੈਂ ਪਿੰਡੋਂ ਦਿੱਲੀ ਪਹੁੰਚ ਗਿਆਨੀ ਜ਼ੈਲ ਸਿੰਘ ਦੀ ਮਾਇਕ ਸਰਪ੍ਰਸਤੀ ਨਾਲ ਚਲਦੇ ਅਖਬਾਰ 'ਰੋਜ਼ਾਨਾ ਖਾਲਸਾ ਸੇਵਕ' ਵਿਚ ਤਾਰਾ ਸਿੰਘ ਦੀ ਸੰਪਾਦਕੀ ਹੇਠ ਸਹਾਇਕ ਦੀ ਨੌਕਰੀ ਸ਼ੁਰੂ ਕੀਤੀ ਹੀ ਸੀ। ਉਨ੍ਹੀਂ ਦਿਨੀਂ ਪੱਤਰਕਾਰਾਂ ਦੀ ਬਹੁਤ ਇੱਜਤ ਹੁੰਦੀ ਸੀ। ਪੱਤਰਕਾਰ ਨੂੰ ਪੱਕੀ ਸਿਆਹੀ ਨਾਲ ਸੱਚ ਲਿਖਣ ਵਾਲਾ ਮੰਨਿਆ ਜਾਂਦਾ ਸੀ। ਵਿਦੇਸ਼ੀ ਸਫਾਰਤਖਾਨੇ ਆਪੋ-ਆਪਣੇ ਦੇਸ਼ਾਂ ਦੀ ਸਭਿਆਚਾਰਕ ਤੇ ਆਰਥਕ ਤਰੱਕੀ ਤੋਂ ਜਾਣੂ ਕਰਵਾਉਣ ਲਈ ਅਖਬਾਰਾਂ ਦੇ ਪੱਤਰਕਾਰਾਂ ਨੂੰ ਚਾਹ-ਦਾਰੂ ਪਾਰਟੀਆਂ ਵਿਚ ਬੁਲਾਉਂਦੇ ਹੀ ਰਹਿੰਦੇ। 'ਖਾਲਸਾ ਸੇਵਕ' ਵਿਚ ਵੀ ਕੋਈ ਨਾ ਕੋਈ ਸੱਦਾ-ਪੱਤਰ ਆਇਆ ਹੀ ਰਹਿੰਦਾ, ਕਿਉਂਕਿ ਦਿੱਲੀ ਵਿਚੋਂ ਪੰਜਾਬੀ 'ਚ ਪ੍ਰਕਾਸ਼ਿਤ ਹੋਣ ਵਾਲਾ ਇਹ ਇਕੋ-ਇਕ ਅਖਬਾਰ ਸੀ। ਤਾਰਾ ਸਿੰਘ ਆਪ ਵੀ ਅਜਿਹੀਆਂ ਪਾਰਟੀਆਂ 'ਚ ਜਾਂਦਾ, ਪਰ ਕਦੇ ਕਦੇ ਮੈਨੂੰ ਵੀ ਨਾਲ ਲੈ ਜਾਂਦਾ ਤੇ ਕਦੇ-ਕਦੇ ਇਕੱਲਾ ਵੀ ਭੇਜ ਦਿੰਦਾ।

ਉਸ ਦਿਨ ਅਸੀਂ ਦੋਵੇਂ ਹੀ ਇਸੇ ਤਰ੍ਹਾਂ ਦੀ ਇਕ ਪਾਰਟੀ ਤੋਂ ਮੁੜੇ ਸਾਂ। ਦੀਵਾਲੀ ਦਾ ਦਿਨ ਸੀ। ਤਾਰਾ ਸਿੰਘ ਮੈਨੂੰ ਕਰੋਲ ਬਾਗ ਵਿਚਲੇ ਹਰਧਿਆਨ ਸਿੰਘ ਰੋਡ 'ਤੇ ਆਪਣੇ ਘਰ ਲੈ ਗਿਆ। ਉਦੋਂ ਉਹ ਇਕੋ ਕਮਰੇ ਦੇ ਘਰ ਵਿਚ ਰਹਿੰਦਾ ਸੀ, ਵਿਚੇ ਸਟੋਵ 'ਤੇ ਰੋਟੀ ਪੱਕਦੀ ਸੀ। ਅਸੀਂ ਤਾਰਾ ਸਿੰਘ ਦੇ ਮੰਜੇ 'ਤੇ ਬੈਠ ਗਏ। ਰੋਟੀ ਪੱਕਦੀ ਸੀ। ਉਤੋਂ ਬਲਵੰਤ ਗਾਰਗੀ ਕੋਟ-ਸ਼ੋਟ ਪਾ ਕੇ ਆ ਗਿਆ। ਗਾਰਗੀ ਤਾਰਾ ਸਿੰਘ ਦਾ ਗੂੜ੍ਹਾ ਮਿੱਤਰ ਸੀ। ਉਸ ਨੇ ਕੋਈ ਅਮਰੀਕਨ ਮਿਸਾਲ ਦਿੱਤੀ, ਜਿਸ ਵਿਚ ਇਕ ਥਾਂ ਦਾ ਜ਼ਿਕਰ ਕਰਦਿਆਂ ਕਹਿੰਦਾ ਕਿ ਉਥੇ ਕੋਈ ਚੁੰਬਕੀ ਸ਼ਕਤੀ ਰਹਿੰਦੀ ਸੀ, ਤੇ ਜੋ ਵੀ ਮਾਨਵ ਉਸ ਇਲਾਕੇ ਵਿਚ ਜਾਂਦਾ, ਉਹ ਉਸ ਸ਼ਕਤੀ ਵੱਲ ਖਿੱਚਿਆ ਆਉਂਦਾ। ਤੇ ਤਾਰਾ ਸਿੰਹਾਂ, ਤੂੰ ਵੀ ਉਸ ਚੁੰਬਕੀ ਸ਼ਕਤੀ ਤੋਂ ਘੱਟ ਨਹੀਂ। ਗਾਰਗੀ ਇਸ ਪਾਸੇ ਕਿਧਰੇ ਵੀ ਆਇਆ ਹੋਵੇ, ਤੇਰੀ ਚੁੰਬਕ ਮੈਨੂੰ ਤੇਰੇ ਕੋਲ ਖਿੱਚ ਹੀ ਲਿਆਉਂਦੀ ਹੈ।

***(ਬਾਕੀ ਅਗਲੇ ਸਫੇ 'ਤੇ)***

# ਆਨੇ-ਦੁਆਨੀਆਂ ਵਾਲਾ ਦੌਰ

***ਭਾਰਤ ਅੰਦਰ ਅੰਤਾਂ ਦੀ ਮਹਿੰਗਾਈ ਨੇ ਹੁਣ ਤਾਂ ਭਾਵੇਂ ਸੌ ਦਾ ਨੋਟ ਵੀ ਛੋਟਾ ਪਾ ਦਿੱਤਾ ਹੈ ਪਰ ਕੋਈ ਜ਼ਮਾਨਾ ਸੀ ਜਦੋਂ ਮਸਲਾ ਪੈਸਿਆਂ-ਟਕਿਆਂ ਤਕ ਸੀਮਤ ਸੀ। ਖਰੀਦੋ-ਫਰੋਖਤ ਵੀ ਉਦੋਂ ਸੀਮਤ ਹੀ ਹੁੰਦੀ ਸੀ। ਜੰਗਪਾਲ ਸਿੰਘ ਨੇ ਸਿੱਕਿਆਂ ਦੇ ਪੁਰਾਣੇ ਦੌਰ ਤੋਂ ਲੈ ਕੇ ਹੁਣ ਤਕ ਦੀ ਪੈੜ ਬਹੁਤ ਸੋਹਣੀ ਤਰ੍ਹਾਂ ਨੱਪੀ। ਇਹ ਰਚਨਾ ਇਕ ਤਰ੍ਹਾਂ ਨਾਲ ਸਿੱਕਿਆਂ ਦਾ ਇਤਿਹਾਸ ਹੀ ਹੋ ਨਿਬੜੀ ਹੈ। -ਸੰਪਾਦਕ***

ਸਭਿਅਕ ਮਨੁੱਖ ਨੂੰ ਮੁੱਢ ਤੋਂ ਹੀ ਵਸਤੂਆਂ ਦੇ ਦੇਣ-ਲੈਣ ਦੀ ਜ਼ਰੂਰਤ ਰਹੀ ਹੈ, ਭਾਵ ਕਿਸੇ ਸ਼ਖਸ ਨੂੰ ਇਕ ਚੀਜ਼ ਦੇ ਕੇ ਉਸ ਬਦਲੇ ਜ਼ਰੂਰਤ ਦੀ ਕੋਈ ਹੋਰ ਵਸਤ ਲੈ ਲੈਣੀ। ਕਾਫੀ ਦੇਰ ਇਹ ਵਸਤ ਵਟਾਂਦਰਾ ਚੱਲਦਾ ਰਿਹਾ। ਹੌਲੀ-ਹੌਲੀ ਧਾਤਾਂ ਬਦਲੇ ਵਸਤਾਂ ਦਾ ਦੇਣ-ਲੈਣ ਹੋਣ ਲੱਗਾ। ਫਿਰ ਮਨੁੱਖ ਨੂੰ ਕਿਸੇ ਅਜਿਹੀ ਸ਼ੈਅ ਦੀ ਲੋੜ ਮਹਿਸੂਸ ਹੋਈ ਜਿਸ ਦੇ ਬਦਲੇ ਜਦੋਂ ਤੇ ਜਿਥੇ ਮਰਜ਼ੀ ਵਸਤ ਪ੍ਰਾਪਤ ਕੀਤੀ ਜਾ ਸਕੇ, ਜਾਂ ਫਿਰ ਕੋਈ ਵਸਤ ਵੇਚ ਕੇ ਉਹ ਸ਼ੈਅ ਪ੍ਰਾਪਤ ਕਰ ਕੇ ਸੰਭਾਲ ਕੇ ਆਪਣੇ ਪਾਸ ਰੱਖ ਸਕੇ ਤੇ ਮਰਜ਼ੀ ਨਾਲ ਉਸ ਦੀ ਵਰਤੋਂ ਕਰ ਸਕੇ। ਇਹ ਸ਼ੈਅ ਸਿੱਕੇ ਦੇ ਰੂਪ ਵਿਚ ਸਾਹਮਣੇ ਆਈ।

ਹਰ ਹੁਕਮਰਾਨ ਨੇ ਆਪੋ-ਆਪਣੇ ਦੌਰ ਵਿਚ ਆਪਣੀ ਮਰਜ਼ੀ ਦੇ ਸਿੱਕੇ ਜਾਰੀ ਕੀਤੇ। ਸ਼ੁਰੂ-ਸ਼ੁਰੂ ਵਿਚ ਧਾਤ ਦੇ ਸਿੱਕੇ ਮਾਹਿਰ ਕਾਰੀਗਰਾਂ ਵਲੋਂ ਹੱਥਾਂ ਨਾਲ ਤਿਆਰ ਕੀਤੇ ਜਾਂਦੇ ਸਨ, ਪਰ ਸਮੇਂ ਦੇ ਬੀਤਣ ਨਾਲ ਇਹ ਸਿੱਕੇ ਮਸ਼ੀਨਾਂ ਨਾਲ ਤਿਆਰ ਹੋਣ ਲੱਗੇ। ਉਸ ਸਮੇਂ ਮਨੁੱਖ ਦੀਆਂ

**ਜੰਗਪਾਲ ਸਿੰਘ**

ਲੋੜਾਂ ਸੀਮਤ ਸਨ ਅਤੇ ਵਸਤੂਆਂ ਦੇ ਭਾਅ ਵੀ ਘੱਟ ਸਨ। ਸੋ, ਸਿੱਕੇ ਹੀ ਖਰੀਦੋ-ਫਰੋਖਤ ਦੀ ਲੋੜ ਪੂਰੀ ਕਰ ਦਿੰਦੇ ਸਨ। ਜਿਉਂ-ਜਿਉਂ ਸਮਾਂ ਬੀਤਦਾ ਗਿਆ, ਲੋੜਾਂ ਵਧਦੀਆਂ ਗਈਆਂ ਤੇ ਇਹ ਭਾਰੀ ਸਿੱਕੇ ਇਕ ਤੋਂ ਦੂਜੀ ਥਾਂ ਲਿਜਾਣੇ ਮੁਸ਼ਕਿਲ ਹੁੰਦੇ ਗਏ। ਇਸ ਮੁਸ਼ਕਿਲ ਦੇ ਹੱਲ ਵਜੋਂ ਕਰੰਸੀ ਨੋਟ ਸਾਹਮਣੇ ਆਏ। ਵੱਖ-ਵੱਖ ਦੇਸ਼ਾਂ ਵਿਚ ਕਰੰਸੀ ਨੂੰ ਵੱਖ-ਵੱਖ ਨਾਮ ਦਿੱਤੇ ਗਏ। ਕਿਤੇ ਰੁਪਈਆ, ਕਿਤੇ ਟਕਾ, ਕਿਤੇ ਦੀਨਾਰ, ਕਿਤੇ ਡਾਲਰ, ਕਿਤੇ ਪੌਂਡ ਆਦਿ।

ਭਾਰਤ ਵਿਚ ਅੰਗਰੇਜ਼ਾਂ ਵਲੋਂ ਜਾਰੀ ਸਿੱਕਿਆਂ 'ਚ ਸਭ ਤੋਂ ਛੋਟੀ ਇਕਾਈ ਪੈਸਾ ਸੀ। ਦੋ ਪੈਸਿਆਂ ਦਾ ਟਕਾ (ਜਾਂ ਫਿਰ ਅਧਿਆਨੀ ਜਾਂ ਅੱਧਾ ਆਨਾ), ਚਾਰ ਪੈਸਿਆਂ ਦਾ ਆਨਾ। ਅੱਠ ਪੈਸਿਆਂ, ਭਾਵ ਦੋ ਆਨਿਆਂ ਦੀ ਦੁਆਨੀ। ਸੋਲਾਂ ਪੈਸੇ ਜਾਂ ਚਾਰ ਆਨਿਆਂ ਦੀ ਚੁਆਨੀ। ਬੱਤੀ ਪੈਸੇ, ਭਾਵ ਅੱਠ ਆਨਿਆਂ ਦੀ ਅਠਿਆਨੀ ਤੇ ਚੌਹਟ ਪੈਸਿਆਂ, ਭਾਵ ਸੋਲਾਂ ਆਨਿਆਂ ਦਾ ਇਕ ਰੁਪਿਆ। ਉਂਜ, ਪੈਸਾ ਵੀ ਅੱਗੇ ਚਾਰ ਦਮੜਿਆਂ ਜਾਂ ਤਿੰਨ ਪਾਈਆਂ ਜਾਂ ਫਿਰ ਦੋ ਧੇਲਿਆਂ ਵਿਚ ਵੰਡਿਆ ਹੁੰਦਾ ਸੀ। ਦਮੜਾ ਜਾਂ ਦਮੜੀ ਤੇ ਪਾਈ ਤਾਂ ਸੌ ਸਾਲ ਤੋਂ ਵੀ ਪਹਿਲਾਂ ਹੀ ਚੱਲਣੀ ਬੰਦ ਹੋ ਗਈ ਸੀ, ਪਰ ਧੇਲਾ ਅੰਗਰੇਜ਼ਾਂ ਦੇ ਜਾਣ ਤੋਂ ਵੀ ਕੁਝ ਚਿਰ ਬਾਅਦ ਤਕ ਚੱਲਦਾ ਰਿਹਾ।

ਇਨ੍ਹਾਂ ਸਿੱਕਿਆਂ ਦੇ ਇਕ ਪਾਸੇ ਬਰਤਾਨੀਆ ਦੇ ਤਤਕਾਲੀ ਸਮਰਾਟ ਦੀ ਤਸਵੀਰ ਹੁੰਦੀ ਸੀ ਤੇ ਦੂਜੇ ਪਾਸੇ ਇਸ ਸਿੱਕੇ ਦੀ ਕੀਮਤ (ਪੈਸਾ, ਆਨਾ ਆਦਿ) ਅਤੇ ਜਾਰੀ ਹੋਣ ਦਾ ਸਾਲ ਉਕਰਿਆ ਹੁੰਦਾ ਸੀ। ਸਿੱਕਿਆਂ ਦੇ ਸਮੂਹ ਨੂੰ ਭਾਨ ਕਿਹਾ ਜਾਂਦਾ ਹੈ। ਗੋਲ ਆਕਾਰ ਦੇ ਤਾਂਬੇ ਦੇ ਬਣੇ ਹੋਏ ਤਿੰਨ ਪ੍ਰਕਾਰ ਦੇ ਪੈਸੇ ਪ੍ਰਚੱਲਤ ਰਹੇ ਹਨ। ਇਕ ਉਹ ਪੈਸਾ, ਜਿਸ ਦੇ ਵਿਚਕਾਰ ਮੋਰੀ ਹੁੰਦੀ ਸੀ। ਇਸ ਨੂੰ ਮੋਰੀ ਵਾਲਾ ਪੈਸਾ ਜਾਂ ਮੁੰਦਰੀ ਪੈਸਾ ਕਿਹਾ ਜਾਂਦਾ ਸੀ। ਦੂਜਾ ਇਸੇ ਆਕਾਰ ਦਾ ਬਗੈਰ ਮੋਰੀ ਤੋਂ ਹੁੰਦਾ ਸੀ ਜਿਸ ਦੇ ਇਕ ਪਾਸੇ ਘੋੜੇ ਦੀ ਫੋਟੋ ਬਣੀ ਹੁੰਦੀ ਸੀ, ਇਸ ਨੂੰ ਘੋੜੇ ਵਾਲਾ ਪੈਸਾ ਕਿਹਾ ਜਾਂਦਾ ਸੀ। ਤੀਜਾ, ਇਨ੍ਹਾਂ ਦੋਵਾਂ ਪੈਸਿਆਂ ਤੋਂ ਵੱਡੇ ਆਕਾਰ ਦਾ, ਲਗਪਗ ਦੂਣਾ। ਸੋ, ਇਸ ਨੂੰ ਡਬਲ ਪੈਸਾ ਜਾਂ ਡਬਲੀ ਪੈਸਾ ਕਹਿੰਦੇ ਸਨ। ਦੋ ਪੈਸੇ ਜਾਂ ਟਕੇ ਦਾ ਸਿੱਕਾ ਚੌਰਸ ਆਕਾਰ ਦਾ ਪਿੱਤਲ ਜਾਂ ਸਫੈਦ ਮਿਸ਼ਰਤ ਧਾਤ ਦਾ ਬਣਿਆ ਹੁੰਦਾ ਸੀ। ਆਨੇ ਦਾ ਸਿੱਕਾ ਸਫੈਦ ਮਿਸ਼ਰਤ ਧਾਤ ਦਾ ਗੋਲ ਆਕਾਰ ਦਾ ਹੁੰਦਾ ਸੀ ਜਿਸ ਦੇ ਬਾਹਰਵਾਰ ਗੋਲਾਈਦਾਰ ਕਟਾਅ ਬਣੇ ਹੁੰਦੇ ਸਨ। ਇਸੇ ਤਰ੍ਹਾਂ ਦੁਆਨੀ ਪਿੱਤਲ ਜਾਂ ਮਿਸ਼ਰਤ ਧਾਤ ਦੀ ਬਣੀ ਹੁੰਦੀ ਸੀ ਜਿਸ ਦਾ ਆਕਾਰ ਚੌਰਸ, ਪਰ ਟਕੇ ਤੋਂ ਵੱਡਾ ਹੁੰਦਾ ਸੀ। ਚੁਆਨੀ ਤੇ ਅਠਿਆਨੀ ਗੋਲ ਆਕਾਰ ਦੀਆਂ ਸਫੈਦ ਮਿਸ਼ਰਤ ਧਾਤ ਦੀਆਂ ਬਣੀਆਂ ਹੁੰਦੀਆਂ ਸਨ, ਪਰ ਅਠਿਆਨੀ ਦਾ ਆਕਾਰ ਤਕਰੀਬਨ ਦੁੱਗਣਾ ਹੁੰਦਾ ਸੀ। ਰੁਪਏ ਦਾ ਆਕਾਰ ਸਭ ਸਿੱਕਿਆਂ ਤੋਂ ਵੱਡਾ ਹੁੰਦਾ ਸੀ ਤੇ ਇਹ ਗੋਲ ਆਕਾਰ ਦਾ ਚਾਂਦੀ ਦਾ ਬਣਿਆ ਹੁੰਦਾ ਸੀ। ਅੰਗਰੇਜ਼ਾਂ ਵਲੋਂ ਭਾਵੇਂ 1861 ਵਿਚ ਕਰੰਸੀ ਨੋਟ ਛਾਪਣੇ ਆਰੰਭ ਕੀਤੇ ਗਏ ਸਨ ਤੇ ਇਹ ਨੋਟ ਇਕ, ਦੋ, ਪੰਜ, ਦਸ ਤੇ ਸੌ ਰੁਪਏ ਕੀਮਤ ਦੇ ਹੁੰਦੇ ਸਨ, ਪਰ ਇਕ ਰੁਪਏ ਦੇ ਸਿੱਕਾ ਦਾ ਹੀ ਬਹੁਤਾ ਰੁਝਾਨ ਸੀ। ਲੋੜ ਮੁਤਾਬਿਕ ਲੋਕ ਆਪਣੇ ਖੀਸੇ ਵਿਚ ਭਾਨ ਪਾ ਕੇ ਰੱਖਦੇ ਸਨ।

ਆਨੇ-ਦੁਆਨੀਆਂ ਦੇ ਦੌਰ ਵਿਚ ਕੀਮਤਾਂ ਵਿਚ ਠਹਿਰਾਅ ਸੀ ਅਤੇ ਕਰੰਸੀ ਨੋਟ ਦੀ ਵਰਤੋਂ ਘੱਟ ਹੀ ਹੁੰਦੀ ਸੀ। ਆਨੇ-ਦੁਆਨੀ ਨਾਲ ਹੀ ਆਮ ਕੰਮ ਚੱਲ ਜਾਂਦਾ ਸੀ। ਮਿਸਾਲ ਵਜੋਂ ਚਾਹ ਦਾ ਇਕ ਕੱਪ ਆਜ਼ਾਦੀ ਤੋਂ ਕੁਝ ਸਾਲ ਬਾਅਦ ਵੀ ਦੋ ਆਨੇ 'ਤੇ ਹੀ ਟਿਕਿਆ ਰਿਹਾ। ਇਕ ਆਨੇ ਦਾ ਕੇਲਾ ਆ ਜਾਂਦਾ ਸੀ ਤੇ ਅੱਧ ਪਾ (ਦੋ ਛਟਾਂਕ) ਭੁੱਜੀ ਹੋਈ ਮੂੰਗਫਲੀ ਦੀ ਕੀਮਤ ਵੀ ਇਕ ਆਨਾ



*1836 ਅਤੇ 1839 ਵਿਚ ਜਾਰੀ ਆਨਿਆਂ ਦੀ ਝਲਕ।*

ਹੀ ਹੁੰਦੀ ਸੀ। ਅਕਸਰ ਇਕ ਸਟੇਸ਼ਨ ਤੋਂ ਕਿਸੇ ਨੇੜਲੇ ਸਟੇਸ਼ਨ ਦਾ ਕਿਰਾਇਆ ਵੀ ਦੋ-ਢਾਈ ਆਨੇ ਹੀ ਹੁੰਦਾ ਸੀ। ਅਕਸਰ ਰੇਲ ਦੀਆਂ ਟਿਕਟਾਂ ਵੇਚਣ ਵਾਲੇ ਬਾਬੂ ਕੋਲ ਸੇਰਾਂ ਦੇ ਹਿਸਾਬ ਭਾਨ ਇਕੱਠੀ ਹੋ ਜਾਂਦੀ ਸੀ। ਉਨੀਵੀਂ ਸਦੀ ਵਿਚ ਪੋਸਟਕਾਰਡ ਦਾ ਮੁੱਲ ਲੰਮਾ ਸਮਾਂ ਇਕ ਟਕਾ ਤੇ ਫਿਰ ਆਜ਼ਾਦੀ ਤੋਂ ਕਈ ਸਾਲ ਬਾਅਦ ਤਕ ਤਿੰਨ ਪੈਸੇ ਰਿਹਾ। ਬੱਚਿਆਂ ਲਈ ਪਹਿਲੀ ਜਮਾਤ ਦਾ ਕਾਇਦਾ 'ਬਾਲ ਉਪਦੇਸ਼' ਸੀ। ਇਸ ਦੀ ਕੀਮਤ ਵੀ ਇਕ ਆਨਾ ਹੀ ਸੀ। ਛੋਟੇ ਬੱਚਿਆਂ ਨੂੰ ਵਰਚਾਉਣ ਲਈ ਇਕ ਪੈਸਾ ਹੀ ਦਿੱਤਾ ਜਾਂਦਾ ਸੀ। ਆਨਾ ਤਾਂ ਕਿਸੇ ਵਿਰਲੇ ਸਰਦੇ-ਪੁੱਜਦੇ ਘਰ ਦੇ ਬੱਚਿਆਂ ਨੂੰ ਹੀ ਮਿਲਦਾ ਸੀ। ਵਿਆਹ-ਸ਼ਾਦੀ ਸਮੇਂ ਸ਼ਗਨ ਵਿਚ ਵੀ ਰੁਪਈਆ ਜਾਂ ਸਵਾ ਰੁਪਈਆ ਹੀ ਦਿੱਤਾ ਜਾਂਦਾ ਸੀ। ਕੀਰਤਨ ਜਾਂ ਢਾਡੀਆਂ ਨੂੰ ਜੇ ਕੋਈ ਇਕ ਰੁਪਈਆ ਦਿੰਦਾ ਤਾਂ ਰਾਗੀ-ਢਾਡੀ ਅਕਸਰ ਹੀ ਕਹਿੰਦੇ ਸਨ ਕਿ ਫਲਾਣੇ ਸਿੰਘ ਸਵਾ ਲੱਖ ਦਮੜਾ ਅਰਦਾਸ ਕਰਵਾਉਂਦੇ ਹਨ।

ਅੰਗਰੇਜ਼ਾਂ ਦੇ ਸਮੇਂ ਦੇਸ਼ ਦੀ ਮੁੱਖ ਸਿਆਸੀ ਪਾਰਟੀ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਫੀਸ ਚਾਰ ਆਨੇ ਸੀ। ਆਨੇ-ਦੁਆਨੀਆਂ ਦੇ ਇਸ ਦੌਰ ਵਿਚ ਇਨ੍ਹਾਂ ਸਿੱਕਿਆਂ ਨਾਲ ਸਬੰਧਿਤ ਕਈ ਮੁਹਾਵਰੇ ਤੇ ਅਖਾਣ ਪ੍ਰਚੱਲਤ ਹੋ ਗਏ ਸਨ; ਜਿਵੇਂ ਜੇ ਕੋਈ ਬੰਦਾ ਸੱਚੀ ਤੇ ਸਪਸ਼ਟ ਗੱਲ ਕਰਦਾ ਤਾਂ ਉਸ ਬਾਰੇ ਕਿਹਾ ਜਾਂਦਾ ਸੀ- 'ਫਲਾਣਾ ਤਾਂ ਸੋਲਾਂ ਆਨੇ ਸਹੀ ਗੱਲ ਕਰਦਾ ਹੈ'। ਜੇ ਕਿਸੇ ਨੇ ਆਪਣੀ ਕਮਜ਼ੋਰ ਮਾਲੀ ਹਾਲਤ ਬਿਆਨ ਕਰਨੀ ਹੁੰਦੀ ਤਾਂ ਕਹਿਣਾ 'ਮੇਰੇ ਕੋਲ ਕਿਹੜਾ ਟੇਸ਼ਨ ਦੀ ਭਾਨ ਆਉਂਦੀ ਹੈ'। ਇਹ ਕਹਾਵਤਾਂ ਵੀ ਬਣੀਆਂ:

ਪੱਲੇ ਨ੍ਹੀਂ ਧੇਲਾ ਤੇ ਕਰਦੀ ਮੇਲਾ ਮੇਲਾ।

---

ਧੇਲੇ ਦੀ ਬੁੜ੍ਹੀ ਤੇ ਟਕਾ ਸਿਰ ਮੁਨਾਈ।

ਹਥਲੀ ਬੁਝਾਰਤ ਵੀ ਰੁਪਏ ਪੈਸੇ ਤੇ ਹੋਰ ਸਿੱਕਿਆਂ ਨੂੰ ਹੀ ਮੂਰਤੀਮਾਨ ਕਰਦੀ ਹੈ:

ਤਲੀ ਤੇ ਟਕੇਦਿਆਂ ਵੇ ਤੂੰ ਖੇਹਨੂੰ ਸੈ,
ਨਾਮ ਤੇਰਾ ਸਫੈਦਾ ਵੇ ਤੂੰ ਮੱਖਣ ਸੈ,
ਦੋ ਤੇਰੀਆਂ ਗੋਪੀਆਂ ਵੇ ਤੂੰ ਕਾਹਨ ਸੈ,
ਚਾਰ ਤੇਰੇ ਸਨ ਪਾਵੇ ਵੇ ਤੂੰ ਪਲੰਘ ਸੈ
ਅੱਠ ਤੇਰੀਆਂ ਨੂੰਹਾਂ ਵੇ ਤੂੰ ਸਹੁਰਾ ਸੈ,
ਸੋਲਾਂ ਤੇਰੇ ਚੇਲੇ ਵੇ ਤੂੰ ਸਾਧ ਸੈ
ਫਿਰ ਲਸ਼ਕਰ ਧੂੰਮਾ-ਧੂੰਮ
ਕਿ ਤੂੰ ਬਾਦਸ਼ਾਹ ਸੈ।

ਅੰਗਰੇਜ਼ਾਂ ਸਮੇਂ ਕਾਂਗਰਸੀਆਂ ਵਲੋਂ ਇਹ ਨਾਅਰਾ ਆਮ ਹੀ ਲਾਇਆ ਜਾਂਦਾ ਸੀ:

ਇਕ ਰੁਪੱਈਆ ਚਾਂਦੀ ਦਾ
ਤੇ ਰਾਜ ਮਹਾਤਮਾ ਗਾਂਧੀ ਦਾ।


ਪੁਰਾਣੀਆਂ ਫਿਲਮਾਂ ਦੇ ਗੀਤਾਂ ਵਿਚ ਵੀ ਆਨੇ-ਦੁਆਨੀ ਤੇ ਹੋਰ ਸਿੱਕਿਆਂ ਦਾ ਜ਼ਿਕਰ ਆਉਂਦਾ ਰਿਹਾ ਹੈ। ਆਜ਼ਾਦੀ ਤੋਂ ਦਸ ਸਾਲ ਬਾਅਦ ਤਕ ਆਨੇ-ਦੁਆਨੀਆਂ ਸਮੇਤ ਸਾਰੇ ਸਿੱਕੇ ਚੱਲਦੇ ਰਹੇ। ਫਰਕ ਸਿਰਫ ਇਹ ਪਿਆ ਕਿ ਇਨ੍ਹਾਂ ਉਪਰ ਬਰਤਾਨੀਆ ਦੇ ਸਮਰਾਟ ਦੀ ਮੂਰਤ ਦੀ ਥਾਂ ਸ਼ੇਰ ਜਾਂ ਘੋੜੇ ਦੀ ਮੂਰਤੀ ਛਾਪੀ ਜਾਣ ਲੱਗੀ। ਡਬਲੀ ਪੈਸੇ ਤੇ ਚਾਂਦੀ ਦੇ ਰੁਪਏ ਦਾ ਨਿਰਮਾਣ ਬੰਦ ਕਰ ਦਿੱਤਾ ਗਿਆ। ਪਹਿਲੀ ਅਪਰੈਲ 1957 ਨੂੰ ਸਰਕਾਰ ਵਲੋਂ ਮੀਟਰਿਕ ਪ੍ਰਣਾਲੀ ਤਹਿਤ ਨਵੇਂ ਸਿੱਕੇ ਜਾਰੀ ਕੀਤੇ ਗਏ। ਹੁਣ ਇਕ ਰੁਪਏ ਵਿਚ 64 ਪੈਸਿਆਂ ਦੀ ਬਜਾਏ ਸੌ ਪੈਸੇ ਹੋ ਗਏ। ਰੁਪਏ ਤੋਂ ਛੋਟੇ ਤੋਂ ਛੋਟੇ ਸਿੱਕਿਆਂ 'ਚ ਇਕ ਪੈਸਾ, ਦੋ ਪੈਸੇ, ਪੰਜ ਪੈਸੇ, ਦਸ ਪੈਸੇ, ਪੱਚੀ ਅਤੇ ਪੰਜਾਹ ਪੈਸੇ ਦੇ ਸਿੱਕੇ ਜਾਰੀ ਕੀਤੇ ਗਏ। ਨਵਾਂ ਪੈਸਾ ਤਾਂਬੇ ਦਾ ਗੋਲ ਆਕਾਰ ਦਾ ਹੁੰਦਾ ਸੀ ਜਿਸ ਦੇ ਇਕ ਪਾਸੇ ਤ੍ਰੈਮੂਰਤੀ ਉਕਰੀ ਹੁੰਦੀ ਸੀ ਤੇ ਦੂਜੇ ਪਾਸੇ 1 ਉਕਰਿਆ ਹੁੰਦਾ ਸੀ ਜਿਸ ਦੁਆਲੇ ਲਿਖਿਆ ਹੁੰਦਾ ਸੀ 'ਰੁਪਏ ਕਾ ਸੌਵਾਂ ਭਾਗ'। ਦੋ ਪੈਸੇ ਦੇ ਸਿੱਕੇ ਨੂੰ ਦੁੱਕੀ ਤੇ ਪੰਜ ਪੈਸੇ ਦੇ ਸਿੱਕੇ ਨੂੰ ਪੰਜੀ ਕਿਹਾ ਜਾਂਦਾ ਸੀ। ਦੋਵੇਂ ਮਿਸ਼ਰਤ ਧਾਤ ਦੇ ਚੌਕੋਰ ਆਕਾਰ ਦੇ ਹੁੰਦੇ ਸਨ। ਉਨ੍ਹਾਂ ਉਪਰ ਵੀ ਉਵੇਂ ਹੀ 'ਰੁਪਏ ਕਾ ਪਚਾਸਵਾਂ ਭਾਗ ਅਤੇ ਰੁਪਏ ਕਾ ਬੀਸਵਾਂ ਭਾਗ' ਲਿਖਿਆ ਹੁੰਦਾ ਸੀ। ਦਸ ਪੈਸੇ ਦੇ ਸਿੱਕੇ ਨੂੰ ਦਸੀ ਕਿਹਾ ਜਾਂਦਾ ਸੀ। ਇਹ ਪਿੱਤਲ ਜਾਂ ਬਾਅਦ ਵਿਚ ਮਿਸ਼ਰਤ ਧਾਤ ਦੇ ਬਣੇ ਹੋਏ ਗੋਲ ਆਕਾਰ ਦੇ ਬਾਹਰਲੇ ਪਾਸੇ ਗੁਲਾਈ ਵਿਚ ਹੀ ਕਟਾਅ ਬਣੇ ਹੁੰਦੇ ਸਨ। ਇਸ 'ਤੇ 'ਰੁਪਏ ਕਾ ਦਸਵਾਂ ਭਾਗ' ਲਿਖਿਆ ਹੁੰਦਾ ਸੀ। ਇਸੇ ਤਰ੍ਹਾਂ 25 ਪੈਸੇ ਤੇ 50 ਪੈਸੇ ਦੇ ਸਿੱਕਿਆਂ ਉਪਰ 'ਰੁਪਏ ਕਾ ਚੌਥਾ ਭਾਗ', 'ਰੁਪਏ ਕਾ ਆਧਾ ਭਾਗ' ਲਿਖਿਆ ਹੁੰਦਾ। ਇਹ ਸਿੱਕੇ ਵੀ ਆਨੇ-ਦੁਆਨੀਆਂ ਵਾਂਗ ਕਾਫੀ ਨਿੱਗਰ ਸਨ। ਕਈ ਸਾਲ ਤਾਂ ਪੁਰਾਣੇ ਤੇ ਨਵੇਂ ਸਿੱਕੇ ਦੋਵੇਂ ਚੱਲਦੇ ਰਹੇ। ਸ਼ੁਰੂ ਵਿਚ ਅਨਪੜ੍ਹ ਲੋਕਾਂ ਨੂੰ ਪੁਰਾਣੇ ਤੇ ਨਵੇਂ ਸਿੱਕਿਆਂ ਦੇ ਵਟਾਂਦਰੇ 'ਚ ਕਾਫੀ ਦਿੱਕਤਾਂ ਪੇਸ਼ ਆਈਆਂ, ਪਰ ਹੌਲੀ-ਹੌਲੀ ਲੋਕ ਨਵੇਂ ਪੈਸਿਆਂ ਦੇ ਆਦੀ ਹੋ ਗਏ। ਇਨ੍ਹਾਂ ਸਿੱਕਿਆਂ ਨਾਲੋਂ ਨਵਾਂ ਸ਼ਬਦ ਹਟਾ ਦਿੱਤਾ ਗਿਆ।

ਨਵੇਂ ਤੇ ਪੁਰਾਣੇ ਪੈਸਿਆਂ ਦੇ ਚੱਲਣ ਸਮੇਂ ਇੱਕ ਪੰਜਾਬੀ ਫਿਲਮ ਦਾ ਐਸ. ਬਲਬੀਰ ਦਾ ਗਾਇਆ ਗੀਤ ਲੰਮਾ ਸਮਾਂ ਲੋਕਾਂ ਦੀ ਜ਼ੁਬਾਨ 'ਤੇ ਰਿਹਾ:

ਮੱਝ ਗਾਂ ਵਾਲਿਆ ਓ ਵੱਡੇ ਨਾਂ ਵਾਲਿਆ,
ਬਾਰਾਂ ਪੈਸੇ ਨਵੇਂ-ਨਵੇਂ ਯਾ ਦੁਆਨੀ ਮੈਨੂੰ ਦੇਹ।

ਸੱਠਵਿਆਂ ਵਿਚ ਹੀ ਤਿੰਨ ਪੈਸੇ ਅਤੇ ਵੀਹ ਪੈਸੇ ਦਾ ਸਿੱਕਾ ਜਾਰੀ ਕੀਤਾ ਗਿਆ। ਪੰਜਾਹ ਰੁਪਏ ਅਤੇ ਵੀਹ ਰੁਪਏ ਦੇ ਕਰੰਸੀ ਨੋਟ ਵੀ ਲਗਪਗ ਇਸੇ ਸਮੇਂ ਆਏ। ਉਧਰ ਮਹਿੰਗਾਈ ਛੜੱਪੇ ਮਾਰਨ ਲੱਗ ਪਈ ਸੀ ਤੇ ਪੈਸੇ ਦੋ ਪੈਸੇ ਦੀ ਕੋਈ ਵੁੱਕਤ ਨਹੀਂ ਸੀ ਰਹੀ। ਸੱਤਰਵਿਆਂ ਦੇ ਸ਼ੁਰੂ ਵਿਚ ਕਈ ਲੋਕਾਂ ਨੇ ਸਿੱਕੇ ਢਾਲ ਕੇ ਇਸ ਦੀ ਧਾਤ ਹੋਰ ਕੰਮਾਂ ਲਈ ਵਰਤ ਲਈ ਕਿਉਂਕਿ ਧਾਤ ਦੀ ਕੀਮਤ ਸਿੱਕੇ ਦੀ ਅਸਲ ਕੀਮਤ ਤੋਂ ਕਿਤੇ ਵੱਧ ਹੋ ਗਈ ਸੀ। ਨਤੀਜਾ ਇਹ ਹੋਇਆ ਕਿ ਬਾਜ਼ਾਰ ਵਿਚ ਭਾਨ ਦੀ ਕਮੀ ਮਹਿਸੂਸ ਹੋਣ ਲੱਗੀ।

ਫਿਰ ਸਰਕਾਰ ਨੇ ਹਲਕੇ ਵਜ਼ਨ ਦੇ ਸਿੱਕੇ ਜਾਰੀ ਕੀਤੇ ਜੋ ਫੂਕ ਮਾਰਿਆਂ ਉਡਦੇ ਸਨ। ਰੁਪਏ ਦੇ ਸਿੱਕੇ ਦਾ ਆਕਾਰ ਛੋਟਾ ਕਰ ਦਿੱਤਾ ਗਿਆ। ਮਹਿੰਗਾਈ ਕਾਰਨ ਪਹਿਲਾਂ ਇਕ ਪੈਸਾ, ਫਿਰ ਦੋ ਪੈਸੇ, ਤਿੱਕੀ, ਪੰਜੀ ਤੇ ਦਸੀ ਦਾ ਚਲਨ ਬੰਦ ਕਰ ਦਿੱਤਾ। ਕੁਝ ਕੁ ਸਾਲ ਪਹਿਲਾਂ ਚੁਆਨੀ ਤੇ ਅਠਿਆਨੀ ਦੇ ਸਿੱਕੇ ਵੀ ਬਾਜ਼ਾਰ ਵਿਚੋਂ ਬਾਹਰ ਕਰ ਦਿੱਤੇ ਗਏ। ਸਰਕਾਰ ਨੇ ਇਕ, ਦੋ ਅਤੇ ਪੰਜ ਰੁਪਏ ਦੇ ਨੋਟ ਛਾਪਣੇ ਬੰਦ ਕਰ ਦਿੱਤੇ ਹਨ ਤੇ ਇਨ੍ਹਾਂ ਦੀ ਥਾਂ ਸਿੱਕੇ ਆ ਗਏ ਹਨ। ਦਸ ਰੁਪਏ ਦਾ ਵੀ ਸਿੱਕਾ ਜਾਰੀ ਕਰ ਦਿੱਤਾ ਹੈ। ਹੁਣ ਲੱਗਦਾ ਹੈ, ਜਿਵੇਂ ਦਸ ਰੁਪਏ ਦਾ ਕਰੰਸੀ ਨੋਟ ਵੀ ਥੋੜ੍ਹੇ ਸਮੇਂ ਦਾ ਹੀ ਪ੍ਰਾਹੁਣਾ ਹੋਵੇ। ਦੇਖਦੇ ਹਾਂ ਮਹਿੰਗਾਈ ਕਿਹੜੇ ਹੋਰ ਸਿੱਕਿਆਂ ਨੂੰ ਆਨੇ-ਦੁਆਨੀਆਂ ਵਾਂਗ ਬੀਤੇ ਸਮੇਂ ਦੀ ਦਾਸਤਾਨ ਬਣਾਉਂਦੀ ਹੈ।


*ਪੈਸਿਆਂ ਦੀ ਭਾਨ ਜੋ ਅੱਜ ਕੱਲ੍ਹ ਚੱਲਦੀ ਹੀ ਨਹੀਂ।*

## ਸਾਂਝੇ ਚੁੱਲ੍ਹੇ ਵਾਲਾ ਗਾਰਗੀ

*(ਪਿਛਲੇ ਸਫੇ ਦੀ ਬਾਕੀ)*

ਗਾਰਗੀ ਵੀ ਉਸੇ ਮੰਜੇ ਦੀ ਪੁਆਂਦ ਵਲ ਬਹਿ ਗਿਆ। ਸਭ ਨੇ ਰੋਟੀ ਖਾਧੀ। ਜਦੋਂ ਗਾਰਗੀ ਤੁਰਨ ਲੱਗਾ ਤਾਂ ਤਾਰਾ ਸਿੰਘ ਮੈਨੂੰ ਕਹਿੰਦਾ ਕਿ ਗਾਰਗੀ ਕੋਲ ਟੈਕਸੀ ਹੈ, ਤੂੰ ਉਸੇ ਪਾਸੇ ਜਾਣਾ, ਇਹ ਤੈਨੂੰ ਰਾਹ ਵਿਚ ਛੱਡ ਦੇਵੇਗਾ। ਗਾਰਗੀ ਨੇ ਖੁਸ਼ੀ-ਖੁਸ਼ੀ ਮੈਨੂੰ ਇਹ ਸੋਚਦਿਆਂ ਨਾਲ ਬਿਠਾ ਲਿਆ ਕਿ ਤਾਰਾ ਸਿੰਘ ਦਾ ਦੋਸਤ ਹੈ, ਪਤਾ ਨਹੀਂ ਕਿੰਨਾ ਵੱਡਾ ਲੇਖਕ ਹੋਵੇਗਾ? ਰਾਹ ਵਿਚ ਗੱਲਬਾਤ ਕਰਦਿਆਂ ਮੈਨੂੰ ਗਾਰਗੀ ਪੁੱਛਣ ਲੱਗਾ ਕਿ ਮੈਂ ਵੀ ਲੇਖਕ ਹਾਂ? ਪਰ ਮੇਰੀ ਅਭੋਲਤਾ ਦੀ ਇੰਤਹਾ ਇਹ ਸੀ ਕਿ ਮੇਰੇ ਮੂੰਹੋਂ ਨਿਕਲ ਗਿਆ, "ਹਾਂ ਜੀ, ਮੇਰੀ ਇਕ ਕਵਿਤਾ 'ਖਾਲਸਾ ਸੇਵਕ' ਵਿਚ ਛਪੀ ਹੈ।" ਗਾਰਗੀ ਮੇਰੇ ਮੂੰਹ ਵਲ ਦੇਖੇ, ਜਿਵੇਂ ਇਹ ਸੋਚ ਰਿਹਾ ਹੋਵੇ ਕਿ ਇਹਨੂੰ ਟੈਕਸੀ 'ਚੋਂ ਬਾਹਰ ਕਦੋਂ ਸੁੱਟਾਂ?

ਇਹ ਗੱਲ ਗਾਰਗੀ ਨੇ ਚੰਗੀ ਦੋਸਤੀ ਹੋਣ ਪਿਛੋਂ ਮੈਨੂੰ ਬਹੁਤ ਬਾਅਦ ਵਿਚ ਦੱਸੀ ਕਿ ਉਸ ਦਿਨ ਵਾਕਈ ਉਸ ਮੈਨੂੰ ਬਾਹਰ ਸੁੱਟ ਦੇਣਾ ਸੀ, ਪਰ ਉਹ ਮੇਰੀ ਅਭੋਲਤਾ ਤੇ ਸੱਚਾਈ ਦਾ ਕਾਇਲ ਹੋ ਗਿਆ ਅਤੇ ਮੇਰੇ ਨਾਲ ਦੋਸਤੀ ਕਰ ਲਈ, ਜੋ ਉਸ ਦੀ ਮੌਤ ਤੀਕ ਨਾਲ ਚੱਲੀ।

22 ਅਪਰੈਲ 2003 ਨੂੰ ਮੁੰਬਈ ਤੋਂ ਅਮਰੀਕ ਗਿੱਲ ਦਾ ਫੋਨ ਆਇਆ, "ਗਾਰਗੀ ਨਹੀਂ ਰਹੇ। ਮ੍ਰਿਤਕ ਸਰੀਰ ਦਿੱਲੀ ਲਿਆ ਰਹੇ ਹਾਂ। ਦੋਸਤਾਂ ਨੂੰ ਇਤਲਾਹ ਦੇ ਦੇਹ। ਲੋਧੀ ਅਸਟੇਟ 'ਚ ਬਣੇ ਕਰੈਟੋਰੀਅਮ ਵਿਖੇ ਅੰਤਿਮ ਸੰਸਕਾਰ ਹੋਣਾ ਹੈ।" ਜਿਥੇ-ਜਿਥੇ ਮੈਂ ਦੱਸ ਸਕਦਾ ਸੀ, ਦੱਸਿਆ। ਦੁਪਹਿਰ ਬਾਅਦ ਮੈਂ ਆਪਣੀ ਪਤਨੀ ਜਸਬੀਰ ਅਟਵਾਲ ਤੇ ਪ੍ਰੋ. ਸੁਤਿੰਦਰ ਸਿੰਘ ਨੂਰ ਨੂੰ ਲੈ ਕੇ ਉਥੇ ਪਹੁੰਚ ਗਿਆ। ਗਾਰਗੀ ਦਾ ਸਰੀਰ ਪਹੁੰਚ ਚੁਕਾ ਸੀ। ਅੰਦਰ ਪਰਦੇ ਵਿਚ ਅੰਤਿਮ ਇਸ਼ਨਾਨ ਕਰਵਾਉਣ ਦੀ ਤਿਆਰੀ ਸੀ। ਪਹੁੰਚਦਿਆਂ ਹੀ ਮੇਰੀ ਸਭ ਤੋਂ ਪਹਿਲੀ ਨਜ਼ਰ ਉਥੇ ਉਦਾਸ ਤੇ ਚੁੱਪ ਬੈਠੇ ਗਾਰਗੀ ਦੇ ਵਿਦਿਆਰਥੀ ਅਨੁਪਮ ਖੇਰ 'ਤੇ ਪਈ, ਜੋ ਗਾਰਗੀ ਦੇ ਸਰੀਰ ਨਾਲ ਹੀ ਮੁੰਬਈ ਤੋਂ ਆਇਆ ਸੀ। ਅੰਦਰ ਸਰੀਰ ਕੋਲ ਮਨੂ, ਅਮਰੀਕ ਗਿੱਲ ਤੇ ਸ਼ਾਇਦ ਇਕ-ਦੋ ਲੋਕ ਹੋਰ ਖੜ੍ਹੇ ਸਨ। ਗਾਰਗੀ ਦੀ ਬੇਟੀ ਜੰਨਤ ਵੀ ਸੀ ਜਾਂ ਨਹੀਂ, ਹੁਣ ਚੇਤਾ ਨਹੀਂ, ਪਰ ਉਹ ਅਮਰੀਕਾ ਤੋਂ ਮੁੰਬਈ ਆਈ ਹੋਈ ਸੀ। ਸਰੀਰ ਨੂੰ ਅੰਤਿਮ ਇਸ਼ਨਾਨ ਕਰਵਾਇਆ ਗਿਆ। ਗਾਰਗੀ ਫਿਰ ਲਾੜਾ ਬਣ ਗਿਆ।

ਕੁਝ ਹੀ ਪਲਾਂ ਵਿਚ ਲੋਕਾਂ ਦੀ ਭੀੜ ਉਮ੍ਹੜਨੀ ਸ਼ੁਰੂ ਹੋ ਗਈ। ਲੇਖਕ, ਪੱਤਰਕਾਰ, ਕਲਾਕਾਰ, ਦੋਸਤ। ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ-ਸਭ ਭਾਸ਼ਾਵਾਂ ਦੇ। ਗਾਰਗੀ ਦੇ ਸੀਰੀਅਲ 'ਸਾਂਝਾ ਚੁੱਲ੍ਹਾ' ਵਾਂਗ ਅੱਜ ਸਭ ਨੇ ਸਾਂਝੇ ਦੋਸਤ ਨੂੰ ਆਖਰੀ ਵਿਦਾ ਦੇਣੀ ਸੀ। ਆਖਰੀ ਅਲਵਿਦਾ ਕਹਿਣੀ ਸੀ। ਕੁਝ ਹੀ ਪਲਾਂ 'ਚ ਗਾਰਗੀ ਅੱਗ ਦੀਆਂ ਲਾਟਾਂ ਵਿਚ ਸਭੇ ਤੋਂ ਵਿਦਾ ਹੋ ਗਿਆ। ਪਤਾ ਨਹੀਂ, ਉਹ ਕਿਹੜੀ ਦੁਨੀਆਂ 'ਚ ਤੁਰ ਗਿਆ, ਪਰ ਤੁਰ ਗਿਆ। ਅਸੀਂ ਅਲਵਿਦਾ ਕਹਿ ਉਸ ਦੀ ਅੰਤਿਮ ਇੱਛਾ ਪੂਰੀ ਕਰਨ ਵਿਚ ਰੁੱਝ ਗਏ।

ਮੁੰਬਈ ਤੋਂ ਬਲਜੀਤ ਨੇ ਉਸੇ ਦਿਨ ਦੱਸਿਆ ਸੀ ਕਿ ਜਦ ਗਾਰਗੀ ਦੇ ਸਵਰਗਵਾਸ ਦੀ ਖਬਰ ਸੁਣ ਉਹ ਮਨੂ ਦੇ ਘਰ ਪਹੁੰਚਿਆ ਤਾਂ ਮਨੂ ਅੰਤਿਮ ਸੰਸਕਾਰ ਲਈ ਸਰੀਰ ਨੂੰ ਦਿੱਲੀ ਲਿਜਾਣ ਦੇ ਪ੍ਰਬੰਧ ਕਰ ਰਿਹਾ ਸੀ। ਗਾਰਗੀ ਦਾ ਸਰੀਰ ਜ਼ਮੀਨ 'ਤੇ ਮਖਮਲੀ ਚਾਦਰ 'ਤੇ ਲਿਟਿਆ ਹੋਇਆ ਸੀ। ਮਨੂ ਨੇ ਬਲਜੀਤ ਨੂੰ ਟਾਈਪ ਕੀਤੀ ਪਰਚੀ ਦਿਖਾਈ, ਜਿਸ 'ਤੇ ਗਾਰਗੀ ਨੇ 17 ਸਤੰਬਰ 1977 ਦੀ ਤਾਰੀਖ ਪਾ ਕੇ ਲਿਖਿਆ ਸੀ, 'ਮੇਰੀਆਂ ਅਸਥੀਆਂ ਮੇਰੇ ਜੱਦੀ ਇਲਾਕੇ ਬਠਿੰਡੇ ਪਹੁੰਚਦੀ ਸਰਹਿੰਦ ਨਹਿਰ ਦੇ ਪਾਣੀ ਵਿਚ ਪਰਵਾਹ ਕਰਨਾ, ਜਿਥੇ ਮੈਂ ਆਪਣੇ ਬਚਪਨ ਵਿਚ ਉਥੋਂ ਦੀ ਸੁਨਹਿਰੀ ਮਿੱਟੀ ਨਾਲ ਖੇਡਦਾ ਹੁੰਦਾ ਸੀ।' ਗਾਰਗੀ ਦੀ ਆਖਰੀ ਇੱਛਾ 'ਚ ਇਹ ਵੀ ਸ਼ਾਮਿਲ ਸੀ ਕਿ ਮੇਰੇ ਮਰਨ 'ਤੇ ਕਿਸੇ ਨੇ ਰੋਣਾ ਨਹੀਂ! ਕੋਈ ਰਸਮ ਨਹੀਂ ਕਰਨੀ। ਬੱਸ ਮਿਲਜੁਲ ਕੇ ਵਧੀਆ ਜਸ਼ਨ ਮਨਾਉਣਾ। ਵਧੀਆ ਖਾਣਾ ਖਾਣਾ। ਪਰਿਵਾਰ ਵਾਂਗ। ਸਾਂਝੇ ਚੁੱਲ੍ਹੇ 'ਤੇ ਪਕਾਏ ਖਾਣੇ ਵਾਂਗ।

ਅਸੀਂ ਉਸ ਸ਼ਾਮ ਗਾਰਗੀ ਦੀ ਅੰਤਿਮ ਇੱਛਾ ਪੂਰੀ ਕਰਨ ਲਈ ਵਧੀਆ ਖਾਣਾ ਤੇ ਮਹਿੰਗੀ ਸ਼ਰਾਬ ਖਰੀਦੀ ਤੇ ਰੋਂਦਿਆਂ-ਹੱਸਦਿਆਂ-ਲਤੀਫੇਬਾਜ਼ੀ ਕਰਦਿਆਂ ਸ਼ਾਮ ਤਾਂ ਬਿਤਾ ਦਿੱਤੀ, ਪਰ ਗਾਰਗੀ ਨੂੰ ਆਪਣੇ ਆਪ ਤੋਂ ਦੂਰ ਤੋਰਨ ਦੀ ਥਾਂ ਉਹ ਸਾਡੇ ਢਿੱਡ 'ਚ ਹੋਰ ਵੜ ਗਿਆ।

# ਬਲਰਾਜ ਸਾਹਨੀ ਤੇ ਉਸ ਦੀ ਦਮੋ

***ਫਿਲਮ ਜਗਤ ਵਿਚ ਅਦਾਕਾਰ ਬਲਰਾਜ ਸਾਹਨੀ (ਪਹਿਲੀ ਮਈ 1913-13 ਅਪਰੈਲ 1973) ਦਾ ਮੁਕਾਮ ਬੜਾ ਉਚਾ ਹੈ। 'ਗਰਮ ਹਵਾ', 'ਦੋ ਬੀਘਾ ਜ਼ਮੀਨ' ਜਿਹੀਆਂ ਉਸ ਦੀਆਂ ਫਿਲਮਾਂ ਅੱਜ ਵੀ ਦਰਸ਼ਕਾਂ ਨੂੰ ਓਨੀ ਹੀ ਧੂਹ ਪਾਉਂਦੀਆਂ ਹਨ ਅਤੇ ਸਲਾਹੀਆਂ ਜਾਂਦੀਆਂ ਹਨ। ਉਘੇ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਨੇ ਇਸ ਲੇਖ ਵਿਚ ਬਲਰਾਜ ਸਾਹਨੀ ਦੇ ਨਾਲ ਉਸ ਦੀ ਅਦਾਕਾਰਾ ਪਤਨੀ ਦਮਯੰਤੀ ਨੂੰ ਯਾਦ ਕੀਤਾ ਹੈ ਅਤੇ ਬਤੌਰ ਅਦਕਾਰਾ ਉਸ ਦੀਆਂ ਸੰਭਾਵਨਾਵਾਂ ਬਾਰੇ ਚਰਚਾ ਕੀਤੀ ਹੈ, ਪਰ ਉਸ ਦੀ ਜ਼ਿੰਦਗੀ ਦਾ ਸਫਰ ਬਹੁਤ ਥੋੜ੍ਹਾ ਸੀ। -ਸੰਪਾਦਕ***

ਜੇ ਬਲਰਾਜ ਸਾਹਨੀ ਦੇ ਸੁਭਾਅ ਅਤੇ ਵਤੀਰੇ ਬਾਰੇ ਥੋੜ੍ਹੇ ਸ਼ਬਦਾਂ ਵਿਚ ਜਾਣਨਾ ਚਾਹੋ ਤਾਂ ਕੰਵਲ ਮਲਿਕ (ਖੁਸ਼ਵੰਤ ਸਿੰਘ ਦੀ ਪਤਨੀ) ਦਾ ਲਿਖਿਆ ਇਕ-ਪੈਰਾ ਲੇਖ ਪੜ੍ਹ ਲੈਣਾ ਹੀ ਕਾਫੀ ਹੈ, "ਸਰਦੀਆਂ ਦੇ ਮਹੀਨੇ ਦਾ ਐਤਵਾਰ ਸੀ। ਮੇਰਾ ਬੇਟਾ ਰਾਹੁਲ ਤੇ ਬੇਟੀ ਮਾਲਾ-ਦੋਵੇਂ ਛੋਟੇ ਸਨ। ਬਲਰਾਜ ਦਿੱਲੀ ਆਇਆ ਹੋਇਆ ਸੀ। ਮੈਨੂੰ ਫੋਨ 'ਤੇ ਉਸ ਨੇ ਸਵੇਰੇ ਹੀ ਕਿਹਾ ਕਿ ਉਹ ਸਾਡੇ ਘਰ ਆਏਗਾ ਤੇ ਦੁਪਹਿਰ ਦਾ ਖਾਣਾ ਖਾਏਗਾ। ਰਾਹੁਲ ਤੇ ਮਾਲਾ ਦੇ ਨਾਲ ਨਾਲ ਘਰ ਦੇ ਨੌਕਰਾਂ, ਮਾਲੀਆਂ, ਡਰਾਈਵਰਾਂ ਤੇ ਗੁਆਂਢੀਆਂ ਨੂੰ ਚਾਅ ਚੜ੍ਹ ਗਿਆ, ਮੰਨੇ-ਪ੍ਰਮੰਨੇ ਫਿਲਮ ਸਟਾਰ ਨੂੰ ਦੇਖਣ ਤੇ ਮਿਲਣ ਦਾ। ਗਿਆਰਾਂ ਕੁ ਵਜੇ ਬਲਰਾਜ ਦਾ ਫਿਰ ਟੈਲੀਫੋਨ ਆਇਆ ਕਿ ਉਹ ਜ਼ਰੂਰੀ ਕੰਮ ਕਰਕੇ ਨਹੀਂ ਆ ਸਕੇਗਾ। ਖਿਮਾ ਦਾ ਜਾਚਕ ਸੀ। ਮੈਂ ਬਲਰਾਜ ਨੂੰ ਇੰਨਾ ਹੀ ਕਿਹਾ, 'ਦੁਰ ਫਿਟੇ ਮੂੰਹ ਤੇਰੇ! ਇਥੇ ਮੇਰੇ ਬੱਚੇ, ਨੌਕਰ ਤੇ ਆਂਢ-ਗੁਆਂਢ ਤੈਨੂੰ ਦੇਖਣ ਲਈ ਉਤਾਵਲਾ ਹੋ ਰਿਹਾ ਹੈ ਤੇ ਤੂੰ ਲਾਟ ਸਾਹਿਬ ਹੁਣ ਆ ਨਹੀਂ ਸਕਦਾ।'

ਉਹਨੇ ਇਕ ਵਾਰੀ ਫਿਰ ਮੇਰੇ ਕੋਲੋਂ ਮੁਆਫੀ ਮੰਗੀ ਤੇ ਕਹਿਣ ਲੱਗਾ ਕਿ ਜਲਦੀ ਹੀ ਸਾਡੇ ਘਰ ਪਹੁੰਚ ਜਾਵੇਗਾ। ਪਹੁੰਚ ਕੇ ਡੇਢ-ਦੋ ਘੰਟੇ ਜੋ ਉਸ

**ਗੁਲਜ਼ਾਰ ਸਿੰਘ ਸੰਧੂ**

ਸਾਡੇ ਨਾਲ ਬਿਤਾਏ, ਉਸ ਵਿਚ ਉਹਨੇ ਇਕ-ਇਕ ਬੱਚੇ, ਵੱਡੇ ਤੇ ਬਜ਼ੁਰਗ ਨਾਲ ਇਸ ਤਰ੍ਹਾਂ ਘੁਲ-ਮਿਲ ਗੱਲਾਂ ਕੀਤੀਆਂ, ਜਿਵੇਂ ਸਾਲਾਂ ਤੋਂ ਉਨ੍ਹਾਂ ਨੂੰ ਜਾਣਦਾ ਸੀ।"

ਉਹ ਬਲਰਾਜ ਸਾਹਨੀ, ਜੋ 'ਦੋ ਬੀਘਾ ਜ਼ਮੀਨ', 'ਗਰਮ ਹਵਾ', 'ਵਕਤ', 'ਕਾਬਲੀ ਵਾਲਾ' ਆਦਿ ਫਿਲਮਾਂ ਵਿਚ ਹੀ ਦਿਖਾਈ ਦਿੰਦਾ ਸੀ, ਉਨ੍ਹਾਂ ਦੇ ਐਨ ਸਾਹਮਣੇ ਸੀ। ਉਸ ਦੀ ਅਦਾਕਾਰੀ ਇੰਨੀ ਪਿਆਰੀ ਸੀ ਕਿ ਹਰ ਕੋਈ ਉਸ ਦਾ ਮੁਰੀਦ ਸੀ-ਕਿਰਤੀ, ਕਿਸਾਨ, ਖੇਤ ਮਜ਼ਦੂਰ, ਘਰ ਦਾ ਨੌਕਰ, ਮਾਲੀ ਤੇ ਸੜਕਾਂ ਉਤੇ ਮੁੜ੍ਹਕੋ-ਮੁੜ੍ਹਕੀ ਹੋਇਆ ਰਿਕਸ਼ਾ ਵਾਹਕ। ਉਨ੍ਹਾਂ ਨੇ ਵੇਖਿਆ ਕਿ ਉਹ ਖੁਸ਼ਵੰਤ ਸਿੰਘ ਦੇ ਘਰ ਵਿਚ ਬੈਠਾ ਵੀ ਓਨਾ ਹੀ ਪਿਆਰਾ ਲੱਗਦਾ ਸੀ।

ਕੰਵਲ ਦਾ ਇਹ ਨਿਕਚੂ ਜਿਹਾ ਲੇਖ ਮੇਰੇ ਮਿੱਤਰ ਅਮਰਜੀਤ ਸਿੰਘ ਦੀਪਕ ਦੀ ਪੁਸਤਕ 'ਬਲਰਾਜ ਬਿਨਾ ਹੁਣ ਕਾਹਦੇ ਮੇਲੇ' ਵਿਚੋਂ ਹੈ, ਜੋ ਦੀਪਕ ਨੇ ਬਲਰਾਜ ਦੇ ਦੇਹਾਂਤ ਪਿੱਛੋਂ ਸ਼ਰਧਾਂਜਲੀ ਵਜੋਂ ਛਾਪੀ ਸੀ।

ਬਲਰਾਜ ਸਾਹਨੀ ਨਾਲ ਦੀਪਕ ਦੀ ਮਿੱਤਰਤਾ ਦਾ ਕਿੱਸਾ ਵੀ ਦਿਲਚਸਪ ਹੈ। ਦੀਪਕ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿਚ ਪੜ੍ਹਦਾ ਸੀ ਤਾਂ ਉਸ ਨੇ ਅਚਾਨਕ 'ਪ੍ਰੀਤਲੜੀ' ਵਿਚ ਪੜ੍ਹਿਆ ਕਿ ਬਲਰਾਜ ਪੰਜਾਬੀ ਵਿਚ ਚਿੱਠੀ ਲਿਖਣ ਵਾਲੇ ਨੂੰ ਪੰਜਾਬੀ ਵਿਚ ਉਤਰ ਦਿੰਦਾ ਹੈ। ਉਸ ਨੇ ਪੂਰਾ ਤਾਣ ਲਾ ਕੇ ਲੰਮੀ ਚਿੱਠੀ ਲਿਖੀ। ਬਲਰਾਜ ਦਾ ਉਤਰ ਸਰਲ ਸੀ, 'ਬੜੀ ਕ੍ਰਿਪਾਲਤਾ ਕੀਤੀ ਹੈ। ਮੈਨੂੰ ਏਨੀ ਸੁਹਣੀ ਤਰ੍ਹਾਂ ਯਾਦ ਕੀਤਾ ਜੇ। ਤੁਹਾਨੂੰ ਇਕ ਨਿੱਕਾ ਪੰਜਾਬੀ ਵੀਰ ਸਮਝ ਕੇ ਸ਼ੁਭ ਇਛਾਵਾਂ ਤੇ ਕਾਮਨਾਵਾਂ ਭੇਜ ਰਿਹਾਂ। ਉਮੀਦ ਹੈ, ਤੁਸੀਂ ਜੀਵਨ ਵਿਚ ਖੂਬ ਕਾਮਯਾਬ ਤੇ ਖੂਬ ਖੁਸ਼ ਰਹੋਗੇ। ਤੁਹਾਡਾ ਹਿੱਤੂ, ਬਲਰਾਜ।'

ਨੌਜਵਾਨ ਦੀਪਕ ਨੇ ਉਹ ਚਿੱਠੀ ਕਈ ਮਹੀਨੇ ਜੇਬ ਵਿਚ ਪਾਈ ਰੱਖੀ ਤੇ ਆਪਣੇ ਮੇਲ ਵਿਚ ਆਏ ਹਰ ਕਿਸੇ ਨੂੰ ਦਿਖਾਈ ਤੇ ਪੜ੍ਹ ਕੇ ਸੁਣਾਈ। ਇਕ ਕਾਲਜ ਵਿਚ ਪੜ੍ਹਦੇ ਮੁੰਡੇ ਲਈ ਇਸ ਤੋਂ ਵੱਡਾ ਸਰਟੀਫਿਕੇਟ ਹੋਰ ਕੀ ਹੋ ਸਕਦਾ ਸੀ?

ਉਸ ਚਿੱਠੀ ਦੇ ਹੌਸਲੇ ਸਦਕਾ ਇਕ ਵਾਰੀ ਦੀਪਕ ਉਸ ਨੂੰ ਮਿਲਣ ਜਸਵੰਤ ਸਿੰਘ ਕੰਵਲ ਦੇ ਪਿੰਡ ਢੁੱਡੀਕੇ ਵੀ ਜਾ ਟਪਕਿਆ। ਪਿੰਡ ਦੇ ਬਾਹਰ ਖੂਹ ਵਾਲੇ ਰੁੱਖ ਦੀ ਛਾਂਵੇਂ ਲੱਗੀ ਮਹਿਫਿਲ ਵਿਚ ਲੋਕ ਗੀਤਾਂ, ਬੋਲੀਆਂ, ਟੱਪਿਆਂ, ਕਵਿਤਾਵਾਂ ਤੇ ਚੋਂਦੇ-ਚੋਂਦੇ ਚੁਟਕਲਿਆਂ ਨਾਲ ਮਾਹੌਲ ਮਹਿਕਿਆ ਪਿਆ ਸੀ। ਦੀਪਕ ਮਾਲਾ-ਮਾਲ ਹੋ ਕੇ ਪਰਤਿਆ। ਉਸ ਨੂੰ ਸਭ ਤੋਂ ਵੱਧ ਪ੍ਰਭਾਵਿਤ ਇਸ ਗੱਲ ਨੇ ਕੀਤਾ ਕਿ ਬਲਰਾਜ ਨੂੰ ਸਮੇਂ ਤੇ ਸਥਾਨ ਦਾ ਉਕਾ ਹੀ ਕੋਈ ਅਹਿਸਾਸ ਨਹੀਂ ਸੀ ਅਤੇ ਉਸ ਦੀ ਹਾਜ਼ਰੀ ਨੇ ਇਹ ਭਾਵਨਾ ਹਰ ਕਿਸੇ ਉਤੇ ਤਾਰੀ ਕਰ ਰੱਖੀ ਸੀ। ਪੰਜਾਬ ਪਹੁੰਚ ਕੇ ਉਹ ਸਿਰ ਤੋਂ ਪੈਰਾਂ ਤਕ ਸਰੂਰਿਆ ਜਾਂਦਾ ਸੀ। ਉਹ ਆਮ ਹੀ ਕਹਿੰਦਾ ਹੁੰਦਾ ਸੀ, 'ਮੇਰੀ ਬਦਨਸੀਬੀ ਵੀ ਤਾਂ ਚੁਤਰਫੀ ਹੈ ਨਾ। ਪੰਜਾਬ ਦਾ ਇਕ ਹਿੱਸਾ ਮੈਥੋਂ ਖੁਸ ਗਿਆ ਤੇ ਦੂਜਾ ਮੈਂ ਗਵਾ ਲਿਆ।'


ਜਦੋਂ ਦੀਪਕ ਦੀ ਮੁੰਬਈ ਵਿਖੇ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਵਿਚ ਨੌਕਰੀ ਲੱਗ ਗਈ ਤਾਂ ਬਲਰਾਜ ਉਸ ਨੂੰ ਸਟੂਡੀਓ ਵਿਚ ਸ਼ੂਟਿੰਗ ਜਾਂ ਹੋਰ ਕਿਧਰੇ ਅਸ਼ੋਕ ਕੁਮਾਰ, ਨੂਤਨ, ਮਾਲਾ ਸਿਨਹਾ, ਭਾਰਤ ਭੂਸ਼ਨ, ਲੀਲਾ ਚਿਟਨਿਸ, ਲਲਿਤਾ ਪਵਾਰ ਆਦਿ ਕਿਸੇ ਨਾਲ ਵੀ ਮਿਲਾਉਂਦਾ ਤਾਂ ਇਉਂ, ਜਿਵੇਂ ਦੀਪਕ ਉਸ ਦਾ ਖਾਸ-ਉਲ-ਖਾਸ ਬੰਦਾ ਹੋਵੇ, ਪੰਜਾਬ ਦਾ ਹੀਰਾ।

ਬਲਰਾਜ ਸਾਹਨੀ ਦੀਆਂ ਆਪਣੇ ਪਿੱਛੇ ਰਹਿ ਗਏ ਮਿੱਤਰਾਂ ਦੀਆਂ ਚਿੱਠੀਆਂ ਉਸ ਦੇ ਪੰਜਾਬੀ ਪਿਆਰ ਦੀ ਤਰਜਮਾਨੀ ਕਰਦੀਆਂ ਹਨ। ਇਕੱਲੇ ਪਿਆਰਾ ਸਿੰਘ ਦਾਤਾ ਵਾਲੀਆਂ ਚਿੱਠੀਆਂ ਹੀ ਲਈਏ ਤਾਂ ਉਸ ਦੇ ਸੰਬੋਧਨੀ ਸ਼ਬਦ ਬੜੇ ਹੀ ਪਿਆਰੇ ਹਨ। ਉਹ ਦਾਤਾ ਨੂੰ ਸਦਾ ਆਪਣਾ ਵਤਨੀ, ਵੀਰ ਪਿਆਰਾ, ਦਾਤਾ ਜਾਂ ਦਾਤਾ ਸਾਹਿਬ ਸ਼ਬਦਾਂ ਨਾਲ ਸੰਬੋਧਨ ਕਰਦਾ ਤੇ 'ਮੋੜਵੀਆਂ ਦੁਆਵਾਂ' ਤੇ 'ਸ਼ੁਭ ਇਛਾਵਾਂ' ਦੀ ਛਹਿਬਰ ਨਾਲ ਖਤਮ ਕਰਦਾ।

ਉਸ ਦੀਆਂ ਚਿੱਠੀਆਂ ਚਾਰ ਜ਼ੁਬਾਨਾਂ ਅਤੇ ਪੰਜ ਲਿਪੀਆਂ ਵਿਚ ਲਿਖੀਆਂ ਮਿਲਦੀਆਂ ਹਨ। ਅੰਗਰੇਜ਼ੀ, ਹਿੰਦੀ, ਉਰਦੂ ਤੇ ਪੰਜਾਬੀ ਵਿਚ ਲਿਖੀਆਂ ਇਨ੍ਹਾਂ ਚਿੱਠੀਆਂ ਵਿਚ ਉਹ ਗੁਰਮੁਖੀ ਤੇ ਫਾਰਸੀ ਤਾਂ ਕੀ, ਦੇਵਨਾਗਰੀ ਤੇ ਰੋਮਨ ਲਿਪੀ ਦੀ ਵਰਤੋਂ ਵੀ ਖੁੱਲ੍ਹ ਕੇ ਕਰਦਾ ਸੀ। ਉਹ ਇਹ ਵੀ ਮੰਨ ਕੇ ਚੱਲਦਾ ਸੀ ਕਿ ਰੋਮਨ ਲਿਪੀ ਅੰਤਰ-ਦੇਸ਼ੀ ਸੰਚਾਰ ਮਾਧਿਅਮ ਦੇ ਤੌਰ 'ਤੇ ਬੜੀ ਪ੍ਰਭਾਵੀ ਤੇ ਉਪਯੋਗੀ ਸਾਬਤ ਹੋ ਸਕਦੀ ਹੈ ਤੇ ਇਸ ਨਾਲ ਦੇਸ਼ ਨੂੰ ਲਿਪੀ ਨਾਲ ਸਬੰਧਿਤ ਬਹੁਤ ਸਾਰੇ ਝਗੜਿਆਂ ਤੋਂ ਮੁਕਤੀ ਮਿਲ ਸਕਦੀ ਹੈ।

ਢੁੱਡੀਕੇ ਬਲਰਾਜ ਦਾ ਮੱਕਾ ਸੀ, ਪ੍ਰੀਤਨਗਰ ਉਸ ਦਾ ਮਦੀਨਾ। ਸ਼ਾਇਦ ਮੱਕਾ ਮਦੀਨਾ-ਦੋਵੇਂ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਉਸ ਦਾ ਪ੍ਰੇਮ ਹੀ ਸੀ ਕਿ ਉਸ ਨੇ ਵੰਡ ਤੋਂ ਪਿੱਛੋਂ ਉਜੜੇ-ਪੁਜੜੇ ਪ੍ਰੀਤਨਗਰ ਵਿਚ ਕੋਠੀ ਖਰੀਦ ਕੇ ਬਹੁਤ ਸਾਰਾ ਪੈਸਾ ਉਸ ਨੂੰ ਸ਼ਿੰਗਾਰਨ 'ਤੇ ਲਾਇਆ। ਇਸ ਲਈ ਕਿ ਇਥੇ ਨਾਨਕ ਸਿੰਘ ਦਾ ਘਰ ਸੀ ਤੇ ਇਹ ਗੁਰਬਖਸ਼ ਸਿੰਘ ਦਾ ਸੁਪਨਾ ਸੀ। ਇਕ ਪੜਾਅ ਉਤੇ ਗੁਰਬਖਸ਼ ਸਿੰਘ ਨੂੰ ਭਿਣਕ ਪਈ ਕਿ ਬਲਰਾਜ ਨੂੰ ਇਹ ਕੋਠੀ ਜਚੀ ਨਹੀਂ। ਉਸ ਨੇ ਇਹਦਾ ਗਾਹਕ ਵੀ ਲੱਭ ਲਿਆ, ਜੋ ਉਸ ਤੋਂ ਵੱਧ ਪੈਸੇ ਦੇ ਕੇ ਬਲਰਾਜ ਤੋਂ ਲੈਣ ਲਈ ਤਿਆਰ ਹੋ ਗਿਆ। ਬਲਰਾਜ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਸਮਝਿਆ ਕਿ ਗੁਰਬਖਸ਼ ਸਿੰਘ ਦੀ ਖੁਸ਼ੀ ਇਸ ਕੋਠੀ ਨੂੰ ਕਿਸੇ ਵਧੇਰੇ ਯੋਗ ਸੱਜਣ ਨੂੰ ਦਿਵਾਉਣ ਵਿਚ ਹੈ। ਇਸ ਗੱਲ ਨੇ ਬਲਰਾਜ ਦੇ ਮਨ ਨੂੰ ਠੇਸ ਪਹੁੰਚਾਈ, 'ਜਿਸ ਤਰ੍ਹਾਂ ਤੁਸੀਂ ਚਾਹੋ, ਤੁਹਾਡੀ ਖੁਸ਼ੀ ਮੇਰੀ ਖੁਸ਼ੀ ਹੈ, ਪਰ ਮੈਂ ਪ੍ਰੀਤਨਗਰ ਵਿਚ ਆਪਣੇ ਲਈ ਕੋਠੀ ਸਬੰਧੀ ਕਈ ਸੁਪਨੇ ਬਣਾਏ ਤੇ ਮਨ 'ਚ ਫਿਲਮਾਏ ਹੋਏ ਸਨ, ਤਾਂ ਵੀ ਹੋਵੇਗਾ ਓਹੀਓ ਜੋ ਤੁਸੀਂ ਚਾਹੋਗੇ।'

ਬਲਰਾਜ ਸਾਹਨੀ ਦੇ ਇਸ ਖਤ ਦਾ ਗੁਰਬਖਸ਼ ਸਿੰਘ ਵਲੋਂ ਦਿੱਤਾ ਉਤਰ ਵੀ ਘੱਟ ਨਹੀਂ ਸੀ, 'ਸਾਰੇ ਦੇ ਸਾਰੇ ਪ੍ਰੀਤਨਗਰ ਨੂੰ ਅਤੇ ਮੈਨੂੰ ਨਿੱਜੀ ਤੌਰ 'ਤੇ ਮਾਣ ਹੈ ਕਿ ਬਲਰਾਜ ਪ੍ਰੀਤਨਗਰ ਦਾ ਨਾਗਰਿਕ ਹੈ। ਇਸ ਨਾਲ ਮੈਨੂੰ ਉਜੜਿਆ ਪ੍ਰੀਤਨਗਰ ਇਕ ਵਾਰ ਫਿਰ ਵਸ ਪਿਆ ਜਾਪਦਾ ਹੈ। ਖਾਸ ਕਰਕੇ ਉਦੋਂ, ਜਦੋਂ ਮੈਂ ਹਰ ਕਿਸੇ ਨੂੰ ਉਂਗਲ ਸੇਧ ਕੇ ਆਖਦਾ ਹਾਂ, ਉਹ ਕੋਠੀ ਬਲਰਾਜ ਦੀ ਏ।'


ਬਲਰਾਜ ਸਾਹਨੀ

ਗੁਰਬਖਸ਼ ਸਿੰਘ ਨੂੰ ਬਲਰਾਜ ਦੀ ਉਹ ਕੋਠੀ ਹੀ ਨਹੀਂ, ਸਾਰਾ ਆਲਾ-ਦੁਆਲਾ ਬਲਰਾਜ ਐਨਕਲੇਵ ਲੱਗਣ ਲੱਗ ਪਿਆ ਸੀ। ਉਸ ਦੇ ਤੁਰ ਜਾਣ 'ਤੇ ਗੁਰਬਖਸ਼ ਸਿੰਘ ਨੇ ਸ਼ਰਧਾਂਜਲੀ ਵਜੋਂ 'ਪ੍ਰੀਤਲੜੀ' ਵਿਚ ਲਿਖਿਆ, "ਅੱਜ ਪ੍ਰੀਤਲੜੀ ਦਾ ਹਰ ਸ਼ਬਦ ਲਟ-ਲਟ ਬਲ ਉਠਿਆ ਹੈ ਤੇ ਕਹਿ ਰਿਹਾ ਹੈ, ਹਾਏ ਉਹ ਬੇ-ਮਿਸਾਲ, ਖੂਬਸੂਰਤ ਤੇ ਖੁਸ਼ਬੂਦਾਰ ਇਨਸਾਨ ਅਛੋਪਲੇ ਹੀ ਤੁਰ ਗਿਆ।"

ਬਲਰਾਜ ਸਾਹਨੀ ਨਿਰੋਲ ਪੰਜਾਬੀ ਸੀ। ਪੰਜਾਬੀਅਤ ਦਾ ਦਿਲਦਾਦਾ। ਸਮੁੱਚੇ ਪੰਜਾਬ ਦਾ ਆਸ਼ਕ। ਬਾਰਡਰ ਦੀਆਂ ਕੰਡੇਦਾਰ ਤਾਰਾਂ ਨੂੰ ਉਡ ਕੇ ਪਾਰ ਕਰਨ ਵਾਲਾ, ਹਿੰਦੂ-ਮੁਸਲਿਮ ਮੇਲ-ਮਿਲਾਪ ਦਾ ਤਾਂਘੀ। ਇਨਸਾਨੀ ਦੋਸਤੀ ਦਾ ਕਦਰਦਾਨ, ਖੁਸ਼ਬੂਦਾਰ ਇਨਸਾਨ। ਅਣਵੰਡੇ ਪੰਜਾਬ ਦਾ ਸੁੱਚਾ ਤੇ ਸੱਚਾ ਪ੍ਰਤੀਨਿਧ।

ਪੰਜਾਬੀ ਪਿਆਰਿਆਂ ਨਾਲ ਉਸ ਦੇ ਪਿਆਰ ਦੇ ਕਿੱਸਿਆਂ ਦਾ ਅੰਤ ਹੀ ਕੋਈ ਨਹੀਂ। 1970-71 ਵਿਚ ਜਦੋਂ ਭਾਸ਼ਾ ਵਿਭਾਗ ਨੇ ਉਸ ਨੂੰ 5100 ਰੁਪਏ ਦੀ ਰਕਮ ਸ਼੍ਰੋਮਣੀ ਸਾਹਿਤਕਾਰ ਦੇ ਸਨਮਾਨ ਵਜੋਂ ਦਿੱਤੀ ਤਾਂ ਉਸ ਦੇ ਪ੍ਰਵਾਨਗੀ ਵਾਲੇ ਸ਼ਬਦ ਬਹੁਤ ਹੀ ਭਾਵ-ਪੂਰਤ ਸਨ, "ਹੱਕ ਤਾਂ ਮੇਰੇ ਨਾਲੋਂ ਕਿਤੇ ਵੱਧ ਹੋਰਨਾਂ ਦਾ ਬਣਦਾ ਸੀ, ਪਰ ਇਸ ਸਨਮਾਨ ਨੇ ਮੇਰੀ ਜਿੰਮੇਵਾਰੀ ਹੋਰ ਵਧਾ ਦਿੱਤੀ ਹੈ। ਹੁਣ ਮੈਂ ਆਪਣੀ ਮਾਂ-ਬੋਲੀ ਲਈ ਵੱਧ ਸਾਧਨਾ ਕਰਕੇ ਵਧੇਰੇ ਲਾਇਕ ਹੋਣ ਦੀ ਕੋਸ਼ਿਸ਼ ਕਰਾਂਗਾ।" ਇੰਨਾ ਕਹਿ ਕੇ ਉਸ ਨੇ 5100 ਵਾਲੀ ਗੁੱਥੀ ਉਥੇ ਹੀ ਗੁਰਸ਼ਰਨ ਸਿੰਘ ਦੇ ਨਾਟਕਾਂ ਲਈ ਉਸ ਨੂੰ ਫੜਾ ਦਿੱਤੀ।

ਮੈਂ ਬਲਰਾਜ ਸਾਹਨੀ ਦੇ ਜਿਉਂਦੇ ਜੀ ਅਤੇ ਉਸ ਦੇ ਤੁਰ ਜਾਣ ਪਿੱਛੋਂ ਜੋ ਵੀ ਉਸ ਬਾਰੇ ਪੜ੍ਹਿਆ ਤੇ ਜਾਣਿਆ ਹੈ, ਉਹ ਗੁਰਬਖਸ਼ ਸਿੰਘ ਦੀ ਸ਼ਬਦਾਵਲੀ ਨਾਲੋਂ ਵੀ ਉਤਮ ਹੈ। ਉਸ ਦੇ ਸਮਕਾਲੀਆਂ ਦੇ ਸ਼ਬਦਾਂ ਵਿਚ, 'ਬਲਰਾਜ ਤਾਂ ਖੁਸ਼ਬੂ ਦਾ ਨਾਮ ਸੀ।' ਉਹ ਖੁਸ਼ਵੰਤ ਸਿੰਘ ਤੋਂ ਦੋ ਸਾਲ ਵੱਡਾ ਸੀ। ਗੌਰਮਿੰਟ ਕਾਲਜ, ਲਾਹੌਰ ਵਿਚ ਉਸ ਤੋਂ ਅੱਗੇ ਸੀ। ਉਸ ਨੂੰ ਖੂਬਸੂਰਤ, ਨਿਮਰ ਤੇ ਜਵਾਨ ਲਿਖ ਕੇ ਖੁਸ਼ਵੰਤ ਲਿਖਦਾ ਹੈ, "ਜੋ ਉਸ ਨੂੰ ਜ਼ਾਤੀ ਤੌਰ 'ਤੇ ਨਹੀਂ ਸਨ ਜਾਣਦੇ, ਉਨ੍ਹਾਂ ਲਈ ਉਹ ਸੋਹਣਾ, ਸੁਨੱਖਾ ਤੇ ਭਾਵੁਕ ਕਲਾਕਾਰ ਸੀ। ਜਿਹੜੇ ਉਸ ਨੂੰ ਉਪਰੋਂ-ਉਪਰੋਂ ਜਾਣਦੇ ਸਨ, ਉਨ੍ਹਾਂ ਲਈ ਉਹ ਅਜਿਹਾ ਕਮਿਊਨਿਸਟ ਸੀ, ਜੋ ਸਰਮਾਏਦਾਰਾਂ ਨਾਲੋਂ ਵੀ ਸਹਿਲ ਤੇ ਸੁਖਾਵਾਂ ਜੀਵਨ ਜਿਉ ਰਿਹਾ ਸੀ। ਉਸ ਨੂੰ ਨੇੜਿਓਂ ਜਾਣਨ ਵਾਲੇ ਹੀ ਜਾਣਦੇ ਸਨ ਕਿ ਉਸ ਦੇ ਇਨ੍ਹਾਂ ਗੁਣਾਂ ਨੇ ਉਸ ਨੂੰ ਕਿੰਨਾ ਪਿਆਰਾ ਇਨਸਾਨ ਬਣਾ ਛੱਡਿਆ ਸੀ। ਉਹ ਸੱਚਮੁੱਚ ਹੀ ਰੱਜ ਕੇ ਸੋਹਣਾ ਤੇ ਭਰਵਾਂ ਜੁਆਨ ਸੀ। ਜੇ ਕੋਈ ਇਹ ਸਭ ਨਹੀਂ ਸੀ ਜਾਣਦਾ ਤਾਂ ਬਲਰਾਜ ਹੀ ਸੀ, ਉਸ ਨੂੰ ਇਹ ਨਹੀਂ ਸੀ ਪਤਾ ਕਿ ਉਸ ਨੂੰ ਵੇਖ ਕੇ ਔਰਤਾਂ ਦੇ ਦਿਲ ਉਤੇ ਕੀ ਗੁਜ਼ਰਦੀ ਸੀ।"

ਬਲਰਾਜ ਸਾਹਨੀ ਦੇ ਜੀਵਨ ਵਿਚ ਇਨਸਾਨੀਅਤ ਦੇ ਗੁਣਾਂ ਨੂੰ ਚਮਕਾਉਣ ਵਾਲੀ ਉਸ ਦੀ ਪਹਿਲੀ ਜੀਵਨ ਸਾਥਣ ਦਮਯੰਤੀ ਸੀ। ਉਹ ਦੋਵੇਂ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਵਿਚ ਕੰਮ ਕਰਦਿਆਂ ਇਕ-ਦੂਜੇ ਦੇ ਨੇੜੇ ਹੋਏ।


ਬਲਰਾਜ ਸਾਹਨੀ ਆਪਣੀ ਪਹਿਲੀ ਪਤਨੀ ਦਮਯੰਤੀ ਨਾਲ।


ਬਲਰਾਜ ਸਾਹਨੀ ਆਪਣੀ ਦੂਜੀ ਪਤਨੀ ਸੰਤੋਸ਼ ਨਾਲ।

ਇਪਟਾ ਵਿਚ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਚੇਤਨ ਆਨੰਦ ਨੇ ਉਨ੍ਹਾਂ ਨੂੰ ਆਪਣੀ ਫਿਲਮ 'ਨੀਚਾ ਨਗਰ' ਵਿਚ ਲੈਣ ਦੀ ਪੇਸ਼ਕਸ਼ ਕੀਤੀ ਅਤੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਅਦਾਕਾਰੀ ਦੇ ਵੀਹ ਹਜ਼ਾਰ ਰੁਪਏ ਮਿਲਣਗੇ। ਇਸ ਪੇਸ਼ਕਾਰੀ ਬਾਰੇ ਬਲਰਾਜ ਸਾਹਨੀ ਦੇ ਆਪਣੇ ਸ਼ਬਦ ਪੜ੍ਹਨ ਵਾਲੇ ਹਨ, "ਪਰ ਵੀਹ ਹਜ਼ਾਰ ਰੁਪਏ ਉਨ੍ਹਾਂ ਦਿਨਾਂ ਵਿਚ ਬੜੀ ਵੱਡੀ ਰਕਮ ਸੀ। ਇਕ ਵਾਰੀ ਵੀਹ ਹਜ਼ਾਰ ਦਾ ਗੱਫਾ ਲੁੱਟ ਹੀ ਲੈਣਾ ਚਾਹੀਦਾ ਹੈ, ਇਸ ਗੱਲ ਉਤੇ ਮੀਆਂ-ਬੀਵੀ ਦੋਵੇਂ ਅੰਦਰੇ-ਅੰਦਰ ਸਹਿਮਤ ਸਾਂ। ਅੱਗੇ ਵੀ ਕਿਤਨੇ ਉਸ਼ਟੰਡ ਕਰ ਬੈਠੇ ਸਾਂ, ਇਕ ਹੋਰ ਸਹੀ।" ਬਲਰਾਜ ਅਤੇ ਦਮਯੰਤੀ ਨੇ 'ਨੀਚਾ ਨਗਰ' ਵਿਚ ਕੰਮ ਕਰਨ ਦਾ ਫੈਸਲਾ ਕਰ ਲਿਆ।

ਬਰਤਾਨਵੀ ਰਾਜ ਵੇਲੇ ਫਿਲਮ ਬਣਾਉਣ ਲਈ ਲਾਇਸੈਂਸ ਲੈਣਾ ਪੈਂਦਾ ਸੀ। 'ਨੀਚਾ ਨਗਰ' ਰਫੀਕ ਅਨਵਰ ਨੂੰ ਮਿਲੇ ਲਾਇਸੈਂਸ ਉਤੇ ਬਣਨੀ ਸੀ। ਰਫੀਕ ਅਨਵਰ ਦੀ ਸ਼ਰਤ ਸੀ ਕਿ ਹੀਰੋ ਉਹ ਖੁਦ ਹੋਵੇਗਾ। ਇਸ ਲਈ ਚੇਤਨ ਨੂੰ 'ਨੀਚਾ ਨਗਰ' ਵਿਚ ਬਲਰਾਜ ਨੂੰ ਨਾਇਕ ਵਜੋਂ ਲੈਣ ਦਾ ਇਰਾਦਾ ਤਿਆਗਣਾ ਪਿਆ ਅਤੇ ਦਮਯੰਤੀ ਇਕੱਲਿਆਂ ਇਸ ਫਿਲਮ ਵਿਚ ਕੰਮ ਕਰਨ ਨੂੰ ਤਿਆਰ ਨਾ ਹੋਈ। ਨਤੀਜੇ ਵਜੋਂ ਆਰਥਕ ਪ੍ਰੇਸ਼ਾਨੀਆਂ ਨੇ ਉਨ੍ਹਾਂ ਨੂੰ ਘੇਰ ਲਿਆ। ਗੁਜ਼ਾਰਾ ਚਲਾਉਣ ਲਈ ਬਲਰਾਜ ਰੇਡੀਓ ਦੇ ਪ੍ਰੋਗਰਾਮ ਅਤੇ ਕਿਤਾਬਾਂ ਦਾ ਅਨੁਵਾਦ ਕਰਨ ਲੱਗਾ। ਦਮਯੰਤੀ ਨੇ ਪ੍ਰਿਥਵੀ ਥੀਏਟਰ ਵਿਚ ਨੌਕਰੀ ਕਰ ਲਈ।

ਪ੍ਰਿਥਵੀ ਥੀਏਟਰ ਵਿਚ ਦਮਯੰਤੀ ਨੂੰ ਲਿਆਉਣ ਵਾਲਾ ਖੁਦ ਪ੍ਰਿਥਵੀ ਰਾਜ ਕਪੂਰ ਸੀ। 9 ਅਗਸਤ 1945 ਨੂੰ ਦਮਯੰਤੀ ਨੇ ਨਾਟਕ 'ਦੀਵਾਰ' ਵਿਚ ਵਿਦੇਸ਼ੀ ਔਰਤ ਦਾ ਰੋਲ ਕਰਨਾ ਸੀ। ਦਮਯੰਤੀ ਕਾਫੀ ਘਬਰਾ ਰਹੀ ਸੀ। ਵਿੰਗ ਦੇ ਪਿੱਛੇ ਖੜ੍ਹੀ ਕੰਬ ਰਹੀ ਸੀ। ਆਪਣੇ ਸਾਥੀ ਕਲਾਕਾਰਾਂ ਨੂੰ ਵਾਰ-ਵਾਰ ਕਹਿ ਰਹੀ ਸੀ, "ਮੈਨੂੰ ਭਾਪੇ (ਪ੍ਰਿਥਵੀ ਰਾਜ) ਦੇ ਬੱਚੇ ਨੇ ਕਿੱਥੇ ਫਸਾ ਦਿੱਤਾ।" ਪਰ ਬਲਰਾਜ ਦੇ ਹੌਸਲਾ ਦੇਣ 'ਤੇ ਸਟੇਜ ਉਤੇ ਆਈ ਤਾਂ ਬਿਲਕੁਲ ਪਤਾ ਹੀ ਨਾ ਲੱਗਾ, ਵਾਰਤਾਲਾਪ ਅਤੇ ਹਾਵ-ਭਾਵ ਪਾਤਰਾਂ ਦੀ ਮੰਗ ਦੇ ਅਨੁਸਾਰ ਸਭ ਕੁਝ ਨਿਭ ਗਿਆ। ਇਸ ਪਹਿਲੇ ਸ਼ੋਅ ਪਿਛੋਂ ਦਮਯੰਤੀ ਸ਼ੇਰ ਹੋ ਗਈ ਸੀ।

ਦੂਜੇ ਸ਼ੋਅ ਵਿਚ ਬਲਰਾਜ ਨੇ ਮੇਕਅੱਪ ਰੂਮ ਵਿਚ ਜਾ ਕੇ ਇਕ ਵਾਰੀ ਫਿਰ ਹੌਸਲਾ ਦਿੱਤਾ ਤੇ ਨਿਡਰ ਹੋ ਕੇ ਕੰਮ ਕਰਨ ਲਈ ਪ੍ਰੇਰਿਆ। ਦਮੋ ਜਿਵੇਂ ਬਦਲ ਕੇ ਕੁਝ ਹੋਰ ਹੋ ਗਈ ਸੀ। 'ਦੀਵਾਰ' ਨਾਟਕ ਨਾਲ ਦਮਯੰਤੀ ਦੀਆਂ ਧੁੰਮਾਂ ਪੈ ਗਈਆਂ। ਟਿਕਟਾਂ ਲਈ ਇੰਨੀਆਂ ਲੰਮੀਆਂ ਲਾਈਨਾਂ ਕਿਸੇ ਸਿਨਮੇ ਅੱਗੇ ਵੀ ਨਹੀਂ ਸਨ ਵੇਖੀਆਂ ਗਈਆਂ। ਲੋਕ ਨਾਟਕ ਨਹੀਂ, ਸਗੋਂ ਭਾਰਤ ਦੇ ਸਿਆਸੀ ਜੀਵਨ ਦੀ ਝਲਕ ਦੇਖ ਰਹੇ ਸਨ। ਪ੍ਰੈੱਸ ਨੇ ਵੀ ਖੂਬ ਸਲਾਹਿਆ।

ਦਮੋ 'ਸਟਾਰ' ਬਣ ਚੁਕੀ ਸੀ। ਅਗਲੇ ਦਿਨ ਤੋਂ ਹੀ ਫਿਲਮ ਪ੍ਰੋਡਿਊਸਰਾਂ ਨੇ ਉਸ ਦੇ ਘਰ ਨੂੰ ਘੇਰਾ ਪਾ ਲਿਆ। ਬਲਰਾਜ ਨੂੰ ਵੀ ਫਿਲਮਾਂ ਵਿਚ ਕੰਮ ਮਿਲਣ ਲੱਗਾ। ਦੋਹਾਂ ਨੂੰ ਫਿਲਮਾਂ ਵਿਚ ਕੰਮ ਮਿਲਣ ਨਾਲ ਆਰਥਕ ਹਾਲਤ ਬਦਲ ਗਈ ਸੀ। ਬਲਰਾਜ ਦੇ ਸ਼ਬਦਾਂ ਵਿਚ, "ਕਦੇ ਅਸੀਂ ਦਸ-ਦਸ ਦੇ ਨੋਟਾਂ ਨੂੰ ਦੀਦੇ ਪਾੜ ਕੇ ਵੇਖਦੇ ਹੁੰਦੇ ਸਾਂ, ਤੇ ਹੁਣ ਸੌ-ਸੌ ਦੇ ਨੋਟਾਂ ਦੀਆਂ ਦੱਥੀਆਂ ਸਿਰਫ ਮੁਟਿਆਈ ਵੇਖ ਕੇ ਭਾਂਪ ਛੱਡਦੇ ਸਾਂ।"

ਇਹ ਅਣਕਿਆਸੀ ਸਥਿਤੀ ਸੀ, ਜਿਸ ਲਈ ਨਾ ਬਲਰਾਜ ਅਤੇ ਨਾ ਹੀ ਦਮਯੰਤੀ ਤਿਆਰ ਸੀ। ਇਕ ਪਾਸੇ ਵਿਚਾਰਾਂ ਦੀ ਪ੍ਰਤੀਬੱਧਤਾ ਸੀ ਤੇ ਦੂਜੇ ਪਾਸੇ ਬਾਜ਼ਾਰ ਦਾ ਦਬਾਅ। ਇਹ ਦਬਾਅ ਵਧ ਰਿਹਾ ਸੀ। ਹਾਲਾਤ ਦਾ ਜ਼ਿਕਰ ਕਰਦਿਆਂ ਬਲਰਾਜ ਸਾਹਨੀ ਲਿਖਦੇ ਹਨ, "ਉਘੇ ਘਰਾਂ ਦੇ ਲੋਕ ਵੀ ਸਾਡੇ ਨਾਲ ਦੋਸਤੀਆਂ ਪਾਉਣ ਲਈ ਤਰਲੋਮੱਛੀ ਸਨ। ਫਿਲਮ ਸਟਾਰ ਨਾਲ ਉਠਣ-ਬੈਠਣ ਵਿਚ ਉਨ੍ਹਾਂ ਦਾ ਮਾਣ ਵਧਦਾ ਸੀ। ਜਦੋਂ ਉਨ੍ਹਾਂ ਦੀਆਂ ਹੋਛੀਆਂ ਜਿਹੀਆਂ ਪਾਰਟੀਆਂ ਤੋਂ ਵਿਰਕਤ ਹੋ ਕੇ ਅਸੀਂ ਕੰਨੀ ਕਤਰਾਉਂਦੇ, ਉਹ ਇਪਟਾ ਜਾਂ ਕਮਿਊਨਿਸਟ ਪਾਰਟੀ ਨੂੰ ਚੰਦਾ ਦੇ ਕੇ ਲਲਚਾ ਛੱਡਦੇ। ਐਕਟਰ ਤੇ ਖਾਸ ਕਰਕੇ ਐਕਟਰੈੱਸ ਬੁਰਜੂਆ ਸਮਾਜ ਲਈ ਖਿਡੌਣਾ ਹੈ, ਇਸ ਹਕੀਕਤ ਦਾ ਮੈਨੂੰ ਉਕਾ ਗਿਆਨ ਨਹੀਂ ਸੀ। ਐਕਟਰੈੱਸ ਨੂੰ ਦਿੱਤੇ ਮਾਣ ਵਿਚ ਬਹੁਤ ਸਾਰਾ ਅੰਸ਼ ਤ੍ਰਿਸਕਾਰ ਦਾ ਵੀ ਹੁੰਦਾ ਹੈ, ਇਹ ਵੀ ਮੈਨੂੰ ਨਹੀਂ ਸੀ ਪਤਾ। ਹਾਂ, ਇਕ ਵਾਰੀ ਜਦੋਂ ਅਖਬਾਰ ਵਿਚ ਪੜ੍ਹਿਆ ਕਿ ਰੇਸ ਵਿਚ ਦੌੜਨ ਵਾਲੀਆਂ ਘੋੜੀਆਂ ਦੇ ਨਾਂ ਬੇਗਮ ਪਾਰਾ, ਨਰਗਿਸ, ਦਮਯੰਤੀ ਰੱਖੇ ਗਏ ਹਨ ਤਾਂ ਮੈਨੂੰ ਬੜਾ ਗੁੱਸਾ ਚੜ੍ਹਿਆ ਸੀ।"

(ਬਾਕੀ ਅਗਲੇ ਸਫੇ 'ਤੇ)

# ਰਾਜਾ ਰੋਕੇਸ਼ਰ ਅਤੇ ਰੂਪਨਗਰ

ਰੂਪਨਗਰ ਨੂੰ ਸਦੀਆਂ ਤੋਂ ਅਨੇਕਾਂ ਵਾਰ ਉਜੜ ਕੇ ਵਸਣਾ ਪਿਆ ਹੈ। ਗਿਆਰਵੀਂ ਸਦੀ ਵਿਚ ਰਾਜਾ ਰੋਕੇਸ਼ਰ ਦੇ ਪੁੱਤਰ ਰੂਪ ਸੇਨ ਦੇ ਨਾਂ 'ਤੇ ਵੱਸੇ ਸ਼ਹਿਰ ਰੂਪਨਗਰ ਨੂੰ ਸਾਡੇ ਪੁਰਖਿਆਂ ਦੀ ਹਜ਼ਾਰਾਂ ਸਾਲ ਪੁਰਾਣੀ ਨਿਵਾਸ ਭੂਮੀ ਮੰਨਿਆ ਗਿਆ ਹੈ। ਇਸ ਨੂੰ ਜ਼ਿਆਦਾਤਰ ਲੋਕ ਰੋਪੜ ਆਖਦੇ ਹਨ। ਆਧੁਨਿਕਤਾ ਦੇ ਦੌਰ ਵਿਚ ਰੋਪੜ ਦਾ ਰੂਪ ਨਿਖਰ ਗਿਆ ਹੈ ਪਰ ਇਸ ਦੀ ਮੌਜੂਦਾ ਭੂਗੋਲਿਕ ਸਥਿਤੀ ਅਤੇ ਕੁਦਰਤੀ ਸੁਹੱਪਣ ਅੱਜ ਵੀ ਇਸ ਦੀ ਅਮੀਰ ਵਿਰਾਸਤ ਦੀ ਗਵਾਹੀ ਭਰਦਾ ਹੈ। ਇਕ ਪਾਸੇ ਹਿਮਾਲਿਆ ਦੇ ਪੈਰ ਸਮਝੀਆਂ ਜਾਂਦੀਆਂ ਸ਼ਿਵਾਲਿਕ ਪਹਾੜੀਆਂ ਅਤੇ ਦੂਜੇ ਪਾਸੇ ਸਤਲੁਜ ਦਰਿਆ ਦਾ ਵਿਸ਼ਾਲ ਮੁਹਾਣਾ ਰੂਪਨਗਰ ਦੀ ਮਨਮੋਹਕਤਾ ਵਧਾਉਂਦਾ ਹੈ।

ਹਜ਼ਾਰਾਂ ਸਾਲ ਪੁਰਾਣੀ ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਨਾਲ ਸਬੰਧਿਤ ਟਿੱਲੇ ਇਸ

**ਹਰਦੀਪ ਸਿੰਘ ਢੀਂਡਸਾ**

ਸ਼ਹਿਰ ਦੇ ਅਨਮੋਲ ਵਿਰਸੇ ਦੇ ਪ੍ਰਤੀਕ ਹਨ। ਇਥੋਂ ਦੇ ਸਰਕਾਰੀ ਕਾਲਜ ਸਾਹਮਣੇ ਖੇਡ ਮੈਦਾਨ ਨਾਲ ਲੱਗਦੀ ਉਚੀ ਥੇਹ ਵਿਚੋਂ ਹਜ਼ਾਰਾਂ ਸਾਲ ਪਹਿਲਾਂ ਦੇ ਘਰਾਂ ਦੇ ਨਿਸ਼ਾਨ ਅਤੇ ਉਸ ਸਮੇਂ ਦੇ ਲੋਕਾਂ ਦੀ ਜੀਵਨ ਸ਼ੈਲੀ ਨੂੰ ਦਰਸਾਉਂਦੇ ਚਿੰਨ੍ਹ ਮਿਲੇ ਹਨ। ਪੁਰਾਤੱਤਵ ਵਿਭਾਗ ਦੇ ਪ੍ਰੋ. ਬ੍ਰਜਵਾਸੀ ਲਾਲ ਨੇ ਸਭ ਤੋਂ ਪਹਿਲਾਂ 1950 ਵਿਚ ਇਸ ਸ਼ਹਿਰ ਦੀ ਪੁਰਾਤਨਤਾ ਦੀ ਸੂਹ ਲਾਈ ਸੀ। ਇਸ ਮਗਰੋਂ ਭਾਰਤੀ ਪੁਰਾਤੱਤਵ ਸਰਵੇਖਣ ਵਲੋਂ 1952 ਤੋਂ 1955 ਤਕ ਡਾ. ਯੱਗ ਦੱਤ ਸ਼ਰਮਾ ਦੀ ਅਗਵਾਈ ਵਿਚ ਇਸ ਟਿੱਲੇ ਦੀ ਖੁਦਾਈ ਕੀਤੀ ਗਈ।

ਰੋਪੜ ਅਤੇ ਇਸ ਦੇ ਨਾਲ ਲੱਗਦੇ ਪਿੰਡ ਕੋਟਲਾ ਨਿਹੰਗ ਅਤੇ ਬਾੜਾ ਵਿਚ ਵੀ ਖੁਦਾਈ ਦੌਰਾਨ ਵੱਖ-ਵੱਖ ਸਭਿਅਤਾਵਾਂ ਦੀਆਂ ਨਿਸ਼ਾਨੀਆਂ ਮਿਲੀਆਂ ਹਨ। ਇਨ੍ਹਾਂ ਨੂੰ ਪੁਰਾਤੱਤਵ ਵਿਭਾਗ ਨੇ ਸਰਕਾਰੀ ਕਾਲਜ ਲਾਗੇ ਬਣੇ ਅਜਾਇਬਘਰ ਵਿਚ ਸਾਂਭਿਆ ਹੋਇਆ ਹੈ। ਉਚਾ ਖੇੜਾ ਮੁਹੱਲੇ ਦੇ ਨਾਲ ਲੱਗਦੀ ਪਹਾੜੀ ਟੀਸੀ ਨੂੰ ਪੁਰਾਤੱਤਵ ਵਿਭਾਗ ਨੇ ਅਗਲੇਰੀ ਖੋਜ ਲਈ ਸੁਰੱਖਿਅਤ ਰੱਖਿਆ ਹੋਇਆ ਹੈ। ਪੌੜੀਆਂ ਚੜ੍ਹ ਕੇ ਇਸ ਟਿੱਲੇ ਦੇ ਸਿਖਰ ਤੋਂ ਪੂਰਾ ਅਜੋਕਾ ਰੂਪਨਗਰ ਸ਼ਹਿਰ ਦੇਖਿਆ ਜਾ ਸਕਦਾ ਹੈ। ਇਸ ਟਿੱਲੇ 'ਤੇ ਮੱਧਕਾਲ ਵਿਚ ਸ਼ਾਨਦਾਰ ਢੰਗ ਨਾਲ ਬਣੀ ਨਾਲਾਗੜ੍ਹੀਏ ਸਰਦਾਰਾਂ ਦੀ ਕੋਠੀ ਕਿਸੇ ਸਮੇਂ ਇਸ ਸ਼ਹਿਰ ਦੀ ਸਭ ਤੋਂ ਅਹਿਮ ਥਾਂ ਸੀ। ਇਸ ਦੋ ਮੰਜ਼ਿਲੀ ਕੋਠੀ ਵਿਚ ਅਦਾਲਤਾਂ ਵੀ ਲਗਦੀਆਂ ਸਨ ਅਤੇ ਸਰਦਾਰਾਂ ਦੀ ਰਿਹਾਇਸ਼ ਦਾ ਵੀ ਪ੍ਰਬੰਧ ਸੀ। ਕੋਠੀ ਦੀ ਉਪਰਲੀ ਮੰਜ਼ਿਲ 'ਤੇ ਖੜ੍ਹ ਕੇ ਠੰਢੀ ਹਵਾ ਦੇ ਬੁੱਲਿਆਂ ਦਾ ਆਨੰਦ ਮਾਣਿਆ ਜਾ ਸਕਦਾ ਹੈ।

ਪੁਰਾਤਨ ਸਮੇਂ ਵਿਚ ਰੋਪੜ ਕੋਲੋਂ ਲੰਘਦਾ ਸਤਲੁਜ ਦਰਿਆ ਇਸ ਪਹਾੜੀ ਟਿੱਲੇ ਨਾਲ ਖਹਿ ਕੇ ਲੰਘਣ ਦੇ ਸਬੂਤ ਅੱਜ ਵੀ ਮਿਲਦੇ ਹਨ। ਕੋਈ 15 ਏਕੜ ਰਕਬੇ 'ਚ ਫੈਲਿਆ ਇਹ ਪਹਾੜੀ ਖੇਤਰ ਅਤੇ ਅਜਾਇਬਘਰ ਦੀ ਇਮਾਰਤ ਹੁਣ ਭਾਰਤ ਸਰਕਾਰ ਦੇ ਪੁਰਾਤੱਤਵ ਵਿਭਾਗ ਅਧੀਨ ਹੈ। ਪਹਾੜੀ ਟਿੱਲੇ 'ਤੇ ਸਥਿਤ ਨਾਲਾਗੜ੍ਹੀਏ ਸਰਦਾਰਾਂ ਦੀ ਕੋਠੀ ਦੇ ਚੜ੍ਹਦੇ ਪਾਸੇ ਛੇ ਪ੍ਰਾਚੀਨ ਮਨੁੱਖੀ ਸਭਿਅਤਾਵਾਂ ਦੇ ਵਸਣ ਦੇ ਪ੍ਰਮਾਣ ਮਿਲੇ ਹਨ। ਰੋਪੜ ਦੇ ਅਜਾਇਬਘਰ ਵਿਚ ਪੁਰਾਤੱਤਵ ਵਿਭਾਗ ਦੇ ਨਿਸ਼ਾਨਕਾਰ (ਮਾਰਕਮੈਨ) ਮ੍ਰਿਤਰੰਜਨ ਕੁਮਾਰ ਮੁਤਾਬਿਕ ਇਥੋਂ ਦੇ ਟਿੱਲੇ ਵਿਚ ਵਿਭਾਗ ਨੇ ਪੁਰਾਤਨ ਸਭਿਅਤਾਵਾਂ ਦੇ ਚਾਰ ਖੂਹਾਂ ਨੂੰ ਵੀ ਸੰਭਾਲਿਆ ਹੋਇਆ ਹੈ। ਦਰਅਸਲ, ਇਥੋਂ ਦੀ ਪ੍ਰਾਚੀਨਤਾ ਤੋਂ ਅੱਜ ਵੀ ਬਹੁਤੇ ਲੋਕ ਅਣਜਾਣ ਹਨ। ਹੁਣ ਤਕ ਨਾ ਪੜ੍ਹੀ ਜਾ ਸਕਣ ਵਾਲੀ ਸਿੰਧੂ ਲਿਪੀ ਨਾਲ ਸਜੀਆਂ ਦੀਵਾਰਾਂ ਤੇ ਗੇਟ ਵਾਲੇ ਅਜਾਇਬਘਰ 'ਚ ਰੋਪੜ ਵਿਚੋਂ ਖੁਦਾਈ ਦੌਰਾਨ ਮਿਲੇ ਸਭ ਸਭਿਅਤਾਵਾਂ ਦੇ ਚਿੰਨ੍ਹ ਸਾਂਭੇ ਹੋਏ ਹਨ।

ਰੋਪੜ ਦੀ ਖੁਦਾਈ ਦੌਰਾਨ ਇਸ ਧਰਤੀ ਦਾ ਸਬੰਧ ਪਹਿਲੀ ਵਿਕਸਤ ਸਿੰਧੂ ਘਾਟੀ ਦੀ ਹੜੱਪਾ ਸਭਿਅਤਾ (2000-1400 ਈਸਾ ਪੂਰਵ) ਨਾਲ ਹੋਣ ਬਾਰੇ ਸੰਕੇਤ ਮਿਲਦੇ ਹਨ। ਇਥੇ ਪਹਿਲੀ ਬਸਤੀ (ਘਰ) ਤਕਰੀਬਨ ਚਾਰ ਹਜ਼ਾਰ ਸਾਲ ਪਹਿਲਾਂ ਵਸੀ ਸੀ ਜਿਸ ਦਾ ਨਿਰਮਾਣ ਕੱਚੀਆਂ ਇਟਾਂ, ਪੱਥਰ, ਮਿੱਟੀ ਅਤੇ ਗਾਰੇ ਨਾਲ ਕੀਤਾ ਗਿਆ ਸੀ। ਖੁਦਾਈ ਦੌਰਾਨ ਮਿਲੇ ਧਾਤਾਂ ਦੇ ਔਜ਼ਾਰ, ਬਰਤਨ, ਪੱਥਰ ਦੇ ਚਾਕੂ ਅਤੇ ਭਾਰ ਜੋਖਣ (ਤੋਲਣ) ਦੇ ਵੱਟਿਆਂ (ਪੱਥਰਾਂ) ਤੋਂ ਬਿਨਾਂ ਕਬਰਸਤਾਨ ਵਿਚੋਂ ਮਨੁੱਖੀ ਪਿੰਜਰ ਤੇ ਉਨ੍ਹਾਂ ਦੀ ਰੋਜ਼ਾਨਾ ਵਰਤੋਂ ਦਾ ਸਾਮਾਨ, ਬੱਚਿਆਂ ਦੇ ਮਿੱਟੀ ਦੇ ਬਣੇ ਖਿਡੌਣੇ ਇਥੇ ਸੁਰੱਖਿਅਤ ਰੱਖੇ ਹੋਏ ਹਨ। ਮਨੁੱਖੀ ਪਿੰਜਰ ਨਾਲ ਮਿਲੀ ਤਾਂਬੇ ਦੀ ਅੰਗੂਠੀ, ਚੂੜੀ ਅਤੇ ਹੋਰ ਸਾਮਾਨ ਤੋਂ ਪਤਾ ਲਗਦਾ ਹੈ ਕਿ ਹਜ਼ਾਰਾਂ ਸਾਲ ਪਹਿਲਾਂ ਵੀ ਮਨੁੱਖ ਹਾਰ ਸ਼ਿੰਗਾਰ ਤੇ ਗਹਿਣੇ ਪਹਿਨਣ ਦਾ ਸ਼ੌਕੀਨ ਸੀ। ਇਸ ਕਾਲ ਦੀ ਮਿਲੀ ਕਰੰਸੀ (ਮੁਦਰਾ) ਦੇ ਇਕ ਪਾਸੇ ਚਿੱਤਰ ਲਿਪੀ ਤੇ ਦੂਜੇ ਪਾਸੇ ਸਮਕੇਂਦਰੀ ਚੱਕਰ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਵੀ ਰੋਪੜ ਵਿਚ ਵਣਜ ਤੇ ਵਪਾਰ ਕਾਫੀ ਵਿਕਸਤ ਸੀ।

ਇਥੇ ਹੜੱਪਾ ਸਭਿਅਤਾ ਦੇ ਉਜੜਨ ਤੋਂ ਤਕਰੀਬਨ ਤਿੰਨ-ਚਾਰ ਸੌ ਸਾਲ ਬਾਅਦ (1100-600 ਈਸਾ ਪੂਰਵ) ਮੁੜ ਨਵੀਂ ਸਭਿਅਤਾ ਦੇ ਲੋਕ ਵੱਸੇ ਜਿਸ ਨੂੰ ਸਲੇਟੀ ਚਿਤਰਿਤ ਪਾਤਰ ਸਭਿਅਤਾ (ਪੇਂਟਿਡ ਗ੍ਰੇਅ ਵੇਅਰ ਕਲਚਰ) ਦਾ ਨਾਂ ਦਿੱਤਾ ਗਿਆ। ਕੁਝ ਵਿਦਵਾਨ ਇਸ ਨੂੰ ਆਰੀਆ ਸਭਿਅਤਾ ਨਾਲ ਵੀ ਜੋੜਦੇ ਹਨ। ਇਸ ਸਭਿਅਤਾ ਦੇ ਲੋਕ ਝੁੱਗੀਆਂ ਵਿਚ ਰਹਿੰਦੇ ਸਨ ਅਤੇ ਉਨ੍ਹਾਂ ਦੇ ਬਰਤਨਾਂ 'ਤੇ ਕਾਲੇ ਰੰਗ ਦੇ ਖੂਬਸੂਰਤ ਚਿੱਤਰ ਬਣੇ ਮਿਲੇ ਹਨ। ਇਸ ਸਭਿਅਤਾ ਦੀਆਂ ਥਾਲੀਆਂ, ਕਟੋਰੇ, ਲੋਟੇ ਅਤੇ ਪੱਥਰਾਂ ਤੇ ਮਣਕੇ ਹੱਡੀਆਂ ਦਾ ਬਣਿਆ ਸਾਮਾਨ ਅਜਾਇਬਘਰ ਦਾ ਸ਼ਿੰਗਾਰ ਬਣਿਆ ਹੋਇਆ ਹੈ। ਖੇਤੀਬਾੜੀ ਤੇ ਪਸ਼ੂ ਪਾਲਣ ਦਾ ਧੰਦਾ ਕਰਨ ਵਾਲੇ ਇਸ ਸੰਸਕ੍ਰਿਤੀ ਦੇ ਲੋਕਾਂ ਦੇ ਘਰ ਮਿੱਟੀ, ਘਾਹਫੂਸ ਅਤੇ ਬਾਂਸ ਦੇ ਬਣੇ ਸਨ।

ਇਸ ਪ੍ਰਾਚੀਨ ਸ਼ਹਿਰ ਵਿਚ 600-200 ਈਸਾ ਪੂਰਵ ਦੌਰਾਨ ਕਾਲੇ ਰੰਗ ਦੇ ਬਰਤਨਾਂ 'ਤੇ ਚਮਕੀਲੀ ਪਾਲਿਸ਼ ਹੋਣ ਕਾਰਨ ਇਸ ਨੂੰ 'ਉਤਰੀ ਕਾਲੇ ਚਮਕੀਲੇ ਪਾਤਰ ਸਭਿਅਤਾ' ਦਾ ਨਾਂ ਦਿੱਤਾ ਹੈ। ਚਾਂਦੀ ਤੇ ਤਾਂਬੇ ਦੇ ਢਾਲੇ ਸਿੱਕਿਆਂ ਦੀ ਵਰਤੋਂ ਇਸ ਸਮੇਂ ਦੌਰਾਨ ਕੀਤੀ ਗਈ ਸੀ। ਇਸ ਕਾਲ ਦੇ ਤਲਾਬ, ਨਿਕਾਸੀ ਨਾਲਿਆਂ ਅਤੇ ਘਰਾਂ ਤੋਂ ਪਤਾ ਲੱਗਦਾ ਹੈ ਕਿ ਇਸ ਕਾਲ ਵਿਚ ਪੱਥਰ, ਕੱਚੀਆਂ ਅਤੇ ਪੱਕੀਆਂ ਇਟਾਂ ਦੀ ਵਰਤੋਂ ਹੋਈ ਹੈ। ਇਸ ਤਰ੍ਹਾਂ ਇਸ ਯੁੱਗ ਦੀ ਤਕਨੀਕੀ ਮੁਹਾਰਤ ਦੇ ਪ੍ਰਮਾਣ ਮਿਲਦੇ ਹਨ। ਖੁਦਾਈ ਦੌਰਾਨ ਮਿਲੀ ਹਾਥੀ ਦੰਦ ਤੋਂ ਬਣੀ ਕੰਘੀ, ਸਿਰ 'ਤੇ ਲਗਾਉਣ ਵਾਲੀਆਂ ਸੂਈਆਂ, ਸੁਰਮਚੂ ਉਸ ਸਮੇਂ ਦੀ ਔਰਤਾਂ ਦੇ ਹਾਰ ਸ਼ਿੰਗਾਰ ਦੇ ਸ਼ੌਕ ਦੇ ਸਬੂਤ ਹਨ। ਬ੍ਰਹਮੀ ਲਿਪੀ ਵਿਚ ਲਿਖੀ ਮੋਹਰ ਇਸ ਯੁੱਗ ਦੀ ਪ੍ਰਸ਼ਾਸਨਿਕ ਅਵਸਥਾ 'ਤੇ ਝਾਤ ਪੁਆਉਂਦੀ ਹੈ।

ਅਗਲਾ ਸਮਾਂ 200 ਈਸਾ ਪੂਰਵ ਤੋਂ 600 ਈਸਵੀ ਤਕ ਦਾ ਹੈ। ਇਸ ਦੌਰਾਨ ਰੋਪੜ ਕਲਾ ਅਤੇ ਉਦਯੋਗ ਦੇ ਖੇਤਰ ਵਿਚ ਵਿਕਸਤ ਦਿਖਾਈ ਦਿੱਤਾ। ਯਕਸ਼ ਤੇ ਯਕਸ਼ਣੀਆਂ ਦੀਆਂ ਗਹਿਣਿਆਂ ਨਾਲ ਸ਼ਿੰਗਾਰੀਆਂ ਮੂਰਤੀਆਂ ਉਸ ਸਮੇਂ ਦੇ ਲੋਕਾਂ ਦੇ ਧਾਰਮਿਕ ਵਿਸ਼ਵਾਸ ਨੂੰ ਦਰਸਾਉਂਦੀਆਂ ਹਨ। ਤੀਜੀ ਤੋਂ ਸੱਤਵੀਂ ਸਦੀ ਦੇ ਕੁਸ਼ਾਣ ਤੇ ਗੁਪਤ ਕਾਲ ਦੇ ਮਿਲੇ ਅਵਸ਼ੇਸ਼ਾਂ ਵਿਚ ਵੀਣਾ ਵਜਾਉਂਦੀ ਔਰਤ ਦੀ ਮੂਰਤੀ ਲੋਕਾਂ ਦੇ ਸੰਗੀਤਕ ਸ਼ੌਕ ਬਾਰੇ ਦੱਸਦੀ ਹੈ। ਚਾਂਦੀ ਦੇ ਬਰਤਨ, ਕੱਪ ਤੇ ਚਮਚ ਤੇ ਚੰਦਰ ਗੁਪਤ ਕੁਮਾਰ ਦੇਵੀ ਦਾ ਸੋਨੇ ਦਾ ਸਿੱਕਾ ਇਸ ਅਮੀਰ ਯੁੱਗ ਦੀਆਂ ਖਾਸ ਵਸਤਾਂ ਹਨ।

ਇਸ ਤੋਂ ਬਾਅਦ ਸ਼ੁਰੂਆਤੀ ਮੱਧਕਾਲ (700-1200) ਵਿਚ ਮੁਗਲ ਕਾਲ ਸ਼ੁਰੂ ਹੁੰਦਾ ਹੈ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਸ਼ਾਇਦ ਹੂਣਾਂ ਦੇ ਹਮਲੇ ਕਾਰਨ ਰੋਪੜ ਸ਼ਹਿਰ ਉਜੜ ਗਿਆ ਹੋਵੇ ਅਤੇ ਇਸ ਦਾ ਜ਼ਿਆਦਾਤਰ ਹਿੱਸਾ ਅਜੋਕੇ ਸ਼ਹਿਰ ਹੇਠ ਦੱਬ ਗਿਆ ਹੋਵੇ। ਇਸ ਸ਼ਹਿਰ ਵਿਚੋਂ ਮੱਧਕਾਲ ਦੇ ਬਹੁਰੰਗੇ ਚਮਕਦਾਰ ਬਰਤਨ ਅਤੇ ਲਖੌਰੀ ਇਟਾਂ ਦੇ ਢਾਂਚੇ ਮਿਲੇ ਹਨ।

ਇਸ ਤੋਂ ਬਿਨਾਂ ਮੁਗਲ ਸ਼ਾਸਕ ਮੁਬਾਰਕ ਸ਼ਾਹ (1316-1320) ਅਤੇ ਇਬਰਾਹਿਮ ਲੋਧੀ ਦੇ ਇਮ (1517-1526) ਦੇ ਸਿੱਕੇ ਵੀ ਅਜਾਇਬਘਰ ਵਿਚ ਮੌਜੂਦ ਹਨ। 26 ਦਸੰਬਰ 1831 ਨੂੰ ਮਹਾਰਾਜਾ ਰਣਜੀਤ ਸਿੰਘ ਤੇ ਲਾਰਡ ਵਿਲੀਅਮ ਬੈਟਿੰਕ ਦਰਮਿਆਨ ਹੋਈ ਮੁਲਾਕਾਤ ਵੀ ਇਸ ਸ਼ਹਿਰ ਦੀ ਅਹਿਮੀਅਤ ਨੂੰ ਉਜਾਗਰ ਕਰਦੀ ਹੈ। ਬ੍ਰਿਟਿਸ਼ ਰਾਜ ਤੋਂ ਲੈ ਕੇ ਅਕਤੂਬਰ 1966 ਤਕ ਅਜੋਕੇ ਹਰਿਆਣਾ ਦੇ ਅੰਬਾਲਾ ਜ਼ਿਲ੍ਹੇ ਦੀ ਤਹਿਸੀਲ ਰਿਹਾ ਰੂਪਨਗਰ ਅੱਜ ਪੰਜਾਬ ਦੀ ਡਿਵੀਜ਼ਨ ਅਤੇ ਵਿਧਾਨ ਸਭਾ ਹਲਕਾ ਬਣਨ ਦਾ ਮਾਣ ਹਾਸਲ ਕਰ ਚੁੱਕਾ ਹੈ।



ਰੂਪਨਗਰ ਵਿਚ ਪੁਰਾਤੱਤਵ ਵਿਭਾਗ ਦਾ ਅਜਾਇਬਘਰ।

# ਬਲਰਾਜ ਸਾਹਨੀ ਤੇ ਉਸ ਦੀ ਦਮੋ

*(ਪਿਛਲੇ ਸਫੇ ਦੀ ਬਾਕੀ)*

ਪ੍ਰਸਿਧ ਨਿਰਦੇਸ਼ਕ ਫਨੀ ਮਜੂਮਦਾਰ ਨੇ ਆਪਣੀ ਅਗਲੀ ਫਿਲਮ 'ਦੂਰ ਚਲੇਂ' ਵਿਚ ਬਲਰਾਜ ਅਤੇ ਦਮਯੰਤੀ-ਦੋਹਾਂ ਨੂੰ ਮੁੱਖ ਰੋਲ ਦਿੱਤੇ। 'ਦੂਰ ਚਲੇਂ' ਵਿਚ ਦਮਯੰਤੀ ਨੇ ਬਲਰਾਜ ਦੀ ਪਤਨੀ ਦਾ ਕਿਰਦਾਰ ਨਿਭਾਇਆ। ਕਮਲ ਕਪੂਰ ਇਸ ਫਿਲਮ ਦੇ ਨਾਇਕ ਅਤੇ ਨਸੀਮ ਨਾਇਕਾ ਸੀ।

ਇਸ ਪਿਛੋਂ ਇਪਟਾ ਨੇ 1946 ਵਿਚ ਬੰਗਾਲ ਦੇ ਕਾਲ ਉਤੇ 'ਧਰਤੀ ਕੇ ਲਾਲ' ਫਿਲਮ ਬਣਾਈ, ਜਿਸ ਨੂੰ ਭਾਰਤੀ ਅਗਾਂਹਵਧੂ ਸਿਨੇਮਾ ਦੀ ਸ਼ਾਹਕਾਰ ਰਚਨਾ ਮੰਨਿਆ ਜਾਂਦਾ ਹੈ। ਇਸ ਫਿਲਮ ਵਿਚ ਬਲਰਾਜ ਨੇ ਪਰਿਵਾਰ ਦੇ ਵੱਡੇ ਮੁੰਡੇ ਅਤੇ ਦਮਯੰਤੀ ਨੇ ਉਸ ਦੀ ਪਤਨੀ ਵਿਨੋਦਨੀ ਦਾ ਰੋਲ ਨਿਭਾਇਆ ਸੀ।

ਜਦੋਂ ਰਜਨੀਕਾਂਤ ਪਾਂਡੇ ਨੇ ਇਬਸਨ ਦੇ ਪ੍ਰਸਿੱਧ ਨਾਟਕ 'ਏ ਡਾਲਜ਼ ਹਾਉਸ' ਉਤੇ ਆਧਾਰਤ ਫਿਲਮ 'ਗੁੜੀਆ' ਬਣਾਈ ਤਾਂ ਉਸ ਵਿਚ ਵੀ ਬਲਰਾਜ ਅਤੇ ਦਮਯੰਤੀ ਨੇ ਮੁੱਖ ਕਿਰਦਾਰ ਨਿਭਾਏ। ਉਹ ਦੋਵੇਂ ਪ੍ਰਸਿੱਧੀ ਦੀ ਸਿਖਰ 'ਤੇ ਪਹੁੰਚ ਗਏ, ਪਰ ਮਾੜੀ ਗੱਲ ਇਹ ਹੋਈ ਕਿ 'ਧਰਤੀ ਕੇ ਲਾਲ' ਦੀ ਦਿਹਾਤੀ ਇਲਾਕਿਆਂ ਵਿਚ ਸ਼ੂਟਿੰਗ ਦੌਰਾਨ ਦਮਯੰਤੀ ਬਿਮਾਰ ਹੋ ਗਈ। ਜ਼ਿਆਦਾ ਖੇਚਲ ਅਤੇ ਭੱਜ-ਦੌੜ ਕਾਰਨ ਇਹ ਬਿਮਾਰੀ ਵਧਦੀ ਗਈ। ਛੇਤੀ ਹੀ 'ਗੁੜੀਆ' ਦੀ ਸ਼ੂਟਿੰਗ ਦੇ ਖਤਮ ਹੋਣ ਪਿਛੋਂ ਸੰਖੇਪ ਬਿਮਾਰੀ ਮਗਰੋਂ ਅਪਰੈਲ 1947 ਵਿਚ ਦਮਯੰਤੀ ਦੀ ਮੌਤ ਹੋ ਗਈ।

'ਧਰਤੀ ਕੇ ਲਾਲ' ਨੂੰ ਦੇਖਦਿਆਂ ਦਮਯੰਤੀ ਦੀ ਅਭਿਨੈ ਪ੍ਰਤਿਭਾ ਦਾ ਅੰਦਾਜ਼ਾ ਹੋ ਜਾਂਦਾ ਹੈ। ਬਲਰਾਜ ਸਾਹਨੀ ਅਨੁਸਾਰ, "ਮੈਂ ਦਮੋ ਨੂੰ ਕੈਮਰੇ ਅੱਗੇ ਲਾਪ੍ਰਵਾਹੀ ਨਾਲ ਹੱਸਦਿਆਂ-ਟੱਪਦਿਆਂ, ਨੱਚਦਿਆਂ-ਗਾਉਂਦਿਆਂ, ਵੇਖ ਕੇ ਕਾਫੀ ਹੈਰਾਨ ਹੁੰਦਾ ਸਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਦਾ ਸੁਭਾਅ ਐਕਟਿੰਗ-ਕਲਾ ਲਈ ਬਹੁਤ ਢੁਕਵਾਂ ਸੀ।"

ਬਲਰਾਜ ਸਾਹਨੀ ਵਾਂਗ ਦਮਯੰਤੀ ਵੀ ਪ੍ਰਤੀਬੱਧ ਕਲਾਕਾਰ ਸੀ। ਉਹ ਬਲਰਾਜ ਤੋਂ ਵੀ ਪਹਿਲਾਂ ਮਾਰਕਸਵਾਦੀ ਵਿਚਾਰਧਾਰਾ ਵਲ ਖਿੱਚੀ ਗਈ ਸੀ। ਇਪਟਾ ਤੋਂ ਪਿੱਛੋਂ ਫਿਲਮਾਂ ਵਿਚ ਸਫਲ ਹੋਣ ਦੇ ਬਾਵਜੂਦ ਦਮਯੰਤੀ ਦੀ ਪ੍ਰਤੀਬੱਧਤਾ ਵਿਚ ਕਮੀ ਨਹੀਂ ਆਈ। ਬਲਰਾਜ ਸਾਹਨੀ ਲਿਖਦੇ ਹਨ, "ਉਹਨੂੰ ਨਾ ਪੈਸੇ ਜਮ੍ਹਾਂ ਕਰਨ ਦਾ ਸ਼ੌਕ ਸੀ, ਨਾ ਆਪਣੇ ਸੁੱਖ ਆਰਾਮ ਦਾ ਖਿਆਲ। ਬੇਗਮ ਪਾਰਾ, ਨੂਰ ਜਹਾਨ, ਬੇਬੀ ਨਸੀਮ ਉਹਦੇ ਹਾਣ ਦੀਆਂ ਐਕਟਰੈੱਸਾਂ ਸਨ। ਉਨ੍ਹਾਂ ਨਾਲ ਉਸ ਦੀ ਚੰਗੀ ਦੋਸਤੀ ਸੀ। ਉਹ ਸਭ ਵੱਡੀਆਂ-ਵੱਡੀਆਂ ਮੋਟਰਾਂ 'ਤੇ ਉਡਦੀਆਂ ਫਿਰਦੀਆਂ, ਪਰ ਦਮੋ ਲਈ ਬੱਸ ਤੇ ਰੇਲ ਗੱਡੀ ਦੀ ਸਵਾਰੀ ਹੀ ਕਾਫੀ ਸੀ। ਖੱਦਰ ਦਾ ਚਿੱਟਾ ਸੂਟ ਉਸ ਦਾ ਪਹਿਰਾਵਾ ਸੀ। ਘਰ ਚਲਾਉਣ ਜੋਗੇ ਲੋੜੀਂਦੇ ਪੈਸੇ ਰੱਖ ਕੇ ਬਾਕੀ ਸਭ ਉਹ ਦੇਸ਼ ਦੇ ਕੰਮਾਂ ਨੂੰ ਭੇਟਾ ਕਰ ਦਿੰਦੀ।"

ਮਰਨ ਵੇਲੇ ਦਮਯੰਤੀ ਆਪਣੀ ਪ੍ਰਸਿੱਧੀ ਦੀ ਬੁਲੰਦੀ 'ਤੇ ਸੀ। ਛੋਟੀ ਉਮਰ ਵਿਚ ਹੀ ਇਸ ਪ੍ਰਤਿਭਾਸ਼ਾਲੀ ਅਦਾਕਾਰਾ ਦੇ ਜੀਵਨ ਦੀ ਡੋਰ ਅੱਧ ਵਿਚਾਲਿਓਂ ਟੁੱਟ ਗਈ। ਦੇਹਾਂਤ ਸਮੇਂ ਉਸ ਦੀ ਉਮਰ ਐਨ ਅੰਮ੍ਰਿਤਾ ਸ਼ੇਰਗਿੱਲ ਜਿੰਨੀ ਸੀ। ਉਨ੍ਹਾਂ ਦੋਹਾਂ ਦੇ ਇਕ-ਦੂਜੀ ਦੇ ਅੱਗੇ-ਪਿੱਛੇ ਤੁਰ ਜਾਣ ਨਾਲ ਭਾਰਤੀ ਕਲਾ ਜਗਤ ਕਿੰਨਾ ਕੁ ਸੁੰਨਾ ਹੋਇਆ ਹੋਵੇਗਾ, ਇਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ। ਬਲਰਾਜ ਸਾਹਨੀ ਆਪਣੀ ਦਮੋ ਦਾ ਵਿਛੋੜਾ ਤਾਂ ਸਹਿ ਗਿਆ, ਪਰ ਧੀ ਸ਼ਬਨਮ ਦਾ ਨਹੀਂ, ਜਿਸ ਨੂੰ ਉਹ ਅੰਤਾਂ ਦਾ ਪਿਆਰ ਕਰਦਾ ਸੀ, ਪੁੱਤਰ ਪ੍ਰੀਕਸ਼ਤ ਤੋਂ ਵੀ ਵੱਧ। ਧੀ ਦੀ ਮੌਤ ਦਾ ਦੁੱਖ ਬਲਰਾਜ ਸਾਹਨੀ ਨੂੰ ਵੀ ਲੈ ਗਿਆ। ਉਹ 13 ਅਪਰੈਲ 1973 ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਉਸ ਨੇ ਪਹਿਲੀ ਮਈ ਨੂੰ ਮਸਾਂ ਸੱਠ ਸਾਲ ਦਾ ਹੋਣਾ ਸੀ। ਉਸ ਦਾ ਜਨਮ ਮਈ ਦਿਵਸ ਦਾ ਸੀ ਤੇ ਮ੍ਰਿਤੂ ਵਿਸਾਖੀ ਦੀ।

ਮੈਂ ਫਿਲਮਾਂ ਦਾ ਬੰਦਾ ਨਹੀਂ। ਦੇਖਦਾ ਵੀ ਨਹੀਂ। ਬਲਰਾਜ ਸਾਹਨੀ ਦੀ ਅਦਾਕਾਰੀ ਵਾਲੀ ਜੇ ਮੈਨੂੰ ਕੋਈ ਪਿਕਚਰ ਚੇਤੇ ਹੈ ਤਾਂ 'ਦੋ ਬੀਘਾ ਜ਼ਮੀਨ।' ਸ਼ਾਇਦ ਹੋਰ ਕੋਈ ਵੇਖੀ ਹੀ ਨਹੀਂ। ਫਿਲਮਾਂ ਨਾਲ ਹੀ ਮਿਲਦੀ-ਜੁਲਦੀ ਗੱਲ ਉਸ ਨੂੰ ਵੇਖਣ ਦੀ ਹੈ।

1965 ਦੀ ਭਾਰਤ-ਪਾਕਿਸਤਾਨ ਜੰਗ ਪਿੱਛੋਂ ਮੈਂ ਤੇ ਮੇਰਾ ਮਿੱਤਰ ਤਾਰਾ ਸਿੰਘ ਕਾਮਲ ਦਿੱਲੀ ਤੋਂ ਮੇਰੇ ਮੋਟਰਸਾਈਕਲ ਉਤੇ ਭਾਰਤ-ਪਾਕਿਸਤਾਨ ਸਰਹੱਦ 'ਤੇ ਜਿੱਤੇ ਹੋਏ ਪਿੰਡ ਵੇਖਣ ਲਈ ਨਿਕਲੇ ਤਾਂ ਅੰਬਾਲਾ ਕੋਲੋਂ ਲੰਘਦਿਆਂ ਉਹ ਗਿਰਜਾਘਰ ਦਿਸਿਆ, ਜੋ ਪਾਕਿਸਤਾਨੀ ਬੰਬਾਰੀ ਦਾ ਸ਼ਿਕਾਰ ਹੋ ਗਿਆ ਸੀ। ਅਸੀਂ ਪਲ ਦੋ ਪਲ ਲਈ ਉਥੇ ਰੁਕੇ ਤਾਂ ਵੇਖਦੇ ਹਾਂ ਕਿ ਕੋਈ ਬਹੁਤ ਹੀ ਜਾਣਿਆ-ਪਛਾਣਿਆ ਚਿਹਰਾ ਵੱਡੀ ਕਾਰ ਵਿਚੋਂ ਨਿਕਲਿਆ ਤੇ ਸਾਡੇ ਵਿਚ ਆ ਰਲਿਆ। ਅਸੀਂ ਤਾਂ ਉਹਨੂੰ ਜਾਣਦੇ ਸਾਂ, ਪਰ ਉਹ ਸਾਨੂੰ ਨਹੀਂ ਸੀ ਜਾਣਦਾ। ਉਹ ਬਲਰਾਜ ਸਾਹਨੀ ਸੀ। ਦੋਹਾਂ ਧਿਰਾਂ ਨੂੰ ਕਾਹਲ ਇੰਨੀ ਸੀ ਕਿ ਸਾਹਬ ਸਲਾਮ ਵੀ ਨਹੀਂ ਹੋਈ। ਉਹ ਆਪਣੀ ਵੱਡੀ ਕਾਰ ਵਿਚ ਜਾ ਬੈਠਾ ਤੇ ਮੈਂ ਤਾਰਾ ਸਿੰਘ ਨੂੰ ਪਿੱਛੇ ਬਿਠਾ ਕੇ ਆਪਣੇ ਮੋਟਰਸਾਈਕਲ ਨੂੰ ਕਿੱਕ ਮਾਰ ਲਈ। ਅੱਖ ਦੇ ਫੋਰ ਵਿਚ ਦੇਸ਼ ਦਾ ਹਰਮਨ ਪਿਆਰਾ ਅਦਾਕਾਰ ਸਾਡੀਆਂ ਅੱਖਾਂ ਤੋਂ ਓਹਲੇ ਹੋ ਗਿਆ। ਹੋਣਾ ਹੀ ਸੀ। ਉਰਦੂ ਦਾ ਮੁਹਾਵਰਾ ਹੈ, ਆਂਖ ਓਝਲ ਪਹਾੜ ਓਝਲ। ਪਰ ਬਲਰਾਜ ਉਤੇ ਇਹ ਵੀ ਨਹੀਂ ਢੁਕਦਾ। ਜਿਨ੍ਹਾਂ ਨੂੰ ਨਾ ਜਾਣਦਾ ਹੋਵੇ, ਉਨ੍ਹਾਂ ਦੇ ਚੇਤੇ ਵਿਚ ਵੀ ਵੱਸ ਜਾਂਦਾ ਸੀ। ਮੈਂ ਆਪਣੀ ਉਸ ਫੇਰੀ ਪਿੱਛੋਂ ਪਾਕਿਸਤਾਨ ਉਤੇ ਭਾਰਤੀ ਜਿੱਤ ਦੀਆਂ ਪੰਜ ਕਹਾਣੀਆਂ ਲਿਖੀਆਂ। ਇਕ ਲੁਧਿਆਣਾ ਤੋਂ ਛਪਦੇ 'ਹੇਮ ਜਯੋਤੀ' ਰਸਾਲੇ ਵਿਚ ਛਪੀ। ਇਸ ਦਾ ਨਾਇਕ ਦਰਸ਼ਨ ਸਿੰਘ ਭਾਰਤੀ ਸੈਨਾ ਵਲੋਂ ਮਧੋਲੇ ਗਏ ਪਿੰਡਾਂ ਨੂੰ ਵੇਖ ਕੇ ਵਾਪਸ ਬਾਰਡਰ ਪਾਰ ਕਰਦਾ ਹੈ ਤਾਂ ਉਸ ਦੇ ਸਾਹਮਣੇ ਸ਼ਾਮ ਸਿੰਘ ਅਟਾਰੀ ਦੀ ਸਮਾਧ ਆ ਜਾਂਦੀ ਹੈ। ਉਹ ਸਮਾਧ 'ਤੇ ਲਿਖੇ ਸ਼ਾਹ ਮੁਹੰਮਦ ਦੇ ਬੋਲ ਪੜ੍ਹਨ ਲੱਗਦਾ ਹੈ,

ਆਈਆਂ ਪਲਟਣਾਂ ਬੀੜ ਕੇ ਤੋਪਖਾਨੇ  
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।  
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ  
ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁੱਟੇ।

ਦਰਸ਼ਨ ਸਿੰਘ ਦੇ ਸਿਰ ਨੂੰ ਸਿੰਘਾਂ ਤੇ ਸ਼ਾਮ ਸਿੰਘ ਦੀ ਬਹਾਦਰੀ ਦਾ ਨਸ਼ਾ ਚੜ੍ਹ ਰਿਹਾ ਸੀ ਕਿ ਅਗਲੀ ਲਾਈਨ ਵੀ ਪੜ੍ਹ ਲੈਂਦਾ ਹੈ,

ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ  
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।  
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ  
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਗੋਰਿਆਂ ਉਤੇ ਜਿੱਤ ਪਾਉਣ ਵਾਲੇ ਸਿਰਫ ਮੇਵਾ ਸਿੰਘ ਦੀ ਬਰਾਦਰੀ ਦੇ ਸਿੰਘ ਹੀ ਨਹੀਂ ਸਨ, ਇਨ੍ਹਾਂ ਵਿਚ ਮਾਖੇ ਖਾਂ ਜਿਹੇ ਮੁਸਲਮਾਨ ਸੂਰਬੀਰ ਵੀ ਸਨ। ਜਿੱਤ ਦਾ ਸਿਹਰਾ ਸਿੰਘਾਂ ਤੇ ਮੁਸਲਮਾਨਾਂ ਦੇ ਆਪਸੀ ਏਕੇ ਦੇ ਸਿਰ ਬੱਝਦਾ ਸੀ। ਉਸ ਏਕੇ ਦੇ ਸਿਰ, ਜਿਸ ਦਾ ਭਾਰਤ-ਪਾਕਿਸਤਾਨ ਜੰਗ ਵਿਗੜਿਆ ਹੋਇਆ ਰੂਪ ਸੀ। ਦਰਸ਼ਨ ਸਿੰਘ ਦਾ ਖੁਮਾਰ ਲੱਥ ਜਾਂਦਾ ਹੈ ਤੇ ਉਹ ਹਾਰੇ ਹੋਏ ਨੈਪੋਲੀਅਨ ਵਾਂਗ ਪਿਛਾਂਹ ਨੂੰ ਤੁਰ ਪੈਂਦਾ ਹੈ।


ਇਸ ਕਹਾਣੀ ਦੇ 'ਹੇਮ ਜਯੋਤੀ' ਵਿਚ ਛਪਦੇ ਸਾਰ ਮੈਨੂੰ ਪੋਸਟ ਕਾਰਡ ਮਿਲਦਾ ਹੈ। ਲਿਖਣ ਵਾਲਾ ਬਲਰਾਜ ਸਾਹਨੀ ਹੈ। ਉਸ ਨੂੰ ਇਸ ਕਹਾਣੀ ਨੇ ਸ਼ਰਮਸਾਰ ਕੀਤਾ ਹੈ। ਮੈਂ ਕਾਹਲੀ ਵਿਚ 'ਸਰਸ਼ਾਰ' ਨੂੰ ਸ਼ਰਮਸਾਰ ਪੜ੍ਹ ਜਾਂਦਾ ਹਾਂ। ਹੈਰਾਨ ਹੋ ਕੇ ਅੱਖਾਂ ਮਲ ਕੇ ਮੁੜ ਪੜ੍ਹਦਾ ਹਾਂ ਤਾਂ ਲਿਖਣ ਵਾਲੇ ਨਾਲੋਂ ਵੱਧ ਸਰਸ਼ਾਰ ਹੋ ਜਾਂਦਾ ਹਾਂ। ਇਸ ਲਈ ਕਿ ਮੇਰੀ ਕਹਾਣੀ ਦੀ ਇੰਨੀ ਪ੍ਰਸ਼ੰਸਾ ਕਰਨ ਵਾਲੇ ਬਲਰਾਜ ਸਾਹਨੀ ਨੂੰ ਮੈਂ ਕਦੇ ਨਹੀਂ ਸੀ ਜਾਣਿਆ। ਅੰਬਾਲਾ ਵਾਲੇ ਗਿਰਜਾਘਰ ਦੀ ਝੁੱਕਲ ਤੋਂ ਸਿਵਾ, ਪਰ ਉਸ ਨੂੰ ਇਹ ਕਹਾਣੀ ਇੰਨੀ ਪਸੰਦ ਆਈ ਸੀ ਕਿ ਉਸ ਨੇ ਅੰਤ ਵਿਚ ਸਲਾਹ ਦਿੱਤੀ ਸੀ ਕਿ ਮੈਂ ਇਸ ਨੂੰ ਉਰਦੂ ਵਿਚ ਅਨੁਵਾਦ ਕਰਵਾ ਕੇ ਪਾਕਿਸਤਾਨ ਵਿਚ ਹੀ ਛਪਵਾਵਾਂ। 1965 ਵਿਚ ਲਿਖੇ ਉਸ ਦੇ ਇਸ ਖਤ ਨੂੰ ਮੈਂ 1984 ਤਕ ਸਾਂਭੀ ਰੱਖਿਆ। ਇਸ ਲਈ ਨਹੀਂ ਕਿ ਇਸ ਵਿਚੋਂ ਹਿੰਦੂ-ਮੁਸਲਿਮ ਏਕਤਾ ਦੀ ਖੁਸ਼ਬੂ ਆਉਂਦੀ ਸੀ, ਖੁਸ਼ਬੂ ਬਲਰਾਜ ਸਾਹਨੀ ਦੇ ਤਨ, ਮਨ ਵਿਚ ਵੱਸੀ ਹੋਈ ਸੀ।



ਬਲਰਾਜ ਸਾਹਨੀ ਆਪਣੇ ਪੁੱਤਰ ਪ੍ਰੀਕਸ਼ਿਤ ਸਾਹਨੀ ਨਾਲ।

# ਜੰਗਲ ਦੇ ਰਾਖਿਆਂ ਦੀ ਸੰਘਰਸ਼-ਕਹਾਣੀ ਅਤੇ ਸਰਕਾਰ

ਇਸ ਧਰਤੀ 'ਤੇ ਜੀਵਨ ਦੀ ਪੈਦਾਇਸ਼ ਅਤੇ ਆਪਣੇ ਆਪ ਨੂੰ ਧਰਤੀ ਦਾ ਮਾਲਕ ਸਮਝਣ ਵਾਲੇ ਇਨਸਾਨ ਦੇ ਵਿਕਾਸ ਦਾ ਭੇਤ ਅੱਜ ਵੀ ਇਕ ਗੰਭੀਰ ਸੁਆਲ ਹੈ। ਧਰਤੀ ਉਤੇ ਜਾਂ ਪਾਣੀ ਅੰਦਰ ਰਹਿਣ ਵਾਲੇ ਹਜ਼ਾਰਾਂ ਕਿਸਮ ਦੇ ਛੋਟੇ-ਵੱਡੇ ਜੀਵ, ਹਵਾ ਵਿਚ ਉਡਣ ਵਾਲੇ ਰੰਗ-ਬਰੰਗੇ ਖੂਬਸੂਰਤ ਪੰਛੀ ਅਤੇ ਜ਼ਮੀਨ ਅੰਦਰੋਂ ਉਗੀ ਕੁਲ ਬਨਸਪਤੀ, ਪਹਾੜ, ਕੁਦਰਤੀ ਝੀਲਾਂ, ਜੰਗਲੀ ਜਾਨਵਰ-ਇਨ੍ਹਾਂ ਸਭ ਬਾਰੇ ਭੇਤ ਬਰਕਰਾਰ ਹੈ। ਇਥੇ ਹੀ ਬੱਸ ਨਹੀਂ, ਕਈ ਬਰਫਾਨੀ ਇਲਾਕਿਆਂ ਵਿਚ ਅਜਿਹੇ ਪਿੰਜਰ ਵੀ ਮਿਲੇ ਹਨ, ਜਿਨ੍ਹਾਂ ਦੀ ਨਸਲ ਅੱਜ ਧਰਤੀ ਤੋਂ ਆਪਣਾ ਵਜੂਦ ਮੁਕਾ ਚੁਕੀ ਹੈ। ਇਸ ਸਾਰੇ ਗੁੰਝਲਦਾਰ ਮਸਲੇ ਨੂੰ ਸੁਲਝਾਉਣ ਲਈ ਵਿਗਿਆਨੀ ਸਦੀਆਂ ਤੋਂ ਯਤਨਸ਼ੀਲ ਹਨ। ਇੰਗਲੈਂਡ ਵਿਚ 12 ਫਰਵਰੀ 1809 ਨੂੰ ਜਨਮੇ ਚਾਰਲਸ ਡਾਰਵਿਨ ਨੇ ਵਿਕਾਸ ਦੇ ਕੁਦਰਤੀ ਸਿਧਾਂਤ ਰਾਹੀਂ ਇਸ ਸਬੰਧੀ ਸੱਚ ਪੇਸ਼ ਕੀਤਾ ਹੈ, ਜਿਸ ਨੂੰ ਡਾਰਵਿਨ ਥਿਊਰੀ ਕਹਿ ਲਿਆ ਜਾਂਦਾ ਹੈ।



**ਕਿਰਪਾਲ ਸਿੰਘ ਸੰਧੂ**
ਫੋਨ: 559-259-4844

ਡਾਰਵਿਨ ਮੁਤਾਬਕ ਮਨੁੱਖ ਜਾਤੀ ਨਾਲ ਸਬੰਧ ਰੱਖਣ ਵਾਲੇ ਜਾਨਵਰਾਂ ਅਤੇ ਜੀਵਾਂ ਨੇ ਅੱਜ ਵਾਲਾ ਇਨਸਾਨ ਹੋਂਦ ਵਿਚ ਆਉਣ ਲਈ ਕਈ ਹਜ਼ਾਰ ਸਾਲ ਦਾ ਸਫਰ ਆਪਣੇ ਪਿੰਡੇ 'ਤੇ ਹੰਢਾਇਆ। ਬਦਲਦੇ ਮੌਸਮਾਂ ਤੋਂ ਬਚਣ ਲਈ ਪਹਾੜੀ ਘੁਰਨਿਆਂ ਦਾ ਆਸਰਾ ਲੈਣਾ ਪਿਆ। ਦਰਖਤਾਂ 'ਤੇ ਵੀ ਵਸੇਬਾ ਕੀਤਾ। ਜੰਗਲੀ ਜੜ੍ਹੀ-ਬੂਟੀਆਂ, ਫਲ ਆਦਿ ਖਾ ਕੇ ਭੁੱਖ ਮਿਟਾਈ। ਨੰਗੇ ਰਹਿਣ ਤੋਂ ਲੈ ਕੇ ਜੰਗਲੀ ਜਾਨਵਰਾਂ ਦੀ ਖੱਲ ਨਾਲ ਆਪਣਾ ਜਿਸਮ ਢਕ ਕੇ ਰੱਖਿਆ। ਕੂਕਾਂ ਮਾਰ ਕੇ ਆਪਣੇ ਸਾਥੀਆਂ ਨੂੰ ਸਮਝਾਉਂਦਾ ਰਿਹਾ। ਸਾਰੀ ਉਮਰ ਕੁਦਰਤੀ ਵਸੀਲਿਆਂ ਤੋਂ ਪੈਦਾ ਹੋਈ ਹਰ ਚੀਜ਼ ਨੂੰ ਨਿਆਮਤ ਸਮਝਦਾ ਦਿਨ ਗੁਜ਼ਾਰਦਾ ਰਿਹਾ। ਹਰ ਨਵੇਂ ਦਿਨ ਹਰ ਨਵੀਂ ਔਕੜ ਦਾ ਹੱਲ ਲੱਭਦਾ, ਹਰ ਨਵਾਂ ਤਜਰਬਾ ਕਰਨ ਵਾਲਾ ਆਖਰਕਾਰ ਅੱਜ ਵਾਲਾ ਪੂਰਨ ਇਨਸਾਨ ਅਖਵਾਉਣ ਦੇ ਕਾਬਲ ਹੋਇਆ।

ਹਿੰਦੋਸਤਾਨ ਵਿਚ ਆਦਿ ਕਾਲ ਤੋਂ ਉਚੀਆਂ-ਨੀਵੀਆਂ, ਪੱਧਰੀਆਂ ਚੋਟੀਆਂ 'ਤੇ ਵਸਦੇ ਲੋਕਾਂ ਨੂੰ ਅੱਜ ਵੀ ਆਦਿਵਾਸੀ ਕਿਹਾ ਜਾਂਦਾ ਹੈ। ਉਸ ਵਕਤ ਤੋਂ ਹੀ ਇਹ ਪੁਸ਼ਤ-ਦਰ-ਪੁਸ਼ਤ ਰਹਿ ਰਹੇ ਹਨ। ਉਦੋਂ ਨਾ ਤਾਂ ਹਿੰਦੋਸਤਾਨ ਨਾਂ ਦਾ ਕੋਈ ਦੇਸ਼ ਸੀ, ਤੇ ਨਾ ਹੀ ਵੱਖ-ਵੱਖ ਨਾਂਵਾਂ ਥੱਲੇ ਬਣੇ ਪਹਾੜੀ ਤੇ ਨੀਮ ਪਹਾੜੀ ਸੂਬਿਆਂ ਦਾ ਵਜੂਦ ਸੀ।

ਇਹ ਆਦਿਵਾਸੀ ਪਹਾੜਾਂ 'ਤੇ ਉਗੀ ਹਰ ਤਰ੍ਹਾਂ ਦੀ ਬਨਸਪਤੀ ਅਤੇ ਸਾਰਾ-ਸਾਰਾ ਸਾਲ ਵਗਦੇ ਨਦੀ-ਨਾਲਿਆਂ ਦੇ ਸਾਫ-ਸੁਥਰੇ ਪਾਣੀ ਨਾਲ ਜੀਵਨ ਨਿਰਬਾਹ ਕਰਦੇ ਸਨ। ਜੰਗਲੀ ਜਾਨਵਰਾਂ, ਪਹਾੜਾਂ ਨੂੰ ਦੇਵਤਾ ਤਸੱਵੁਰ ਕਰ ਕੇ ਇਨ੍ਹਾਂ ਦੀ ਪੂਜਾ ਕਰਦੇ ਸਨ।

ਵਕਤ ਗੁਜ਼ਰਨ ਨਾਲ ਇਨਸਾਨੀ ਜੀਵਾਂ ਦੀ ਬਣਤਰ, ਰਹਿਣ-ਸਹਿਣ ਅਤੇ ਸੋਚ ਵਿਚ ਤਬਦੀਲੀ ਆਉਂਦੀ ਗਈ। ਲੋੜ ਅਨੁਸਾਰ ਇਨਸਾਨ ਹਰ ਖੇਤਰ ਵਿਚ ਨਵੇਂ-ਨਵੇਂ ਢੰਗ-ਤਰੀਕੇ ਅਪਨਾਉਣ ਲੱਗਾ। ਪਹਾੜਾਂ 'ਤੇ ਵਸਣ ਵਾਲਿਆਂ ਦੇ ਮੁਕਾਬਲੇ ਮੈਦਾਨੀ ਇਲਾਕਿਆਂ ਵਿਚ ਪਸ਼ੂ ਪਾਲਕਾਂ ਦਾ ਧੰਦਾ ਕਰਨ ਵਾਲੇ ਕਬੀਲੇ ਦਰਿਆਵਾਂ ਕੰਢੇ ਸ਼ਹਿਰ ਵਸਣ ਲੱਗੇ। ਫਿਰ ਵਿਦਿਆ ਦੇ ਪਸਾਰ ਲਈ ਇੰਤਜ਼ਾਮ ਹੋਣ ਲੱਗੇ। ਚਰਾਗਾਹਾਂ ਵਾਲੇ ਮੈਦਾਨੀ ਇਲਾਕਿਆਂ ਵਿਚ ਖੁਰਾਕ ਪਦਾਰਥ ਪੈਦਾ ਕਰਨ ਲਈ ਖੇਤੀ ਸ਼ੁਰੂ ਕੀਤੀ। ਤਰ੍ਹਾਂ-ਤਰ੍ਹਾਂ ਦੇ ਬੀਜ ਪੈਦਾ ਕੀਤੇ। ਲੋੜ ਪੂਰੀ ਕਰਨ ਲਈ ਕਾਰਖਾਨਿਆਂ ਵਿਚ ਔਜਾਰ ਬਣਾਏ। ਫਾਲਤੂ ਪੈਦਾਵਾਰ ਦੀ ਫਰੋਖਤ ਲਈ ਵਪਾਰ ਦਾ ਜਨਮ ਹੋਇਆ। ਫਿਰ ਇਨਸਾਨ ਆਪਣੇ ਅਰਾਮ, ਐਸ਼ੋ-ਇਸ਼ਰਤ ਵਾਲੀ ਜ਼ਿੰਦਗੀ ਬਸਰ ਕਰਨ ਲਈ ਧਨ-ਦੌਲਤ ਇਕੱਠੀ ਕਰਨ ਲੱਗਾ, ਜਿਸ ਨੇ ਅਮੀਰੀ-ਗਰੀਬੀ ਨੂੰ ਜਨਮ ਦਿੱਤਾ। ਇਹ ਕਹਿਣਾ ਹੱਕ ਬਜਾਨਵ ਹੋਵੇਗਾ ਕਿ ਇਨਸਾਨ ਖੋਜਾਂ ਦਾ ਸਹਾਰਾ ਲੈ ਕੇ ਹਰ ਖੇਤਰ ਵਿਚ ਜਿਥੇ ਮੱਲਾਂ ਮਾਰਨ ਲੱਗਾ, ਉਥੇ ਧਰਤੀ, ਪਤਾਲ, ਆਕਾਸ਼ ਆਦਿ ਸਭ ਟੋਹ ਮਾਰੇ। ਮਹੀਨਿਆਂ ਦਾ ਸਫਰ ਦਿਨਾਂ ਵਿਚ ਕਰਨ ਲੱਗਾ। ਇਥੇ ਹੀ ਬੱਸ ਨਹੀਂ, ਇਨਸਾਨ ਨੇ ਸਾਹ ਲੈਣ ਵਾਲੀ ਜ਼ਿੰਦਗੀ ਨੂੰ ਪਲ ਵਿਚ ਮੁਕਾ ਦੇਣ ਵਾਲੇ ਮਾਰੂ ਹਥਿਆਰ ਵੀ ਬਣਾ ਲਏ, ਜੋ ਅੱਜ ਬੁੱਧੀਜੀਵੀਆਂ ਲਈ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ।




*ਰੋਸ ਮਾਰਚ ਵਿਚ ਹਿੱਸਾ ਲੈ ਰਹੇ ਆਦਿਵਾਸੀ।*

ਸਦੀਆਂ ਤੋਂ ਪਹਾੜਾਂ ਅਤੇ ਦੂਰ-ਦੁਰਾਡੇ ਰਿਹਾਇਸ਼ਗਾਹਾਂ ਬਣਾ ਕੇ ਰਹਿਣ ਵਾਲੇ ਲੋਕ ਸ਼ਹਿਰਾਂ ਦੇ ਮੁਕਾਬਲੇ ਕਈ ਤਰ੍ਹਾਂ ਦੇ ਪਛੜੇਵਿਆਂ ਵਿਚ ਆਪਣਾ ਜੀਵਨ ਬਤੀਤ ਕਰ ਰਹੇ ਹਨ। ਉਂਜ, ਹੁਣ ਇਨ੍ਹਾਂ ਨੂੰ ਇਹ ਸਮਝ ਆਉਣ ਲੱਗ ਪਈ ਹੈ ਕਿ ਪਹਾੜਾਂ 'ਤੇ ਉਗੀ ਕੁਦਰਤੀ ਬਨਸਪਤੀ, ਕੀਮਤੀ ਜੜੀ-ਬੂਟੀਆਂ, ਨਾਯਾਬ ਲੱਕੜ ਤੇ ਪਹਾੜਾਂ ਅੰਦਰ ਛੁਪੀਆਂ ਵਸਤਾਂ ਜਾਂ ਧਾਤਾਂ ਬੇਹੱਦ ਕੀਮਤੀ ਹਨ, ਜਿਨ੍ਹਾਂ ਦੀ ਰਾਖੀ ਉਨ੍ਹਾਂ ਦੇ ਪਿਓ-ਦਾਦੇ ਆਪਣੀ ਮਲਕੀਅਤ ਸਮਝ ਕੇ ਕਰਦੇ ਰਹੇ ਅਤੇ ਦੇਵਤਾ ਤਸੱਵੁਰ ਕਰ ਕੇ ਪੂਜਾ ਕਰਦੇ ਰਹੇ ਹਨ।

ਆਦਿਵਾਸੀਆਂ ਨੂੰ ਇਹ ਗੱਲ ਵੀ ਸਮਝ ਆਉਣ ਲੱਗੀ ਕਿ ਸਰਕਾਰੀ ਅਤੇ ਧਨਾਢ ਲੋਕ ਵੱਡੀਆਂ ਕੰਪਨੀਆਂ ਦੇ ਮਾਲਕਾਂ ਨਾਲ ਮਿਲ ਕੇ ਉਨ੍ਹਾਂ ਨੂੰ ਉਜਾੜ ਰਹੇ ਹਨ ਅਤੇ ਉਨ੍ਹਾਂ ਦੀ ਹਰ ਕਿਸਮ ਦੀ ਲੁੱਟ ਕਰਕੇ ਖੁਦ ਮਾਲਾ-ਮਾਲ ਹੋ ਰਹੇ ਹਨ। ਸਿਆਸਤਦਾਨ ਅਤੇ ਸਰਕਾਰੀ ਅਮਲਾ-ਫੈਲਾ ਆਪੋ-ਆਪਣੇ ਘਰ ਭਰ ਰਿਹਾ ਹੈ।

ਹਿੰਦੋਸਤਾਨ ਦਾ ਇਕ ਅਹਿਮ ਸੂਬਾ ਉੜੀਸਾ ਹੈ। ਇਸ ਦੇ ਦੱਖਣੀ ਹਿੱਸੇ ਵਿਚ ਨਿਆਮਗਿਰੀ ਪਰਬਤ-ਮਾਲਾ ਹੈ। ਇਸ ਪਰਬਤ 'ਤੇ ਮਨੁੱਖ ਜਾਤੀ ਦੇ ਜਨਮ ਵੇਲੇ ਤੋਂ ਹੀ ਪੁਸ਼ਤ-ਦਰ-ਪੁਸ਼ਤ ਡੋਂਗਰੀਆਂ ਕੌਂਦ ਕਬੀਲਾ ਰਹਿ ਰਿਹਾ ਹੈ। ਕਿਸੇ ਵਕਤ ਇਸ ਕਬੀਲੇ ਦਾ ਸਰਦਾਰ ਕਹਿ ਲਵੋ ਜਾਂ ਰਾਜਾ ਸੀ, ਨਿਆਮ। ਹੋ ਸਕਦਾ ਹੈ, ਉਸ ਦੇ ਨਾਂ 'ਤੇ ਹੀ ਇਸ ਪਹਾੜ ਦਾ ਨਾਂ ਨਿਆਮਗਿਰੀ ਪੈ ਗਿਆ ਹੋਵੇ। ਇਹ ਕਬੀਲਾ ਨਿਆਮ ਨੂੰ ਇਸ ਬ੍ਰਹਿਮੰਡ ਦਾ ਦੇਵਤਾ ਮੰਨਦਾ ਹੈ ਅਤੇ ਸਦੀਆਂ ਤੋਂ ਉਸ ਦੀ ਪੂਜਾ ਕਰ ਰਿਹਾ ਹੈ। ਇਹ ਡੋਂਗਰੀ ਕੌਂਦ ਕਬੀਲੇ ਵਾਲੇ ਇਨ੍ਹਾਂ ਪਹਾੜਾਂ ਦੀ ਰਾਖੀ ਕਰਦੇ ਹਨ ਅਤੇ ਰਾਖੀ ਕਰਦਿਆਂ ਆਪਣੀ ਜਾਨ ਤਕ ਕੁਰਬਾਨ ਕਰਨ ਵਿਚ ਮਾਣ ਮਹਿਸੂਸ ਕਰਦੇ ਹਨ।

ਨਿਆਮਗਿਰੀ ਵਿਚ ਬਾਕਸਾਈਟ ਦੇ ਬੇਅੰਤ ਭੰਡਾਰ ਮੌਜੂਦ ਹਨ। ਵੱਖ-ਵੱਖ ਸਰਕਾਰਾਂ ਨੇ ਕੌਮਾਂਤਰੀ ਕੰਪਨੀ ਵੇਦਾਂਤਾ ਨੂੰ ਮੀਲਾਂਬੱਧੀ ਰਕਬਾ ਵੇਚ ਦਿੱਤਾ ਹੈ। ਇਹ ਕੰਪਨੀ ਦੁਨੀਆਂ ਭਰ ਦੀਆਂ ਕੁਝ ਕੁ ਵੱਡੀਆਂ ਕੰਪਨੀਆਂ ਵਿਚੋਂ ਇਕ ਹੈ। ਇਸ ਦਾ ਮਾਲਕ ਅਨਿਲ ਅਗਰਵਾਲ ਹੈ, ਜੋ ਲੰਡਨ ਦੀ ਉਸ ਕੋਠੀ ਵਿਚ ਰਹਿੰਦਾ ਹੈ, ਜਿਥੇ ਕਦੇ ਇਰਾਨ ਦਾ ਸ਼ਾਹ ਰਹਿੰਦਾ ਸੀ।

ਭਾਰਤ ਦੀ ਆਜ਼ਾਦੀ ਦੇ 72 ਸਾਲ ਗੁਜ਼ਰ ਜਾਣ 'ਤੇ ਵੀ ਇਨ੍ਹਾਂ ਦੂਰ-ਦਰਾਡੇ ਪਹਾੜੀ ਇਲਾਕਿਆਂ ਵਿਚ ਰਹਿੰਦੇ ਆਦਿਵਾਸੀਆਂ ਕੋਲ ਬਿਜਲੀ ਦੀ ਸਹੂਲਤ ਤਾਂ ਇਕ ਪਾਸੇ ਰਹੀ, ਸਰਕਾਰ ਅੱਜ ਤੱਕ ਇਨ੍ਹਾਂ ਦੀ ਪੱਕੀ ਰਿਹਾਇਸ਼, ਸਿਹਤ ਸੰਭਾਲ, ਬੱਚਿਆਂ ਦੀ ਮੁਢਲੀ ਵਿਦਿਆ ਅਤੇ ਕਾਨੂੰਨੀ ਚਾਰਾਜੋਈ ਦੇ ਸਾਧਨ ਤੱਕ ਮੁਹੱਈਆ ਨਹੀਂ ਕਰਵਾ ਸਕੀ। ਛੋਟੇ ਵਪਾਰੀ ਅਤੇ ਸੂਦਖੋਰ ਇਨ੍ਹਾਂ ਦੀ ਲੁੱਟ ਕਰਦੇ ਆ ਰਹੇ ਹਨ। ਜੰਗਲਾਤ ਮਹਿਕਮੇ ਵਾਲੇ ਹੋਣ ਜਾਂ ਪੁਲਿਸ ਕਰਮਚਾਰੀ, ਇਨ੍ਹਾਂ ਗਰੀਬਾਂ ਦੀਆਂ ਔਰਤਾਂ ਨਾਲ ਬਦਸਲੂਕੀ ਰੋਜ਼ਮੱਰਾ ਦੀ ਕਹਾਣੀ ਹੈ। ਔਰਤਾਂ ਦੀ ਇੱਜਤ ਨਾਲ ਖਿਲਵਾੜ ਕਰਨਾ ਜਿਵੇਂ ਇਨ੍ਹਾਂ ਦਾ ਕਾਨੂੰਨੀ ਹੱਕ ਹੋਵੇ!

ਜ਼ਿਆਦਤੀ ਦੀ ਹੱਦ ਦੇਖੋ ਕਿ ਸਰਕਾਰ ਵਿਕਾਸ ਦੇ ਨਾਂ 'ਤੇ ਜ਼ਮੀਨ ਆਪਣੇ ਕਬਜ਼ੇ ਵਿਚ ਲੈ ਕੇ ਉਥੇ ਹਵਾਈ ਪੱਟੀ ਜਾਂ ਹੈਲੀਪੈਡ ਤਿਆਰ ਕਰਾਉਣ ਲੱਗ ਪੈਂਦੀ ਹੈ। ਇਹੀ ਕਾਰਨ ਹੈ ਕਿ ਇਹ ਆਦਿਵਾਸੀ ਲੋਕ ਸਰਕਾਰ 'ਤੇ ਯਕੀਨ ਨਹੀਂ ਕਰਦੇ। ਉਨ੍ਹਾਂ ਦਾ ਖਿਆਲ ਹੈ ਕਿ ਸਰਕਾਰ ਉਨ੍ਹਾਂ ਦੀ ਜਾਇਦਾਦ ਅਤੇ ਘਰ ਹੜੱਪਣਾ ਚਾਹੁੰਦੀ ਹੈ ਤਾਂ ਜੋ ਉਨ੍ਹਾਂ ਦਾ ਸਫਾਇਆ ਕੀਤਾ ਜਾ ਸਕੇ। ਇਹ ਆਦਿਵਾਸੀ ਜੰਗਲਾਂ ਦੀ ਧਰਤੀ ਦੇ ਚੱਪੇ-ਚੱਪੇ ਤੋਂ ਵਾਕਫ ਹਨ, ਜੋ ਹੁਣ ਮਜਬੂਰੀਵਸ ਹਥਿਆਰ ਚੁੱਕ ਕੇ ਆਪਣੇ ਕੀਮਤੀ ਵਸੀਲਿਆਂ ਦੀ ਰਾਖੀ ਲਈ ਜਾਨ ਦੀ ਬਾਜ਼ੀ ਲਾ ਰਹੇ ਹਨ। ਇਨ੍ਹਾਂ ਨੂੰ ਜੇ ਹੁਣ ਇਨਸਾਫ ਦੀ ਕੋਈ ਕਿਰਨ ਦਿਖਾਈ ਦੇ ਰਹੀ ਹੈ ਤਾਂ ਉਹ ਉਸ ਜਥੇਬੰਦੀ ਦੇ ਲੋਕ ਹਨ, ਜੋ ਇਨ੍ਹਾਂ ਆਦਿਵਾਸੀਆਂ ਦੇ ਹੱਕਾਂ ਲਈ ਲੜ-ਮਰ ਰਹੇ ਹਨ। ਆਦਿਵਾਸੀ ਇਸ ਜਥੇਬੰਦੀ ਦੇ ਮੈਂਬਰਾਂ ਨੂੰ ਪਨਾਹ ਦੇਣ ਵਿਚ ਫਖਰ ਮਹਿਸੂਸ ਕਰਦੇ ਹਨ ਅਤੇ ਇਨ੍ਹਾਂ ਨਾਲ ਮਿਲ ਕੇ ਸ਼ਹਾਦਤ ਦੇ ਜਾਮ ਪੀ ਰਹੇ ਹਨ। ਉਸ ਜਥੇਬੰਦੀ ਨੂੰ ਸਰਕਾਰ ਮਾਓਵਾਦੀ ਕਹਿ ਕੇ ਬਦਨਾਮ ਕਰ ਰਹੀ ਹੈ।

ਆਦਿਵਾਸੀਆਂ ਦੀ ਲੁੱਟ ਦਾ ਤਰੀਕਾ ਇਹ ਹੈ ਕਿ ਮਨਜ਼ੂਰਸ਼ੁਦਾ ਕੰਪਨੀਆਂ ਕੱਚੀ ਧਾਤ, ਜੋ ਪਹਾੜਾਂ ਵਿਚ ਹੀ ਪਈ ਹੈ, ਦਾ ਸੌਦਾ ਆਲਮੀ ਮੰਡੀ ਵਿਚ ਕਰ ਲੈਂਦੀਆਂ ਹਨ। ਫਿਰ ਜ਼ਰੂਰੀ ਹੋ ਜਾਂਦਾ ਹੈ ਕਿ ਵਕਤ ਸਿਰ ਉਸ ਧਾਤ ਦਾ ਭੁਗਤਾਨ ਕੀਤਾ ਜਾਵੇ। ਸਰਕਾਰ ਉੜੀਸਾ ਦੀ ਹੋਵੇ, ਝਾਰਖੰਡ ਦੀ ਜਾਂ ਫਿਰ ਛਤੀਸਗੜ੍ਹ ਦੀ, ਵੱਖਰੇ ਵਿਚਾਰ ਰੱਖਣ ਵਾਲੇ ਸਮਾਜ ਸੇਵੀਆਂ ਜਾਂ ਸਿਆਸੀ ਕਾਰਕੁਨਾਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਮਾਓਵਾਦੀ ਜਾਂ ਉਨ੍ਹਾਂ ਦੇ ਸਮਰਥਕ ਦੱਸ ਕੇ ਜੇਲ੍ਹ ਅੰਦਰ ਡੱਕਣਾ ਸ਼ੁਰੂ ਕਰ ਦਿੰਦੀ ਹੈ।



*ਮੋਰਚੇ 'ਤੇ ਡਟੀਆਂ ਆਦਿਵਾਸੀ ਮੁਟਿਆਰਾਂ।*

ਇਸ ਦੇ ਨਾਲ ਹੀ ਸਰਕਾਰ ਸੀ. ਆਰ. ਪੀ. ਐਫ., ਬੀ. ਐਸ. ਐਫ., ਨਾਗਾ ਰੈਜੀਮੈਂਟ ਆਦਿ ਸੁਰੱਖਿਆ ਦਸਤਿਆਂ ਦੀ ਮਦਦ ਨਾਲ ਕੰਪਨੀਆਂ ਲਈ ਰਾਹ ਪੱਧਰਾ ਕਰਦੀ ਹੈ ਅਤੇ ਆਦਿਵਾਸੀਆਂ ਨੂੰ ਘਰ-ਬਾਰ ਛੱਡ ਮਾਰੇ-ਮਾਰੇ ਫਿਰਨ ਲਈ ਮਜਬੂਰ ਕੀਤਾ ਜਾਂਦਾ ਹੈ। ਦਾਂਤੇਵਾੜਾ ਦੇ ਜੰਗਲਾਂ ਵਿਚ ਜਬਰ-ਜਨਾਹ ਅੱਗਜ਼ਨੀ ਅਤੇ ਮੌਤ ਦਾ ਨੰਗਾ-ਚਿੱਟਾ ਨਾਚ ਆਮ ਹੀ ਦੇਖਣ ਨੂੰ ਮਿਲਦਾ ਹੈ। ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਇਹ ਖੁੱਲ੍ਹ ਵੀ ਦਿੱਤੀ ਹੋਈ ਹੈ ਕਿ ਜੇ ਉਨ੍ਹਾਂ ਦੀ ਜਾਨ ਨੂੰ ਖਤਰਾ ਹੋਵੇ ਤਾਂ ਉਹ ਗੋਲੀ ਵੀ ਚਲਾ ਸਕਦੇ ਹਨ। ਇਹ ਸਰਕਾਰੀ ਜਬਰ ਦੀ ਇੰਤਹਾ ਹੈ।


ਵਿਕਾਸ ਦੇ ਨਾਂ 'ਤੇ ਉਜਾੜੇ ਪਿੰਡਾਂ ਦੀ ਕਰੀਬ ਇਕ ਲੱਖ ਚਾਲੀ ਹਜ਼ਾਰ ਏਕੜ ਜ਼ਮੀਨ ਉਤੇ ਕੋਈ ਪੰਜ ਕਰੋੜ ਲੋਕਾਂ ਦੀ ਬਹਾਲੀ ਤੋਂ ਸਰਕਾਰ ਆਪਣੀ ਅਸਮਰੱਥਾ ਜਾਹਰ ਕਰ ਰਹੀ ਹੈ। ਇਹ ਜ਼ਮੀਨ ਉੜੀਸਾ, ਛਤੀਸਗੜ੍ਹ, ਝਾਰਖੰਡ ਅਤੇ ਪੱਛਮੀ ਬੰਗਾਲ ਦੇ ਹਿੱਸਿਆਂ ਵਿਚ ਹੈ ਅਤੇ ਆਦਿਵਾਸੀ ਕਈ ਸਾਲ ਵੱਡੀਆਂ-ਵੱਡੀਆਂ ਕੰਪਨੀਆਂ ਖਿਲਾਫ ਲੜਦੇ ਰਹੇ ਅਤੇ ਕਿਸੇ ਹਦ ਤੱਕ ਇਨ੍ਹਾਂ ਨੂੰ ਰੋਕਣ ਵਿਚ ਕਾਮਯਾਬ ਵੀ ਰਹੇ।

ਅੱਜ ਵੀ ਆਦਿਵਾਸੀ ਇਹੀ ਕਹਿ ਰਹੇ ਹਨ ਕਿ ਉਹ ਜਾਨ ਤਾਂ ਦੇ ਦੇਣਗੇ, ਪਰ ਆਪਣੇ ਬਜੁਰਗਾਂ ਤੋਂ ਵਿਰਾਸਤ ਵਿਚ ਮਿਲੀ ਇਸ ਜ਼ਮੀਨ 'ਤੇ ਇਨ੍ਹਾਂ ਕੰਪਨੀਆਂ ਦੇ ਨਾਪਾਕ ਕਦਮ ਨਹੀਂ ਰੱਖਣ ਦੇਣਗੇ। ਪਿਛਲੇ ਸਾਲਾਂ ਦੌਰਾਨ ਅਸੀਂ ਦੇਖ ਚੁਕੇ ਹਾਂ ਕਿ ਪੱਛਮੀ ਬੰਗਾਲ ਦੀ ਹਕੂਮਤ ਨੇ ਨੰਦੀਗ੍ਰਾਮ ਅਤੇ ਸਿੰਗੂਰ ਜਿਹੇ ਇਲਾਕੇ ਖਾਲੀ ਕਰਵਾਉਣ ਲਈ ਸਰਕਾਰੀ ਜਬਰ ਦੀ ਇੰਤਹਾ ਕਰ ਦਿੱਤੀ ਸੀ, ਪਰ ਲੋਕਾਂ ਦੇ ਰੋਹ ਅੱਗੇ ਸਰਕਾਰ ਨੂੰ ਅਖੀਰ ਝੁਕਣਾ ਪਿਆ ਸੀ।

ਹਿੰਦੋਸਤਾਨ ਦੇ ਨਾਮੀ-ਗਰਾਮੀ ਪੱਤਰਕਾਰਾਂ, ਸਿਆਸੀ ਪੰਡਿਤਾਂ, ਬੁੱਧੀਜੀਵੀਆਂ, ਸਮਾਜ ਸੇਵੀਆਂ, ਵਕੀਲਾਂ ਅਤੇ ਸ਼ਹਿਰੀ ਅਜ਼ਾਦੀਆਂ ਨੂੰ ਪ੍ਰਨਾਈਆਂ ਜਥੇਬੰਦੀਆਂ ਦੇ ਆਗੂਆਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਦਿੱਲੀ ਆ ਕੇ ਕਈ ਮੀਟਿੰਗਾਂ ਕੀਤੀਆਂ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਠੰਢੀ ਕਹੀ ਜਾਣ ਵਾਲੀ ਇਸ ਜੰਗ ਨੂੰ ਮੋੜਾ ਦਿੱਤਾ ਜਾਵੇ ਅਤੇ ਆਦਿਵਾਸੀਆਂ ਦੇ ਮੋਹਰੀਆਂ ਨਾਲ ਟੇਬਲ 'ਤੇ ਬੈਠ ਕੇ ਇਸ ਸਮੱਸਿਆ ਦਾ ਹੱਲ ਲੱਭਿਆ ਜਾਵੇ ਤਾਂ ਜੋ ਖੁੱਲ੍ਹੇ ਦਿਲ ਨਾਲ ਆਦਿਵਾਸੀਆਂ, ਜੋ ਸਦੀਆਂ ਤੋਂ ਉਥੇ ਰਹਿ ਰਹੇ ਹਨ, ਉਨ੍ਹਾਂ ਦੇ ਇਸ ਪੱਖ ਬਾਰੇ ਵਿਚਾਰ ਕੀਤਾ ਜਾਵੇ। ਅਫਸੋਸ! ਇਹ ਸੁਝਾਅ ਉਸ ਵੇਲੇ ਦੇ ਗ੍ਰਹਿ ਮੰਤਰੀ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਇਸ ਤਰ੍ਹਾਂ ਕਰਨ ਨਾਲ ਅਤਿਵਾਦ ਅਤੇ ਮਾਓਵਾਦ ਨੂੰ ਹੁਲਾਰਾ ਮਿਲੇਗਾ। ਸਕਰਾਰ ਨੇ ਆਪਣੀ ਸਾਰੀ ਨੌਕਰਸ਼ਾਹੀ (ਬਿਊਰੋਕੇਸੀ) ਨੂੰ ਇਸ ਪ੍ਰਚਾਰ 'ਤੇ ਲਾਇਆ ਹੋਇਆ ਹੈ ਕਿ ਇਸ ਮਸਲੇ ਨੂੰ ਮਾਓਵਾਦ ਅਤੇ ਅਤਿਵਾਦ ਨਾਲ ਜੋੜ ਕੇ ਆਦਿਵਾਸੀਆਂ ਨੂੰ ਤਾਕਤ ਦੇ ਜ਼ੋਰ ਨਾਲ ਕੁਚਲ ਦਿੱਤਾ ਜਾਵੇ। ਸਰਕਾਰ ਅਤੇ ਨੌਕਰਸ਼ਾਹੀ ਪਹਾੜਾਂ 'ਤੇ ਉਗੀ ਬਨਸਪਤੀ, ਕੀਮਤੀ ਲੱਕੜ ਅਤੇ ਪਹਾੜਾਂ ਅੰਦਰ ਪਈਆਂ ਧਾਤਾਂ ਉਤੇ ਆਪਣਾ ਹੱਕ ਸਮਝਦੀ ਹੈ। ਅੱਜ ਕੱਲ੍ਹ ਦੇ ਹਾਲਾਤ ਦੱਸ ਰਹੇ ਹਨ ਕਿ ਇਹ ਆਖਰਕਾਰ ਸਰਕਾਰ ਦੀ ਨਾਸਮਝੀ ਸਾਬਤ ਹੋਵੇਗੀ ਅਤੇ ਫੈਸਲਾ ਜਨਤਾ ਦੇ ਹੱਕ ਵਿਚ ਹੋਵੇਗਾ।

ਭਾਰਤ ਦੇ ਚਮਤਕਾਰੀ ਵਿਕਾਸ ਮਾਡਲ ਦਾ ਪ੍ਰਚਾਰ ਵਧ-ਚੜ੍ਹ ਕੇ ਕੀਤਾ ਜਾ ਰਿਹਾ ਹੈ, ਪਰ ਅਸਲ ਵਿਚ ਇਹ ਟੋਏ ਵਿਚ ਫਸੇ ਜਹਾਜ ਵਾਂਗ ਲੱਗਦਾ ਹੈ। ਲੋਕਾਂ ਨੂੰ ਸਮਾਜਕ ਅਤੇ ਵਾਤਾਵਰਣ ਦੀ ਤਬਾਹੀ ਦੀ ਕੀਮਤ ਇਕ ਨਾ ਇਕ ਦਿਨ ਚੁਕਾਉਣੀ ਪਵੇਗੀ, ਕਿਉਂ ਜੋ ਜੰਗਲ ਵਗੈਰਾ ਇਨਸਾਨ ਆਪ ਖਤਮ ਕਰ ਰਿਹਾ ਹੈ। ਦਰਿਆ ਸੁੱਕ ਰਹੇ ਹਨ। ਸ਼ਹਿਰਾਂ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਵਗਦੇ ਦਰਿਆਵਾਂ ਵਿਚ ਸੁਟਿਆ ਜਾ ਰਿਹਾ ਹੈ। ਪੀਣ ਵਾਲਾ ਪਾਣੀ ਜ਼ਹਿਰੀਲਾ ਹੋ ਰਿਹਾ ਹੈ। ਪਾਣੀ ਵਿਚ ਰਹਿਣ ਵਾਲੇ ਜੀਵ-ਜੰਤੂ ਤੜਫ-ਤੜਫ ਕੇ ਮਰ ਰਹੇ ਹਨ। ਦੂਜੇ ਪਾਸੇ, ਧਰਤੀ ਹੇਠਲਾ ਪਾਣੀ ਦਿਨੋ ਦਿਨ ਥੱਲੇ ਜਾ ਰਿਹਾ ਹੈ, ਸਗੋਂ ਇਕ ਲਿਹਾਜ਼ ਨਾਲ ਖਾਤਮੇ ਵਲ ਵੱਧ ਰਿਹਾ ਹੈ। ਲੋਕਾਂ ਨੂੰ ਇਸ ਬਾਰੇ ਹੁਣ ਥੋੜ੍ਹੀ-ਥੋੜ੍ਹੀ ਸਮਝ ਪੈਣੀ ਸ਼ੁਰੂ ਹੋ ਚੁਕੀ ਹੈ। ਉਹ ਇਸ ਲਈ ਫਿਕਰਮੰਦ ਵੀ ਹੋ ਰਹੇ ਹਨ ਕਿ ਆਉਣ ਵਾਲੇ ਚੰਦ ਸਾਲਾਂ ਤਕ ਕੀ ਵਾਪਰਨ ਵਾਲਾ ਹੈ! ਪੂਰੇ ਦੇਸ਼ ਵਿਚ ਘੱਟਗਿਣਤੀ ਲੋਕਾਂ ਅੰਦਰ ਬੇਚੈਨੀ ਵਧ ਰਹੀ ਹੈ। ਲੋਕਾਂ ਦਾ ਸਰਕਾਰ ਦੇ ਝੂਠੇ ਵਾਅਦਿਆਂ ਤੋਂ ਯਕੀਨ ਘਟ ਰਿਹਾ ਹੈ। ਇਹ ਦੇਸ਼ ਦੀ ਜਮਹੂਰੀਅਤ ਲਈ ਖਤਰਾ ਬਣ ਸਕਦਾ ਹੈ।

***ਜ਼ਿਆਦਤੀ ਦੀ ਹੱਦ ਦੇਖੋ ਕਿ ਸਰਕਾਰ ਵਿਕਾਸ ਦੇ ਨਾਂ 'ਤੇ ਜ਼ਮੀਨ ਆਪਣੇ ਕਬਜ਼ੇ ਵਿਚ ਲੈ ਕੇ ਉਥੇ ਹਵਾਈ ਪੱਟੀ ਜਾਂ ਹੈਲੀਪੈਡ ਤਿਆਰ ਕਰਾਉਣ ਲੱਗ ਪੈਂਦੀ ਹੈ। ਇਹੀ ਕਾਰਨ ਹੈ ਕਿ ਇਹ ਆਦਿਵਾਸੀ ਲੋਕ ਸਰਕਾਰ 'ਤੇ ਯਕੀਨ ਨਹੀਂ ਕਰਦੇ। ਉਨ੍ਹਾਂ ਦਾ ਖਿਆਲ ਹੈ ਕਿ ਸਰਕਾਰ ਉਨ੍ਹਾਂ ਦੀ ਜਾਇਦਾਦ ਅਤੇ ਘਰ ਹੜੱਪਣਾ ਚਾਹੁੰਦੀ ਹੈ ਤਾਂ ਜੋ ਉਨ੍ਹਾਂ ਦਾ ਸਫਾਇਆ ਕੀਤਾ ਜਾ ਸਕੇ। ਇਹ ਆਦਿਵਾਸੀ ਜੰਗਲਾਂ ਦੀ ਧਰਤੀ ਦੇ ਚੱਪੇ-ਚੱਪੇ ਤੋਂ ਵਾਕਫ ਹਨ, ਜੋ ਹੁਣ ਮਜਬੂਰੀਵਸ ਹਥਿਆਰ ਚੁੱਕ ਕੇ ਆਪਣੇ ਕੀਮਤੀ ਵਸੀਲਿਆਂ ਦੀ ਰਾਖੀ ਲਈ ਜਾਨ ਦੀ ਬਾਜ਼ੀ ਲਾ ਰਹੇ ਹਨ। ਇਨ੍ਹਾਂ ਨੂੰ ਜੇ ਹੁਣ ਇਨਸਾਫ ਦੀ ਕੋਈ ਕਿਰਨ ਦਿਖਾਈ ਦੇ ਰਹੀ ਹੈ ਤਾਂ ਉਹ ਉਸ ਜਥੇਬੰਦੀ ਦੇ ਲੋਕ ਹਨ, ਜੋ ਇਨ੍ਹਾਂ ਆਦਿਵਾਸੀਆਂ ਦੇ ਹੱਕਾਂ ਲਈ ਲੜ-ਮਰ ਰਹੇ ਹਨ। ਆਦਿਵਾਸੀ ਇਸ ਜਥੇਬੰਦੀ ਦੇ ਮੈਂਬਰਾਂ ਨੂੰ ਪਨਾਹ ਦੇਣ ਵਿਚ ਫਖਰ ਮਹਿਸੂਸ ਕਰਦੇ ਹਨ ਅਤੇ ਇਨ੍ਹਾਂ ਨਾਲ ਮਿਲ ਕੇ ਸ਼ਹਾਦਤ ਦੇ ਜਾਮ ਪੀ ਰਹੇ ਹਨ। ਉਸ ਜਥੇਬੰਦੀ ਨੂੰ ਸਰਕਾਰ ਮਾਓਵਾਦੀ ਕਹਿ ਕੇ ਬਦਨਾਮ ਕਰ ਰਹੀ ਹੈ।***



# ਜੁਬਲੀ ਕੁਮਾਰ ਦੀ ਕਹਾਣੀ

ਸੁਰਿੰਦਰ ਸਿੰਘ ਤੇਜ

ਫਿਲਮ ਜਗਤ ਵਿਚ 1950ਵਿਆਂ ਵਾਲਾ ਦਹਾਕਾ ਦਿਲੀਪ ਕੁਮਾਰ-ਰਾਜ ਕਪੂਰ-ਦੇਵ ਆਨੰਦ ਦੀ ਸਰਦਾਰੀ ਦਾ ਦੌਰ ਸੀ। ਇਸੇ ਦਹਾਕੇ ਦੌਰਾਨ ਗੁਰੂ ਦੱਤ ਨੇ ਵੀ ਅਦਾਕਾਰੀ ਦੇ ਝੰਡੇ ਗੱਡੇ ਪਰ ਦਰਸ਼ਕਾਂ ਦੀ ਦੀਵਾਨਗੀ ਦਿਲੀਪ-ਰਾਜ-ਦੇਵ ਦੀ ਤਿੱਕੜੀ ਦੇ ਹੀ ਹਿੱਸੇ ਆਈ। 1960ਵਿਆਂ ਵਿਚ ਸ਼ੰਮੀ ਕਪੂਰ, ਰਾਜਿੰਦਰ ਕੁਮਾਰ, ਮਨੋਜ ਕੁਮਾਰ, ਸੁਨੀਲ ਦੱਤ ਤੇ ਰਾਜ ਕੁਮਾਰ ਦਾ ਦੌਰ ਸ਼ੁਰੂ ਹੋਇਆ। ਇਸੇ ਦਹਾਕੇ ਦੇ ਤੀਜੇ ਵਰ੍ਹੇ ਇਨ੍ਹਾਂ ਵਿਚ ਧਰਮਿੰਦਰ ਵੀ ਆ ਰਲਿਆ। ਸ਼ੰਮੀ ਕਪੂਰ ਨੇ ਵਫਾਦਾਰਾਂ ਦੀਆਂ ਵਹੀਰਾਂ ਖੜ੍ਹੀਆਂ ਕਰਨ ਲਈ ਨਿਵੇਕਲੀ ਅਭਿਨੈ-ਸ਼ੈਲੀ ਅਪਣਾਈ। ਇਹ ਪੂਰਬ ਤੇ ਪੱਛਮ ਦੀਆਂ ਅਭਿਨੈ ਕਲਾਵਾਂ ਦਾ ਸੁਮੇਲ ਸੀ। ਰਾਜਕੁਮਾਰ ਰਵਾਇਤੀ ਹੀਰੋ ਵਾਲੇ ਸਾਂਚੇ ਵਿਚ ਫਿੱਟ ਨਾ ਹੋਣ ਦੇ ਬਾਵਜੂਦ ਲੀਹੋਂ ਹਟਵੀਂ ਸੰਵਾਦ ਅਦਾਇਗੀ ਜ਼ਰੀਏ ਵੱਖਰਾ ਮੁਕਾਮ ਬਣਾ ਗਿਆ। ਮਨੋਜ ਕੁਮਾਰ ਤੇ ਸੁਨੀਲ ਦੱਤ ਸੀਮਤ ਐਕਟਰ ਹੋਣ ਦੇ ਬਾਵਜੂਦ ਲੇਖਕ ਤੇ ਨਿਰਦੇਸ਼ਨ ਵਾਲੀ ਪ੍ਰਤਿਭਾ ਨਾਲ ਲੈਸ ਸਨ। ਇਸ ਦਾ ਉਨ੍ਹਾਂ ਨੂੰ ਫਾਇਦਾ ਹੋਇਆ। ਇਸੇ ਤਰ੍ਹਾਂ ਸਰੀਰਕ ਸੁਡੌਲਤਾ ਧਰਮਿੰਦਰ ਦੀ ਯੂ.ਐਸ.ਪੀ. ਸਾਬਤ ਹੋਈ।

ਇਨ੍ਹਾਂ ਸਾਰੇ ਹੁਨਰਾਂ ਪੱਖੋਂ ਆਪਣੇ ਹਮਰਾਹਾਂ ਨਾਲੋਂ ਊਣਾ ਹੋਣ ਦੇ ਬਾਵਜੂਦ ਰਾਜਿੰਦਰ ਕੁਮਾਰ ਸਭ ਤੋਂ ਵੱਡਾ ਫਿਲਮ ਸਟਾਰ ਸਾਬਤ ਹੋਇਆ। 1959 ਤੋਂ ਲੈ ਕੇ 1966 ਤਕ ਸਿਲਵਰ ਜੁਬਲੀ ਫਿਲਮਾਂ ਦੀ ਸਿਲਵਰ ਜੁਬਲੀ ਪੂਰੀ ਕਰਨ ਵਾਲਾ। ਟਿਕਟ ਖਿੜਕੀ 'ਤੇ ਕਾਮਯਾਬੀ ਪੱਖੋਂ ਲਾਸਾਨੀ। ਅਦਾਕਾਰੀ ਤੇ ਅੰਦਾਜ਼ ਪੱਖੋਂ ਦਿਲੀਪ ਕੁਮਾਰ ਦੀ ਨਕਲ ਕਰਨ ਵਾਲਾ, ਪਰ ਮਿਹਨਤਾਨੇ ਪੱਖੋਂ ਦਿਲੀਪ ਕੁਮਾਰ ਨਾਲੋਂ ਵੱਧ ਮਹਿੰਗਾ; ਉਨ੍ਹਾਂ ਵਕਤਾਂ ਦੌਰਾਨ ਪੰਜ ਲੱਖ ਰੁਪਏ ਦੀ ਫੀਸ ਲੈਣ ਵਾਲਾ ਜਦੋਂ ਸ਼ੰਕਰ-ਜੈਕਿਸ਼ਨ ਵਰਗੀ ਸੁਪਰਹਿਟ ਸੰਗੀਤਕਾਰ ਜੋੜੀ ਨੂੰ ਲੱਖ ਰੁਪਏ ਮਿਲਦੇ ਸਨ। ਇਹ ਸਹੀ ਹੈ ਕਿ ਉਨ੍ਹਾਂ ਦਿਨਾਂ ਦੌਰਾਨ ਵੀ ਉਸ ਨੂੰ ਦਰਸ਼ਕਾਂ, ਖਾਸ ਕਰਕੇ ਔਰਤਾਂ ਦਾ ਉਸ ਕਿਸਮ ਦਾ ਦੁਲਾਰ ਤੇ ਦੀਵਾਨਗੀ ਹਾਸਲ ਨਹੀਂ ਹੋਈ, ਜਿਹੜੀ 1969 ਤੋਂ 1972 ਤਕ ਰਾਜੇਸ਼ ਖੰਨਾ ਨੂੰ ਨਸੀਬ ਹੋਈ। ਇਸ ਦੇ ਬਾਵਜੂਦ ਰਾਜਿੰਦਰ ਕੁਮਾਰ ਦੀ ਸਿਰਫ ਮੌਜੂਦਗੀ ਹੀ ਫਿਲਮਾਂ ਨੂੰ ਹਿੱਟ ਬਣਾਉਂਦੀ ਰਹੀ। ਰਾਜ ਕਪੂਰ ਤੋਂ ਬਾਅਦ ਉਹ ਦੂਜਾ ਭਾਰਤੀ ਫਿਲਮ ਸਟਾਰ ਸੀ ਜਿਸ ਦੀਆਂ ਫਿਲਮਾਂ ਸੋਵੀਅਤ ਸੰਘ ਤੇ ਪੂਰਬੀ ਏਸ਼ੀਆ ਵਿਚ ਵੀ ਚੱਲਦੀਆਂ ਸਨ ਅਤੇ ਮੱਧ ਪੂਰਬ ਤੇ ਅਫਰੀਕਾ ਦੇ ਮੁਲਕਾਂ ਵਿਚ ਵੀ।

ਅਜਿਹੀ ਮਕਬੂਲੀਅਤ ਅਤੇ ਕਾਰੋਬਾਰੀ ਸੂਝ ਦੇ ਬਾਵਜੂਦ ਰਾਜਿੰਦਰ ਕੁਮਾਰ, ਸਿਰਜਣਸ਼ੀਲਤਾ ਤੇ ਕਲਾਤਮਿਕਤਾ ਦੀ ਵਸੀਅਤ ਪਿੱਛੇ ਨਹੀਂ ਛੱਡ ਸਕਿਆ। ਉਸ ਦੀਆਂ ਹਿੱਟ ਫਿਲਮਾਂ ਦੀ ਕਤਾਰ ਬਹੁਤ ਲੰਮੀ ਰਹੀ। ਗੀਤ-ਸੰਗੀਤ ਪੱਖੋਂ ਵੀ ਇਹ ਲਾਜਵਾਬ ਰਹੀਆਂ, ਪਰ ਰਾਜਿੰਦਰ ਕੁਮਾਰ ਨੂੰ ਇਹ ਅਦਾਕਾਰੀ ਦੇ ਖੇਤਰ ਦੀ ਕੱਦਾਵਰ ਹਸਤੀ ਨਾ ਬਣਾ ਸਕੀਆਂ। ਇਹੀ ਕਾਰਨ ਹੈ ਕਿ ਅਜੋਕੀ ਪੀੜ੍ਹੀ ਉਸ ਬਾਰੇ ਬਹੁਤ ਕੁਝ ਨਹੀਂ ਜਾਣਦੀ।

ਇਹ ਕਿਤਾਬ ਡਿੰਪਲ ਪਟੇਲ ਤੇ ਰਾਜਿੰਦਰ ਕੁਮਾਰ ਦੇ ਪਰਿਵਾਰ ਦੇ ਬਾਕੀ ਜੀਆਂ ਦੇ ਕਹਿਣ 'ਤੇ ਸੀਮਾ ਸੋਨਿਕ ਆਲਿਮਚੰਦ ਨੇ ਲਿਖੀ ਹੈ। ਸੀਮਾ ਮੀਡੀਆ ਕਰਮੀ ਹੋਣ ਤੋਂ ਇਲਾਵਾ ਟੈਲੀਵਿਜ਼ਨ ਤੇ ਹੋਰਨਾਂ ਸਿਨੇ ਸਾਧਨਾਂ ਨਾਲ ਵੀ ਜੁੜੀ ਹੋਈ ਹੈ। ਮਰਹੂਮ ਫਿਲਮ ਸੰਗੀਤਕਾਰ ਮਾਸਟਰ ਸੋਨਿਕ (ਸੋਨਿਕ-ਓਮੀ ਦੀ ਜੋੜੀ ਵਾਲੇ) ਦੀ ਧੀ ਹੋਣ ਕਾਰਨ ਉਹ ਸਿਨੇ ਜਗਤ ਦੇ ਸੱਚ ਤੇ ਕੱਚ ਤੋਂ ਵੀ ਚੰਗੀ ਤਰ੍ਹਾਂ ਵਾਕਫ ਹੈ। ਇਸੇ ਲਈ ਉਸ ਦੀ ਲੇਖਣੀ ਵਿਚ ਸਪਸ਼ਟਤਾ ਤੇ ਬੇਬਾਕੀ ਹੈ।

ਸਿਆਲਕੋਟ (ਹੁਣ ਨਾਰੋਵਾਲ) ਜ਼ਿਲ੍ਹੇ ਦੀ ਸੰਖਰਤਾ ਮੰਡੀ ਦੇ ਧਨੀ ਪਰਿਵਾਰ ਵਿਚ ਜਨਮਿਆ ਰਾਜਿੰਦਰ ਕੁਮਾਰ ਚਹੁੰ ਭਰਾਵਾਂ ਤੇ ਦੋ ਭੈਣਾਂ ਵਿਚੋਂ ਸਭ ਤੋਂ ਵੱਡਾ ਸੀ। ਰਾਜਿੰਦਰ ਦੀ ਮੁੱਢਲੀ ਪੜ੍ਹਾਈ ਮੌਲਵੀ ਗੌਸ ਮੁਹੰਮਦ ਦੇ ਮਦਰੱਸੇ ਵਿਚ ਹੋਈ। ਇਸ ਤਾਲੀਮ ਨੇ ਉਸ ਨੂੰ ਉਰਦੂ ਵਿਚ ਪਰਿਪੱਕ ਬਣਾਇਆ। ਇਸ ਦਾ ਫਾਇਦਾ ਉਸ ਨੂੰ ਸਿਨੇ ਜਗਤ ਵਿਚ ਹੋਇਆ। ਉਸ ਦੇ ਉਚਾਰਨ ਵਿਚ ਉਹ ਪੰਜਾਬੀ ਪੁੱਠ ਨਹੀਂ ਰਹੀ ਜੋ ਉਸ ਦੇ ਸਮਕਾਲੀਆਂ ਮਨੋਜ ਕੁਮਾਰ ਤੇ ਸੁਨੀਲ ਦੱਤ ਦੇ ਉਚਾਰਨ ਦਾ ਤਾਉਮਰ ਹਿੱਸਾ ਬਣੀ ਰਹੀ।

ਫਿਲਮਾਂ ਪ੍ਰਤੀ ਮੋਹ ਪੰਜ ਸਾਲ ਦੀ ਉਮਰ ਵਿਚ ਪਿਤਾ ਤੇ ਬਾਕੀ ਪਰਿਵਾਰ ਨਾਲ ਮਿਲ ਕੇ ਦੇਖੀ ਪੰਜਾਬੀ ਫਿਲਮ 'ਹੀਰ ਸਿਆਲ' ਤੋਂ ਪਿਆ। ਮੁਲਕ ਦੀ ਵੰਡ ਸਮੇਂ ਰਾਜਿੰਦਰ ਲਾਹੌਰ ਵਿਚ ਬੀ.ਏ. (ਦੂਜੇ ਵਰ੍ਹੇ) ਦੀ ਪੜ੍ਹਾਈ ਕਰ ਰਿਹਾ ਸੀ। ਉਸ ਦਾ ਪਰਿਵਾਰ ਉਜੜ ਕੇ ਪਹਿਲਾਂ ਡੇਰਾ ਬਾਬਾ ਨਾਨਕ ਅਤੇ ਫਿਰ ਦਿੱਲੀ ਆਇਆ। ਦਿੱਲੀ ਦੇ ਸਬਜ਼ੀ ਮੰਡੀ ਇਲਾਕੇ ਵਿਚ ਲਕਸ਼ਮੀ ਚੰਦ ਤੁਲੀ ਨੂੰ ਦੋ ਕਮਰਿਆਂ ਦਾ ਘਰ ਅਲਾਟ ਹੋਇਆ। ਉਸ ਨੇ ਕੱਪੜੇ ਦੀ ਫੇਰੀ ਲਾਉਣੀ ਸ਼ੁਰੂ ਕਰ ਦਿੱਤੀ। ਰਾਜਿੰਦਰ ਤੇ ਉਸ ਤੋਂ ਛੋਟਾ ਭਰਾ ਨਰੇਸ਼ ਹੋਰ ਨਿੱਕੇ-ਮੋਟੇ ਧੰਦੇ ਕਰਨ ਲੱਗੇ।

1949 ਵਿਚ ਰਾਜਿੰਦਰ ਨੂੰ ਦਿੱਲੀ ਪੁਲੀਸ ਵਿਚ ਏ.ਐਸ.ਆਈ. ਦੀ ਨੌਕਰੀ ਮਿਲ ਗਈ ਪਰ ਨੌਕਰੀ ਕਰਨ ਦੀ ਥਾਂ ਫਿਲਮੀ ਕੀੜੇ ਕਾਰਨ ਉਹ ਬੰਬਈ ਆ ਗਿਆ। ਗੀਤਕਾਰ ਰਾਜਿੰਦਰ ਕ੍ਰਿਸ਼ਨ (ਦੁੱਗਲ) ਨਾਲ ਮੌਕਾ ਮੇਲ ਨੇ ਉਸ ਨੂੰ ਨਿਰਦੇਸ਼ਕ ਹਰਨਾਮ ਸਿੰਘ ਰਵੇਲ ਨਾਲ ਸਹਾਇਕ ਬਣਵਾ ਦਿੱਤਾ। ਰਵੇਲ ਦੀ ਅਗਲੀ ਫਿਲਮ 'ਸਗਾਈ' ਦੀ ਸ਼ੂਟਿੰਗ ਸ਼ੁਰੂ ਹੋਣ ਨਾਲ ਰਾਜਿੰਦਰ ਕੁਮਾਰ ਦੀ ਤਨਖਾਹ ਸਵਾ ਸੌ ਰੁਪਏ ਤੋਂ ਵੱਧ ਕੇ ਢਾਈ ਸੌ ਰੁਪਏ ਮਹੀਨਾ ਹੋ ਗਈ। 'ਸਗਾਈ' ਵਾਲੇ ਦਿਨਾਂ ਦੌਰਾਨ ਰਣਜੀਤ ਸਟੂਡੀਓ ਦੇ ਮਾਲਕ ਸੇਠ ਚੰਦੂ ਲਾਲ ਸ਼ਾਹ ਦੀ ਨਜ਼ਰ ਰਾਜਿੰਦਰ ਕੁਮਾਰ ਉਪਰ ਪਈ। ਉਨ੍ਹਾਂ ਨੇ ਉਸ ਨੂੰ 'ਜੋਗਨ' (1953, ਦਲੀਪ ਕੁਮਾਰ-ਨਰਗਿਸ) ਵਿਚ ਛੋਟਾ ਜਿਹਾ ਰੋਲ ਦੇ ਦਿੱਤਾ ਤਾਂ ਰਾਜਿੰਦਰ ਨੂੰ ਅਦਾਕਾਰੀ ਵਿਚ ਆਪਣੀ ਤਕਦੀਰ ਨਜ਼ਰ ਆਉਣ ਲੱਗੀ।

1955 ਵਿਚ ਦੇਵੇਂਦਰ ਗੋਇਲ ਦੀ ਫਿਲਮ 'ਵਚਨ' ਨੇ ਰਾਜਿੰਦਰ ਕੁਮਾਰ ਨੂੰ ਹੀਰੋ ਬਣਾਇਆ। 1956 ਵਿਚ 'ਤੂਫਾਨ ਔਰ ਦੀਆ' ਦੀ ਕਾਮਯਾਬੀ ਨੇ ਉਸ ਲਈ ਨਵੇਂ ਦਰ ਖੋਲ੍ਹ ਦਿੱਤੇ। 1957 ਵਿਚ 'ਮਦਰ ਇੰਡੀਆ' ਰਿਲੀਜ਼ ਹੋਣ 'ਤੇ ਫਿਲਮੀ ਸਿਤਾਰੇ ਵਾਲੀ ਛੱਬ ਹਾਸਿਲ ਹੋਣ ਤੋਂ ਪਹਿਲਾਂ ਉਸ ਨੇ ਫਿਲਮਸਾਜ਼ ਮਹਿਬੂਬ ਖਾਨ ਦੀ ਹੀ ਇਕ ਵੱਖਰੀ ਫਿਲਮ 'ਆਵਾਜ਼' ਵਿਚ ਛੋਟਾ ਜਿਹਾ ਰੋਲ ਕੀਤਾ। 'ਮਦਰ ਇੰਡੀਆ' ਦੀ ਕਾਮਯਾਬੀ ਨੇ ਰਾਜਿੰਦਰ ਕੁਮਾਰ ਨੂੰ ਸਟਾਰ ਬਣਾ ਦਿੱਤਾ। ਉਦੋਂ ਤਕ ਉਹ ਸ਼ੁਕਲਾ ਬਹਿਲ ਨਾਲ ਵਿਆਹਿਆ ਜਾ ਚੁੱਕਾ ਸੀ ਜੋ ਦੂਰਲੀ ਰਿਸ਼ਤੇਦਾਰ ਸੀ। 1959 ਵਿਚ 'ਧੂਲ ਕਾ ਫੂਲ' ਹਿੱਟ ਹੋਣ ਮਗਰੋਂ ਰਾਜਿੰਦਰ ਕੁਮਾਰ ਦਾ ਜੁਬਲੀ ਕੁਮਾਰ ਵਾਲਾ ਦੌਰ ਸ਼ੁਰੂ ਹੋਇਆ ਜੋ 1967 ਤਕ ਚੱਲਿਆ। ਉਦੋਂ ਤਕ ਉਹ ਦੋ ਬੱਚਿਆਂ (ਬੰਟੀ ਉਰਫ ਕੁਮਾਰ ਗੌਰਵ ਤੇ ਡਿੰਪਲ) ਦਾ ਪਿਤਾ ਅਤੇ ਜੁਹੂ ਵਿਚ ਸਮੁੰਦਰ ਨੇੜਲੇ ਬੰਗਲੇ ਦਾ ਮਾਲਕ ਬਣ ਚੁੱਕਿਆ ਸੀ।

ਜੁਬਲੀ ਸਟਾਰ ਵਾਲੇ ਦੌਰ ਦੌਰਾਨ ਰਾਜਿੰਦਰ ਨੇ ਜਿਹੜੀ ਵੀ ਫਿਲਮ ਕੀਤੀ, ਉਹ ਹਿੱਟ ਹੋਈ। 'ਗੂੰਜ ਉਠੀ ਸ਼ਹਿਨਾਈ', 'ਕਾਨੂੰਨ', 'ਜ਼ਿੰਦਗੀ', 'ਸਸੁਰਾਲ', 'ਸੰਗਮ', 'ਹਮਰਾਹੀ', 'ਦਿਲ ਏਕ ਮੰਦਰ', 'ਆਈ ਮਿਲਨ ਕੀ ਬੇਲਾ', 'ਆਸ ਕਾ ਪੰਛੀ', 'ਮੇਰੇ ਮਹਿਬੂਬ', 'ਆਰਜ਼ੂ' ਆਦਿ। ਕਾਮਯਾਬੀ ਦਾ ਫਾਰਮੂਲਾ ਇਕੋ ਸੀ: ਪਰਿਵਾਰਕ ਵਿਸ਼ੇ, ਦੁਖਾਂਤ-ਸੁਖਾਂਤ ਦਾ ਸਮਤੋਲ, ਹਿੱਟ ਗੀਤ-ਸੰਗੀਤ। ਨੌਸ਼ਾਦ, ਸ਼ੰਕਰ-ਜੈਕਿਸ਼ਨ (ਖਾਸ ਕਰਕੇ ਜੈਕਿਸ਼ਨ) ਰਵੀ ਵਰਗੇ ਨਾਮਵਰ ਸੰਗੀਤਕਾਰਾਂ ਨੇ ਆਪਣੀਆਂ ਬਿਹਤਰੀਨ ਧੁਨਾਂ ਰਾਜਿੰਦਰ ਕੁਮਾਰ ਦੀਆਂ ਫਿਲਮਾਂ 'ਤੇ ਨਿਛਾਵਰ ਕੀਤੀਆਂ।

1967 ਵਿਚ 'ਅਮਨ' ਦੀ ਨਾਕਾਮੀ ਨਾਲ ਰਾਜਿੰਦਰ ਕੁਮਾਰ ਲਈ ਨਾਕਾਮਯਾਬੀਆਂ ਦਾ ਕੁਚੱਕਰ ਸ਼ੁਰੂ ਹੋਇਆ। ਛੇ ਵਰ੍ਹਿਆਂ ਅੰਦਰ ਹਸ਼ਰ ਇਹ ਹੋਇਆ ਕਿ ਉਸ ਨੂੰ ਰੋਲ ਮਿਲਣੇ ਬੰਦ ਹੋ ਗਏ। ਹੀਰੋ ਵਜੋਂ ਆਖਰੀ ਫਿਲਮ 'ਆਨਬਾਨ' (1972) ਸਿਰਫ ਇਕ ਦਿਨ ਬਾਅਦ ਸਿਨਮਾਘਰਾਂ ਵਿਚੋਂ ਉਤਰ ਗਈ। ਕੰਮ ਨਾ ਮਿਲਣ ਤੋਂ ਮਾਯੂਸ ਹੋਏ ਰਾਜਿੰਦਰ ਕੁਮਾਰ ਨੇ ਤਿੰਨ ਪੰਜਾਬੀ ਫਿਲਮਾਂ (ਦੁਖ ਭੰਜਨ ਤੇਰਾ ਨਾਮ, ਦੋ ਸ਼ੇਰ ਤੇ ਤੇਰੀ ਮੇਰੀ ਇਕ ਜਿੰਦੜੀ) ਵਿਚ 'ਵਿਸ਼ੇਸ਼ ਮਹਿਮਾਨ' ਵਜੋਂ ਕੰਮ ਕੀਤਾ ਤਾਂ ਜੋ ਘਰ ਵਿਹਲੇ ਬੈਠਣ ਵਾਲੀ ਬੋਰੀਅਤ ਤੋਂ ਮੁਕਤੀ ਮਿਲ ਸਕੇ। ਫਿਰ ਹੀਰੋਗਿਰੀ ਛੱਡ ਕੇ ਸਹਾਇਕ ਭੂਮਿਕਾਵਾਂ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਨਿਰਮਾਤਾ ਵਜੋਂ 'ਲਵ ਸਟੋਰੀ' (1982) ਦੀ ਕਾਮਯਾਬੀ ਨੇ ਅਤੀਤ ਵਾਲੀ ਸ਼ੌਕਤ ਦੇ ਨਜ਼ਾਰੇ ਪਰਤਾਏ, ਪਰ ਇਹ ਨਜ਼ਾਰੇ ਭਵਿਖ ਦਾ ਸਬਕ ਬਣ ਕੇ ਨਹੀਂ ਆਏ।

ਇਸ ਮੁਕਾਮ 'ਤੇ ਪੁੱਜ ਕੇ ਕਿਤਾਬ 'ਜੁਬਲੀ ਕੁਮਾਰ' ਕਈ ਤਲਖ ਰਾਜ਼ ਪਾਠਕਾਂ ਨਾਲ ਸਾਂਝੇ ਕਰਦੀ ਹੈ। ਕਿਤਾਬ ਅਨੁਸਾਰ ਆਪਣੀ ਕਾਰੋਬਾਰੀ ਸੂਝ ਅਤੇ ਪੈਸਾ ਸਹੀ ਥਾਂ ਖਰਚਣ ਦੀ ਹੁਨਰਮੰਦੀ ਲਈ ਮਸ਼ਹੂਰ ਰਿਹਾ ਰਾਜਿੰਦਰ ਕੁਮਾਰ ਆਪਣੇ ਪੁੱਤਰ ਕੁਮਾਰ ਗੌਰਵ ਦੀਆਂ ਸ਼ਖਸੀ ਸੀਮਾਵਾਂ ਪਛਾਨਣ 'ਚ ਨਾਕਾਮ ਰਿਹਾ। 'ਲਵ ਸਟੋਰੀ' ਨੇ ਕੁਮਾਰ ਗੌਰਵ ਨੂੰ ਨੌਜਵਾਨ ਵਰਗ ਦਾ ਚਹੇਤਾ ਬਣਾ ਦਿੱਤਾ ਸੀ, ਪਰ ਉਸ ਨੇ ਆਪਣੇ ਬੇਟੇ ਉਪਰ ਆਪਣੀ ਮਰਜ਼ੀ ਦੀਆਂ ਫਿਲਮਾਂ ਠੋਸੀਆਂ। ਕੁਮਾਰ ਗੌਰਵ ਦੀਆਂ ਫਿਲਮਾਂ ਧੜਾਧੜ ਫਲਾਪ ਹੋਈਆਂ ਤੇ ਇਕ ਦਿਨ ਉਸ ਕੋਲ ਕੰਮ ਆਉਣਾ ਮੁੱਕ ਗਿਆ। ਘੁਟਨ ਤੇ ਨਾਖੁਸ਼ੀ ਨੇ ਪਰਿਵਾਰਕ ਕਲੇਸ਼ ਨੂੰ ਜਨਮ ਦਿੱਤਾ। ਪੁੱਤਰ ਆਪਣੀ ਪਤਨੀ ਨਮਰਤਾ ਤੇ ਬੱਚੇ ਸਮੇਤ ਸੱਤ ਕਨਾਲਾਂ ਵਿਚ ਉਸਰਿਆ ਬੰਗਲਾ ਛੱਡ ਕੇ ਦੋ ਕਮਰਿਆਂ ਦੇ ਫਲੈਟ ਵਿਚ ਜਾ ਕੇ ਰਹਿਣ ਲੱਗਾ। ਕਿਤਾਬ ਵਿਚ ਸਾਇਰਾ ਬਾਨੋ ਤੇ ਰਾਜਿੰਦਰ ਕੁਮਾਰ ਦੇ ਰੋਮਾਂਸ ਦਾ ਵੀ ਦੱਬਵੀਂ ਸੁਰ ਵਿਚ ਜ਼ਿਕਰ ਹੈ। ਸਿਗਰਟਨੋਸ਼ੀ ਉਸ ਦੀ ਮੁੱਖ ਕਮਜ਼ੋਰੀ ਰਹੀ। ਇਸ ਦੇ ਕਾਰਨ ਹੀ ਉਸ ਦੀ 12?ਜੁਲਾਈ 1999 ਨੂੰ ਕੈਂਸਰ ਨਾਲ ਮੌਤ ਹੋਈ। ਕਿਤਾਬ ਅੰਦਰ ਅਜਿਹਾ ਕਈ ਕੁਝ ਹੈ ਜੋ ਪਾਠਕਾਂ ਨੂੰ ਬੰਨ੍ਹੀ ਰੱਖਦਾ ਹੈ।

ਮੋਟੇ ਤੌਰ 'ਤੇ ਇਹ ਕਿਤਾਬ ਰਾਜਿੰਦਰ ਕੁਮਾਰ ਨੂੰ ਅਜਿਹੇ ਇਨਸਾਨ ਦੇ ਰੂਪ ਵਿਚ ਪੇਸ਼ ਕਰਦੀ ਹੈ, ਜੋ ਗਲੈਮਰ ਜਗਤ ਦੀ ਚਕਾਚੌਂਧ ਦੇ ਬਾਵਜੂਦ ਪਰਿਵਾਰਕ ਜ਼ਿੰਮੇਵਾਰੀਆਂ ਬਾਖੂਬੀ ਨਿਭਾਉਂਦਾ ਰਿਹਾ। ਅਜਿਹੀ ਅਮਲੀ ਪਹੁੰਚ ਤੇ ਫਰਜ਼ਸ਼ਨਾਸੀ ਦੇ ਬਾਵਜੂਦ ਉਹ ਸਿਨੇ ਜਗਤ ਨਾਲ ਜੁੜੀ ਛਿਣੀ ਭੰਗਰਤਾ, ਮੌਕਾਪ੍ਰਸਤੀ ਤੇ ਖੁਦਗਰਜ਼ੀ ਨਾਲ ਸਿੱਝਣ ਦੇ ਨਾਕਾਬਲ ਸਾਬਤ ਹੋਇਆ। ਉਹ ਇਸ ਹਕੀਕਤ ਨੂੰ ਆਪਣੇ ਅੰਦਰ ਜਜ਼ਬ ਨਹੀਂ ਕਰ ਸਕਿਆ ਕਿ ਜੁਬਲੀ ਸਟਾਰ ਚੰਦ ਵਰ੍ਹਿਆਂ ਲਈ ਹੁੰਦਾ ਹੈ, ਸਦੀਵੀ ਤੌਰ 'ਤੇ ਨਹੀਂ। ਇਹੋ ਕਥਾ ਇਸ ਕਿਤਾਬ ਨੂੰ ਮਾਰਮਿਕ ਬਣਾਉਂਦੀ ਹੈ।

# 'ਸਿੱਲ੍ਹੀ ਸਿੱਲ੍ਹੀ ਖਾਮੋਸ਼ੀ' ਦਾ ਦਰਦ

ਡਾ. ਸਾਹਿਬ ਸਿੰਘ

ਆਪਣੀ ਜਗ੍ਹਾ ਤੋਂ ਉਜੜ ਕੇ ਪਰਾਈ ਥਾਂ ਵਾਸ ਕਰਨ ਲਈ ਮਜਬੂਰ ਹੋਣਾ ਸਭ ਤੋਂ ਦੁਖਦਾਈ ਕਾਰਜ ਹੈ, ਪਰ ਮਨੁੱਖੀ ਇਤਿਹਾਸ ਨੇ ਇਹ ਉਜਾੜਾ ਵਾਰ-ਵਾਰ ਦੇਖਿਆ ਤੇ ਹੰਢਾਇਆ ਹੈ। ਨੈਸ਼ਨਲ ਸਕੂਲ ਆਫ ਡਰਾਮਾ ਦੇ ਰੰਗ ਮੰਡਲ ਦੀ ਪੇਸ਼ਕਾਰੀ 'ਖਾਮੋਸ਼ੀ ਸੀਲੀ ਸੀਲੀ' ਕਸ਼ਮੀਰੀ ਪੰਡਤਾਂ ਦਾ ਦਰਦ ਪੇਸ਼ ਕਰਦੀ ਹੈ। ਅਮਰੀਕੀ ਨਾਟਕਕਾਰ ਜੌਸਫ ਸਟੇਨ ਦੇ ਨਾਟਕ 'ਫਿਡਲਰ ਆਨ ਦਿ ਰੂਫ' ਨੂੰ ਆਸਿਫ ਅਲੀ ਨੇ ਰੁਪਾਂਤਰਿਤ ਕੀਤਾ ਅਤੇ ਸੁਰੇਸ਼ ਸ਼ਰਮਾ ਨੇ ਇਸ ਨੂੰ ਨਿਰਦੇਸ਼ਿਤ ਕੀਤਾ ਹੈ। ਕਾਜਲ ਘੋਸ਼ ਦਾ ਸੰਗੀਤ ਇੰਨਾ ਪ੍ਰਭਾਵਸ਼ਾਲੀ ਸੀ ਕਿ ਕਸ਼ਮੀਰ ਦੀ ਰੂਹ ਉਨ੍ਹਾਂ ਸਾਜ਼ਾਂ 'ਤੇ ਸਵਾਰ ਹੋ ਕੇ ਦਰਸ਼ਕ ਤਕ ਪਹੁੰਚ ਰਹੀ ਸੀ। ਬੰਸੀ ਕੌਲ ਜਿਹੇ ਰੰਗਮੰਚ ਮਹਾਰਥੀ ਦੀ ਕੀਤੀ ਮੰਚ ਸਜਾਵਟ ਨਾਟਕ ਨੂੰ ਗਤੀ ਦੇ ਰਹੀ ਸੀ ਅਤੇ ਕਲਾਕਾਰਾਂ ਦੀ ਕਲਾ ਖਿੜਨ 'ਚ ਮਦਦ ਵੀ ਕਰ ਰਹੀ ਸੀ।

ਨਾਟਕ ਦੀ ਕਹਾਣੀ ਸਾਧਾਰਨ ਹੈ। ਨੰਦੀਗਰਾਮ 'ਚ ਇਕ ਪੰਡਿਤ ਪਰਿਵਾਰ ਰਹਿੰਦਾ ਹੈ ਜਿਸ ਦਾ ਮੁਖੀ ਪ੍ਰਿਥਵੀ ਨਾਥ ਮਿਹਨਤ ਕਰਕੇ ਆਪਣੇ ਟੱਬਰ ਦਾ ਗੁਜ਼ਾਰਾ ਕਰਦਾ ਹੈ। ਉਸ ਦੀ ਪਤਨੀ ਦਿੱਦਾ ਸਾਥ ਦੇ ਰਹੀ ਹੈ। ਉਨ੍ਹਾਂ ਦੀਆਂ ਪੰਜ ਧੀਆਂ ਹਨ ਜਿਨ੍ਹਾਂ ਦੇ ਵਿਆਹ ਦਾ ਫਿਕਰ ਵੀ ਹੈ। ਧੀਆਂ ਜ਼ਿੰਦਗੀ ਦੀਆਂ ਸ਼ੋਖੀਆਂ, ਸ਼ਰਾਰਤਾਂ, ਹੱਸਣ, ਟੱਪਣ, ਰੋਸੇ, ਗਿਲੇ, ਮਾਸੂਮ ਅਦਾਵਾਂ ਨਾਲ ਲਬਰੇਜ਼ ਹਨ, ਘਰ ਦੀ ਰੌਣਕ ਹਨ। ਲੀਲਾ ਭੂਆ ਉਨ੍ਹਾਂ ਲਈ ਰਿਸ਼ਤੇ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਧੀਆਂ ਇਕ-ਇਕ ਕਰਕੇ ਆਪਣੇ ਜੀਵਨ ਸਾਥੀ ਖੁਦ ਲੱਭ ਰਹੀਆਂ ਹਨ। ਪ੍ਰਿਥਵੀ ਇਤਰਾਜ਼ ਕਰਦਾ ਹੈ, ਪਰ ਧੀਆਂ ਦੀ ਖੁਸ਼ੀ ਲਈ ਇਹ ਰਿਸ਼ਤੇ ਕਬੂਲ ਕਰ ਲੈਂਦਾ ਹੈ।

ਸਮੱਸਿਆ ਉਦੋਂ ਖੜ੍ਹੀ ਹੁੰਦੀ ਹੈ ਜਦੋਂ ਤੀਜੀ ਧੀ ਨੂੰ ਇਕ ਮੁਸਲਮਾਨ ਲੜਕੇ ਨਾਲ ਇਸ਼ਕ ਹੋ ਜਾਂਦਾ ਹੈ। ਹੁਣ ਰਵਾਇਤਾਂ ਦੀ ਦੀਵਾਰ ਆ ਖੜ੍ਹਦੀ ਹੈ ਤੇ ਪ੍ਰਿਥਵੀ ਇਨਕਾਰ ਕਰ ਦਿੰਦਾ ਹੈ। ਧੀ ਸੁਹਲ ਫਿਰਦੌਸ ਨਾਲ ਨਿਕਾਹ ਕਰ ਲੈਂਦੀ ਹੈ। ਇਨ੍ਹਾਂ ਹੀ ਸਮਿਆਂ ਵਿਚ ਤੋੜਫੋੜ ਦੀਆਂ ਖਬਰਾਂ ਫੈਲ ਜਾਂਦੀਆਂ ਹਨ, ਫਿਜ਼ਾ 'ਚ ਤਣਾਅ ਫੈਲਦਾ ਹੈ ਤੇ ਕਸ਼ਮੀਰੀ ਪੰਡਤ ਅਸੁਰੱਖਿਅਤ ਮਹਿਸੂਸ ਕਰਨ ਲੱਗਦੇ ਹਨ। ਹਾਲਾਤ ਇੰਨੇ ਦਰਦਨਾਕ ਬਣ ਜਾਂਦੇ ਹਨ ਕਿ ਉਹ ਇਨਸਾਨ ਜਿਨ੍ਹਾਂ ਨੇ ਇਸੇ ਮਿੱਟੀ ਵਿਚ ਜਨਮ ਲਿਆ ਸੀ, ਜਿਨ੍ਹਾਂ ਨੇ ਇਸੇ ਮਿੱਟੀ 'ਚ ਚਿਨਾਰ ਦੇ ਰੁੱਖ ਬੀਜੇ ਸਨ, ਚਿਨਾਰ ਦੇ ਸੁਰਖ ਫੁੱਲਾਂ ਦੀ ਖੇਤੀ ਕੀਤੀ ਸੀ, ਹੱਸਦੀ ਮਹਿਕਦੀ ਜ਼ਿੰਦਗੀ ਜੀਵੀ ਸੀ ਤੇ ਗਲਵੱਕੜੀਆਂ ਪਾ ਕੇ ਹਰ ਮਜ਼ਹਬ ਤੋਂ ਉਪਰ ਰਹਿ ਕੇ ਮਨੁੱਖੀ ਸਾਂਝਾਂ ਪਾਈਆਂ ਸਨ, ਅੱਜ ਇਸ ਮਿੱਟੀ ਤੋਂ ਨਾਤਾ ਤੋੜ ਕੇ ਕਿਸੇ ਓਪਰੀ ਥਾਂ ਵੱਲ ਯਾਤਰਾ ਕਰਨ ਦਾ ਸੰਤਾਪ ਭੋਗ ਰਹੇ ਹਨ। ਪੰਜਾਬੀ ਦਰਸ਼ਕ ਦੇ ਮਨ ਵਿਚ ਸੰਤਾਲੀ ਸਿਰ ਚੁੱਕਦਾ ਹੈ ਤੇ ਉਸ ਦਾ ਰੁੱਗ ਭਰਿਆ ਜਾਂਦਾ ਹੈ। ਉਜੜਿਆ ਕਾਫਲਾ ਸਿਰਾਂ 'ਤੇ ਪੰਡਾਂ, ਟਰੰਕ, ਗਠੜੀਆਂ ਚੁੱਕੀ ਕਿਸੇ ਅਣਦਿਸਦੇ ਕਿਨਾਰੇ ਵੱਲ ਵਧਦੇ ਦਿਖਾਈ ਦਿੰਦੇ ਹਨ।



'ਖਾਮੋਸ਼ੀ ਸੀਲੀ ਸੀਲੀ' ਦੀ ਇਕ ਝਲਕ।

ਨਾਟਕ ਦਾ ਆਰੰਭ ਲੰਮੇ ਗੀਤ ਨਾਲ ਹੁੰਦਾ ਹੈ ਤੇ ਅੰਤ ਵੀ ਗੀਤ ਰਾਹੀਂ ਹੁੰਦਾ ਹੈ। ਸਾਰਾ ਨਾਟਕ ਗੀਤਾਂ ਨਾਲ ਅੱਟਿਆ ਪਿਆ ਹੈ ਤੇ ਇਨ੍ਹਾਂ ਗੀਤਾਂ ਦੌਰਾਨ ਕਲਾਕਾਰਾਂ ਦਾ ਨਾਚ ਅੱਖਾਂ ਨੂੰ ਚੰਗਾ ਲੱਗਦਾ ਹੈ, ਕੰਨ ਰਸ ਦਿੰਦਾ ਹੈ, ਪਰ ਕਈ ਗੀਤ ਅਜਿਹੇ ਹਨ ਜਿਨ੍ਹਾਂ ਨੂੰ ਦੇਖਦਾ ਸੁਣਦਾ ਦਰਸ਼ਕ ਸੱਜੇ ਖੱਬੇ ਦੇਖਦਾ ਹੈ, ਜਿਵੇਂ ਨਾਲ ਬੈਠੇ ਦਰਸ਼ਕ ਨੂੰ ਉਹੀ ਸਵਾਲ ਪੁੱਛਣਾ ਚਾਹੁੰਦਾ ਹੋਵੇ ਜੋ ਉਸ ਦੇ ਮਨ 'ਚ ਉਗਿਆ ਹੈ: ਕੀ ਇਨ੍ਹਾਂ ਸਾਰੇ ਗੀਤਾਂ ਦੀ ਨਾਟਕ ਨੂੰ ਲੋੜ ਸੀ! ਕੀ ਇਹ ਰੰਗਮੰਚ ਦਾ ਫਿਲਮਾਂ ਨਾਲ ਮੁਕਾਬਲਾ ਕਰਨ ਵੱਲ ਕੀਤੀ ਕੋਈ ਕਸਰਤ ਤਾਂ ਨਹੀਂ? ਕੀ ਗਹਿਰ ਗੰਭੀਰ ਵਿਸ਼ਲੇਸ਼ਣ ਮੰਗਦੇ ਵਿਸ਼ੇ ਦੀ ਸਰਲ ਤੇ ਆਸਾਨ ਕੰਨੀ ਫੜੀ ਰੱਖਣ ਲਈ ਇਹ ਗੀਤ ਆਸਰਾ ਤਾਂ ਨਹੀਂ ਬਣਾਏ ਗਏ? ਇਨ੍ਹਾਂ ਸਵਾਲਾਂ ਦੇ ਜਵਾਬ ਸਿਆਣੇ ਲੱਭ ਲੈਣਗੇ, ਪਰ ਜੋ ਮਜ਼ੇਦਾਰ ਹੈ, ਜੋ ਸਕੂਨ ਦੇਣ ਵਾਲਾ ਹੈ, ਉਹ ਸਮਝਣਾ ਵੀ ਜ਼ਰੂਰੀ ਹੈ। ਇਹ ਕਲਾਕਾਰ ਹਿੰਦੋਸਤਾਨ ਦੀ ਸਭ ਤੋਂ ਵੱਡੀ ਰੰਗਮੰਚ ਸੰਸਥਾ ਤੋਂ ਸਿੱਖ ਕੇ ਇਥੇ ਪਹੁੰਚੇ ਹਨ, ਉਹ ਅਦਾਕਾਰੀ ਦੀਆਂ ਕੌਮੀ ਕੌਮਾਂਤਰੀ ਥਿਊਰੀਆਂ ਤੇ ਅੰਦਾਜ਼ ਪੜ੍ਹ-ਹੰਢਾ ਚੁੱਕੇ ਹਨ, ਉਨ੍ਹਾਂ ਦੇ ਜਿਸਮ ਦਾ ਹਰ ਹਿੱਸਾ ਸੁਰ ਵਿਚ ਹੈ। ਉਹ ਤਾਲ ਬੇਤਾਲ ਦਾ ਫਰਕ ਸਮਝਦੇ ਹਨ, ਉਹ ਕਿਸੇ ਵੀ ਪ੍ਰਚਲਿਤ ਅੰਦਾਜ਼ ਨੂੰ ਉਲੰਘ ਕੇ ਕੋਈ ਸੰਵਾਦ ਵੱਖਰੀ ਤਰ੍ਹਾਂ ਬੋਲਣ ਦਾ ਕਸਬ ਜਾਣਦੇ ਹਨ, ਉਹ ਸਿਰਫ ਬਾਹਾਂ ਚੁੱਕ ਨੱਚਣਾ ਨਹੀਂ ਜਾਣਦੇ ਬਲਕਿ ਉਨ੍ਹਾਂ ਨ੍ਰਿਤ ਨੂੰ ਅਦਾਇਗੀ ਦਾ ਲਿਬਾਸ ਪਹਿਨਾਉਣ ਦਾ ਹੁਨਰ ਸਾਧਿਆ ਹੋਇਆ ਹੈ। ਉਹ ਮੰਚ 'ਤੇ ਖੇਡਦੇ ਹਨ ਤੇ ਖੇਡ ਕਿਸ ਨੂੰ ਚੰਗੀ ਨਹੀਂ ਲੱਗਦੀ!

ਇਸ ਨਾਟਕ ਦੇ ਇਕ ਕਲਾਕਾਰ ਸਿਕੰਦਰ ਕੁਮਾਰ ਦਾ ਅੱਡਿਆ ਮੂੰਹ ਬਿਨਾਂ ਬੋਲਿਆਂ ਕੁਝ ਕਹਿ ਰਿਹਾ ਸੀ, ਪਰ ਨਾਟਕ ਕੁਝ ਇਵੇਂ ਵੀ ਬੋਲ ਰਿਹਾ ਸੀ ਕਿ ਮੁਸਲਮਾਨਾਂ ਕੋਲ ਖਤਰਨਾਕ ਹਥਿਆਰ ਹਨ ਤੇ ਅਸੀਂ ਮੁਕਾਬਲਾ ਨਹੀਂ ਕਰ ਸਕਦੇ। ਇਹ ਆਪਣੇ ਆਪ 'ਚ ਪੇਚੀਦਾ ਹਾਲਤ ਦਾ ਸਰਲ ਉਤਾਰਾ ਹੈ। ਸੱਤਾ ਖੇਡ ਖੇਡਦੀ ਹੈ ਕਿ ਅੱਗ ਦੇ ਢੇਰ 'ਤੇ ਬੈਠੀ ਸੁਲਘ ਰਹੀ ਹਾਲਤ ਦਾ ਇੰਨਾ ਸਰਲੀਕਰਨ ਕਰ ਦਿੱਤਾ ਜਾਵੇ ਕਿ ਰਿਆਇਆ ਨੂੰ ਇਹ ਇਕਹਿਰਾ ਸੱਚ ਅੰਤਿਮ ਸੱਚ ਲੱਗਣ ਲੱਗ ਪਵੇ। ਇਹ ਉਨ੍ਹਾਂ ਵਾਰ-ਵਾਰ ਕੀਤਾ ਹੈ, ਪਰ ਸੱਚ ਤਾਂ ਇਹ ਹੈ ਕਿ ਪੰਜਾਬ 'ਚ ਜਦੋਂ ਬੱਸਾਂ 'ਚੋਂ ਕੱਢ ਕੇ ਹਿੰਦੂ ਮਾਰੇ ਜਾ ਰਹੇ ਸਨ ਤਾਂ ਕਾਤਲ 'ਸਿੱਖ' ਨਹੀਂ ਸਨ; ਦਿੱਲੀ 'ਚ ਜਦੋਂ ਸਿੱਖਾਂ ਦੇ ਗਲਾਂ ਵਿਚ ਬਲਦੇ ਟਾਇਰ ਪਾਏ ਜਾ ਰਹੇ ਸਨ ਤਾਂ ਹਤਿਆਰੇ 'ਹਿੰਦੂ' ਨਹੀਂ ਸਨ ਤੇ ਜਦੋਂ ਕਸ਼ਮੀਰੀ ਪੰਡਤ ਪਲਾਇਨ ਕਰ ਰਹੇ ਸਨ ਤਾਂ ਇਸ ਦਾ ਕਾਰਨ 'ਮੁਸਲਮਾਨ' ਨਹੀਂ ਸਨ। ਇਰਾਕ 'ਤੇ ਹੋ ਰਹੀ ਬੰਬਾਰੀ ਲਈ ਅਮਰੀਕਨ ਨਾਗਰਿਕ ਜ਼ਿੰਮੇਵਾਰ ਨਹੀਂ ਹਨ। ਰੰਗਮੰਚ ਜ਼ਿੰਦਗੀ ਦੀ ਬਾਤ ਪਾਉਂਦੀ ਵਿਧਾ ਹੈ। ਇਸ ਨੂੰ ਪੇਚੀਦਗੀਆਂ ਫੜਨ ਦੇ ਆਹਰ 'ਚ ਪੈਣਾ ਚਾਹੀਦਾ ਹੈ। ਇਹ ਸੱਤਾ ਵਲੋਂ ਸਿਰਜੀ ਅਤੇ ਪ੍ਰਚਾਰੀ ਸਰਲ ਪਰਿਭਾਸ਼ਾ ਨੂੰ ਆਪਣੇ ਨਾਟਕ ਦੇ ਨਾਜ਼ੁਕ ਪਿੰਡੇ 'ਤੇ ਹਮਲਾ ਕਰਨੋਂ ਸੁਚੇਤ ਰਹੇਗਾ ਜਾਂ ਨਹੀਂ, ਇਹ ਵੱਡੀ ਚੁਣੌਤੀ ਹੈ, ਕਿਉਂਕਿ ਕੋਈ ਵੀ ਖਾਮੋਸ਼ੀ ਚਾਹੇ ਕਿੰਨੀ ਵੀ ਸਿੱਲ੍ਹੀ ਸਿੱਲ੍ਹੀ ਕਿਉਂ ਨਾ ਹੋਵੇ, ਅੰਦਰੋਂ ਧੁਖ ਰਹੀ ਹੁੰਦੀ ਹੈ। ਕਦੋਂ ਉਹ ਬਲ ਉਠੇ ਤੇ ਸਮੁੱਚੀ ਕਾਇਨਾਤ ਨੂੰ ਆਪਣੀ ਗਰਜ ਨਾਲ ਕੰਬਣ ਲਾ ਦੇਵੇ, ਕੋਈ ਨਹੀਂ ਜਾਣਦਾ।

Tel.: 317-426-5410
Ext 311 or 340

XPressCargo

Cell : 317-701-4230
Fax : 317-308-6424

Pay Every Week
Single upto 42 Cent + Team Upto 50 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com